
21 ਅਪ੍ਰੈਲ-ਜੂਨ,2011

# ਕਹਾਣੀ ਧਾਰਾ

## ਨਾਵਲ ਵਿਸ਼ੇਸ਼ ਅੰਕ



ਅੰਦਰ ਪੜ੍ਹੋ
ਗੁਰਪਾਲ ਸਿੰਘ ਲਿੱਟ ਦਾ ਨਵਾਂ ਨਾਵਲ
ਆਪੋ ਆਪਣੇ ਜਮਨੇਜੇ

ਮੁੱਲ : 25/-

21 ਅਪ੍ਰੈਲ-ਜੂਨ, 2011

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



e-mail: kahani_dhara@yahoo.co.in
kahanidhara@gmail.com

ਸੰਪਾਦਕ:
ਭਗਵੰਤ ਰਸੂਲਪੁਰੀ
94170-64350



ਟਾਇਟਲ ਪੇਂਟਿੰਗ
ਅੰਮ੍ਰਿਤਾ ਸ਼ੇਰਗਿੱਲ

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026(Pb.)


ਚੰਦੇ : ਇਕੌ ਅੰਕ: 25 ਰੁਪਏ, 10 ਅੰਕ: 250 ਰੁਪਏ ,
10 ਅੰਕ: ਡਾਲਰ 35 ਤੇ ਪੌਂਡ 30,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ,
( ਪ੍ਰਕਾਸ਼ਨ ਮਿਤੀ 2 ਮਈ, 2011)

ਸੰਪਾਦਕੀ:
ਆਉ ਨਾਵਲ ਪੜ੍ਹੀਏ-1
ਨਾਵਲ:
ਆਪੋ ਆਪਣੇ ਜਮਨੇਜੇ /
ਗੁਰਪਾਲ ਸਿੰਘ ਲਿੱਟ-2
ਨਾਵਲ ਦੇ ਕਾਂਡ:
ਦੇਵਦਾਸੀ / ਮਨਮੋਹਨ ਬਾਵਾ-82
ਕਥਾ ਇਸ ਯੁੱਗ ਦੀ / ਬਲਬੀਰ ਪਰਵਾਨਾ-98
ਆਲੋਚਨਾ ਲੇਖ:
ਸਮਕਾਲੀ ਪੰਜਾਬੀ ਨਾਵਲ: ਪੁਨਰ ਮੁਲੰਕਣ/
ਰਜਨੀਸ਼ ਬਹਾਦਰ ਸਿੰਘ-103
ਹੁੰਗਾਰਾ:
ਹਰਜਿੰਦਰ ਸਿੰਘ ਅਟਵਾਲ-110
ਡਾ. ਮਿਨਾਕਸ਼ੀ ਰਠੌਰ-111
ਪ੍ਰੋ. ਐਚ. ਐਸ. ਡਿੰਪਲ-113
ਪੁਸਤਕ ਰੀਵਿਊ -118

ਗੁਰਪਾਲ ਸਿੰਘ ਲਿੱਟ
ਲਲਹੇੜੀ ਰੋਡ, ਗੁਰੂ ਤੇਗ ਬਹਾਦਰ ਨਗਰ,
ਖੰਨਾ, ਜ਼ਿਲ੍ਹਾ ਲੁਧਿਆਣਾ
ਮੁਬਾਇਲ 93563-93290

ਡਾ. ਬਲਦੇਵ ਸਿੰਘ 'ਬੱਦਨ'
ਵੱਲੋਂ ਅਨੁਵਾਦ
ਸ਼ਰਤ ਚੰਦਰ ਚੱਟੋਪਾਧਿਆਇ ਦਾ ਪ੍ਰਸਿੱਧ ਨਾਵਲ
ਚਰਿੱਤਰਹੀਣ




ਪ੍ਰਕਾਸ਼ਕ:
ਆਰਸੀ ਪਬਲਿਸ਼ਰਜ਼
ਮੁੱਲ 395

ਸੰਪਾਦਕੀ :

## ਆਉ ਨਾਵਲ ਪੜ੍ਹੀਏ

ਭਾਵੇਂ ਕਿ ਅੰਗਰੇਜ਼ੀ ਨਾਵਲ ਦੇ ਮੁਕਾਬਲੇ ਪੰਜਾਬੀ ਨਾਵਲ ਦੀ ਉਮਰ ਦੋ ਸੌ ਸਾਲ ਨਿੱਕੀ ਹੈ। ਪਰ ਪੰਜਾਬੀ ਨਾਵਲ ਨੇ ਵੀ ਸੌ ਸਾਲ ਪੂਰੇ ਕਰ ਲਏ ਹਨ। ਐਨੇ ਸਾਲਾਂ ਵਿਚ ਪੰਜਾਬੀ ਨਾਵਲ ਦੇ ਵਿਕਾਸ ਨੂੰ ਦੇਖਿਆ ਜਾ ਸਕਦਾ ਹੈ। ਹਮੇਸ਼ਾਂ ਹੀ ਨਾਵਲ ਦਾ ਯੁੱਗ ਰਿਹਾ ਹੈ। ਦੁਨੀਆਂ ਵਿਚ ਵੱਡਾ ਸਾਹਿਤਕਾਰ ਨਾਵਲ ਲਿਖ ਕੇ ਹੀ ਬਣਿਆ ਜਾ ਸਕਦਾ ਹੈ। ਇਹ ਧਾਰਨਾ ਸੰਸਾਰ ਦੇ ਵੱਡੇ ਪ੍ਰਕਾਸ਼ਕਾਂ ਅਤੇ ਇਨਾਮ ਦੇਣ ਵਾਲੀਆਂ ਸੰਸਥਾਵਾਂ ਨੇ ਪੱਕਿਆ ਕਰ ਦਿੱਤੀ ਹੈ। ਬਾਜ਼ਾਰੂ ਨਾਵਲਾਂ ਦਾ ਆਪਣਾ ਪਾਠਕ ਵਰਗ ਤੇ ਮਹੱਤਵ ਹੈ, ਭਾਵੇਂ ਕਿ ਮੰਡੀ ਇਸ ਤਰ੍ਹਾਂ ਦੇ ਨਾਵਲਾਂ ਨੂੰ ਉਤਸਾਹਿਤ ਕਰਦੀ ਹੈ ਪ੍ਰੰਤੂ ਸਾਹਿਤਕ ਨਾਵਲਾਂ ਦਾ ਮਹੱਤਵਰ ਹਮੇਸ਼ਾਂ ਬਣਿਆ ਰਹਿੰਦਾ ਹੈ। ਅੱਜ ਵੀ ਸੌ ਸਾਲ ਪੁਰਾਣੇ ਨਾਵਲ ਪੰਜਾਬੀ ਵਿਚ ਅਨੁਵਾਦ ਹੋ ਰਹੇ ਨੇ ਤੇ ਪੜ੍ਹੇ ਜਾ ਰਹੇ ਨੇ।

ਪੰਜਾਬੀ ਵਿਚ ਜਦੋਂ ਕਹਾਣੀਕਾਰ ਨਾਵਲ ਲਿਖਣ ਲੱਗਦਾ ਹੈ ਤਾਂ ਉਹਦੀ ਕਹਾਣੀ ਭੁੱਲਣ ਲੱਗ ਪੈਂਦੀ ਹੈ। ਨਾਵਲ ਲੇਖਕ ਨੂੰ ਵੱਧ ਮਕਬੂਲੀਅਤ ਦੇਣ ਲੱਗ ਪੈਂਦਾ ਹੈ। ਸਾਡੇ ਪੰਜਾਬੀ ਵਿਚ ਨਾਨਕ ਸਿੰਘ, ਗੁਰਦਿਆਲ ਸਿੰਘ, ਦਲੀਪ ਕੌਰ ਟਿਵਾਣਾ, ਰਾਮ ਸਰੂਪ ਅਣਖੀ, ਬਲਦੇਵ ਸਿੰਘ, ਜਸਵੰਤ ਸਿੰਘ ਕੰਵਲ ਆਦਿ ਅਜਿਹੇ ਨਾਂ ਹਨ ਜਿਨ੍ਹਾਂ ਦੀ ਪਛਾਣ ਕਹਾਣੀ ਨਾਲੋਂ ਨਾਵਲ ਖੇਤਰ ਵਿਚ ਵੱਧ ਬਣੀ। ਭਾਵੇਂ ਕਿ ਉਨ੍ਹਾਂ ਨੇ ਵੱਡੀ ਗਿਣਤੀ ਵਿਚ ਕਹਾਣੀਆਂ ਵੀ ਲਿਖੀਆਂ। ਸਾਡਾ ਮੁਢਲਾ ਨਾਵਲ ਭਾਵੇਂ ਇਤਿਹਾਸਕ ਕਿਹਾ ਜਾ ਸਕਦਾ ਹੈ ਜੋ ਧਾਰਮਿਕ ਸੰਪਰਦਾਇਕ ਦ੍ਰਿਸ਼ਟੀ ਤੋਂ ਲਿਖਿਆ ਗਿਆ। ਫਿਰ ਸੁਧਾਰਵਾਦੀ, ਪ੍ਰਗਤੀਵਾਦੀ, ਯਥਾਰਵਾਦੀ ਤੋਂ ਹੁੰਦਾ ਹੋਇਆ ਇਤਿਹਾਸਕ ਨਾਵਲ ਵੱਲ ਮੁੜ ਗਿਆ ਹੈ। ਭਾਵੇਂ ਕਿ ਇਹ ਇਤਿਹਾਸਕ ਨਾਵਲ ਵੱਖਰੇ ਜਾਵੀਏ ਤੋਂ ਲਿਖਿਆ ਜਾ ਰਿਹਾ ਹੈ। ਇਸ ਦੇ ਪੈਰਲਰ ਮਨੁੱਖੀ ਮਨ ਦੀਆਂ ਵਿਭਿੰਨ ਪਰਤਾਂ ਅਤੇ ਬੰਦੇ ਦੀ ਸੰਵੇਦਨਾ ਨੂੰ ਸਾਡੇ ਅੱਜ ਦੇ ਨਾਵਲਕਾਰ ਬੜੀ ਸਿੱਦਤ ਨਾਲ ਫੜ ਰਹੇ ਹਨ।

ਅੱਜ ਦਾ ਸਮਾਂ ਨਾਵਲ ਦਾ ਸਮਾਂ ਹੈ ਪਿਛਲੇ ਪੰਜ-ਸੱਤ ਸਾਲਾਂ ਵਿਚ ਪੰਜਾਬੀ ਵਿਚ ਬੜੇ ਵੱਡੇ ਤੇ ਮੁੱਲਵਾਨ ਨਾਵਲ ਆਏ ਹਨ। ਖਾਸ ਕਰਕੇ ਗੁਰਦਿਆਲ ਸਿੰਘ, ਮਨਮੋਹਨ ਬਾਵਾ, ਦਲੀਪ ਕੌਰ ਟਿਵਾਣਾ, ਬਲਦੇਵ ਸਿੰਘ, ਰਾਮ ਸਰੂਪ ਅਣਖੀ, ਨਰਿੰਜਣ ਤਸਨੀਮ, ਕਰਮਜੀਤ ਕੁੱਸਾ, ਪਰਮਜੀਤ ਸਿੰਘ ਜੱਜ, ਜਸਬੀਰ ਮੰਡ, ਮਿੱਤਰ ਸੈਨ ਮੀਤ, ਬਲਬੀਰ ਪਰਵਾਨਾ ਵਰਗਿਆਂ ਨੇ ਵੱਡੇ ਕੈਨਵਸ 'ਤੇ ਪੰਜਾਬੀ ਮਨੁੱਖ ਨੂੰ ਚਿਤਰਿਆ ਹੈ। ਪਰਵਾਸੀ ਨਾਵਲਕਾਰ ਹਰਜੀਤ ਅਟਵਾਲ, ਦਰਸ਼ਨ ਸਿੰਘ ਧੀਰ, ਜਰਨੈਲ ਸੇਖਾ, ਸੰਤੋਖ ਧਾਲੀਵਾਲ ਆਦਿ ਨੇ ਪਰਵਾਸ ਦੇ ਮਸਲਿਆਂ ਨੂੰ ਵਿਸ਼ਾਲ ਕੈਨਵਸ 'ਤੇ ਪੇਸ਼ ਕਰਕੇ ਪੰਜਾਬੀ ਨਾਵਲ ਨੂੰ ਸਮੇਂ ਦੇ ਹਾਣ ਦਾ ਬਣਾਇਆ ਹੈ।

'ਨੈਸ਼ਨਲ ਬੁਕ ਟਰੱਸਟ', 'ਗਿਆਨ ਪੀਠ' ਵਰਗੇ ਸਰਕਾਰੀ ਅਦਾਰੇ ਨਾਵਲ ਨੂੰ ਹੀ ਭਾਰਤੀ ਪੱਧਰ 'ਤੇ ਪ੍ਰਕਾਸ਼ਤ ਕਰਦੇ ਹਨ। ਕਵਿਤਾ, ਗ਼ਜ਼ਲ, ਨਾਟਕ ਆਦਿ ਨੂੰ ਕੋਈ ਅਹਿਮੀਅਤ ਨਹੀਂ ਦਿੰਦੇ। ਨਾਵਲ ਹੀ ਇਕ ਅਜਿਹੀ ਵਿਧਾ ਹੈ, ਜਿਸ ਰਾਹੀ ਉਥੋਂ ਦੇ ਖਿੱਤੇ, ਸਮਾਜ, ਆਰਥਿਕ ਦਸ਼ਾ, ਸਮਾਜਿਕ ਹਾਲਤ ਤੇ ਇਤਿਹਾਸਕ ਪ੍ਰਸੰਗ ਚੰਗੀ ਤਰ੍ਹਾਂ ਪਾਠਕ ਦੇ ਸਾਹਮਣੇ ਰੱਖੇ ਜਾ ਸਕਦਾ ਹਨ। ਜਿਹੜੀ ਚੌਥੀ ਪੀੜ੍ਹੀ ਪੰਜਾਬੀ ਕਹਾਣੀ ਵਿਚ ਉੱਭਰੀ ਹੈ ਇਹ ਵੀ ਦੋ ਚਾਰ ਸਾਲਾਂ ਵਿਚ ਨਾਵਲ ਵੱਲ ਆ ਜਾਵੇਗੀ ਤਾਂ ਕਹਾਣੀ ਦਾ ਮੈਦਾਨ ਖਾਲੀ ਹੋ ਜਾਵੇਗਾ। ਇਸ ਪੀੜ੍ਹੀ ਦੇ ਕਈ ਕਹਾਣੀਕਾਰਾਂ ਨੇ ਨਾਵਲ ਵੱਲ ਪੈਰ ਵਧਾ ਲਏ ਹਨ ਕਈ ਨਾਵਲ ਦੇ ਮੈਦਾਨ 'ਚ ਕੁੱਦਣ ਦੀ ਤਿਆਰੀ ਕਰ ਰਹੇ ਹਨ। ਦੇਸ ਰਾਜ ਕਾਲੀ ਕਹਾਣੀ ਤੋਂ ਨਾਵਲ ਵੱਲ ਆ ਗਿਆ। ਦੋ ਕੁ ਸਾਲਾਂ ਵਿਚ ਹੋਰ ਆਉਣ ਗੇ। ਫਿਰ ਕਹਾਣੀ ਦੇ ਖਾਲੀ ਮੈਦਾਨ ਨੂੰ ਨਵੀਂ ਪੀੜ੍ਹੀ ਭਰੇਗੀ। ਇਸ ਅੰਕ ਵਿਚ ਗੁਰਪਾਲ ਲਿੱਟ ਦਾ ਨਵਾਂ ਨਾਵਲ 'ਆਪੋ-ਆਪਣੇ ਜਮਨੇਜੇ' ਤੇ ਦੋ ਨਾਵਲਾਂ ਦੇ ਕਾਂਡ ਪ੍ਰਕਾਸ਼ਤ ਕੀਤੇ ਜਾ ਰਹੇ ਹਨ। 'ਜਨ ਬੋਧ' ਵਾਲਾ ਭਾਗ ਅਗਲੇ ਅੰਕ ਵਿਚ ਛਪੇਗਾ। 'ਕਹਾਣੀ ਧਾਰਾ' ਦਾ 'ਨਾਵਲ ਵਿਸ਼ੇਸ਼ ਅੰਕ' ਪਾਠਕਾਂ ਨੂੰ ਕਿਸ ਤਰ੍ਹਾਂ ਦਾ ਲੱਗਾ, ਆਪਣੇ ਪ੍ਰਤੀਕਰਮ ਜ਼ਰੂਰ ਭੇਜਣ।

**-ਭਗਵੰਤ ਰਸੂਲਪੁਰੀ**



ਨਾਵਲ

# ਆਪੋ-ਆਪਣੇ ਜਮਨੇਜੇ

**ਗੁਰਪਾਲ ਸਿੰਘ ਲਿੱਟ**

## ਇਕ

ਔਰਤ ਨੂੰ ਵੇਖ ਉਸਦੇ ਅੰਦਰ ਪਛਾਣ ਜਿਹੀ ਜਾਗੀ, ਜਿਵੇਂ ਕਿਤੇ ਵੇਖਿਆ ਹੁੰਦਾ ਹੈ ਇਸ ਨੂੰ। ਜਿਹਨ ਉਤੇ ਜੋਰ ਪਾਇਆ। ਧੁੰਦ ਜਿਹੀ ਪਸਰੀ ਹੋਈ ਹੈ, ਧੂੰਆਂ, ਧੂੰਆਂ ਜਿਹਾ। ਕੁਝ ਵੀ ਸਪਸ਼ਟ ਰੂਪ ਵਿਚ ਚੇਤੇ ਨਹੀਂ ਆ ਰਿਹਾ। ਕਿੱਥੇ ਵੇਖਿਆ ਹੈ ਇਸ ਨੂੰ? ਕੌਣ ਹੈ ਇਹ? ਮਹਿਸੂਸ ਹੋਇਆ ਸਿਰਫ ਵੇਖਿਆ ਹੀ ਨਹੀਂ ਸਗੋਂ ਪਹਿਚਾਣ ਦੇ ਘੇਰੇ ਵਿਚ ਵੀ ਰਹੀ ਹੁੰਦੀ ਹੈ। ਪਰ ਦਿਮਾਗ ਦੀ ਧੁੰਦ ਦੂਰ ਨਹੀਂ ਹੋ ਰਹੀ।

ਨਰਸ ਦੇ ਨੇੜੇ ਆ ਜਾਣ ਤੇ ਉਹ ਬੈਂਚ ਛੱਡ ਉਠ ਖੜ੍ਹਾ ਹੋਇਆ। ਨਰਸ ਨੇ ਉਸਦੇ ਮਰੀਜ ਦੀ ਨਬਜ ਟੋਹੀ, ਮੱਥੇ ਉਪਰ ਹੱਥ ਰੱਖਿਆ, ਗੁਲੂਕੋਸ ਹੋਰ ਤੇਜ ਕਰਕੇ ਪਰਤ ਗਈ। ਉਸਦਾ ਮਰੀਜ ਸੌਂ ਰਿਹਾ ਹੈ, ਨਸ਼ੇ ਦੇ ਟੀਕਿਆਂ ਦੀ ਘੂਕੀ ਹੈ।

ਸਾਮ੍ਹਣੇ ਬੈੱਡ ਵਾਲਾ ਮਰੀਜ ਵੀ ਤਾਂ ਸੌਂ ਰਿਹਾ ਹੈ, ਜਿਸਦੇ ਲਾਗੇ ਸਟੂਲ ਉਪਰ ਉਹ ਔਰਤ ਬੈਠੀ ਹੈ। ਚੌਦਾਂ ਪੰਦਰਾਂ ਸਾਲ ਦੀ ਇਕ ਕੁੜੀ ਵੀ ਬੈੱਡ ਦੇ ਕਿਨਾਰੇ ਉੱਤੇ ਬੈਠੀ ਹੈ। ਦੋਵੇਂ ਚੁਪਚਾਪ ਮਰੀਜ ਦੇ ਚਿਹਰੇ ਵੱਲ ਵੇਖ ਰਹੀਆਂ ਨੇ। ਦੋਵਾਂ ਦੇ ਚਿਹਰੇ ਉਦਾਸ-ਉਦਾਸ ਲਗਦੇ ਨੇ, ਥੱਕੇ ਥੱਕੇ ਜਿਹੇ। ਕੁੜੀ ਦੀ ਸੁੰਦਰਤਾ ਅਤੇ ਭੋਲਾਪਣ ਚਿਹਰੇ ਉਪਰਲੀ ਉਦਾਸੀ ਤੋਂ ਸੁਰਖ਼ਰੂ ਹੋਣ-ਹੋਣ ਕਰਦਾ ਹੈ।

ਅਚਾਨਕ ਮਰੀਜ਼ ਦਾ ਚਿਹਰਾ ਵੀ ਜਾਣਿਆ ਪਛਾਣਿਆ ਜਿਹਾ ਲੱਗਣ ਲੱਗ ਪਿਆ। ਧਿਆਨ ਤਾਂ ਉਸਦਾ ਅੱਜ ਸਵੇਰੇ ਵੀ ਉੱਧਰ ਗਿਆ ਸੀ ਪਰ ਉਸਨੇ ਬਹੁਤਾ ਗੌਲਿਆ ਨਹੀਂ। ਆਪਣੇ ਮਰੀਜ ਦੀ ਸੰਭਾਲ ਵਿੱਚ ਰੁੱਝ ਗਿਆ। ਧਿਆਨ ਦੇਣ ਯੋਗ ਗੱਲ ਵੀ ਕਿਹੜੀ ਸੀ। ਇਸ ਮੁਰਝਾਏ ਜਿਹੇ ਦਿਸਦੇ ਬੰਦੇ ਵਿਚ ਉਸਦੀ ਕੀ ਦਿਲਚਸਪੀ ਹੋ ਸਕਦੀ ਹੈ? ਪੰਜ ਛੇ ਹੋਰ ਮਰੀਜ਼ ਵੀ ਤਾਂ ਪਏ ਨੇ ਇਸ ਵਾਰਡ ਵਿੱਚ। ਉਨ੍ਹਾਂ ਵਰਗਾ ਹੀ ਉਹ ਹੈ।

ਪਰ ਹੁਣ ਉਸਦਾ ਧਿਆਨ ਨਹੀਂ ਰੁਕ ਸਕਿਆ। ਰੁਕ ਵੀ ਕਿਵੇਂ ਸਕਦਾ ਹੈ? ਏਨੀ ਭਰੀ-ਭਰੀ ਖੂਬਸੂਰਤ ਔਰਤ ਅਤੇ ਨਾਲ ਉਸ ਨਾਲੋਂ ਵੀ ਚਾਰ ਚੰਦੇ ਉਪਰੋਂ ਦੀ ਸੁਹਣੀ ਕੁੜੀ। ਜ਼ਰੂਰ ਇਸਦੀ ਪਤਨੀ ਅਤੇ ਬੱਚੀ ਹੋਣਗੀਆਂ। ਉਸਨੂੰ ਲੱਗਿਆ ਉਸਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਤਿੰਨਾਂ ਦੇ ਪਹਿਰਾਵੇ ਤੋਂ ਵੀ ਲਗਦਾ ਹੈ ਉਨ੍ਹਾਂ ਦੀ ਘਰੋਗੀ ਹਾਲਤ ਵੀ ਠੀਕ ਨਹੀਂ ਹੋਣੀ। ਐਮਰਜੈਂਸੀ ਵਾਰਡ ਵਿਚ ਦਾਖਲੇ ਤੋਂ ਇਹ ਵੀ ਸਪਸ਼ਟ ਹੈ ਕਿ ਜ਼ਰੂਰ ਹੀ ਕਿਸੇ ਗੰਭੀਰ ਬਿਮਾਰੀ ਦਾ ਪ੍ਰਕੋਪ ਹੈ।

ਅਜਿਹੇ ਲੋੜਵੰਦ ਪਰਿਵਾਰ ਦੀ ਹਮਦਰਦੀ ਜਿੱਤ ਲੈਣੀ ਔਖੀ ਨਹੀਂ ਹੁੰਦੀ। ਉਸ ਵਰਗੇ ਬੰਦੇ ਲਈ ਤਾਂ ਖਾਸ ਤੌਰ ਤੇ ਔਖਾ ਨਹੀਂ ਹੈ। ਏਨਾ ਧਨ ਹੈ ਉਸ ਕੋਲ, ਏਨੇ ਸਾਧਨ। ਬੋਲਚਾਲ ਦੇ ਸਲੀਕੇ ਅਤੇ ਵਰਤਾਓ ਦੇ ਜਾਦੂ ਉੱਤੇ ਤਾਂ ਉਸਨੂੰ ਸਦਾ ਮਾਣ ਰਿਹਾ ਹੈ। ਇਸ ਪਰਿਵਾਰ ਨਾਲ ਜ਼ਰੂਰ ਸਾਂਝ ਵਧਾਉਣੀ ਚਾਹੀਦੀ ਹੈ। ਕਲੱਬਾਂ ਅਤੇ ਸੁਸਾਇਟੀ ਵਿਚਲੀਆਂ ਫੈਸ਼ਨੇਬਲ ਔਰਤਾਂ ਦੇ ਢਲੇ ਜਿਹੇ ਲਿਜਲਿਜੇ ਜਿਸਮਾਂ ਤੋਂ ਤਾਂ ਹੁਣ ਉਸਨੂੰ ਅਕੇਵਾਂ ਜਿਹਾ ਹੋਣ ਲੱਗ ਪਿਆ ਹੈ। ਸਭ ਕੁਝ ਮਸ਼ੀਨੀ... ਇਕ ਦਮ ਬੇ ਸੁਆਦ... ਬਕਬਕਾ ਫਿਕਾ ਜਿਹਾ...।

'ਦ ਮੋਸਟ ਇਨਜੁਆਏਬਲ ਥਿੰਗ ਇਨ ਏ ਵੂਮਨ ਇਜ ਹਰ ਇਨੋਸੈਂਸ...।'

ਉਸਦੀ ਉੱਚੀ ਸੁਸਾਇਟੀ ਦੀਆਂ ਔਰਤਾਂ ਵਿਚ ਕਿੱਥੇ ਹੈ ਮਾਸੂਮੀਅਤ....? ਲੇਸ ਮਾਤਰ ਵੀ ਤਾਂ

ਨਹੀਂ...।ਸਭ ਕੁਝ ਮਕੈਨਕੀ... ਮਸ਼ੀਨੀ...

ਸਾਮ੍ਹਣੇ ਬੈਠੀ ਕੁੜੀ ਦਾ ਚਿਹਰਾ ਕਿੰਨਾ ਮਾਸੂਮ ਹੈ। ਚਿਹਰੇ ਦਾ ਭੋਲਾਪਣ ਉਦਾਸੀ ਦੀ ਤਹਿ ਹੇਠਾਂ ਵੀ ਦਬ ਨਹੀਂ ਰਿਹਾ ਅਤੇ ਔਰਤ...! ਉਸਦੇ ਚਿਹਰੇ ਉੱਪਰ ਵੀ ਕਿੰਨਾ ਚਾਰਮ ਹੈ। ਉਸਦੀ ਹਾਈ ਸੁਸਾਇਟੀ ਵਿੱਚ ਕਿੱਥੇ ਹੈ ਇਹ ਸਭ ਕੁਝ...? ਜੇ ਕਿਤੇ ਇਨ੍ਹਾਂ ਦਾ ਸਾਥ...? ਉਹ ਭਰਵੀ ਨਜ਼ਰ ਸੌਂ ਰਹੇ ਮਰੀਜ਼ ਉਤੇ ਮਾਰਦਾ ਹੈ, ਫਿਰ ਔਰਤ ਉੱਤੇ...। ਪਹਿਚਾਣ ਦਾ ਅਹਿਸਾਸ ਫਿਰ ਜਾਗਿਆ ਹੈ। ਪਰ ਸਪਸ਼ਟ ਕਿਉਂ ਨਹੀਂ ਹੋ ਰਿਹਾ? ਠੀਕ ਤਰ੍ਹਾਂ ਯਾਦ ਕਿਉਂ ਨਹੀਂ ਆ ਰਿਹਾ? ਯਾਦ ਆਉਣਾ ਹੀ ਚਾਹੀਦਾ ਹੈ! ਉਸਨੇ ਜ਼ਿਹਨ ਉੱਪਰ ਹੋਰ ਜ਼ੋਰ ਪਾ ਦਿੱਤਾ।

ਪਹਿਚਾਣ ਦਾ ਕੋਈ ਇੱਕ ਸੂਤਰ ਫੜਨ ਦੀ ਕੋਸ਼ਿਸ਼ ਕਰਨ ਲੱਗ ਪਿਆ।

ਔਰਤ ਦਾ ਲੰਮਾ ਲੰਝਾ ਜਿਸਮ ਕਿੰਨਾ ਨਰੋਆ ਹੈ? ਰੱਜ ਕੇ ਮਜਬੂਤ। ਖੁਲ੍ਹੇ ਡੁਲ੍ਹੇ ਕਪੜਿਆਂ ਵਿੱਚੋਂ ਵੀ ਸਰੀਰ ਦੀ ਬਣਤਰ ਉਭਰ ਉਭਰ ਪੈ ਰਹੀ ਹੈ। ਚਿਹਰਾ ਮੁਲਾਇਮ ਹੈ ਜਿਵੇਂ ਵਰ੍ਹਿਆਂ ਦੇ ਵਰ੍ਹੇ ਪਰਾਂਹ ਦੀ ਹੀ ਉਡਾਰੀ ਮਾਰ ਕੇ ਲੰਘਦੇ ਰਹੇ ਹੋਣ। ਬਿਨਾਂ ਨਾਲ ਛੁਹਿਆਂ, ਬਿਨਾਂ ਕੋਈ ਪੈਰ ਚਿੰਨ੍ਹ ਛਡਿਆਂ, ਅਤੇ ਅੱਖਾਂ...? ਮੋਟੀਆਂ ਮੋਟੀਆਂ। ਕਿੰਝ ਬੋਝ ਹੇਠ ਲਿਫ ਰਹੀਆਂ ਨੇ?

ਹਾਂ ਅੱਖਾਂ...

ਪਹਿਚਾਣ ਦਾ ਸੂਤਰ ਇੱਥੇ ਹੀ ਤਾਂ ਹੈ...

ਜ਼ਿਹਨ ਵਿੱਚੋਂ ਧੁੰਦ ਅਚਾਨਕ ਦੂਰ ਹੋਣ ਲੱਗ ਪਈ। ਹੌਲੀ-ਹੌਲੀ ਸਪਸ਼ਟ ਹੋ ਰਿਹਾ ਹੈ ਸਭ ਕੁਝ...। ਹਾਂ ਇਹ ਅੱਖਾਂ ਉਹੀ ਤਾਂ ਨੇ... ਮੋਟੀਆਂ-ਮੋਟੀਆਂ ਕਲਪਣਾ ਦੇ ਪਰਾਂ ਨੂੰ ਫੜ ਰਿਹਾ ਹੈ ਉਹ...। ਅੱਖਾਂ ਉਹੀ ਨੇ...। ਚਿਹਰਾ ਪਤਲਾ...। ਅੱਖਾਂ ਹੀ ਅੱਖਾਂ ਨੇ ਛਾਈਆਂ ਹੋਈਆਂ ਚਿਹਰੇ ਉੱਤੇ...। ਸਰੀਰ ਪਤਲਾ ਹੈ...। ਲੰਮਾਂ, ਸਰੂ ਵਾਂਗ, ਪਰ ਪਤਲਾ। ਨਿਕੇ ਜਿਹੇ ਮਜ਼ਾਕ ਨਾਲ ਅੱਖਾਂ ਲਿਫ ਲਿਫ ਜਾਂਦੀਆਂ ਨੇ...। ਗੱਲ ਗੱਲ ਉਤੇ ਲਿਫਣ ਆਰੰਭ ਹੋ ਜਾਂਦੀ ਹੈ। ਪਹਿਚਾਣ ਦਾ ਸੂਤਰ ਤਾਂ ਸਪਸ਼ਟ ਹੈ...।

ਭਾਬੀ ਤੇਜਾਂ...

ਉਹ ਕਾਹਲੀ ਨਾਲ ਬੁਲ੍ਹ ਮੀਚ ਲੈਂਦਾ ਹੈ...। ਉਸਦੇ ਹੋਠਾਂ ਵਿੱਚੋਂ ਅਚੇਤ ਹੀ ਤਾਂ ਕਿਰ ਗਏ ਨੇ ਇਹ ਬੋਲ-ਭਾਬੀ ਤੇਜਾਂ...

ਉਹ ਔਰਤ ਵੀ ਹੈਰਾਨੀ ਨਾਲ ਉਸ ਵੱਲ ਵੇਖਣ ਲੱਗ ਪਈ। ਸ਼ਬਦ ਸ਼ਾਇਦ ਉਸ ਨੂੰ ਵੀ ਸੁਣ ਗਏ ਹਨ। ਨਜ਼ਰਾਂ ਵਿਚ ਹੈਰਾਨੀ ਤਾਂ ਹੈ ਹੀ, ਨਾਲ ਪਹਿਚਾਣ ਦੀ ਕੋਸ਼ਿਸ਼ ਵੀ...।

ਤੇਜਾਂ ਭਾਬੀ ਹੀ ਤਾਂ ਹੈ।

ਉਹ ਕਾਹਲੀ ਨਾ ਮਰੀਜ਼ ਵੱਲ ਵੇਖਦਾ ਹੈ।

ਜਸਵੰਤ... ਹਾਂ, ਜਸਵੰਤ ਹੀ ਤਾਂ ਹੈ...। ਕੁਝ ਵੀ ਤਾਂ ਅਸਪਸ਼ਟ ਨਹੀਂ ਰਿਹਾ... ਪਰ ਚਿਹਰਾ ਕਿਵੇਂ ਮੁਰਝਾ ਗਿਆ ਹੈ ਜੱਸੀ ਦਾ ? ਸਮੇਂ ਨੇ ਕਿੰਝ ਬੁਰੀ ਤਰ੍ਹਾਂ ਪੈੜਾਂ ਪਾ ਦਿੱਤੀਆਂ ਨੇ ਚਿਹਰੇ ਉੱਤੇ। ਇਕ ਦਮ ਬੁੱਢਾ ਜਿਹਾ ਹੀ ਤਾਂ ਕਰ ਦਿੱਤਾ ਹੈ।

ਉਸ ਨਾਲੋਂ ਥੋੜ੍ਹਾ ਜਿਹਾ ਹੀ ਤਾਂ ਵੱਡਾ ਹੈ ਜੱਸੀ। ਬੱਸ ਇੱਕ ਜਮਾਤ ਅੱਗੇ ਹੀ ਤਾਂ ਸੀ।

ਉਸਦੇ ਅੰਦਰ ਦੋਸਤੀ ਨਾਂ ਦੀ ਕੋਈ ਭਾਵਨਾ ਨਹੀਂ ਜਾਗਦੀ। ਉਹ ਇਨ੍ਹਾਂ ਗੱਲਾਂ ਤੋਂ ਬਹੁਤ ਅੱਗੇ ਨਿਕਲ ਆਇਆ ਹੈ। ਦਸ ਵਰ੍ਹਿਆਂ ਦੀ ਕਾਮਯਾਬ ਠੇਕੇਦਾਰੀ ਦੀਆਂ ਚਾਲਾਂ ਨੇ ਉਸਦੇ ਅੰਦਰ ਇਨ੍ਹਾਂ ਫਾਲਤੂ ਗੱਲਾਂ ਲਈ ਕੋਈ ਥਾਂ ਨਹੀਂ ਛੱਡੀ। ਹਰ ਗੱਲ ਨੂੰ ਬਿਜਨਸ ਦੀ ਦਰਸ਼ਿਟੀ ਨਾਲ ਵੇਖਦਾ ਹੈ। ਹਰ ਕਦਮ ਵਿਉਪਾਰ ਨੂੰ ਮੁੱਖ ਰੱਖ ਕੇ ਚੁੱਕਦਾ ਹੈ।

ਪਰ ਦੋਸਤੀ ਦੀ ਭਾਵਨਾ ਪ੍ਰਗਟਾਉਣੀ ਤਾਂ ਪਵੇਗੀ ਹੀ। ਨਾਟਕ ਤਾਂ ਕਰਨਾ ਹੀ ਪੈਣਾ ਹੈ। ਸੰਭਲ ਕੇ ਚੱਲਣ ਦੀ ਵੀ ਲੋੜ ਹੈ। ਕਾਲਜ ਟਾਈਮ ਵਿਚ ਤਾਂ ਕਵੀ ਹੁੰਦਾ ਸੀ ਜੱਸੀ। ਹੁਣ ਪਤਾ ਨਹੀਂ ਹੈ ਜਾਂ ਨਹੀਂ?



ਪਰ ਉਦੋਂ ਤਾਂ ਬਹੁਤ ਖ਼ੂਬਸੂਰਤ ਲਿਖਦਾ ਸੀ। ਇਕ ਸਹਿਤਕਾਰ ਦੀ ਤੇਜ਼ ਨਜ਼ਰ ਤੋਂ ਆਪਣੇ ਅੰਦਰਲੇ ਮਨੁੱਖ ਨੂੰ ਪੂਰੀ ਤਰ੍ਹਾਂ ਛੁਪਾ ਕੇ ਹੀ ਆਪਣਾ ਕੰਮ ਕੱਢਣਾ ਹੋਏਗਾ।

ਭਾਬੀ ਅਜੇ ਵੀ ਉਸ ਵੱਲ ਹੈਰਾਨੀ ਨਾਲ ਝਾਕ ਰਹੀ ਹੈ। ਉਹ ਉੱਠ ਕੇ ਕੋਲ ਪਹੁੰਚ ਗਿਆ-ਸਤਿ ਸ੍ਰੀ ਅਕਾਲ ਭਾਬੀ ਜੀ...।

ਔਰਤ ਦੇ ਹੱਥ ਤਾਂ ਜੁੜ ਗਏ...। ਪਰ ਨਜ਼ਰਾਂ ਵਿਚ ਪਛਾਣ ਨਹੀਂ ਉੱਭਰੀ।

-ਪਹਿਚਾਣਿਆਂ...?

ਔਰਤ ਨੇ ਨਾਂਹ ਵਿੱਚ ਹਲਕੇ ਜਿਹੇ ਸਿਰ ਮਾਰ ਦਿੱਤਾ...। ਪਰ ਭਿਫਣਾਂ ਸੁੰਗੜ ਗਈਆਂ। ਜਿਵੇਂ ਚੇਤੇ ਉਤੇ ਜ਼ੋਰ ਪਾ ਰਹੀ ਹੋਵੇ...।

-ਕੋਸ਼ਿਸ਼ ਕਰੋ...।

ਆਵਾਜ਼ ਸੁਣ ਜਸਵੰਤ ਨੇ ਵੀ ਅੱਖਾਂ ਖੋਲ੍ਹ ਦਿੱਤੀਆਂ।

-ਸੁਣਾ ਜੱਸੀ ਕਿਵੇਂ ਹੈਂ?

ਉਸਦੇ ਅੱਗੇ ਵਧਾਏ ਹੱਥ ਦਾ ਸਹਾਰਾ ਲੈ ਕੇ ਜੱਸੀ ਮੰਜੇ ਨਾਲ ਢਾਸਣਾ ਲਗਾ ਕੇ ਬੈਠ ਗਿਆ। ਉਸਦੀਆਂ ਅੱਖਾਂ ਵਿਚ ਵੀ ਪਛਾਣ ਦੀ ਕੋਸ਼ਿਸ਼ ਉੱਭਰ ਆਈ।

-ਮੈਂ ਤਾਂ ਸਵੇਰੇ ਦੇ ਨੇ ਪਛਾਣਿਆ ਹੀ ਨਹੀਂ ਤੈਨੂੰ...

ਜੱਸੀ ਦੇ ਭਰਵੱਟੇ ਸੁੰਗੜ ਗਏ, ਸੁੰਗੜੇ ਰਹੇ ਕੁਝ ਚਿਰ...। ਫਿਰ ਅਚਾਨਕ ਭਰਵੱਟੇ ਸਾਵੇਂ ਹੋ ਗਏ। ਅੱਖਾਂ ਵਿਚ ਚਮਕ ਜਾਗ ਪਈ... ਪਹਿਚਾਣ ਦੀ ਚਮਕ...

-ਤੂੰ ਜਮਨੇਜਾ...?

-ਹਾਂ ਜੱਸੀ...।

ਤੂੰ ਏਨੇ ਵਰ੍ਹਿਆਂ ਬਾਅਦ...? ਅਚਾਨਕ...?

ਉਹ ਜੱਸੀ ਦੇ ਲਾਗੇ ਜਾ ਬੈਠਾ...। ਬਾਂਹ ਮੋਢੇ ਉਪਰੋਂ ਦੀ ਵਲ ਕੇ ਜੱਸੀ ਨੂੰ ਆਪਣੇ ਨਾਲ ਘੁੱਟ ਲਿਆ। ਵਰਤਾਓ ਦੇ ਜਾਦੂ ਦੀ ਪਹਿਲੀ ਕੋਸ਼ਿਸ਼ ਆਰੰਭੀ...

-ਤੈਂ ਕੀ ਹਾਲਤ ਬਣਾ ਲਈਆ ਅਪਣੀ? ਕੀ ਹੋ ਗਿਆ ਤੈਨੂੰ...?

-ਬੱਸ ਕੁਝ ਨਾ ਪੁੱਛ ਯਾਰ...।

-ਘਟੋ ਘੱਟ ਖਬਰ ਹੀ ਘੱਲੀ ਹੁੰਦੀ...

-ਤੇਰਾ ਪੱਕਾ ਪਤਾ ਨਹੀਂ ਸੀ, ਕਿਥੇ ਹੈਂ? ਸੁਣਿਆ ਸੀ ਬਹੁਤ ਵੱਡਾ ਠੇਕੇਦਾਰ ਬਣ ਗਿਆ ਹੈਂ...। ਕੁਝ ਚਿਰ ਚੁੱਪ ਰਹਿਣ ਪਿਛੋਂ ਜੱਸੀ ਨੇ ਕਿਹਾ-ਬਹੁਤ ਔਖੇ ਰਹੇ ਹਾਂ ਇਨ੍ਹੀਂ ਦਿਨੀਂ। ਤੇਰੇ ਕੋਲੋਂ ਕੁਝ ਮਦਦ ਲੈਣ ਦੀ ਸੋਚੀ ਵੀ ਸੀ, ਪਰ ਫਿਰ ਸੋਚਿਆ ਅੱਜ ਕੱਲ੍ਹ ਤੂੰ ਵੱਡਾ ਬੰਦਾ...

ਉਸਨੇ ਜੱਸੀ ਦੇ ਮੂੰਹ ਉੱਪਰ ਹੱਥ ਰੱਖ ਦਿੱਤਾ। ਆਵਾਜ਼ ਵੀ ਕੁਝ ਭਾਵਕ ਬਣਾ ਲਈ-ਬੱਸ ਬੱਸ ਇੰਝ ਜਲੀਲ ਨਾ ਕਰ ਜੱਸੀ...। ਅਮੀਰੀ-ਗਰੀਬੀ ਯਾਰੀ ਦੋਸਤੀ ਵਿਚ ਰੁਕਾਵਟ ਨਹੀਂ ਬਣ ਸਕਦੀ। ਜੇ ਬੰਦਾ ਦੁੱਖ ਵਿੱਚ ਨਹੀਂ ਕੰਮ ਆਊ ਤਾਂ ਫੂਕਣਾ ਹੈ ਦੋਸਤੀ ਨੂੰ...।

ਕੁਝ ਚਿਰ ਚੁੱਪ ਵਰਤੀ ਰਹੀ ਸੀ...। ਭਾਬੀ ਨੇ ਉਸਦੇ ਬੈਠਣ ਲਈ ਸਟੂਲ ਛੱਡ ਦਿੱਤਾ...। ਪਰ ਉਹ ਜੱਸੀ ਕੋਲ ਹੀ ਬੈਠਾ ਰਿਹਾ, ਮੋਢੇ ਉਪਰੋਂ ਦੀ ਬਾਂਹ ਵਲ ਕੇ...।

-ਇਹ ਕੌਣ ਨੇ...?

-ਪਾਰਟਨਰ ਹੈ ਮੇਰਾ...। ਸਵੇਰੇ ਸਕੂਟਰ ਐਕਸੀਡੈਂਟ ਹੋ ਗਿਆ। ਲੱਤ ਟੁੱਟ ਗਈ ਤਿੰਨ ਥਾਂ ਤੋਂ।

-ਬਹੁਤ ਬੁਰਾ ਹੋਇਆ। ਜੱਸੀ ਨੇ ਅਫਸੋਸ ਪ੍ਰਗਟ ਕੀਤਾ।

-ਆਪਣੀ ਬਿਮਾਰੀ ਬਾਰੇ ਕੁਝ ਦੱਸਿਆ ਹੀ ਨਹੀਂ ਤੈਂ?

–ਕੀ ਦੱਸਾਂ... ਰੀੜ੍ਹ ਦੀ ਹੱਡੀ ਵਿਚ ਨੁਕਸ ਹੈ... ਲੱਤਾਂ ਕਮਜ਼ੋਰ ਹੁੰਦੀਆਂ ਜਾਂਦੀਆਂ ਨੇ।

–ਕਦੋਂ ਕੁ ਤੋਂ ਹੈ ਤਕਲੀਫ...?

–ਚਾਰ ਪੰਜ... ਮਹੀਨੇ ਤੋਂ, ਹੁਣ ਤਾਂ ਆਪਣਾ ਬੋਝ ਚੁੱਕ ਕੇ ਤੁਰ ਵੀ ਨਹੀਂ ਹੁੰਦਾ...।

–ਤੇ ਤੈਂ ਖਬਰ ਵੀ ਨਹੀਂ ਘੱਲੀ...। ਜਮਾਂ ਈ ਮਰਿਆਂ ਹੋਇਆ ਸਮਝ ਲਿਆ...। ਕਾਲਜ ਦੇ ਦਿਨੀਂ ਕਿੰਨੀ ਗੂੜ੍ਹੀ ਦੋਸਤੀ ਸੀ,... ਭੁੱਲ ਗਿਆ?

ਇਸ ਵਾਰ ਉਸਨੇ ਆਵਾਜ਼ ਕਾਫੀ ਭਾਵਕ ਬਣਾ ਲਈ...। ਉਸਦੀ ਭਾਵੁਕਤਾ ਦਾ ਠੀਕ ਹੀ ਅਸਰ ਹੋਇਆ। ਜੱਸੀ ਦੀਆਂ ਅੱਖਾਂ ਵਹਿ ਤੁਰੀਆਂ...। ਉਸਨੇ ਜੱਸੀ ਦਾ ਸਿਰ ਆਪਣੇ ਮੋਢੇ ਨਾਲ ਟੇਕ ਕੇ ਰੁਮਾਲ ਨਾਲ ਉਸਦੇ ਹੰਝੂ ਪੂੰਝ ਦਿੱਤੇ।

–ਦਿਲ ਛੋਟਾ ਨਾ ਕਰ। ਸਭ ਠੀਕ ਹੋ ਜਾਊ ਹੁਣ...।

ਉਸਨੇ ਜੱਸੀ ਦੇ ਮਾਮਲੇ ਵੱਲ ਧਿਆਨ ਵਧਾ ਦਿੱਤਾ। ਅਪਣਾ ਰਸੂਖ ਵਰਤਿਆ...। ਜੱਸੀ ਵੱਲ ਡਾਕਟਰਾਂ ਨਰਸਾਂ ਦਾ ਧਿਆਨ ਵੀ ਵਧ ਗਿਆ। ਜਮਨੇਜੇ ਨੇ ਬਹੁਤ ਸਾਰੇ ਫਰੂਟ ਮੰਗਵਾ ਦਿੱਤੇ, ਜੱਸੀ ਲਈ ਵੀ ਅਤੇ ਘਰਦਿਆਂ ਲਈ ਵੀ। ਜੱਸੀ ਦੀ ਜਕੋਤਕੀ ਵੇਖ ਕੇ ਉਸਨੇ ਪਿਆਰ ਭਰੇ ਹਰਖ ਨਾਲ ਕਹਿ ਦਿੱਤਾ...।

–ਕੋਈ ਅਹਿਸਾਨ ਨਹੀਂ ਕਰ ਰਿਹਾ ਮੈਂ। ਤੇਰੇ ਉੱਤੇ ਮੇਰਾ ਵੀ ਕੁਝ ਹੱਕ ਹੈ...।

ਇਹ ਅਦਾਕਾਰੀ ਕਰਨ ਵਿਚ ਉਸਨੂੰ ਕਾਫੀ ਮਿਹਨਤ ਕਰਨੀ ਪੈ ਰਹੀ ਹੈ। ਦੋਸਤੀ ਆਦਿ ਦੀ ਕੋਈ ਭਾਵਨਾ ਉਸਦੇ ਅੰਦਰ ਨਹੀਂ ਲਰਜੀ। ਉਸਦੇ ਅੰਦਰ ਦੜ੍ਹ ਵੱਟੀ ਬੈਠੇ ਮਨੁੱਖ ਦਾ ਨਿਸ਼ਾਨਾ ਜੱਸੀ ਦੀ ਧੀ ਦੀਪਾਂ ਹੈ...

–ਦ ਮੋਟਸ ਇੰਜੁਆਏਬਲ ਥਿੰਗ ਇਨ ਵੇ ਵੂਮਨ ਇਜ ਹਰ ਇਨੋਸੈਂਸ...।

ਤੇ ਦੀਪਾਂ ਦਾ ਸਾਰਾ ਵਜੂਦ ਬਣਿਆ ਹੀ ਮਾਸੂਮੀਅਤ ਦਾ ਹੈ।

ਜਾਹਰਾ ਤੌਰ ਉੱਤੇ ਉਹ ਤੇਜਾ ਭਾਬੀ ਅਤੇ ਦੀਪਾਂ ਵੱਲ ਧਿਆਨ ਹੀ ਨਹੀਂ ਦੇ ਰਿਹਾ, ਬਸ ਧਿਆਨ ਜੱਸੀ ਵਿਚ ਰੁਝਾ ਰੱਖਿਆ ਹੈ। ਉਹ ਇਸ ਗਲੋਂ ਸਤਰਕ ਹੈ ਕਿਤੇ ਜੱਸੀ ਦੀ ਅੱਖ ਉਸਦੇ ਅੰਦਰਲੇ ਮਨੁੱਖ ਨੂੰ ਤਾੜ ਨਾ ਜਾਵੇ। ਹਾਂ ਕਈ ਕਦਾਈ ਚੱਲਵੀਂ ਨਜ਼ਰੇ ਮਾਂ ਧੀ ਦੀਆਂ ਨਿਗਾਹਾਂ ਵਿਚ ਲਗਾਤਾਰ ਡੂੰਘੇ ਹੋ ਰਹੇ ਸ਼ੁਕਰਾਨੇ ਦੇ ਭਾਵ ਨੂੰ ਜ਼ਰੂਰ ਤਾੜ ਲੈਂਦਾ ਹੈ।

ਜੱਸੀ ਦੇ ਸੰਬੰਧ ਵਿਚ ਉਸਨੇ ਸੰਬੰਧਤ ਡਾਕਟਰ ਨਾਲ ਗੱਲ ਕੀਤੀ। ਡਾਕਟਰ ਦੀ ਰਾਏ ਸੀ, ਮਰੀਜ਼ ਨੂੰ ਘਰ ਲੈ ਜਾਇਆ ਜਾਵੇ। ਦਵਾਈਆਂ ਤਾਂ ਉਹੀ ਇੱਥੇ ਵੀ ਵਰਤਣੀਆਂ ਨੇ ਅਤੇ ਘਰ ਵੀ। ਇਲਾਜ਼ ਲੰਮਾ ਹੈ। ਹਸਪਤਾਲ ਵਿਚ ਰੱਖਣ ਦਾ ਬਹੁਤਾ ਫਾਇਦਾ ਨਹੀਂ। ਹਸਪਤਾਲ ਦੇ ਖਰਚੇ ਝਲਣੇ ਕਿਹੜੇ ਸੌਖੇ ਹੁੰਦੇ ਨੇ...।

ਡਾਕਟਰਾਂ ਦੀ ਰਾਏ ਤੋਂ ਜੱਸੀ ਨੂੰ ਜਾਣੂ ਕਰਾ ਉਸਨੇ ਫੈਸਲਾ ਜਾਨਣਾ ਚਾਹਿਆ।

–ਘਰ ਹੀ ਚਲੇ ਚੱਲਦੇ ਹਾਂ, ਹੋਰ ਕੀਤਾ ਵੀ ਕੀ ਜਾ ਸਕਦਾ ਹੈ? ਜੱਸੀ ਦੀ ਆਵਾਜ਼ ਬੁਝੀ ਜਿਹੀ ਹੋਈ ਹੈ।

ਪ੍ਰਭਾਵਤ ਕਰਨ ਦਾ ਇਹ ਮੌਕਾ ਵੀ ਉਸਨੇ ਹੱਥੋਂ ਨਹੀਂ ਜਾਣ ਦਿੱਤਾ...

–'ਕੀਤਾ ਜਾ ਸਕਦਾ' ਵਾਲੀ ਗਲ ਨਹੀਂ ਜੱਸੀ। ਜੇ ਮਾਨਸਿਕ ਤਸੱਲੀ ਇਥੇ ਰਹਿ ਕੇ ਹੀ ਮਿਲਦੀ ਹੈ ਤਾਂ ਰਹਿ। ਖਰਚੇ ਦੀ ਪਰਵਾਹ ਨਾ ਕਰੀਂ। ਮੈਂ ਆਪੇ ਸਾਂਭ ਲਵਾਂਗਾ।

–ਨਹੀਂ ਜਮਨੇਜੇ, ਤੇਰੇ ਅਹਿਸਾਨ...।

–ਫਿਰ ਉਹੀ ਬਕਬਾਸ...। ਉਸਨੇ ਅਵਾਜ਼ ਵਿਚ ਗੁੱਸਾ ਭਰ ਕੇ ਕਿਹਾ। ਫਿਰ ਆਵਾਜ਼ ਸਾਵੀਂ ਕਰ ਲਈ–ਮੈਂ ਤਾਂ ਘਰਦਿਆਂ ਦੀ ਨੱਠ ਭੱਜ ਦੀ ਤਕਲੀਫ ਬਾਰੇ ਸੋਚਦਾ ਹਾਂ। ਘਰ ਆਰਾਮ ਰਹੇਗਾ। ਆਖਰ



ਖਾਣੀਆਂ ਤਾਂ ਉਹੀ ਦਵਾਈਆਂ ਨੇ...

–ਉਂਝ ਇਹ ਠੀਕ ਵੀ ਹੋ ਜਾਣਗੇ? ਭਾਬੀ ਦੀ ਆਵਾਜ਼ ਵਿੱਚ ਫਿਕਰ ਹੈ।

–ਡਾਕਟਰ ਤਾਂ ਇਹੀ ਯਕੀਨ ਦਵਾ ਰਿਹਾ ਹੈ... ਲੋੜ ਪਈ ਤਾਂ ਹੋਰ ਡਾਕਟਰ ਨੂੰ ਵਿਖਾ ਲਵਾਂਗੇ...।

ਭਾਬੀ ਨੂੰ ਤਸੱਲੀ ਹੋ ਗਈ। ਭਾਬੀ ਨੂੰ ਵੀ, ਦੀਪਾਂ ਨੂੰ ਵੀ ਤੇ ਖੁਦ ਜੱਸੀ ਨੂੰ ਵੀ। ਉਸਨੇ ਉਨ੍ਹਾਂ ਦਾ ਏਨਾ ਕੁ ਮਨ ਤਾਂ ਜਿੱਤ ਹੀ ਲਿਆ ਹੈ ਕਿ ਉਸ ਕੋਲੋਂ ਉਨ੍ਹਾਂ ਮਾਨਸਿਕ ਸਹਾਰਾ ਮਿਲਣ ਲੱਗ ਪਿਆ ਹੈ।

***

ਜਮਨੇਜੇ ਨੇ ਉਸੇ ਸ਼ਾਮ ਜੱਸੀ ਨੂੰ ਛੁੱਟੀ ਕਰਵਾ ਲਈ। ਉਹ ਹਸਪਤਾਲ ਦਾ ਬਿਲ ਦੇਣ ਲੱਗਿਆ ਤਾਂ ਜੱਸੀ ਨੇ ਇਤਰਾਜ ਕੀਤਾ, ਪਰ ਉਸਨੇ ਇਕ ਨਾ ਮੰਨੀ ਅਤੇ ਬਿਲ ਖੁਦ ਹੀ ਚੁਕਤਾ ਕੀਤਾ। ਜੱਸੀ ਨੇ ਸਲਾਹ ਦੱਸੀ ਕਿ ਉਹ ਬੱਸ ਵਿਚ ਪਿੰਡ ਚਲੇ ਜਾਣਗੇ। ਪੱਚੀ ਛੱਬੀ ਮੀਲ ਉਪਰ ਪਿੰਡ ਹੈ ਅਤੇ ਉੱਧਰ ਨੂੰ ਜਾਣ ਵਾਲੀ ਆਖਰੀ ਬੱਸ ਜਾਣ ਵਿੱਚ ਅਜੇ ਕਾਫੀ ਸਮਾਂ ਬਾਕੀ ਹੈ।

ਇਹ ਸਭ ਜਮਨੇਜੇ ਨੂੰ ਕਿਵੇਂ ਗਵਾਰਾ ਹੋ ਸਕਦਾ ਹੈ? ਅਜੇ ਸਾਂਝ ਬਣੀ ਹੀ ਕਿੰਨੀ ਕੁ ਹੈ ਜੋ ਕਹਾਣੀ ਇੱਥੇ ਹੀ ਖਤਮ ਹੋ ਜਾਵੇ? ਅਜੇ ਤਾਂ ਉਸਨੇ ਆਪਸੀ ਸਾਂਝ ਨੂੰ ਬਹੁਤ ਗਹਿਰਾਈ ਤੱਕ ਵਧਾਉਣਾ ਹੈ। ਉਸਨੇ ਆਪਣੀ ਕਾਰ ਮੰਗਵਾ ਲਈ। ਜੱਸੀ ਦੀ ਨਾਂਹ–ਨੁੱਕਰ ਨੂੰ ਆਵਾਜ਼ ਵਿਚ ਸਖਤੀ ਜਿਹੀ ਭਰ ਕੇ ਦਵਾ ਦਿੱਤਾ।

–ਮੈਂ ਮਰ ਨਹੀਂ ਚੱਲਿਆ ਜੇ ਦੋਸਤ ਨੂੰ ਘਰ ਤੱਕ ਛੱਡਣ ਲਈ ਥੋੜ੍ਹਾ ਬਹੁਤ ਤੇਲ ਜਲ ਜਾਏਗਾ। ਫਿਰ ਆਵਾਜ਼ ਥੋੜ੍ਹੀ ਜਿਹੀ ਪੰਘਰਾ ਲਈ– ਹਾਂ ਫੇਰ ਗਲ ਦੂਸਰੀ ਹੈ। ਜੇ ਤੂੰ ਮੈਨੂੰ ਇਸ ਯੋਗ ਨਹੀਂ ਸਮਝਦਾ ਕਿ ਤੇਰੇ ਘਰ ਜਾ ਸਕਾਂ...

ਅਸਰ ਉਸਦੇ ਅੰਦਾਜੇ ਮੁਤਾਬਕ ਹੀ ਹੋਇਆ। ਜੱਸੀ ਤੜਫ ਗਿਆ...। ਬਿਨਾਂ ਇਕ ਵੀ ਸ਼ਬਦ ਬੋਲਿਆਂ ਕਾਰ ਵਿੱਚ ਜਾ ਬੈਠਿਆ...।

ਗਦੈਲੇ ਦਾ ਸਹਾਰਾ ਦੇ ਕੇ ਜੱਸੀ ਨੂੰ ਪਿਛਲੀ ਸੀਟ ਉਪਰ ਅੱਧ ਲੇਟਿਆ ਕਰ ਦਿੱਤਾ। ਕਾਰ ਦੀਆਂ ਸੀਟਾਂ ਛੋਟੀਆਂ ਹੋਣ ਕਾਰਨ ਜੱਸੀ ਦੇ ਨਾਲ ਮਸੀਂ ਇਕੱਲੀ ਭਾਬੀ ਹੀ ਬੈਠ ਸਕੀ। ਦੀਪਾਂ ਅਗਲੀ ਸੀਟ ਉੱਪਰ ਉਸਦੇ ਬਰਾਬਰ ਆ ਬੈਠੀ। ਉਸਨੇ ਚੋਰ, ਅੱਖ ਨਾਲ ਤਾੜ ਲਿਆ ਕਿ ਦੀਪਾਂ ਦੇ ਚਿਹਰੇ ਉੱਤੇ ਕਾਰ ਵਿਚ ਬੈਠਣ ਨਾਲ ਗਰਵ ਜਿਹੇ ਦੀ ਚਮਕ ਉੱਭਰ ਆਈ...।

ਕਾਰ ਸ਼ਹਿਰ ਤੋਂ ਬਾਹਰ ਨਿਕਲ ਆਉਣ ਤੱਕ ਸਭ ਚੁਪ ਨੇ। ਕੋਈ ਵੀ ਗੱਲ ਨਹੀਂ ਕਰ ਰਿਹਾ। ਜਮਨੇਜਾ ਇਸ ਚੁੱਪ ਦੇ ਕਾਰਣ ਨੂੰ ਸਮਝ ਰਿਹਾ ਹੈ...। ਜੱਸੀ ਸ਼ਾਇਦ ਉਸਦੇ ਅਹਿਸਾਨਾਂ ਦੇ ਬੋਝ ਨੂੰ ਮਹਿਸੂਸ ਕਰਕੇ ਅੰਦਰਲੀ ਲਿਫਣ ਕਾਰਣ ਚੁੱਪ ਹੈ। ਇਸੇ ਤਰ੍ਹਾਂ ਭਾਬੀ ਵੀ। ਇਹੀ ਤਾਂ ਉਹ ਚਾਹੁੰਦਾ ਹੈ। ਵਾਰ–ਵਾਰ ਉਸਦੇ ਕਿਸੇ–ਨ–ਕਿਸੇ ਅਹਿਸਾਨ ਦੇ ਬੋਝ ਨਾਲ ਉਹ ਅੰਦਰੋਂ ਲਿਫਦੇ ਰਹਿਣ ਅਤੇ ਜਮਨੇਜਾ ਉਨ੍ਹਾਂ ਨੂੰ ਉਭਾਰਦਾ ਰਹੇ...। ਉਸਨੇ ਆਪਣੇ ਵੱਲੋਂ ਕਿਸੇ ਵੀ ਸਹਾਇਤਾ ਨੂੰ ਅਹਿਸਾਨ ਦੇ ਰੂਪ ਵਿਚ ਪਰਗਟ ਨਹੀਂ ਹੋਣ ਦੇਣਾ। ਪਰ ਉਨ੍ਹਾਂ ਲਈ ਤਾਂ ਅਹਿਸਾਨ, ਅਹਿਸਾਨ ਹੀ ਰਹਿਣੇ ਨੇ ਆਖਰ...।

–ਚੁੱਪ ਕਿਉਂ ਹੋ ਜੱਸੀ?

–ਨਹੀਂ ਤਾਂ...

–ਮੇਰੇ ਕੋਲੋਂ ਬਹੁਤੀ ਸਖਤ ਗੱਲ ਕਹਿ ਹੋ ਗਈ ਸੀ ਸ਼ਾਇਦ...

ਜੱਸੀ ਨੇ ਕੋਈ ਉੱਤਰ ਨਹੀਂ ਦਿੱਤਾ। ਸਿਰ ਸੀਟ ਨਾਲ ਟੇਕ ਕੇ ਅੱਖਾਂ ਬੰਦ ਕਰ ਲਈਆਂ। ਉਸਨੇ ਜੱਸੀ ਦੇ ਮਨ ਉੱਪਰਲਾ ਬੋਝ ਲਹੁਣਾ ਚਾਹਿਆ। ਅਜਿਹਾ ਕੋਈ ਮੌਕਾ ਹੱਥੋਂ ਨਹੀਂ ਖੁੰਝਣ ਦੇਣਾ ਚਾਹੀਦਾ।

–ਜਦੋਂ ਤੈਨੂੰ ਮਿਲਿਆ ਤਾਂ ਆਪਣੇ ਆਪ ਵਿਚ ਬੜੀ ਗਿਲਾਨੀ ਮਹਿਸੂਸ ਹੋਈ। ਮੈਨੂੰ ਕੁਝ ਮਹੀਨੇ ਪਹਿਲਾਂ ਤੇਰੀ ਖਬਰ ਸਾਰ ਲੈਣੀ ਚਾਹੀਦੀ ਸੀ, ਤਾਂ ਜੋ ਤੇਰੇ ਲਈ ਕੁਝ ਕਰ ਸਕਦਾ। ਪਹਿਲੀ ਸਟੇਜ ਉੱਪਰ

ਬਿਮਾਰੀ ਤੇ ਕਾਬੂ ਪਾਉਣਾ ਸੌਖਾ ਵੀ ਹੁੰਦਾ ਹੈ। ਪਤਾ ਨਹੀਂ ਕਿਉਂ ਆਪਣਾ ਆਪ ਦੋਸ਼ੀ ਜਿਹਾ ਲੱਗਿਆ। ਹੁਣ ਜੋ ਕੁਝ ਕਰ ਰਿਹਾਂ... ਤੇਰੇ ਲਈ ਨਹੀਂ। ਆਪਣੇ ਮਨ ਉੱਪਰਲੇ ਬੋਝ ਤੋਂ ਮੁਕਤ ਹੋਣ ਲਈ ਕਰ ਰਿਹਾਂ...।

ਉਸਨੇ ਸ਼ੀਸ਼ੇ ਵਿੱਚੀਂ ਵੇਖਿਆ...। ਜੱਸੀ ਨੇ ਅੱਖਾਂ ਖੋਲ੍ਹ ਦਿੱਤੀਆਂ ਨੇ...। ਉਸਦੀ ਪਿੱਠ ਵੱਲ ਝਾਕ ਰਿਹਾ ਹੈ...। ਨਜਰਾਂ ਵਿਚ ਸ਼ੁਕਰਾਨੇ ਦੇ ਭਾਵ ਤੈਰ ਰਹੇ ਸਪਸ਼ਟ ਵਿਖਾਈ ਦੇ ਰਹੇ ਨੇ।

–ਮੈਨੂੰ ਓਪਰਾ ਨਾ ਸਮਝ ਜੱਸੀ। ਕਾਲਜ ਕਿੰਨੀ ਡੂੰਘੀ ਸਾਂਝ ਹੁੰਦੀ ਸੀ ਆਪਣੀ ! ਤੂੰ ਇਕ ਤਰ੍ਹਾਂ ਨਾਲ ਗੁਰੂ ਸੀ ਮੇਰਾ। ਮੇਰੀ ਟੁੱਟੀ ਫੁੱਟੀ ਤੁਕ ਬੰਦੀ ਨੂੰ ਕਿਵੇਂ ਲਗਨ ਨਾਲ ਠੀਕ ਕਰਿਆ ਕਰਦਾ ਸੀ। ਸਭ ਕੁਝ ਜਿਵੇਂ ਕਲ੍ਹ ਹੀ ਬੀਤਿਆਂ ਹੁੰਦਾ ਹੈ। ਲਗਦਾ ਹੀ ਨਹੀਂ ਅਠਾਰਾਂ ਵੀਹ ਵਰ੍ਹੇ ਬੀਤ ਗਏ ਹੋਣਗੇ...।

ਸ਼ੀਸ਼ੇ ਨੇ ਇਕ ਵਾਰ ਫਿਰ ਗਵਾਹੀ ਭਰੀ...। ਜੱਸੀ ਦੀਆਂ ਅੱਖਾਂ ਵਿੱਚ ਵੀ ਪਿਛਲੀਆਂ ਯਾਦਾਂ ਦਾ ਚੇਤਾ ਜਿਹਾ ਤੈਰ ਆਇਆ ਹੈ।

ਉਸਨੇ ਪਿੱਛਿਓਂ ਤੇਜ਼ ਆਉਂਦੀ ਕਾਰ ਨੂੰ ਰਾਹ ਦਿੱਤਾ, ਅੰਦਰ ਹੀ ਅੰਦਰ ਮੁਸਕਰਾਇਆ। ਇਸੇ ਤਰ੍ਹਾਂ ਦਾ ਭਾਵਕ ਜਿਹਾ ਕੁਝ ਹੀ ਤਾਂ ਉਹ ਜੱਸੀ ਦੇ ਅੰਦਰ ਜਗਾਉਣਾ ਚਾਹੁੰਦਾ ਹੈ। ਅੰਦਰਲੀ ਮੁਸਕਰਾਹਟ ਉਸਨੇ ਹੋਠਾਂ ਉੱਪਰ ਨਹੀਂ ਆਉਣ ਦਿੱਤੀ। ਅੰਦਰਲੀ ਭੁੱਖ ਨਾਲ ਪਲ ਦੀ ਪਲ ਉਸਨੇ ਬਰਾਬਰ ਬੈਠੀ ਦੀਪਾਂ ਦੇ ਚਿਹਰੇ ਨੂੰ ਨਿਹਾਰ ਲਿਆ।

ਨਹਿਰ ਦਾ ਪੁਲ ਪਾਰ ਕਰਕੇ ਉਸਨੇ ਕਾਰ ਖੱਬੇ ਮੋੜ ਲਈ। ਨਹਿਰ ਦੀ ਪਟੜੀ ਦੇ ਨਾਲ–ਨਾਲ ਹੀ ਦਸ ਕਿਲੋਮੀਟਰ ਦਾ ਸਫ਼ਰ ਹੋਰ ਹੈ। ਅਗਲੇ ਪੁਲ ਨੇੜੇ ਜੱਸੀ ਦਾ ਪਿੰਡ ਹੈ। ਨਹਿਰ ਦੇ ਕਿਨਾਰੇ ਹੀ ਵਸਿਆ ਹੋਇਆ। ਸੜਕ ਉੱਤੇ ਖਿੰਡਰੀਆਂ ਹੋਈਆਂ ਜਾਮਣਾਂ ਪਹੀਆਂ ਹੇਠ ਆ ਕੇ ਕਿਰਚ–ਕਿਰਚ ਦੀ ਆਵਾਜ਼ ਲਗਾਤਾਰ ਪੈਦਾ ਕਰ ਰਹੀਆਂ ਨੇ। ਪਿੱਛੇ ਵੱਲ ਪਾਣੀ ਦੀ ਹਿੱਕ ਉੱਤੇ ਡੁੱਬਦੇ ਸੂਰਜ ਦੇ ਰੰਗ ਕਾਰ ਦੇ ਸ਼ੀਸ਼ਿਆਂ ਉੱਪਰ ਤਿਲਕ ਰਹੇ ਨੇ। ਉਨ੍ਹਾਂ ਰੰਗਾਂ ਵਿਚ ਦੀਪਾਂ ਦੇ ਚਿਹਰੇ ਉਪਰ ਸੂਹੀ ਜਿਹੀ ਭਾਅ ਬਿਖਰਦੀ ਦਿਸੀ। ਜਮਨੇਜੇ ਅੰਦਰ ਕੁਝ ਲਹਿਰਾ ਗਿਆ, ਮਿੱਠਾ ਜਿਹਾ। ਮਹੌਲ ਵਿਚ ਅਜੀਬ ਜਾਦੂਮਈ ਪ੍ਰਭਾਵ ਪੈਦਾ ਹੋ ਗਿਆ ਹੈ।

ਨਹਿਰ ਕਿਨਾਰੇ ਬੈਠੀ ਇਲ੍ਹ ਦੇ ਵੱਡੇ ਵੱਡੇ ਖੰਭ ਫੜਫੜਾਏ। ਵੇਖਦੇ–ਵੇਖਦੇ ਕਾਰ ਦੀ ਸੇਧ ਵਿੱਚ ਉਡਾਰੀ ਮਾਰ ਦਿੱਤੀ। ਉਸਦੇ ਬਰੇਕ ਮਾਰਦੇ–ਮਾਰਦੇ ਸ਼ੀਸ਼ੇ ਨਾਲ ਖਹਿੰਦੀ ਇਲ੍ਹ ਉੱਪਰ ਵੱਲ ਨਿਕਲ ਗਈ।

ਸੁਪਨ ਅਵਸਥਾ ਜਿਵੇਂ ਕੜਕ ਕਰਕੇ ਟੁੱਟ ਗਈ।

## ਦੋ

ਘਰ ਉਦਾਸ ਉਦਾਸ ਹੈ।

ਘਰ ਦੀ ਹਾਲਤ ਇਕ ਦਮ ਖਸਤਾ ਹੋ ਚੁੱਕੀ ਹੈ। ਇਸ ਖਸਤਾ ਹਾਲਤ ਦੀ ਗਵਾਹੀ ਘਰ ਦੀ ਹਰ ਚੀਜ ਦੇ ਰਹੀ ਹੈ। ਕੱਚੀਆਂ ਪੱਕੀਆਂ ਕੰਧਾਂ ਉਪਰੋਂ ਥਾਂ ਥਾਂ ਖਲੇਪੜ ਉਖੜੇ ਪਏ ਨੇ। ਛਤੀਰਾਂ ਨੂੰ ਡਿੱਗਣ ਤੋਂ ਬਚਾਈ ਰੱਖਣ ਲਈ ਦੋ ਤਿੰਨ ਥਾਂ ਉਤੇ ਥੰਮੀਆਂ ਦਿੱਤੀਆਂ ਹੋਈਆਂ ਨੇ। ਵਿਹੜਾ ਵੀ ਬਹੁਤ ਛੋਟਾ ਹੈ ਦੋ ਤਿੰਨ ਮੱਝਾਂ ਬੰਨ੍ਹੀਆਂ ਹੋਣ ਕਾਰਣ ਅੰਦਰ ਲੰਘਣ ਲਈ ਲੰਘਣ ਗੋਚਰਾ ਥਾਂ ਮਸੀਂ ਬਚਦਾ ਹੈ। ਕੰਧ ਦੇ ਨਾਲ ਖੜ੍ਹੇ ਕੀਤੇ ਮੰਜਿਆਂ ਦੀ ਹਾਲਤ ਵੀ ਗਿਆਂ ਵਰਗੀ ਹੈ। ਟਾਂਡ ਉੱਪਰ ਟਿਕਾਏ ਭਾਂਡੇ ਵੀ ਬਹੁਤੇ ਨਹੀਂ। ਜਿਹੜੇ ਹਨ ਵੀ ਉਨ੍ਹਾਂ ਵਿੱਚੋਂ ਬਹੁਤੇ ਪੁਰਾਣੇ ਨੇ ਸਿਲਵਰ ਪਿੱਤਲ ਦੇ। ਕੁਝ ਕੁ ਪਲੇਟਾਂ ਚੀਨੀ ਦੀਆਂ ਅਤੇ ਪੰਜ ਛੇ ਕੱਚ ਦੇ ਗਿਲਾਸ ਵੀ।

ਇਸ ਘਰ ਵਿੱਚ ਉਹ ਅਠਾਰ੍ਹਾਂ ਵੀਹ ਵਰ੍ਹੇ ਪਹਿਲਾਂ ਕਈ ਵਾਰ ਆ ਚੁੱਕਿਆ ਹੈ। ਉਦੋਂ ਤੋਂ ਘਰ ਵਿੱਚ



ਨਵਾਂ ਕੁੱਝ ਨਹੀਂ ਉਸਾਰਿਆ ਗਿਆ। ਹਾਂ ਉੱਪਰ ਇੱਕ ਚੁਬਾਰਾ ਛੱਤ ਲਿਆ ਗਿਆ ਹੈ ਚਾਰ ਕੁ ਖਣ ਦਾ...।

ਸਭ ਕੁਝ ਦਾ ਜਾਇਜਾ ਲੈ ਕੇ ਉਹ ਖੁਸ਼ ਹੋ ਗਿਆ...। ਮਨ ਅੰਦਰ ਤਸੱਲੀ ਭਰ ਗਈ। ਘਰ ਦੇ ਜੀਆਂ ਦੇ ਮਨ ਦੀ ਹਾਲਤ ਦਾ ਅੰਦਾਜਾ ਉਹ ਠੀਕ–ਠੀਕ ਲਗਾ ਸਕਦਾ ਹੈ। ਥੁੜਾਂ ਵਿੱਚ ਜਿਉਂ ਰਹੇ ਟੱਬਰ ਦੀ ਹਾਲਤ ਉਸਦੇ ਸਾਮ੍ਹਣੇ ਹੈ। ਉੱਪਰੋਂ ਏਡੀ ਲੰਮੀ ਬਿਮਾਰੀ ਤਾਂ ਉਂਝ ਘਰ ਦੇ ਜੀਆਂ ਨੂੰ ਤੋੜ ਕੇ ਰੱਖ ਦੇਂਦੀ ਹੈ। ਉਸਦੇ ਅੰਦਰ ਤਸੱਲੀ ਭਰ ਗਈ। ਆਪਣਾ ਜਾਲ ਵਿਛਾਉਣਾ ਉਸ ਲਈ ਕੋਈ ਔਖਾ ਨਹੀਂ ਹੋਏਗਾ...। ਬੱਸ ਜਰਾ ਸੰਭਲ ਕੇ ਚਲਣ ਦੀ ਲੋੜ ਹੈ...। ਕੋਈ ਕਾਹਲੀ ਨਹੀਂ ਕਰਨੀ। ਆਪਣੀ ਸਮਾਜਕ ਥਾਂ ਵੀ ਟੁੱਟਣ ਨਹੀਂ ਦੇਣੀ। ਉਹ ਮਾਣ, ਇੱਜ਼ਤ ਸਭ ਕਾਇਮ ਰੱਖਣਾ ਹੈ। ਇਸ ਘਰ ਲਈ ਦੇਵਤਾ ਸਾਮਾਨ ਰੂਪ ਹਰ ਹੀਲੇ ਬਣਾਈ ਰੱਖਣਾ ਹੈ।

ਬੱਸ ਇਕੱਲੇ–ਇਕੱਲੇ ਜੀ ਦੀਆਂ ਇੱਛਾਵਾਂ ਅਤੇ ਰੁਚੀਆਂ ਨੂੰ ਸਮਝਣ ਦੀ ਲੋੜ ਹੈ। ਇਹ ਕੰਮ ਉਸ ਲਈ ਕੋਈ ਔਖਾ ਵੀ ਨਹੀਂ ਹੈ...। ਸਧਾਰਣ ਬੰਦੇ ਦੀ ਜ਼ਿੰਦਗੀ ਤੋਂ ਆਰੰਭ ਕਰਕੇ ਅਠੱਤੀ ਵਰ੍ਹੇ ਦੀ ਇਸ ਉਮਰ ਤੱਕ ਹੀ ਜਿੱਥੇ ਉਹ ਪਹੁੰਚ ਗਿਆ ਹੈ... ਕੋਈ ਖੇਲ੍ਹ ਤਾਂ ਨਹੀਂ। ਇਸ ਉਚਾਈ ਤਕ ਕੌਣ ਪਹੁੰਚ ਸਕਦਾ ਹੈ ਏਨੀ ਛੇਤੀ? ਹਜਾਰਾਂ ਬੰਦਿਆਂ ਨੂੰ ਸਮਝਿਆ ਹੈ। ਚਾਰਿਆ ਹੈ...। ਵਰਤਿਆ ਹੈ...।

ਇਸ ਘਰ ਵਿੱਚ ਬਹੁਤ ਕੁਝ ਹੈ ਉਸਦੇ ਲਈ। ਦੀਪਾਂ ਤੋਂ ਛੋਟੀਆਂ ਦੋ ਹੋਰ ਕੁੜੀਆਂ ਵੀ ਨੇ ਮੀਤਾਂ ਤੇ ਨੀਲੂ। ਅਠਵੀਂ ਵਿੱਚ ਨੇ ਦੋਵੇਂ ਹੀ। ਹੋਰ ਵਰ੍ਹੇ ਵਿੱਚ ਮੁਟਿਆਰ ਹੋਈਆਂ ਸਮਝੋ...। ਉਂਝ ਹੁਣ ਕਿਹੜਾ ਘੱਟ ਨੇ। ਘਰ ਦੇ ਸਾਰੇ ਜੀਆਂ ਦੇ ਜਿਸਮ ਏਨੇ ਹੁੰਦੜ ਹੇਲ ਨੇ ਕਿ ਉਸਨੂੰ ਹੈਰਾਨੀ ਹੋ ਰਹੀ ਹੈ। ਦੀਪਾਂ ਚੌਦਾਂ–ਪੰਦਰਾ ਦੀ ਹੈ ਮਸੀਂ। ਪਰ ਜੁਆਨੀ ਇਸ ਕਦਰ ਜੋਰ ਦੇ ਕੇ ਚੜ੍ਹੀ ਹੈ ਕਿ ਚੰਗੀ ਭਰਵੀਂ ਮੁਟਿਆਰ ਲਗਦੀ ਹੈ। ਗੋਰਾ ਨਿਛੋਹ ਰੰਗ ਕਿੰਝ ਗੁਲਾਬੀ ਭਾਅ ਮਾਰਦਾ ਹੈ। ਜਿਵੇਂ ਖ਼ੂਨ ਫੁੱਟ ਕੇ ਬਾਹਰ ਨਿਕਲ ਤੁਰਨਾ ਚਾਹੁੰਦਾ ਹੋਵੇ।

ਮੀਤਾਂ ਭਾਰੀ ਹੈ ਕੁਝ ਨੀਲੂ ਨਾਲੋਂ। ਚਿਹਰੇ ਉਪਰ ਤਬਦੀਲ ਹੁੰਦੀ ਉਮਰ ਦੇ ਚਿੰਨ੍ਹ ਵੀ ਜ਼ਿਆਦਾ ਸਪਸ਼ਟ ਨੇ...। ਉਂਝ ਜੌੜੀਆਂ ਨੇ ਦੋਵੇਂ, ਪਰ ਨੀਲੂ ਛੋਟੀ ਲਗਦੀ ਹੈ ਕੁਝ।

ਸਾਮ੍ਹਣੇ ਕਿੰਨਾ ਖੁਲ੍ਹਾ ਮੈਦਾਨ ਹੈ ਉਸਦੇ ਲਈ।

ਲੋੜ ਜਾਲ ਵਿਛਾਉਣ ਦੀ ਹੈ...। ਬੜਾ ਬਰੀਕ ਅਤੇ ਮਜ਼ਬੂਤ...। ਚੋਗੇ ਦੀ ਵੀ ਲੋੜ ਹੈ, ਮੈਂਬਰਾਂ ਦੇ ਮਨਪਸੰਦ ਦਾ...। ਪਰ ਸੰਭਲ ਕੇ ਸਤਰਕ ਹੋ ਕੇ...।

ਛੱਤ ਉਪਰ ਖੜ੍ਹਾ ਸੋਚ ਜਾਂਦਾ ਹੈ ਕਿ ਕਿਨ੍ਹਾਂ ਕਿਨ੍ਹਾਂ ਬੰਦਿਆਂ ਕੋਲੋਂ ਸਤਰਕ ਰਹਿਣ ਦੀ ਜ਼ਿਆਦਾ ਲੋੜ ਹੈ? ਜੱਸੀ ਅਤੇ ਤੇਜਾਂ ਭਾਬੀ ਕੋਲੋਂ ਤਾਂ ਹੈ ਹੀ। ਇਕ ਹੋਰ ਮੈਂਬਰ ਵੀ ਹੈ ਘਰ ਵਿੱਚ ਜਿਸ ਸਾਮ੍ਹਣੇ ਕਾਫੀ ਸੰਭਲ ਕੇ ਚਲਣਾ ਪੈਣਾ ਹੈ। ਉਹ ਹੈ ਦੀਪਾਂ ਹੋਰਾਂ ਦਾ ਭਰਾ ਹਰਦੇਵ। ਬੀ. ਏ. ਫਸਟ ਈਅਰ ਦਾ ਵਿਦਿਆਰਥੀ ਹੈ। ਆਉਂਦੇ ਸਮੇਂ ਵੇਖਿਆ ਹੈ। ਵਿਹੜੇ ਵਿੱਚ ਸੰਨ੍ਹੀਂ ਕਰ ਰਿਹਾ ਸੀ ਮੱਝਾਂ ਵਾਸਤੇ। ਚਿਹਰੇ ਤੋਂ ਤਾਂ ਸ਼ਰੀਫ ਲਗਦਾ ਹੈ...। ਪਰ ਸੰਭਲ ਕੇ ਤਾਂ ਚਲਣਾ ਹੀ ਪੈਣਾ ਹੈ...। ਕਾਲਜ ਦਾ ਵਿਦਿਆਰਥੀ ਹੈ ਫਿਰ ਵੀ...। ਸਮੇਂ ਦੀਆਂ ਚਾਲਾਂ ਤੋਂ ਜਾਣੂ ਹੋ ਹੀ ਸਕਦਾ ਹੈ। ਚਿਹਰੇ ਤੋਂ ਕੀ ਪਤਾ ਲਗਦਾ ਹੈ ਬੰਦੇ ਦਾ? ਚਿਹਰੇ ਤੋਂ ਤਾਂ ਉਸਦੇ ਅਪਣੇ ਜਿਨਾਂ ਸ਼ਰੀਫ ਸ਼ਾਇਦ ਹੀ ਕੋਈ ਲਗਦਾ ਹੋਵੇ...।

ਹੋਰ ਸਮਸਿਆਵਾਂ ਵੀ ਉੱਭਰ ਸਕਦੀਆਂ ਨੇ। ਮਸਲਨ ਉਸਦੇ ਜਿਆਦਾ ਆਉਣ ਜਾਣ ਕਾਰਣ ਪਿੰਡ ਦੇ ਲੋਕਾਂ ਵਿਚ ਵੀ ਚਰਚਾ ਚੱਲ ਸਕਦੀ ਹੈ...। ਪਰ ਉਹ ਸਭ ਤਾਂ ਬਾਦ ਦੀਆਂ ਗੱਲਾਂ ਨੇ। ਵੇਖੀ ਜਾਊ ਮੌਕੇ ਉੱਤੇ। ਬਥੇਰੇ ਰਾਹ ਲੱਭੇ ਜਾ ਸਕਦੇ ਨੇ...

–ਚਾਹ ਤਿਆਰ ਹੈ ਜਮਨੇਜੇ, ਆ ਜਾਹ ਹੇਠਾਂ...।

ਜੱਸੀ ਦੀ ਆਵਾਜ਼ ਨਾਲ ਉਸਦਾ ਧਿਆਨ ਟੁੱਟਦਾ ਹੈ। ਛੱਤ ਉਪਰ ਬਣੇ ਮੋਘੇ ਕੋਲ ਜਾ ਕੇ ਕਹਿੰਦਾ ਹੈ...।

-ਅਉਨਾਂ ਯਾਰ...। ਤੇਰੇ ਪਿੰਡ ਦੀ ਤਾਂ ਲੋਕੇਸ਼ਨ ਹੀ ਬਹੁਤ ਪਿਆਰੀ ਹੈ...। ਨਹਿਰ ਕਿਨਾਰੇ ਖੜ੍ਹੇ ਸਫੈਦੇ ਫੈਲਦੀ ਰਾਤ ਵਿਚ ਇੰਝ ਲਗ ਰਹੇ ਨੇ ਜਿਵੇਂ ਜਿਵੇਂ...। ਉਹ ਹਸ ਪੈਂਦਾ ਹੈ-ਯਾਰ ਦੇਣ ਲਈ ਚੰਗੀ ਤਸਵੀਹ ਵੀ ਨਹੀਂ ਲੱਭਦੀ। ਠੇਕੇਦਾਰੀ ਨੇ ਦਿਮਾਗ ਵੀ ਪੱਥਰ ਬਣਾ ਕੇ ਰੱਖ ਦਿੱਤਾ...

-ਚੱਲ ਮਾਣ ਲੈ ਨਜ਼ਾਰਾ। ਚਾਹ ਉੱਪਰ ਹੀ ਭੇਜ ਦੇਂਦੇ ਹਾਂ।

ਦੋ ਮਿੰਟ ਪਿਛੋਂ ਪੌੜੀਆਂ ਵਿਚ ਪੈੜ ਚਾਲ ਹੋਈ। ਦੀਪਾਂ ਚਾਹ ਦਾ ਕੱਪ ਲਈ ਉੱਪਰ ਆ ਗਈ... ਕੱਪ ਉਸ ਵੱਲ ਵਧਾ ਦਿੱਤਾ...।

-ਖਿੜਕੀ ਵਿੱਚ ਰੱਖ ਦੇਹ...।

-ਠੰਢੀ ਹੋ ਜਾਏਗੀ, ਅੰਕਲ।

ਉਸਨੇ ਕੱਪ ਫੜ ਲਿਆ-ਤੈਂ ਆਪਣਾ ਕੱਪ ਨੀ ਲਿਆਂਦਾ...?

-ਮੈਂ ਪੀ ਵੀ ਲਈ...

-ਪੀ ਵੀ ਲਈ? ਏਨੀ ਛੇਤੀ...? ਉਹ ਦੀਪਾਂ ਨੂੰ ਕੁਝ ਚਿਰ ਅਟਕਾਈ ਰੱਖਣਾ ਚਾਹੁੰਦਾ ਹੈ...।

-ਮੈਨੂੰ ਤੱਤੀ ਤੱਤੀ ਪੀਣ ਦੀ ਆਦਤ ਹੈ...।

-ਮਰਨੀਏ, ਕਿਤੇ ਮੂੰਹ ਨਾ ਜਲਾ ਬੈਠੀਂ...।

ਉਹ ਦੀਪਾਂ ਦੀ ਤੱਤੀ ਚਾਹ ਪੀਣ ਦੀ ਆਦਤ ਦਾ ਵਿਸ਼ਲੇਸ਼ਣ ਕਰਨ ਬੈਠ ਗਿਆ।

ਦੀਪਾਂ ਹੇਠਾਂ ਜਾਣ ਲੱਗਦੀ ਹੈ...

-ਕੱਪ ਲੈ ਕੇ ਹੀ ਜਾਈਂ ਹੁਣ...।

ਦੀਪਾਂ ਉਸ ਕੋਲ ਆ ਖਲੋਂਦੀ ਹੈ ਪਰ ਉਹ ਚਾਹ ਪੀਣ ਦੀ ਚਾਲ ਉਸੇ ਤਰਾਂ ਮੱਧਮ ਰੱਖਦਾ ਹੈ। ਆਪਣੇ ਵੱਲੋਂ ਚੋਗੇ ਦਾ ਮਾੜਾ ਮੋਟਾ ਦਾਨਾ ਸੁੱਟਣ ਦੀ ਸੋਚਦਾ ਹੈ।

-ਕਿਹੜੀ ਕਲਾਸ ਵਿਚ ਹੈਂ ਹੁਣ? ਜਾਣਦੇ ਹੋਏ ਵੀ ਉਹ ਪੁੱਛਦਾ ਹੈ।

-ਦੱਸਵੀਂ ਵਿਚ ਹੋਈ ਹਾਂ ਅੰਕਲ।

-ਪਿਛਲੀ ਜਮਾਤ ਵਿਚ ਕਿੰਨੇ ਨੰਬਰ ਸੀ?

-ਖਿਚ ਧੂ ਕੇ ਸੈਕੰਡ ਡਵੀਜ਼ਨ ਬਣਾ ਹੀ ਲਈ ਸੀ।

-ਬੱਸ ਸਿਰਫ ਸੈਕੰਡ ਡਵੀਜ਼ਨ...?

-ਪੜ੍ਹ ਹੀ ਨਹੀਂ ਹੋਇਆਂ ਅੰਕਲ। ਪਾਪਾ ਦੀ ਬਿਮਾਰੀ ਕਰਕੇ...।

-ਇਸ ਸਾਲ ਚੰਗੀ ਤਰ੍ਹਾਂ ਮਿਹਨਤ ਕਰੀਂ।

-ਪਾਸ ਤਾਂ ਹੋ ਹੀ ਜਾਵਾਂਗੀ...।

-ਸਿਰਫ ਪਾਸ...? ਪਾਸ ਹੋਣ ਨਾਲ ਕੀ ਬਣਦਾ ਹੈ? ਅੱਗੋਂ ਦਾਖਲੇ ਲਈ...।

-ਕਿਹੜਾ ਅੱਗੇ ਪੜ੍ਹਾਉਣਾ ਹੈ ਕਿਸੇ ਨੇ?

ਉਹ ਸਤਰਕ ਹੋ ਗਿਆ। ਇਕ ਸੂਤਰ ਤਾਂ ਉਸਦੇ ਹੱਥ ਆ ਗਿਆ ਹੈ। ਚੋਗੇ ਦਾ ਦਾਨਾ ਸੁੱਟਣ ਦਾ ਇਕ ਰਾਹ...।

-ਕਿਉਂ ਪੜ੍ਹਾਉਣਾ ਕਿਉਂ ਨਹੀਂ?

-ਘਰ ਦੀ ਹਾਲਤ ਤਾਂ ਤੁਹਾਨੂੰ ਦਿਸਦੀ ਹੀ ਹੈ ਅੰਕਲ...।

-ਐਵੀਂ ਨਾ ਦਿਲ ਛੱਡੀ ਬੈਠੀ ਰਹੀਂ। ਮਿਹਨਤ ਕਰ ਰੱਜਕੇ। ਹਾਈ ਫਸਟ ਕਲਾਸ ਬਣਾ ਕੇ ਵਿਖਾ ਦੇਹ। ਅੱਗੇ ਪੜ੍ਹਨ ਲਗਵਾਉਣ ਦਾ ਮੇਰਾ ਜਿੰਮਾ...। ਤੂੰ ਮਿਹਨਤ ਕਰ...।

ਚੋਗੇ ਦੇ ਦਾਨੇ ਨੇ ਠੀਕ ਹੀ ਅਸਰ ਕੀਤਾ...। ਕੁੜੀ ਦੀਆਂ ਅੱਖਾਂ ਵਿਚ ਚਮਕ ਜਾਗ ਪਈ...।

-ਸੱਚੀਂ ਅੰਕਲ? ਇਹ ਹੋ ਸਕਦਾ ਹੈ...?



-ਹੋ ਕਿਉਂ ਨਹੀਂ ਸਕਦਾ। ਹੁਣ ਤੇਰਾ ਅੰਕਲ ਆ ਗਿਆ। ਹੁਣ ਕੋਈ ਪਰਵਾਹ ਨਾ ਕਰ...।

ਸੱਚੀਂ ਅੰਕਲ, ਮੇਰਾ ਬਹੁਤ ਮਨ ਕਰਦਾ ਹੈ ਅੱਗੋਂ ਪੜ੍ਹਨ ਲਈ। ਘੱਟੋ ਘਟ ਜੇ. ਬੀ. ਟੀ. ਤਾਂ ਕਰਾ ਹੀ ਦਿਓ...।

-ਇਹ ਮੇਰਾ ਪਰਾਮਿਸ ਰਿਹਾ...। ਤੂੰ ਵਾਅਦਾ ਕਰ ਬਈ ਫਸਟ ਡਵੀਜ਼ਨ ਲਵੇਂਗੀ...।

ਉਹ ਵਾਅਦੇ ਲਈ ਹੱਥ ਅੱਗੇ ਵਧਾ ਦੇਂਦਾ ਹੈ।

-ਵਾਅਦਾ...। ਕੁੜੀ ਨੇ ਦੋਵੇਂ ਹੱਥਾਂ ਵਿਚ ਉਸਦਾ ਹੱਥ ਘੁੱਟ ਲਿਆ, ਬੜੇ ਹੁਲਾਸ ਜਿਹੇ ਨਾਲ...।

ਉਸਨੇ ਪੋਲੇ ਜਿਹੇ ਕੁੜੀ ਨੂੰ ਆਪਣੇ ਨਾਲ ਘੁੱਟ ਲਿਆ। ਹੌਲੇ ਜਿਹੇ ਮੱਥਾ ਚੁੰਮ ਲਿਆ-ਬੱਸ ਤੂੰ ਮਿਹਨਤ ਕਰ ਬੇਟੇ, ਬਾਕੀ ਕੋਈ ਫਿਕਰ ਨਾ ਕਰ...।

ਉਸਨੇ ਇਕ ਵਾਰ ਹੋਰ ਮੱਥਾ ਚੁੰਮ ਕੁੜੀ ਦੁਆਲੇ ਤੋਂ ਬਾਂਹ ਹਟਾ ਲਈ। ਕੱਪ ਉਸਦੇ ਹੱਥ ਫੜਾ ਦਿੱਤਾ। ਏਨਾ ਹੀ ਕਾਫੀ ਹੈ ਅਜੇ। ਇਕ ਦਮ ਅੱਗੇ ਨਹੀਂ ਵਧਣਾ। ਦੀਪਾਂ ਹੇਠਾਂ ਚਲੀ ਗਈ। ਉਹ ਖੁਸ਼ ਹੈ ਕਿ ਨਾਲ ਘੁੱਟਦੇ ਸਮੇਂ ਕੁੜੀ ਨੇ ਰਤੀ ਭਰ ਵੀ ਵਿਰੋਧ ਨਹੀਂ ਸੀ ਕੀਤਾ। ਸਗੋਂ ਆਪਣੇ ਵਲੋਂ ਵੀ ਬੇਮਲੂਮ ਜਿਹਾ ਉਸਦੇ ਨਾਲ ਨੂੰ ਜੁੜ ਗਈ। ਸਮਝਦਾ ਹੈ ਕਿ ਕੁੜੀ ਦੇ ਮਨ ਵਿਚ ਰਤੀ ਭਰ ਵੀ ਮੈਲ ਨਹੀਂ ਹੋਣੀ। ਹੋ ਹੀ ਨਹੀਂ ਸਕਦੀ। ਬਸ ਅੰਦਰਲੇ ਹੁਲਾਸ ਦੇ ਪ੍ਰਤੀਕਰਮ ਵੱਜੋਂ ਉਸਦੇ ਨਾਲ ਲੱਗੀ ਸੀ। ਉਸ ਵਲੋਂ 'ਬੇਟੇ' ਸੰਬੋਧਨ ਦਾ ਵੀ ਅਸਰ ਸੀ। ਪਰ ਰਾਹ ਤਾਂ ਇਥੋਂ ਹੀ ਅੱਗੇ ਵਧਣਾ ਹੈ...। ਪੌੜੀ ਦਾ ਇਕ ਇਕ ਡੰਡਾ ਤਾਂ ਇਵੇਂ ਹੀ ਚੜ੍ਹ ਹੋਣਾ ਹੈ। ਆਨੀ ਬਹਾਨੀ ਸ਼ਰੀਰਕ ਨੇੜਤਾ ਦਾ ਮੌਕਾ ਪ੍ਰਾਪਤ ਕਰਦੇ ਹੋਏ। ਜਾਣਦਾ ਹੈ, ਵਕਤ ਲੱਗੇਗਾ। ਮਾਨਸਿਕ ਤੌਰ ਤੇ ਤਿਆਰ ਕਰਨ ਲਈ ਕੁਝ ਤਾਂ ਵਕਤ ਲੱਗੇਗਾ ਹੀ... ਬਹੁਤਾ ਵੀ ਲੱਗ ਸਕਦਾ ਹੈ...।

ਅਚਾਨਕ ਬੱਦਲ ਘਿਰ ਆਏ। ਵੇਖਦੇ-ਵੇਖਦੇ ਗੂੜ੍ਹੀ ਹੋ ਗਏ। ਨਹਿਰ ਵੱਲੋਂ ਕਿੰਝ ਕਾਲੀਆਂ ਘਟਾਵਾਂ ਉੱਠੀਆਂ ਨੇ...। ਬੜੀ ਠੰਢੀ ਹਵਾ ਦੇ ਬੁਲ੍ਹੇ ਆਏ...। ਸ਼ਾਇਦ ਉੱਧਰ ਕਿਧਰੇ ਮੀਂਹ ਵਰ੍ਹ ਕੇ ਹਟਿਆ ਹੈ...।

-ਆਉਂਦਾ ਹੋਇਆ ਮੋਘਾ ਢਕ ਆਈਂ ਜਮਨੇਜੇ...।

ਜੱਸੀ ਦੇ ਇਸ ਤਰ੍ਹਾਂ ਦੇ ਘਰੋਗੀ ਵਰਤਾਓ ਤੋਂ ਉਸਨੂੰ ਤਸੱਲੀ ਹੋਈ।

-ਉਸ ਬੇਚਾਰੇ ਨੂੰ ਕਿਉਂ ਵਗਾਰ ਪਾਉਂਦੇ ਹੋ? ਜਾਹ ਦੀਪਾਂ ਤੂੰ ਬੰਦ ਕਰ ਆ। ਉਪਰ ਦੋ ਇੱਟਾਂ ਵੀ ਰੱਖ ਦੇਈਂ ਟੀਨ ਦੇ...। ਭਾਬੀ ਦੀ ਆਵਾਜ਼ ਸੁਣਾਈ ਦਿੱਤੀ।

-ਮੈਂ ਬੰਦ ਕਰ ਰਿਹਾਂ ਭਾਬੀ...। ਏਨਾਂ ਬੇਗਾਨਾ ਨਾ ਸਮਝ। ਕਿਧਰੇ ਨਹੀਂ ਮੇਰੇ ਹੱਥ ਘਸ ਚੱਲੇ...।

ਮੋਘੇ ਉਪਰ ਟੀਨ ਰੱਖ ਉਸਨੇ ਕਾਹਲੀ ਨਾਲ ਉੱਪਰ ਇੱਟਾਂ ਰੱਖ ਦਿਤੀਆਂ। ਮੋਟੇ-ਮੋਟੇ ਕਣਿਆਂ ਤੋਂ ਬਚਦਾ ਛੇਤੀ ਨਾਲ ਪੌੜੀਆਂ ਉੱਤਰ ਆਇਆ।

***

ਖਾਣ ਪੀਣ ਤੋਂ ਵਿਹਲੇ ਹੋ ਉਹ ਮੰਜਿਆਂ ਉਪਰ ਸਜ ਗਏ। ਰੋਟੀ ਖਾਂਦਿਆਂ ਚੁਹਲ ਕਰਦਿਆਂ ਮਹੌਲ ਕਾਫੀ ਖੁਲ੍ਹਾ ਹੋ ਗਿਆ। ਪਲ ਦੀ ਪਲ ਤਾਂ ਉਸਨੂੰ ਲੱਗਿਆ ਸੀ ਅੰਦਰਲੀ ਉਦਾਸੀ ਤੋਂ ਬਚਣ ਲਈ ਉਹ ਇੰਝ ਖੁੱਲ੍ਹ ਖੁੱਲ੍ਹ ਕੇ ਠੱਠੇ ਕਰਨ ਜਾਂ ਹਸਣ ਦਾ ਸਹਾਰਾ ਲੈ ਰਹੇ ਨੇ ਪਰ ਛੇਤੀ ਹੀ ਉਹ ਜਾਣ ਗਿਆ ਕਿ ਪਰਿਵਾਰ ਦੇ ਜੀਆਂ ਦੇ ਮਨ ਅੰਦਰੋਂ ਮਜਬੂਤ ਨੇ...। ਜਿਵੇਂ ਲਗਾਤਾਰ ਮੁਸੀਬਤਾਂ ਸਹਿ ਸਹਿ ਕੇ ਹਰ ਔਕੜ ਦਾ ਸਾਮ੍ਹਣਾ ਕਰਨ ਲਈ ਅਪਣੇ ਅੰਦਰ ਨੂੰ ਤਿਆਰ ਰੱਖਣ ਦੇ ਆਦੀ ਹੋ ਗਏ ਹੁੰਦੇ ਨੇ। ਇਕ ਗੱਲ ਉਸਨੂੰ ਬਹੁਤ ਚੰਗੀ ਲੱਗੀ, ਆਪਣੇ ਮਤਲਬ ਦੀ ਵੀ ਕਿ ਕਿਸੇ ਵੀ ਕਿਸਮ ਦਾ ਆਪਸੀ ਸੰਕੋਚ ਪਰਿਵਾਰ ਦੇ ਜੀਆਂ ਵਿਚ ਨਹੀਂ ਹੈ...। ਸਭ ਇਕ ਦੂਸਰੇ ਨੂੰ ਕਾਫੀ ਖੁਲ੍ਹੀ ਹੱਦ ਤੱਕ ਮਖੌਲ ਕਰ ਜਾਂਦੇ ਨੇ।

ਇਸ ਖੁਲ੍ਹ ਨੂੰ ਉਹ ਅਪਣੇ ਹੱਕ ਵਿੱਚ ਵਰਤ ਸਕਦਾ ਹੈ।

ਥਾਂ ਕਾਫੀ ਘੱਟ ਹੈ। ਚਾਰ ਮੰਜੇ ਮਸੀਂ ਡਾਹ ਹੋਏ ਨੇ। ਸਗੋਂ ਚਾਰ ਪੂਰੇ ਵੀ ਨਹੀਂ। ਚੌਥੇ ਮੰਜੇ ਦਾ ਪੈਂਦ ਵਾਲਾ

ਅੱਧੇ ਤੋਂ ਬਹੁਤਾ ਪਾਸਾ ਬਰਾਬਰ ਵੱਲ ਖੁਲ੍ਹਦੇ ਸਟੋਰ ਵਿਚ ਨੂੰ ਕਰ ਦਿੱਤਾ ਗਿਆ। ਕੰਧ ਲਾਗੇ ਜੱਸੀ ਦਾ ਮੰਜਾ ਹੈ। ਉਸਦੇ ਨਾਲ ਵਾਲਾ ਮੰਜਾ ਉਸ ਲਈ ਹੋਵੇਗਾ...। ਇਹ ਅੰਦਾਜਾ ਉਸਨੇ ਉਪਰ ਵਿਛਾਈ ਸਾਫ ਚੱਦਰ ਤੋਂ ਲਗਾ ਲਿਆ। ਬਾਕੀ ਦੇ ਦੋ ਮੰਜਿਆਂ ਉਪਰ ਪੈਣ ਦਾ ਕੀ ਹਿਸਾਬ ਕਿਤਾਬ ਸੀ? ਇਹ ਉਹ ਅੰਦਾਜਾ ਨਹੀਂ ਲਗਾ ਸਕਿਆ। ਬਾਕੀ ਦੇ ਮੰਜਿਆਂ ਉਪਰ ਕਪੜੇ ਪੂਰੇ ਨਹੀਂ। ਇੱਕ ਉਪਰ ਦਰੀ ਸਿਰਹਾਣਾ ਹੈ। ਦੂਸਰੇ ਉਪਰ ਚੱਦਰ ਵਿਛਾਈ ਤਾਂ ਹੋਈ ਹੈ ਬੜੀ ਅਧੋਰਾਣੀ ਹਾਲਤ ਵਿਚ।

–ਥਾਂ ਦੀ ਤੰਗੀ ਵੱਲ ਨਾ ਵੇਖ ਜਮਨੇਜੇ...। ਥਾਂ ਦਾ ਕੀ ਹੈ ਦਿਲ ਖੁਲ੍ਹੇ ਚਾਹੀਦੇ ਨੇ।

ਉਹ ਮੁਸਕਰਾਇਆ, ਜਿਵੇਂ ਅੰਦਰਲੀ ਝੇਂਪ ਨੂੰ ਛੁਪਾ ਰਿਹਾ ਹੋਵੇ।

–ਇਹ ਗੱਲ ਤਾਂ ਤੇਰੀ ਇਕਦਮ ਠੀਕ ਹੈ ਜੱਸੀ। ਟੱਬਰ ਦੇ ਜੀਆਂ ਦੇ ਸੁਭਾ ਵਿੱਚ ਜਿਹੜੀ ਖੁੱਲ੍ਹ ਹੈ। ਬਹੁਤ ਘੱਟ ਵੇਖਣ ਵਿਚ ਆਉਂਦੀ ਹੈ। ਇਹ ਗੱਲ ਪਿਆਰੀ ਲੱਗੀ ਹੈ ਮੈਨੂੰ। ਮੈਂ ਸਮਝਦਾ ਸੀ ਅਸੀਂ ਸ਼ਹਿਰੀ ਲੋਕ ਹੀ ਐਡਵਾਂਸ ਹਾਂ ਪਰ ਅਸਲ ਵਿਚ ਉਹ ਸਭ ਪੱਛਮੀ ਸਭਿਅਤਾ ਦੀ ਰੀਸ ਹੀ ਹੁੰਦੀ ਹੈ। ਕਈ ਵਾਰ ਤਾਂ ਲਗਦਾ ਹੈ ਬਸ ਵਿਖਾਵਾ ਹੀ ਹੁੰਦੀ ਹੈ ਨਿਰਾ...।

–ਮੇਰੀ ਸਾਰੀ ਜ਼ਿੰਦਗੀ ਦੀ ਇਹੀ ਤਾਂ ਕਮਾਈ ਹੈ ਬੱਸ। ਬੱਚਿਆਂ ਨੂੰ ਕਦੇ ਬਹੁਤੀਆਂ ਸਹੂਲਤਾਂ ਨਹੀਂ ਦੇ ਸਕਿਆ। ਹਾਂ ਇਹੋ ਜਿਹਾ ਮਹੌਲ ਇਨ੍ਹਾਂ ਨੂੰ ਜ਼ਰੂਰ ਦਿੱਤਾ ਹੈ ਕਿ ਇਕ ਥਾਂ ਬੈਠ ਕੇ ਹਰ ਕਿਸਮ ਦੀ ਗੱਲ ਕਰ ਸਕਣ...। ਬਿਨਾਂ ਕਿਸੇ ਰੋਕ ਤੋਂ, ਬਿਨਾ ਕਿਸੇ ਸੰਕੋਚ ਤੋਂ। ਅਜੇ ਇਸ ਵਿਚ ਸਭ ਤੋਂ ਵੱਡਾ ਹੱਥ ਤੇਰੀ ਭਾਬੀ ਦਾ ਹੈ।

–ਇਹ ਵਾਕਿਆ ਹੀ ਤੁਹਾਡੀ ਜਿੱਤ ਹੈ ਜੱਸੀ।

ਉਸਨੇ ਵੇਖਿਆ ਜੱਸੀ ਦੇ ਚਿਹਰੇ ਉੱਤੇ ਮਾਣ ਦੀ ਭਾਵਨਾ ਚਮਕ ਰਹੀ ਹੈ। ਉਹੀ ਭਾਵਨਾ ਭਾਬੀ ਦੇ ਚਿਹਰੇ ਉੱਤੇ ਵੀ ਹੈ।

–ਸੱਚੀਂ ਇਥੇ ਆ ਕੇ ਬਹੁਤ ਖੁਸ਼ ਹੋਇਆ ਹਾਂ। ਇਸ ਗਰੀਬੀ ਵਿਚ ਵੀ ਸਭ ਦੀਆਂ ਸਿਹਤਾਂ ਕਿਵੇਂ ਨਰੋਈਆਂ ਨੇ। ਚਿਹਰਿਆਂ ਤੇ ਕਿਵੇਂ ਰੌਣਕ ਹੈ, ਲਾਲੀ ਹੈ।

–ਇਹ ਵੀ ਤੇਰੀ ਭਾਬੀ ਦੀ ਹੀ ਹਿੰਮਤ ਹੈ...।

ਭਾਬੀ ਦੀ...?

ਉਸਨੇ ਭਾਬੀ ਵੱਲ ਵੇਖਿਆ। ਇਸ ਵਾਰ ਭਾਬੀ ਉੱਤਰ ਦੇਂਦੀ ਹੈ।

–ਪਹਿਨਣ ਨੂੰ ਮਾੜਾ ਮਿਲਿਆ ਹੋਊ ਜੁਆਕਾਂ ਨੂੰ..., ਪਰ ਖਾਣ ਲਈ ਕਦੇ ਮਾੜਾ ਨਹੀਂ ਦਿੱਤਾ। ਦੁੱਧ ਘਿਓ ਘਰ ਵਿਚੋਂ ਥੁੜਨ ਨਹੀਂ ਦਿੱਤਾ। ਤਿੰਨ-ਤਿੰਨ ਮੱਝਾਂ ਹਰ ਸਮੇਂ ਪਾਲ ਰੱਖੀਆਂ ਨੇ। ਆਪ ਔਖੀ ਹੁੰਦੀ ਰਹੀ ਹਾਂ। ਸਿਰ ਤੇ ਲੋਅ, ਕੱਕਰ ਝੱਲਦੀ ਆਈ ਹਾਂ। ਮਰ ਜੁਆਕਾਂ ਦੇ ਮੂੰਹ ਲਈ ਸਦਾ ਰੱਜਵੇਂ ਦਾ ਹੀਲਾ ਜ਼ਰੂਰ ਕੀਤਾ ਹੈ।

ਭਾਬੀ ਦੀ ਘਾਲਣਾ ਦੀ ਗੱਲ ਨੂੰ ਉਸਨੇ ਅੰਦਰ ਸਾਂਭ ਲਿਆ, ਕਿਸੇ ਸਮੇਂ ਵਰਤਣ ਲਈ।

–ਇਹ ਤਾਂ ਸੱਚ ਹੀ ਕਦਰ ਕਰਨ ਵਾਲੀ ਗੱਲ ਹੈ ਭਾਬੀ।

ਅਚਾਨਕ ਉਸਦਾ ਧਿਆਨ ਦੀਪਾਂ ਵਲ ਚਲਾ ਗਿਆ। ਵੇਖਿਆ ਦੀਪਾਂ ਹੱਥ ਵਿੱਚ ਕੋਈ ਕਿਤਾਬ ਫੜੀ ਬੈਠੀ ਹੈ। ਉਨ੍ਹਾਂ ਦੀਆਂ ਗੱਲਾਂ ਸੁਣਦੀ, ਰਹੀ-ਰਹਿ ਕੇ ਧਿਆਨ ਕਿਤਾਬ ਵਿਚ ਗੱਡ ਦੇਂਦੀ ਹੈ-ਇਹ ਕੀ ਹੈ ਦੀਪਾਂ? ਵੇਖਾਂ ਤਾਂ...!

ਦੀਪਾਂ ਦੀ ਇਕ ਦਮ ਕਿਤਾਬ ਬੰਦ ਕਰ ਦਿੱਤੀ। ਕਿਤਾਬ ਉਸਨੂੰ ਫੜਾਉਣੋਂ ਪਹਿਲਾਂ ਕੁਝ ਝਿਜਕੀ। ਫਿਰ ਹੱਥ ਵਧਾ ਹੀ ਦਿੱਤਾ।

ਕੋਈ ਜਾਸੂਸੀ ਨਾਵਲ ਹੈ।

ਜੱਸੀ ਹਸ ਪਿਆ-ਵੇਖ ਲੈ ਜਮਨੇਜੇ ਇਸਨੂੰ ਜਾਸੂਸੀ ਨਾਵਲ ਪਸੰਦ ਨੇ। ਜਦੋਂ ਵੀ ਕੋਈ ਫਿਲਮ ਪਸੰਦ



ਕਰੂ ਤਾਂ ਮਾਰ ਧਾੜ ਵਾਲੀ। ਜਿਸ ਵਿਚ ਹੀਰੋ ਕੱਲਾਂ ਦਸ ਵੀਹ ਨਾਲ ਭਿੜ ਸਕਦਾ ਹੋਵੇ।

–ਹੋਰ ਕੀ ਪਾਪਾ...! ਇਹ ਕੀ ਬਈ ਰੋਣ ਧੋਣ ਵਾਲੀ ਫਿਲਮ ਵੇਖੀ ਜਾਓ। ਪਤੈ ਧਰਮਿੰਦਰ ਕੀ ਫਾਈਟ ਦੇਂਦਾ ਹੈ, ਡੀਸ਼ੂੰ... ਡੀਸ਼ੂੰ, ਬਸ ਮਜਾ ਆ ਜਾਂਦੈ।

ਸਾਰੇ ਹਸ ਪਏ।

–ਹੁਣ ਇਸੇ ਗੱਲ ਨੂੰ ਲੈ ਲੈ ਜਮਨੇਜੇ। ਜਾਣਦਾ ਹਾਂ ਕਿ ਜਾਸੂਸੀ ਨਾਵਲਾਂ ਦੀ, ਜਾਂ ਮਾਰ ਧਾੜ ਵਾਲੀਆਂ ਫਿਲਮਾਂ ਦੀ ਰੁਚੀ ਚੰਗੀ ਨਹੀਂ। ਪਰ ਅਸੀਂ ਰੋਕਣ ਦੇ ਮਾਮਲੇ ਵਿਚ ਕਿਸੇ ਵੀ ਕਿਸਮ ਦੀ ਸਖਤੀ ਨਹੀਂ ਵਰਤਦੇ। ਇਹ ਅਸੂਲ ਹੀ ਨਹੀਂ ਸਾਡੇ ਘਰ ਦਾ। ਸਮਝਦਾ ਹਾਂ, ਕਿ ਇਹ 'ਹੀਰੋਇਜਮ' ਦੀ 'ਕਰੇਜ' ਹੈ, ਸੁਭਾਵਕ ਹੀ ਹੈ ਇਸ ਉਮਰ ਵਿਚ। ਦਲੀਲ ਨਾਲ ਸਮਝਾਉਣ ਦੀ ਕੋਸ਼ਿਸ਼ ਕਰਦਾਂ। ਕਦੀ ਬਹੁਤ ਵਧੀਆ ਫਿਲਮ ਦਾ ਪਤਾ ਚੱਲੇ ਤਾਂ ਉਹ ਵਿਖਾ ਦੇਂਦਾ ਹਾਂ। ਵਧੀਆ ਨਾਵਲ ਪੜ੍ਹਨ ਲਈ ਦੇ ਦਿਨਾਂ। ਇੰਝ ਆਪੇ ਸਮਝ ਜਾਏਗੀ ਹੌਲੀ ਹੌਲੀ ਪਰ ਜਬਰਦਸਤੀ ਨਹੀਂ ਹੁੰਦੀ ਘਰ ਵਿੱਚ।

ਜੱਸੀ ਦੀ ਗਲ ਉਸਨੂੰ ਪ੍ਰਭਾਵਿਤ ਕਰ ਗਈ। ਸੁਚੇਤ ਵੀ ਕਰ ਗਈ। ਬੱਚਿਆਂ ਦੀ ਦਿਮਾਗੀ ਹਾਲਤ ਆਮ ਨਾਲੋਂ ਮੈਚਿਉਰਡ ਹੋਣ ਦੀ ਸੰਭਾਵਨਾ ਹੈ। ਸੋ ਉਸਨੂੰ ਸੰਭਲ ਕੇ ਕੰਮ ਕਰਨਾ ਹੋਵੇਗਾ। ਜਾਲ ਬੜੀ ਸਾਵਧਾਨੀ ਨਾਲ ਫੈਲਾਉਣਾ ਹੋਏਗਾ, ਬੜਾ ਮਜਬੂਤ ਵੀ। ਕੁਝ ਇਸ ਤਰ੍ਹਾਂ ਕਿ ਜਾਲ ਫੈਲਦਾ ਵੀ ਜਾਵੇ ਅਤੇ ਕਿਸੇ ਕਿਸਮ ਦਾ ਸ਼ਕ ਵੀ ਨਾ ਹੋਵੇ।

–ਤੇਰੇ ਕਾਲਜ ਦਾ ਕੀ ਹਾਲ ਹੈ ਦੇਵ?

–ਠੀਕ ਹੀ ਹੈ।

–ਪੜ੍ਹਾਈ ਕੁਝ ਕਰਾਉਂਦੇ ਵੀ ਨੇ... ਜਾਂ...?

–ਬਸ ਕੰਮ 'ਸੋ ਸੋ' ਹੀ ਹੈ ਅੰਕਲ...।

ਜਮਨੇਜਾ ਚੁਪ ਹੋ ਗਿਆ, ਆਪਣੀ ਗੱਲ ਤੋਲਣ ਲਈ। ਦੇਵ ਨਾਲੋਂ ਵੀ ਵੱਧ, ਗੱਲ ਜਾਨਣ ਦੀ ਉਤਸਕੁਤਾ ਜੱਸੀ ਅਤੇ ਭਾਬੀ ਦੀਆਂ ਨਜ਼ਰਾਂ ਵਿਚ ਹੈ।

–ਗੱਲ ਕੀ ਹੈ ਜਨਮੇਜੇ...?

–ਸੋਚਦਾ ਹਾਂ ਇਸ ਨੂੰ ਐਡਜਸਟ ਕਰਾ ਦਿਆਂ। ਘਰ ਦੀ ਹਾਲਤ ਇਹ ਨਹੀਂ ਲਗਦੀ ਕਿ ਬਹੁਤਾ ਚਿਰ ਤੂੰ ਇਸਨੂੰ ਕਾਲਜ ਵਿੱਚ ਪੜ੍ਹਾ ਸਕੇਂਗਾ। ਹਿੰਮਤੀ ਹੋਇਆ ਤਾਂ ਪੜ੍ਹਾਈ ਵੀ ਜਾਰੀ ਰੱਖ ਸਕੇਗਾ।

–ਕਿਤੇ ਬਣ ਜਾਊ ਹੀਲਾ ਨੌਕਰੀ ਦਾ...? ਜੱਸੀ ਦੀ ਆਵਾਜ਼ ਵਿਚ ਉਤਸੁਕਤਾ ਭਰ ਗਈ।

–ਦਫਤਰਾਂ ਵਿਚਲੀ ਨੌਕਰੀ ਨਾਲ ਕੀ ਬਣਦਾ? ਦਰਬਾਨੀ ਜਾਂ ਕਲਕਰੀ ਵਿਚ ਅੱਡੀਆਂ ਰਗੜਦਾ ਰਹੂ ਸਾਰੀ ਉਮਰ। ਸਭ ਨੇ ਬਥੇਰੇ ਧੱਕੇ ਖਾ ਲਏ ਨੇ...। ਚਾਹੁੰਨਾ, ਘਰ ਦਾ ਤੇ ਇਸਦਾ ਕੁਝ ਬਣ ਜਾਵੇ...।

–ਪਰ ਕਿਵੇਂ?

–ਸੋਚਦਾਂ ਆਪਣੇ ਕੰਮ 'ਤੇ ਭੇਜ ਦਿਆਂ...

–ਠੇਕੇਦਾਰੀ ਵਿੱਚ...।

–ਹਾਂ...

ਇਸ ਵਾਰ ਹਰਦੇਵ ਬੋਲਿਆ-ਪਰ ਅੰਕਲ ਮੈਂ ਕੰਮ ਕਰ ਵੀ ਸਕੂੰ ? ਮੈਨੂੰ ਤਾਂ ਇਕ ਦਮ ਤਜਰਬਾ...

ਉਸਨੇ ਗੱਲ ਵਿਚ ਹੀ ਟੋਕ ਦਿੱਤੀ-ਕੋਈ ਵੀ ਮਾਂ ਦੇ ਢਿੱਡ ਵਿੱਚੋਂ ਸਿਖ ਕੇ ਨਹੀਂ ਆਉਂਦਾ ਹੁੰਦਾ ਦੇਵ...। ਕੰਮ ਵਿੱਚ ਪੈ ਕੇ ਹੀ ਪਤਾ ਚੱਲਦਾ ਹੈ। ਕੁਝ ਕੁ ਗੱਲਾਂ ਵਿਚਾਰਨ ਵਾਲੀਆਂ ਨੇ...।

–ਉਹ ਕਿਹੜੀਆਂ...?

ਜੱਸੀ ਕਾਹਲੀ ਨਾਲ ਪੁੱਛ ਗਿਆ? ਜਨਮੇਜੇ ਨੇ ਸਭ ਦੇ ਚਿਹਰਿਆਂ ਵੱਲ ਵੇਖਿਆ। ਆਸ ਦੇ ਫੁੱਲ ਕਿਵੇਂ ਖਿੜ ਉੱਠੇ ਨੇ ਸਭ ਦੀਆਂ ਨਜ਼ਰਾਂ ਵਿੱਚ...? ਉਪਰੋਂ ਗੰਭੀਰ ਬਣਿਆ ਰਹਿ ਉਹ ਅੰਦਰੋਂ ਮੁਸਕਰਾਉਂਦਾ

ਹੈ।

–ਪਹਿਲੀ ਗੱਲ, ਕੰਮ ਬਹੁਤ ਧਿਆਨ ਅਤੇ ਜ਼ਿੰਮੇਵਾਰੀ ਦਾ ਹੈ। ਨੱਠ ਭੱਜ ਵੀ ਬਹੁਤ ਹੈ। ਕਰ ਸਕੇਂਗਾ?

–ਕੰਮ ਦੀ ਪਰਵਾਹ ਨਾ ਕਰੋ ਅੰਕਲ, ਬਸ ਗਾਈਡ ਕਰਦੇ ਰਹਿਣਾ...।

–ਉਹ ਤਾਂ ਮੈਂ ਹਾਂ ਹੀ। ਕੁਝ ਪਲ ਰੁਕ ਕੇ ਕਿਹਾ–ਕੰਮ ਵਿਚ ਇਮਾਨਦਾਰੀ ਦੀ ਬਹੁਤ ਲੋੜ ਹੈ ਕਿਉਂਕਿ ਹਜ਼ਾਰਾਂ ਰੁਪਏ ਦਾ ਭਰੋਸਾ ਕਰਨਾ ਪੈਂਦਾ ਹੈ। ਪਰ ਇਸ ਲਈ ਕੋਈ ਹਿਦਾਇਤ ਮੈਂ ਤੈਨੂੰ ਨਹੀਂ ਕਰਨੀ ਕਿਉਂਕਿ ਤੂੰ ਜੱਸੀ ਦਾ ਬੇਟਾ ਹੈਂ ਅਤੇ ਜੱਸੀ ਦਾ ਬੇਟਾ ਬੇਈਮਾਨ ਨਹੀਂ ਹੋ ਸਕਦਾ।

–ਕਦੀਂ ਇੰਝ ਹੋਇਆ ਜਮਨੇਜੇ ਤਾਂ ਮੈਂ ਸਮਝਾਂਗਾ ਇਹ ਮੇਰੀ ਹਾਰ ਹੈ ਅਤੇ ਸਜਾ ਤੂੰ ਨਹੀਂ ਮੈਂ ਦਿਆਂਗਾ।

–ਇਸ ਗੱਲ ਦਾ ਵਿਸ਼ਵਾਸ ਹੈ ਮੈਨੂੰ। ਇਕ ਹੋਰ ਜੋ ਸੋਚਣ ਵਾਲੀ ਹੈ ਉਹ ਇਹ ਕਿ ਦੇਵ ਕੋਲੋਂ ਪਿੰਡ ਨਹੀਂ ਆ ਹੋਇਆ ਕਰਨਾ। ਮਹੀਨੇ ਵਿਚ ਮਸੀਂ ਇੱਕ ਅੱਧ ਦਿਨ ਹੀ ਆ ਸਕਿਆ ਕਰੇਗਾ। ਠੇਕੇਦਾਰੀ ਦਾ ਕੰਮ ਹੈ ਹੀ ਏਡੀ ਜ਼ਿੰਮੇਵਾਰੀ ਦਾ। ਇਸ ਗਲ ਬਾਰੇ ਵਿਚਾਰ ਲਓ, ਕਿਉਂਕਿ ਇਹ ਗੱਲ ਹੈ ਬਹੁਤ ਜ਼ਰੂਰੀ...।

ਕੁਝ ਪਲ ਲਈ ਸਾਰੇ ਚੁੱਪ ਹੋ ਗਏ...। ਉਹ ਵੀ ਚੁੱਪ ਹੋ ਗਿਆ। ਦੇਵ ਦੇ ਘਰ ਨਾ ਆ ਸਕਣ ਦੀ ਮਜਬੂਰੀ ਉੱਡੀ ਵੱਡੀ ਨਹੀਂ ਸੀ ਜਿੱਡੀ ਵੱਡੀ ਬਣਾ ਕੇ ਉਸਨੇ ਪੇਸ਼ ਕੀਤੀ ਹੈ। ਪੰਜਵੇਂ ਸੱਤਵੇਂ ਦਿਨ ਘਰ ਆਇਆ ਵੀ ਜਾ ਸਕਦਾ ਹੈ ਪਰ ਉਹ ਇਹ ਨਹੀਂ ਚਾਹੁੰਦਾ। ਉਹ ਚਾਹੁੰਦਾ ਹੈ ਦੇਵ ਨੂੰ ਘਰ ਤੋਂ ਦੂਰ ਹੀ ਰਖਿਆ ਜਾਵੇ। ਕਾਲਜੀਏਟ ਮੁੰਡਾ ਹੈ। ਕਦੀ ਵੀ ਖਤਰਨਾਕ ਸਿੱਧ ਹੋ ਸਕਦਾ ਹੈ। ਕੰਮ ਦੇਣ ਦਾ ਅਹਿਸਾਸ ਕਰਕੇ ਉਹ ਦੇ ਖੰਭ ਹੀ ਕੱਟ ਦੇਣਾ ਚਾਹੁੰਦਾ ਹੈ।

–ਮੱਝਾਂ ਆਦਿ ਦੀ ਔਖੀ ਹੋ ਜਾਊ।

ਦੇਵ ਦੀ ਗੱਲ ਭਾਬੀ ਨੇ ਵਿਚ ਹੀ ਕੱਟ ਦਿੱਤੀ–ਮੱਝਾਂ ਮੈਂ ਆਪੇ ਸਾਂਭ ਲਊਂ। ਥੋੜ੍ਹੀ ਹੋਰ ਔਖੀ ਹੌਲੂੰ ਜਾਣੀਦੀ। ਮੈਂ ਤਾਂ ਤੇਰੀ ਸੋਚ ਰਹੀ ਸੀ। ਤੂੰ ਕਦੇ ਘਰੋਂ ਬਾਹਰ ਰਿਹਾ ਨਹੀਂ। ਰਹਿਣ, ਸਹਿਣ, ਖਾਣ–ਪੀਣ ਦਾ ਫਿਕਰ...।

ਉਹ ਸਮਝਦਾ ਹੈ ਕਿ ਮਾਂ ਦੀ ਮਮਤਾ ਲਈ ਇਹ ਫਿਕਰ ਸੁਭਾਵਕ ਹੈ।

–ਉਹ ਤੂੰ ਫਿਕਰ ਨਾ ਕਰ ਭਾਬੋ। ਇਸ ਸਭ ਕਾਸੇ ਦਾ ਖਿਆਲ ਰਖਣਾ ਮੇਰਾ ਕੰਮ ਹੈ। ਆਖਰ ਇਹ ਮੇਰਾ ਵੀ ਤਾਂ ਕੁਝ ਲਗਦਾ ਹੈ।

–ਵੀਰਾ ਹੁਣ ਨਿਆਣਾ ਤਾਂ ਨਹੀਂ ਬੀਬੀ। ਆਪੇ ਰਹਿ ਲਊ। ਮੱਝਾਂ ਦਾ ਕੰਮ ਅਸੀਂ ਕਰਾਂ ਦਿਆਂ ਕਰਾਂਗੀਆਂ। ਤਿੰਨ ਜਾਣੀਆਂ ਤਾਂ ਫਿਰਦੀਆਂ ਹਾਂ। ਦੀਪਾਂ ਨੇ ਕਿਹਾ।

ਸਮੱਸਿਆ ਜਿਵੇਂ ਹੱਲ ਹੋ ਗਈ।

–ਹਾਂ ਮੈਂ ਜਾਵਾਂਗਾ ਅੰਕਲ...

–ਇਕ ਗੱਲ ਹੋਰ ਦੱਸ ਦਿਆਂ। ਇਹ ਜ਼ਰੂਰੀ ਤਾਂ ਨਹੀਂ ਸੀ ਪਰ ਤੁਹਾਡੀ ਤਸੱਲੀ ਲਈ ਦੱਸ ਰਿਹਾਂ। ਤਨਖਾਹ ਆਦਿ ਦੇਵ ਦੇ ਕੰਮ ਦੀ ਤਸੱਲੀ ਮੁਤਾਬਕ ਹੋਵੇਗੀ। ਰੋਟੀ ਪਾਣੀ ਰਹਾਇਸ਼ ਦਾ ਖਰਚਾ ਕੰਪਨੀ ਸਿਰ ਉਸਤੋਂ ਬਿਨਾਂ ਫਿਲਹਾਲ ਹਜਾਰ ਕੁ ਦੇ ਦਿਆ ਕਰਾਂਗਾ।

ਉਸਨੇ ਵੇਖਿਆ ਹਜਾਰ ਦਾ ਨਾਂ ਸੁਣ ਕੇ ਸਭ ਦਿਆਂ ਚਿਹਰਿਆਂ ਉੱਤੇ ਖੁਸ਼ੀ ਝਲਕ ਆਈ ਹੈ। ਹੈਰਾਨੀ ਭਰੀ ਖੁਸ਼ੀ ਬੱਸ ਜੱਸੀ ਦਾ ਚਿਹਰਾ ਗੰਭੀਰ ਹੈ। ਜਮਨੇਜੇ ਨੇ ਆਪਣੇ ਵਲੋਂ ਸਪਸ਼ਟੀਕਰਣ ਦੇਣਾ ਚਾਹਿਆ। ਕਿਤੇ ਜੱਸੀ ਉਸਦੀ ਨੀਤ ਤਾੜ ਨਾ ਗਿਆ ਹੋਵੇ।

–ਤਨਖਾਹ ਜਿਆਦਾ ਲੱਗੀ ਹੋਣੀ ਹੈ ਸਭ ਨੂੰ ਪਰ ਇਹ ਜਿਆਦਾ ਨਹੀਂ ਹੈ। ਕੰਮ ਉੱਤੇ ਜਾ ਕੇ ਦੇਵ ਖੁਦ ਇਹੀ ਮਹਿਸੂਸ ਕਰੇਗਾ। ਇਹ ਕੋਈ ਦਫਤਰਾਂ ਵਾਂਗ ਅੱਠ ਘੰਟੇ ਦੀ ਡਿਊਟੀ ਨਹੀਂ ਹੈ ਸਗੋਂ ਚੌਵੀ ਘੰਟੇ ਦੀ ਜ਼ਿੰਮੇਵਾਰੀ ਹੈ।



ਪਰ ਜੱਸੀ ਦੇ ਚਿਹਰੇ ਦੀ ਗੰਭੀਰਤਾ ਨਹੀਂ ਟੁੱਟੀ।

–ਇੱਕ ਗੱਲ ਦਸੇਂਗਾ ਜਮਨੇਜਾ..., ਇਮਾਨਦਾਰੀ ਨਾਲ...?

–ਪੁੱਛ ਜੱਸੀ...?

–ਤੂੰ ਇਹ ਅਹਿਸਾਨ ਸਾਡੇ ਉਪਰ ਕਿਉਂ ਕਰ ਰਿਹਾ ਹੈਂ?

ਉਹ ਅਚਕਚਾ ਗਿਆ। ਕੁਝ ਪਲ ਉੱਤਰ ਨਹੀਂ ਬਣ ਸਕਿਆ। ਕਿਤੇ ਜੱਸੀ ਉਸਦੀ ਨੀਅਤ ਹੀ ਤਾਂ ਨਹੀਂ ਤਾੜ ਗਿਆ? ਅਜੇ ਤਾਂ ਉਸਨੇ ਚੋਗੇ ਦੇ ਚਾਰ ਦਾਣੇ ਵੀ ਨਹੀਂ ਸੁੱਟੇ... ਜੱਸੀ ਕਵੀ ਹੈ... ਤੇ ਕਵੀ ਅੱਖ ਅਗਲੇ ਦੇ ਅੰਦਰ ਬੈਠੇ ਗੰਦ ਨੂੰ ਵੀ ਤਾਂ ਤਾੜ ਸਕਦੀ ਹੈ।

–ਮਤਲਬ ਕੀ ਹੈ ਤੇਰਾ ਜੱਸੀ?

–ਮੈਂ ਸਾਫ ਸ਼ਬਦਾਂ ਵਿਚ ਜਾਨਣਾ ਚਾਹੁੰਦਾ ਹਾਂ ਤੂੰ ਸਾਡੇ ਉੱਪਰ ਇਹ ਅਹਿਸਾਨ ਕਿਉਂ ਕਰ ਰਿਹਾ ਹੈਂ?

–ਮੈਨੂੰ ਤਾਂ ਇਸ ਵਿੱਚ ਅਹਿਸਾਨ ਵਾਲੀ ਕੋਈ ਗੱਲ ਲੱਗੀ ਨਹੀਂ। ਆਖਰ ਘਰ ਦੀ ਹਾਲਤ...

–ਇਹੀ ਤਾਂ ਮੈਂ ਜਾਨਣਾ ਚਾਹੁੰਦਾ ਹਾਂ। ਜੱਸੀ ਨੇ ਗੱਲ ਕੱਟਦਿਆਂ ਕਿਹਾ–ਕਿਤੇ ਸਾਡੇ ਘਰ ਦੀ ਮੰਦੀ ਹਾਲਤ ਵੇਖ ਕੇ ਸਾਡੇ ਤੇ ਤਰਸ ਤਾਂ ਨਹੀਂ ਕਰ ਰਿਹਾ। ਮੇਰੀ ਅਪਾਹਜ਼ਾਂ ਜਿਹੀ ਹਾਲਤ ਵੇਖ ਸਾਨੂੰ ਭੀਖ ਤਾਂ ਨਹੀਂ ਦੇ ਰਿਹਾ?

ਜਮਨੇਜੇ ਨੇ ਸੁਖ ਦਾ ਸਾਹ ਲਿਆ। ਗੱਲ ਉਹ ਨਹੀਂ ਹੈ ਜਿਸ ਕੋਲੋਂ ਉਹ ਡਰ ਗਿਆ ਸੀ।

–ਜੇ ਇਹ ਠੀਕ ਹੈ ਜਮਨੇਜੇ, ਜਿਵੇਂ ਮੈਂ ਸੋਚਿਆ ਹੈ, ਤਾਂ ਮੇਰੀ ਮਿੰਨਤ ਹੈ ਕਿ ਸਾਡੀ ਹਉਮੈਂ ਨੂੰ ਇਸ ਤਰ੍ਹਾਂ ਠੇਸ ਨਾ ਮਾਰ। ਇਸ ਤਰ੍ਹਾਂ ਹੀਣੇ ਨਾ ਕਰ ਸਾਨੂੰ।

ਉਸਨੇ ਵੀ ਚਿਹਰੇ ਉਪਰ ਗੰਭੀਰਤਾ ਦਾ ਨਕਾਬ ਚੜ੍ਹਾ ਲਿਆ।

–ਮੈਨੂੰ ਨਹੀਂ ਸੀ ਪਤਾ ਜੱਸੀ ਤੂੰ ਏਨਾ ਗਲਤ ਸੋਚ ਲਵੇਂਗਾ? ਮੈਂ ਦੇਵ ਨੂੰ ਨੌਕਰੀ ਦੀ ਆਫਰ ਇਸ ਲਈ ਦਿੱਤੀ ਹੈ ਕਿਉਂਕਿ ਮੈਨੂੰ ਇਕ ਮਿਹਨਤੀ ਬੰਦੇ ਦੀ ਸਖਤ ਲੋੜ ਹੈ।

–ਤੈਨੂੰ ਲੋੜ ਹੈ?

–ਹਾਂ ਸਚਮੁੱਚ ਬਹੁਤ ਲੋੜ ਹੈ ਜੱਸੀ। ਤੂੰ ਵੇਖ ਕੇ ਤਾਂ ਆਇਆ ਹੈਂ ਮੇਰੇ ਪਾਰਟਨਰ ਦਾ ਕਿੰਨੀ ਬੁਰੀ ਤਰ੍ਹਾਂ ਐਕਸੀਡੈਂਟ ਹੋਇਆ ਹੈ। ਡਾਕਟਰਾਂ ਦਾ ਖਿਆਲ ਹੈ ਉਹ ਘੱਟੋ ਘੱਟ ਅਜੇ ਸਾਲ ਭਰ ਕੰਮ ਸੰਭਾਲਣ ਯੋਗ ਨਹੀਂ ਹੋ ਸਕੇਗਾ। ਲੁਧਿਆਣੇ ਦਾ ਕੰਮ ਮੈਂ ਖੁਦ ਸੰਭਾਲਦਾ ਹਾਂ। ਇਕ ਹੋਰ ਇਮਾਨਦਾਰ ਮੁੰਡਾ ਵੀ ਹੈ ਸਹਾਇਤਾ ਲਈ। ਲੁਧਿਆਣੇ ਤੋਂ ਤੀਹ ਪੈਂਤੀ ਮੀਲ ਉਤੇ ਇਕ ਫੋਕਲ ਪੁਐਂਟ ਉਤੇ ਸਤਾਈ ਬੈੱਡ ਦਾ ਹਸਤਪਾਲ ਅਤੇ ਡਾਕਟਰਾਂ ਦੇ ਰਿਹਾਇਸ਼ੀ ਮਕਾਨ ਅਸੀਂ ਬਣਾ ਰਹੇ ਹਾਂ। ਉੱਥੇ ਦਾ ਕੰਮ ਮੇਰਾ ਪਰਟਨਰ ਰਵਿੰਦਰ ਸਾਂਭਦਾ ਸੀ। ਉਸਦੇ ਐਕਸੀਡੈਂਟ ਨਾਲ ਉਸ ਕੰਮ ਦੀ ਸੰਭਾਲ ਦੀ ਸਮੱਸਿਆ ਖੜ੍ਹੀ ਹੋ ਗਈ ਹੈ। ਮੈਂ ਇਕੱਲਾ ਕਿੱਥੇ ਕਿੱਥੇ ਧਿਆਨ ਦੇ ਸਕਦਾ ਹਾਂ? ਤੂੰ ਦੇਵ ਨੂੰ ਨਹੀਂ ਭੇਜਣਾ ਚਾਹੁੰਦਾ ਬੇਸ਼ਕ ਨਾ ਭੇਜ ਪਰ ਇਸ ਤਰ੍ਹਾਂ ਦੀ ਗ਼ਲਤ ਗੱਲ ਨਾ ਕਹਿ। ਮੇਰੀ ਦੁਨੀਆਂ ਵਿਚ ਦੋਸਤੀ ਦੇ ਅਰਥ ਇਨੇ ਪੇਤਲੇ ਨਹੀਂ ਹਨ ਜੱਸੀ...।

ਆਖਰੀ ਸਤਰਾਂ ਕਹਿੰਦੇ, ਉਸਨੇ ਆਵਾਜ਼ ਕਾਫ਼ੀ ਪੰਘਰਾ ਲਈ ਹੈ। ਕੋਸ਼ਿਸ਼ ਨਾਲ ਅੱਖਾਂ ਵੀ ਸਿਲ੍ਹੀਆਂ ਕਰ ਲਈਆਂ ਨੇ...। ਉਸ ਵੇਖਿਆ ਜੱਸੀ ਦੇ ਚਿਹਰੇ ਉੱਤੇ ਪਛਤਾਵੇ ਦੇ ਭਾਵ ਉੱਭਰ ਆਏ ਨੇ।

–ਮੈਂ ਗਲਤ ਸਮਝ ਗਿਆ ਜਮਨੇਜੇ। ਬੁਰਾ ਨਾ ਮੰਨ...।

–ਜੇ ਮੈਨੂੰ ਲੋੜ ਨਾ ਵੀ ਹੁੰਦੀ ਤਾਂ ਵੀ ਲੋੜਵੰਦ ਮਿੱਤਰ ਦੀ ਮਦਦ ਕਰਨਾ ਗ਼ਲਤ ਕਿਵੇਂ ਹੋਇਆ? ਮੈਂ ਇਹ ਗੱਲ ਨਹੀਂ ਸਮਝ ਸਕਿਆ। ਸੱਚੀਂ ਕੋਈ ਕਿੰਨਾ ਵੀ ਕਿਸੇ ਦਾ ਬਨਣਾ ਚਾਹੇ ਅਗਲਾ...।

ਉਸਨੇ ਗੱਲ ਵਿਚ ਹੀ ਛੱਡ ਦਿੱਤੀ। ਭਾਵੇਂ ਪੂੰਝਣ ਯੋਗ ਹੰਝੂ ਅੱਖਾਂ ਵਿੱਚ ਨਹੀਂ ਸੀ ਆਏ ਪਰ ਰੁਮਾਲ ਅੱਖਾਂ ਉਪਰ ਫੇਰਦਾ ਹੋਇਆ ਉੱਠ ਕੇ ਗੁਸਲਖਾਨੇ ਵੱਲ ਚਲਾ ਗਿਆ...।

ਅੱਖਾਂ ਉਪਰ ਛਿੱਟੇ ਮਾਰਦਿਆਂ ਉਸਨੇ ਧਿਆਨ ਦਿੱਤਾ ਕਿ ਕਮਰੇ ਵਿਚ ਇੱਕ ਦਮ ਚੁੱਪ ਪਸਰੀ ਹੋਈ ਹੈ। ਕੋਈ ਵੀ ਆਪਸ ਵਿਚ ਗੱਲ ਨਹੀਂ ਕਰ ਰਿਹਾ। ਮੁਸਕਰਾਇਆ। ਬਾਹਰ ਨਿਕਲਣ ਸਮੇਂ ਉਸਨੇ ਫਿਰ ਚਿਹਰੇ ਉਪਰ ਗੰਭੀਰਤਾ ਚਿਪਕਾ ਲਈ। ਮੰਜੇ ਉੱਪਰ ਆ ਕੇ ਚੁੱਪਚਾਪ ਬੈਠ ਗਿਆ।

–ਹੁਣ ਗੁੱਸਾ ਥੁੱਕ ਵੀ ਦੇ ਵੇਹ। ਤਾਂ ਕੀ ਹੋ ਗਿਆ ਜੇ ਇਕ ਗੱਲ ਗਲਤ ਕਹਿ ਹੋ ਗਈ...। ਤੇਰਾ ਵੱਡਾ ਭਾਈ ਹੈ ਫਿਰ ਵੀ...।

ਉਸਨੇ ਭਾਬੀ ਵੱਲ ਵੇਖਿਆ, ਪਰ ਬੋਲਿਆ ਨਹੀਂ।

–ਤੂੰ ਤਾਂ ਸਿਆਣਾ ਹੈਂ... ਰੋਗੀ ਬੰਦੇ ਦਾ ਮਨ ਉਈਂ ਹੋਰੂੰ ਜਿਹਾ ਹੋਇਆ ਰਹਿੰਦਾ ਹੈ।

ਉਹ ਇੱਕ ਟੱਕ ਭਾਬੀ ਵੱਲ ਵੇਖਦਾ ਰਿਹਾ। ਦਰਅਸਲ ਇੱਕ ਥਾਂ ਨਿਗ੍ਹਾ ਟਿਕਾ ਕੇ ਉਹ ਅੱਖਾਂ ਵਿਚ ਹੰਝੂ ਲੈ ਆਉਣੇ ਚਾਹੁੰਦਾ ਹੈ। ਜਦੋਂ ਅੱਖਾਂ ਵਿਚ ਸਿੱਲ੍ਹ ਉੱਤਰ ਆਈ ਤਾਂ ਆਵਾਜ਼ ਵੀ ਭਾਵੁਕ ਬਣਾ ਲਈ।

–ਤੂੰ ਨਹੀਂ ਜਾਣਦੀ, ਭਾਬੋ, ਕਿਨੀ ਉਦਾਸ ਜ਼ਿੰਦਗੀ ਜੀ ਰਿਹਾਂ? ਮਾਂ ਪਿਓ ਕਦੋਂ ਦੇ ਛੱਡ ਗਏ। ਭੈਣ ਭਰਾ ਹੈ ਕੋਈ ਨਹੀਂ। ਪਤਨੀ ਨਾਲ ਪਹਿਲੇ ਦਿਨ ਤੋਂ ਹੀ ਨਹੀਂ ਬਣ ਸਕੀ। ਉਸ ਦੀਆਂ ਆਦਤਾਂ ਹੀ ਹੋਰ ਤਰ੍ਹਾਂ ਦੀਆਂ ਨੇ। ਇਕ ਬੱਚੀ ਹੈ ਸੁਨੀਤਾ ਦਸ ਬਾਰਾਂ ਸਾਲ ਦੀ। ਉਸਨੂੰ ਵੀ ਪਤਨੀ ਮੇਰੇ ਕੋਲੋਂ ਪਰ੍ਹਾਂ ਕਰੀ ਰਖਦੀ ਹੈ। ਬਾਲ ਮਨ ਵਿਚ ਪਤਾ ਨਹੀਂ ਕੀ ਕੀ ਕੁੜਤਣ ਭਰੀ ਜਾਂਦੀ ਹੈ। ਸਨਾਵਰ ਭੇਜ ਰੱਖੀ ਹੈ, ਤਾਂ ਜੋ ਛੇਤੀ ਕੀਤੇ ਮਿਲ ਵੀ ਨਾ ਸਕਾਂ। ਬਹੁਤ ਇਕੱਲਾ ਹਾਂ ਭਾਬੀ। ਤੁਸੀਂ ਲੋਕਾਂ ਵਿਚ ਆ ਕੇ ਲੱਗਿਆ ਜਿਵੇਂ ਆਪਣਿਆਂ ਵਿਚ ਆ ਗਿਆ ਹੋਵਾਂ। ਇਸ ਸਨੇਹ ਭਰੇ ਮਹੌਲ ਵਿਚ। ਪਰ ਨਹੀਂ ਸੀ ਪਤਾ ਆਪਣਾ ਸਮਝੇ ਤੇ ਹੀ ਅਗਲਾ ਤਾਂ ਅਪਣਾ ਨਹੀਂ ਬਣ ਜਾਂਦਾ।

ਉਸਨੇ ਚਾਰੇ ਪਾਸੇ ਵੇਖਿਆ। ਸਭ ਦੇ ਚਿਹਰਿਆਂ ਉੱਤੇ ਉਸਦਾ ਦਰਦ ਪੰਘਰਿਆ ਪਿਆ ਹੈ।

–ਮੈਨੂੰ ਨਹੀਂ ਸੀ ਪਤਾ ਜਮਨੇਜੇ ਤੇਰੀ ਘਰੇਗੀ ਜ਼ਿੰਦਗੀ ਏਨੀ ਕੋਲਡ ਹੈ? ਨਹੀਂ ਮੈਂ ਇਹ ਗੱਲ ਮੂੰਹੋਂ ਵੀ ਨਾ ਕੱਢਦਾ...।

–ਤੂੰ ਨਹੀਂ ਸਮਝ ਸਕੇਂਗਾ ਜੱਸੀ। ਮੇਰੇ ਅੰਦਰਲੇ ਖਿਲਾਅ ਨੂੰ ਤੂੰ ਮਹਿਸੂਸ ਨਹੀਂ ਕਰ ਸਕੇਂਗਾ। ਹਰ ਸਮੇਂ ਹਸਦੇ ਚਹਿਕਦੇ ਨੂੰ ਵੇਖ ਸਭ ਗਲਤ ਫਹਿਮੀ ਵਿਚ ਪੈ ਜਾਂਦੇ ਨੇ। ਨਹੀਂ ਜਾਣ ਸਕਦੇ ਆਪਣੇ ਅੰਦਰਲੇ ਖਿਲਾਅ ਨੂੰ ਭੁਲਾਅ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ ਹਰ ਸਮੇਂ ਤੂੰ ਸਮਝ ਵੀ ਕਿਵੇਂ ਸਕਦਾ ਹੈਂ? ਭਰਿਆ ਭਰਿਆ ਸੰਸਾਰ ਹੈ ਤੇਰਾ। ਪਤਨੀ ਤੇ ਬੱਚਿਆਂ ਦਾ ਰੱਜਵਾਂ ਪਿਆਰ ਮਿਲਿਆ ਹੈ...। ਤੈਨੂੰ ਕੀ ਪਤਾ ਅੰਦਰਲੇ ਖਿਲਾਅ ਨੂੰ ਝੱਲਣਾ ਕਿੰਨਾ ਕੁ ਔਖਾ ਹੁੰਦਾ ਹੈ? ਕਿੰਨਾ ਕੁ ਤਕਲੀਫ ਦੇਹ ਹੁੰਦਾ ਹੈ?

ਉਸਨੇ ਅੱਖਾਂ ਛਲਕਾ ਲਈਆਂ। ਇਸ ਵਾਰ ਹੰਝੂ ਰੁਮਾਲ ਨਾਲ ਪੂੰਝੇ ਨਹੀਂ। ਗੱਲ੍ਹਾਂ ਉੱਪਰ ਦੀ ਤਿਲਕ ਜਾਣ ਦਿੱਤੇ। ਉਡਵੀਂ ਨਜਰੇ ਦੀਪਾਂ ਵੱਲ ਵੇਖਿਆ। ਉਸਦਾ ਚਿਹਰਾ ਕਿੰਝ ਮੋਮ ਵਾਂਗ ਪੰਘਰਿਆ ਪਿਆ ਹੈ। ਆਪਣੀ ਆਦਾਕਾਰੀ ਉੱਤੇ ਉਹ ਖੁਸ਼ ਹੈ। ਹੁਣ ਕੋਈ ਵੀ ਮਨ ਉਸ ਪ੍ਰਤਿ ਹਮਦਰਦੀ ਨਾਲ ਭਰੇ ਬਿਨਾਂ ਨਹੀਂ ਰਹਿ ਸਕਦਾ। ਉਸਦੇ ਦਰਦ ਤੋਂ ਅਣਭਿਜ ਨਹੀਂ ਰਹਿ ਸਕਦਾ। ਉਸਨੇ ਮੈਦਾਨ ਤਿਆਰ ਕਰ ਲਿਆ ਹੈ।

–ਉਰ੍ਹਾਂ ਆਈਂ ਜਮਨੇਜੇ...।

ਉਸਨੇ ਤ੍ਰਭਕ ਕੇ ਜੱਸੀ ਵੱਲ ਵੇਖਿਆ...। ਜੱਸੀ ਦੀ ਆਵਾਜ਼ ਪੰਘਰੀ ਪਈ ਹੈ। ਉਹ ਅਹਿਲ ਬੈਠਾ ਵੇਖਦਾ ਰਿਹਾ।

–ਮੇਰੇ ਮੰਜੇ ਤੇ ਆ ਜਾਹ ਜਮਨੇਜੇ...। ਦੇਖ ਯਾਰ, ਮੈਂ ਅਪਾਹਜਾਂ ਵਾਂਗ ਹਾਂ। ਤੈਨੂੰ ਖਿੱਚ ਕੇ ਵੀ ਨਹੀਂ ਲਿਆ ਸਕਦਾ...।

ਉਹ ਜੱਸੀ ਦੇ ਮੰਜੇ ਉਪਰ ਚਲਾ ਗਿਆ।

–ਤੂੰ ਮੈਨੂੰ ਮੁਆਫ ਨਹੀਂ ਕਰੇਂਗਾ ਯਾਰ? ਇਕ ਗੱਲ ਦੀ ਏਡੀ ਸਜਾ ਦਏਂਗਾ? ਜੱਸੀ ਨੇ ਉਸਨੂੰ ਆਪਣੇ



ਨਾਲ ਘੁੱਟ ਲਿਆ।

ਉਹ ਬੋਲਿਆ ਨਹੀਂ। ਸਿਰ ਜੱਸੀ ਦੇ ਮੋਢੇ ਨਾਲ ਜੋੜ ਕੇ ਹੁਭਕੀਂ ਰੋ ਪਿਆ। ਹੰਝੂ ਭਾਵੇਂ ਟਾਵਾਂ ਟਿੱਲਾ ਹੀ ਬਾਕੀ ਹੈ ਪਰ ਅੱਖਾਂ ਕਿਹੜਾ ਕਿਸੇ ਨੂੰ ਵਿਖਾਈ ਦੇਂਦੀਆਂ ਨੇ। ਵਿਖਾਈ ਦਿੰਦੇ ਨੇ ਹਿਲਦੇ ਸਰੀਰ ਦੇ ਹਭਕੇ। ਜੱਸੀ ਤੇ ਅਸਰ ਕਰਨ ਲਈ ਹਭਕੇ ਕਾਫੀ ਨੇ।

ਜੱਸੀ ਨੇ ਪਰਨੇ ਦੇ ਲੜ ਨਾਲ ਉਸਦੀਆਂ ਅੱਖਾਂ ਪੂੰਝ ਦਿੱਤੀਆਂ। ਉਹ ਵੀ ਹੌਲੀ ਹੌਲੀ ਸਹਿਜ ਹੋ ਗਿਆ...। ਇਕ ਦਮ ਨਹੀਂ। ਹੌਲੀ ਹੌਲੀ। ਇਕ ਦਮ ਹੋਣ ਨਾਲ ਨਾਟਕ ਦੀ ਸੂਹ ਲਗਣ ਦਾ ਡਰ ਜੁ ਹੈ।

–ਸੌਂ ਜੀਏ ਹੁਣ? ਸਵੇਰੇ ਸਾਝਰੇ ਜਾਣਾ ਹੈ ਮੈਂ ਤਾਂ...। ਉਸਨੇ ਕਿਹਾ।

–ਦਿਲ ਵਿਚ ਨਰਾਜ਼ਗੀ ਤਾਂ ਨਹੀਂ ਕਿਤੇ?

–ਨਾ, ਕੋਈ ਨਰਾਜ਼ਗੀ ਨਹੀਂ। ਉਹ ਤਾਂ ਐਵੇਂ ਮਨ ਭਾਵਕ ਹੋ ਗਿਆ ਸੀ।

ਆਪਣੇ-ਆਪਣੇ ਮੰਜੇ ਮਲ ਲਏ। ਦੇਵ ਬਾਹਰਲੇ ਘਰ ਚਲਾ ਗਿਆ। ਡੰਗਰ ਆਦਿ ਖੁਲ੍ਹ ਜਾਣਦਾ ਡਰ ਹੈ। ਉਸਦੇ ਖੱਬੇ ਮੰਜੇ ਉਪਰ ਜੱਸੀ ਪਿਆ ਹੈ। ਸੱਜੇ ਹੱਥ ਦੇ ਮੰਜੇ ਉਪਰ ਦੀਪਾਂ ਤੇ ਨੀਲੂ। ਭਾਬੀ ਅਤੇ ਮੀਤਾਂ ਚੌਥੇ ਮੰਜੇ ਉੱਪਰ ਪਈਆਂ ਨੇ।

ਬੱਤੀ ਬੁਝਣ ਤੇ ਕਮਰੇ ਵਿਚ ਹਨੇਰਾ ਪਸਰ ਗਿਆ। ਨਾਲ ਹੀ ਪਸਰ ਗਿਆ ਚੁੱਪ ਦਾ ਮਹੌਲ। ਸਾਹਾਂ ਦੀ ਰਲਵੀਂ ਮਿਲਵੀਂ ਆਵਾਜ਼ ਆ ਰਹੀ ਹੈ। ਨਾਲ ਹੀ ਆ ਰਿਹਾ ਹੈ ਕਣੀਆਂ ਦਾ ਵਧਦਾ ਘਟਦਾ ਸ਼ੋਰ। ਮੋਘੇ ਦੇ ਟੀਨ ਉੱਪਰ ਪੈਣ ਵਾਲੀਆਂ ਕਣੀਆਂ ਦਾ ਖੜਾਕ ਉਭਰਵਾਂ ਹੈ।

ਕਿੰਨਾ ਹੀ ਚਿਰ ਪਿਆ ਉਹ ਸਾਹਾਂ ਅਤੇ ਕਣੀਆਂ ਦੀਆਂ ਆਵਾਜ਼ਾਂ ਨੂੰ ਸੁਣਦਾ ਰਿਹਾ। ਸੁਣਦਾ ਵੀ ਰਿਹਾ ਅਤੇ ਜੱਸੀ, ਭਾਬੋ ਦੇ ਸੌਂ ਜਾਣ ਨੂੰ ਉਡੀਕਦਾ ਵੀ ਰਿਹਾ। ਉਸਨੂੰ ਨੀਂਦ ਨਹੀਂ ਆ ਰਹੀ। ਅਜੇ ਉਹ ਸਾਉਣਾ ਚਾਹੁੰਦਾ ਵੀ ਨਹੀਂ। ਛੇਤੀ ਸੌਂ ਜਾਣ ਅਤੇ ਸਵੇਰੇ ਸਵਖਤੇ ਜਾਣ ਦੀ ਗੱਲ ਉਸਨੇ ਖਾਸ ਵਿਚਾਰ ਅਧੀਨ ਕਹੀ ਸੀ। ਆਪਣੇ ਨਾਲ ਦੇ ਮੰਜੇ ਉੱਪਰ ਦੀਪਾਂ ਨੂੰ ਵੇਖ ਉਸਨੇ ਅੰਦਾਜਾ ਲਗਾਇਆ ਸੀ ਕਿ ਉਹ ਉਸੇ ਮੰਜੇ ਉੱਪਰ ਪਵੇਗੀ। ਗੱਲਬਾਤ ਦੇ ਸਿਲਸਿਲੇ ਨੂੰ ਭਾਵੁਕਤਾ ਜਿਹੀ ਦੇ ਮਹੌਲ ਵਿਚ ਤੋੜ ਕੇ ਸੌਂ ਜਾਣ ਨੂੰ ਉਸਨੇ ਤਰਜੀਹ ਦਿੱਤੀ ਸੀ। ਉਸਨੇ ਸੋਚਿਆ ਸੀ ਕਿ ਉਹ ਦੀਪਾਂ ਨਾਲ ਥੋੜ੍ਹੀ ਜਿਹੀ ਖੁਲ੍ਹ ਰਾਤ ਦੇ ਹਨੇਰੇ ਵਿਚ ਹੋਰ ਲਵੇਗਾ। ਵਾਲਾਂ ਵਿਚ ਹੱਥ ਫੇਰਨ ਦੀ ਜਾਂ ਚਿਹਰੇ ਨੂੰ ਪੋਲੇ ਪੋਲੇ ਥਾਪੜਨ ਦੀ ਖੁਲ੍ਹ। ਭਾਵੁਕਤਾ ਵਿਚ ਪੰਘਰੀ ਉਹ ਸ਼ਾਇਦ ਵਿਰੋਧ ਨਾ ਹੀ ਕਰੇ। ਉਸਦੇ ਅੰਦਰਲੀ ਨੀਅਤ ਨੂੰ ਵੀ ਨਹੀਂ ਤਾੜ ਸਕੇਗੀ। ਇਹੀ ਅੰਦਾਜਾ ਲਗਾਏਗੀ ਕਿ ਮਨ ਦੇ ਦੁੱਖ ਕਾਰਣ ਉਹ ਉਸਨੂੰ ਸਨੇਹ ਕਰ ਰਿਹਾ ਹੈ। ਸੁੱਚਾ ਸੱਚਾ ਸਨੇਹ...।

ਉਹ ਸਾਹਾਂ ਨੂੰ ਪਛਾਣ ਕੇ ਫੜਨ ਦੀ ਕੋਸ਼ਿਸ਼ ਕਰਦਾ ਹੈ। ਦਬਵੇਂ ਉਭਰਵੇਂ ਸਾਹਾਂ ਦੀ ਲੈਅ ਵਿਚ ਉਲਝ ਜਾਂਦਾ ਹੈ। ਖੱਬੇ ਪਾਸੇ ਪਏ ਜੱਸੀ ਦੇ ਸਾਹ ਦੀ ਆਵਾਜ਼ ਪਛਾਨਣ ਵਿਚ ਕੋਈ ਔਖ ਨਹੀਂ ਹੁੰਦੀ। ਉਹ ਚਾਹੁੰਦਾ ਹੈ ਸੱਜੇ ਪਾਸੇ ਵੱਲੋਂ ਆਉਂਦੀਆਂ ਚਾਰ ਆਵਾਜ਼ਾਂ ਵਿਚੋਂ ਉਹ ਭਾਬੀ ਦੇ ਸਾਹਾਂ ਨੂੰ ਵੀ ਪਛਾਣ ਸਕੇ। ਦੋ ਬੰਦਿਆਂ ਦੇ ਸੌਂ ਜਾਣ ਦਾ ਉਸਨੂੰ ਇੰਤਜਾਰ ਹੈ।

ਸੁੱਤੇ ਪਏ ਬੰਦੇ ਦੇ ਸਾਹ ਗਹਿਰੇ ਹੋ ਜਾਂਦੇ ਨੇ। ਪਰ ਇਹ ਦੋਵੇਂ ਸਾਹ ਗਹਿਰੇ ਨਹੀਂ ਹੋ ਰਹੇ। ਕੁੜੀਆਂ ਦੇ ਸਾਹ ਛੇਤੀ ਹੀ ਗਹਿਰੇ ਹੋ ਗਏ। ਉਹ ਸੌਂ ਗਈਆਂ ਨੇ ਸ਼ਾਇਦ। ਪਰ ਇਨ੍ਹਾਂ ਦੋਹਾਂ ਦੇ ਸਾਹ...?

ਕਿਤੇ ਦੋਵੇਂ ਹੀ, ਉਸਦੀ ਨੀਂਦ ਨੂੰ ਹੀ ਤਾਂ ਨਹੀਂ ਉਡੀਕ ਰਹੇ? ਮੁਟਿਆਰ ਹੋ ਰਹੀਆਂ ਕੁੜੀਆਂ ਦਾ ਫਿਕਰ ਮਾਂ ਪਿਉ ਲਈ ਸੁਭਾਵਕ ਹੁੰਦਾ ਹੈ। ਦੀਪਾਂ ਉਸਦੇ ਕੋਲ ਪਈ ਹੈ ਮਸੀਂ ਦੋ ਗਿੱਠਾਂ ਦੀ ਵਿੱਥ ਉਤੇ। ਉਹ ਭਾਵੇਂ ਕਿੰਨਾ ਵੀ ਆਪਣਾ ਹੋਣ ਦਾ ਦਾਅਵਾ ਕਰੇ ਪਰ ਹੈ ਤਾਂ ਘਰੋਂ ਬਾਹਰਲਾ ਮਰਦ...। ਜੱਸੀ ਤੇ ਭਾਬੀ ਭਾਵੇਂ ਕਿੰਨਾ ਹੀ ਖੁਲ੍ਹ ਦਿਲੇ ਹੋਣ ਦਾ ਦਾਅਵਾ ਕਰਨ। ਦਿਮਾਗੀ ਤੌਰ ਉਤੇ ਕਿਨੇ ਵੀ ਅਗਾਂਹ ਕਿਉਂ ਨਾ ਵੱਧ ਜਾਣ..., ਪਰ ਸੰਸਕਾਰ? ਸੰਸਕਾਰਾਂ ਦਾ ਦਿਮਾਗ ਦੇ ਨਾਲ ਨਾਲ ਅਗੇ ਲੰਘ ਸਕਣਾ ਤਾਂ ਸੰਭਵ ਨਹੀਂ। ਉਹ ਜਾਣਦਾ ਹੈ ਕਿ ਪੇਂਡੂ ਸੰਸਕਾਰ ਉਸ ਥਾਂ ਉੱਤੇ ਖੜ੍ਹੇ ਨੇ ਜਿੱਥੇ ਧੀਆਂ ਨੂੰ ਮੁਟਿਆਰ ਹੁੰਦੀਆਂ ਵੇਖ ਮਾਵਾਂ

ਦੇ ਹੌਲ ਪੈਣ ਲੱਗ ਪੈਂਦੇ ਨੇ।

ਉਨ੍ਹਾਂ ਦੀ ਮੁਟਿਆਰ ਧੀ ਜਮਨੇਜੇ ਦੇ ਲਾਗੇ ਪਈ ਹੈ। ਇਸ ਚੜ੍ਹਦੀ ਉਮਰ ਵਿਚ ਕੁੜੀ ਦੇ ਫਿਸਲ ਜਾਣ ਦੀ ਸੰਭਾਵਨਾ ਤੋਂ ਵੀ ਉਹ ਅਣਜਾਣ ਤਾਂ ਨਹੀਂ ਹੋਣੇ।

ਤਾਂ ਫੇਰ...?

ਉਹ ਕੁਝ ਚਿਰ ਹੋਰ ਇੰਤਜ਼ਾਰ ਕਰਦਾ ਹੈ। ਛੱਤ ਉਪਰਲੀ ਆਵਾਜ਼ ਸ਼ਾਂਤ ਹੋ ਗਈ ਹੈ। ਮੀਂਹ ਹੱਟ ਗਿਆ ਹੈ। ਕਮਰੇ ਵਿੱਚ ਸਾਹਾਂ ਦੀਆਂ ਆਵਾਜ਼ਾਂ ਹੋਰ ਸਪਸ਼ਟ ਹੋ ਜਾਂਦੀਆਂ ਨੇ। ਦੋਵਾਂ ਦੇ ਸਾਹ ਗਹਿਰੇ ਕਿਉਂ ਨਹੀਂ ਹੋ ਰਹੇ?

ਉਹ ਆਪਣੇ ਸਾਹਾਂ ਨੂੰ ਹੌਲੀ ਹੌਲੀ ਡੂੰਘੇ ਕਰਨ ਲਗ ਪੈਂਦਾ ਹੈ। ਅਖੀਰ ਦਬਵੇਂ ਜਿਹੇ ਘੁਰਾੜਿਆਂ ਤੇ ਲੈ ਆਉਂਦਾ ਹੈ। ਦਸ ਪੰਦਰਾਂ ਮਿੰਟ ਕੋਸ਼ਿਸ਼ ਜਾਰੀ ਰਖਦਾ ਹੈ। ਹੌਲੀ ਹੌਲੀ ਜੱਸੀ ਅਤੇ ਭਾਬੀ ਦੇ ਸਾਹ ਵੀ ਡੂੰਘਾਈ ਵਿਚ ਜਾਣ ਲੱਗ ਪੈਂਦੇ ਨੇ। ਜੱਸੀ ਦੇ ਸਾਹ ਬਹੁਤ ਡੂੰਘਿਆਂ ਜਿਵੇਂ ਪਤਾਲ ਵਿਚ ਲਹਿੰਦੇ ਚਲੇ ਜਾਂਦੇ ਨੇ।

ਭਾਵ, ਉਹ ਵੀ ਉਸੇ ਦੀ ਨੀਂਦ ਨੂੰ ਉਡੀਕਦੇ ਰਹੇ ਨੇ।

ਜ਼ਰੂਰੀ ਤਾਂ ਨਹੀਂ ਉਨ੍ਹਾਂ ਨੂੰ ਉਸਦੀ ਨੀਅਤ ਉਤੇ ਸ਼ਕ ਹੋਵੇ। ਉਸਦੇ ਮਨ ਦੀ ਭਾਵੁਕ ਹਾਲਤ ਬਾਰੇ ਫਿਕਰਮੰਦ ਵੀ ਤਾਂ ਹੋ ਸਕਦੇ ਨੇ ਕਿ ਬੇਚਾਰਾ ਸੌਂ ਜਾਵੇ। ਆਖਰ ਉਨ੍ਹਾਂ ਨੇ ਉਸਦਾ ਦਿਲ ਦੁਖਾਇਆ ਹੈ। ਘੱਟੋ ਘੱਟ ਉਹ ਤਾਂ ਇਹੀ ਸਮਝਦੇ ਹੋਣੇ ਨੇ।

ਉਹ ਮਨ ਹੀ ਮਨ ਹਸਦਾ ਹੈ। ਨਾ ਤਾਂ ਉਹ ਆਪਣੀ ਪਤਨੀ ਤੋਂ ਇਸ ਤਰ੍ਹਾਂ ਉਪਰਾਮ ਹੀ ਹੈ ਅਤੇ ਨਾ ਹੀ ਪਤਨੀ ਨੇ ਕਦੀ ਉਸਦੇ ਅਤੇ ਬੱਚੀ ਦੇ ਵਿਚਕਾਰ ਦੀਵਾਰ ਬਨਣਾ ਚਾਹਿਆ ਹੈ।

ਉਹ ਦੀਪਾਂ ਦੇ ਸਾਹਾਂ ਦਾ ਅੰਦਾਜਾ ਲਗਾ ਕੇ ਹੱਥ ਉਸਦੇ ਵਾਲਾਂ ਵੱਲ ਵਧਾਉਂਦਾ ਹੈ ਇਕ ਪਲ ਲਈ ਤਾਂ ਉਸਨੂੰ ਸੋਚ ਫੁਰੀ ਕਿ ਉਹ ਇਕ ਦਮ ਪਾਸਾ ਪਲਟ ਕੇ ਹੱਥ ਕਾਹਲੀ ਨਾਲ ਦੀਪਾ ਦੀ ਹਿੱਕ ਜਾਂ ਚਿਹਰੇ ਉੱਤੇ ਰੱਖ ਦੇਵੇ। ਘੁਰਾੜੇ ਹੋਰ ਡੂੰਘੇ ਕਰ ਦੇਵੇ। ਜਿਵੇਂ ਸੌਂ ਰਹੇ ਦਾ ਅਚਾਨਕ ਪਾਸਾ ਪਰਤਣ ਨਾਲ ਹੱਥ ਅਚੇਤ ਹੀ ਉੱਥੇ ਜਾ ਪਿਆ ਹੁੰਦਾ ਹੈ।

ਅਗਲੇ ਹੀ ਪਲ ਉਸਨੇ ਇਹ ਖਿਆਲ ਬਦਲ ਦਿੱਤਾ। ਇੰਝ ਦੀਪਾਂ ਉਭੜਵਾਹੇ ਉੱਠ ਸਕਦੀ ਹੈ। 'ਕੌਣ ਆਂ... ਕੀ ਆ?' ਆਦਿ ਸ਼ਬਦ ਆਪ ਮੁਹਾਰੇ ਮੂੰਹ ਵਿਚੋਂ ਨਿਕਲ ਸਕਦੇ ਨੇ। ਵਾਲਾਂ ਨੂੰ ਛੋਂਹਦਾ ਉਸਦਾ ਹੱਥ ਅਚਾਨਕ ਰੁੱਕ ਗਿਆ। ਉਭੜਵਾਹੇ ਤਾਂ ਉਹ ਇਸ ਤਰ੍ਹਾਂ ਵੀ ਉੱਠ ਸਕਦੀ ਹੈ...। ਅਲ੍ਹੜ ਉਮਰ ਹੈ ਆਖਰ। ਇਸ ਉਮਰ ਵਿਚ ਨੀਂਦ ਵੀ ਕਿੰਨੀ ਡੂੰਘੀ ਆਉਂਦੀ ਹੈ। ਜੇ ਇਸ ਤਰ੍ਹਾਂ ਹੋ ਗਿਆ ਫਿਰ?

ਸਵਿਚ ਵੀ ਭਾਬੀ ਦੇ ਮੰਜੇ ਕੋਲ ਹੈ!

ਕੀ ਕਰੇ? ਹੱਥ ਹਟਾ ਲਵੇ? ਕਿਤੇ ਕਾਹਲੀ ਨਾਲ ਸਾਰਾ ਕੰਮ ਖਰਾਬ ਨਾ ਹੋ ਜਾਵੇ!

ਉਸਨੇ ਕੁਝ ਚਿਰ ਹੱਥ ਉੱਥੇ ਹੀ ਰੋਕੀ ਰੱਖਿਆ। ਜੱਸੀ ਤੇ ਭਾਬੀ ਘੂਕ ਸੌਂ ਰਹੇ ਨੇ। ਉਸਨੇ ਆਪਣੇ ਘੁਰਾੜੇ ਬੰਦ ਕਰਕੇ ਕੁਝ ਚਿਰ ਇੰਤਜ਼ਾਰ ਕੀਤਾ। ਦੋਵਾਂ ਦੀ ਨੀਂਦ ਵਿਚ ਕੋਈ ਵਿਘਨ ਨਾ ਪਿਆ।

ਜਿਗਰਾ ਕਰਕੇ ਉਸਨੇ ਹੱਥ ਦੀਪਾਂ ਦੇ ਮੱਥੇ ਲਾਗੇ ਵਾਲ਼ਾਂ ਕੋਲ ਟਿਕਾ ਦਿੱਤਾ।

ਦੀਪਾਂ ਦੀ ਨੀਂਦ ਨਹੀਂ ਟੁੱਟੀ?

ਉਸਨੇ ਪੋਲੇ ਪੋਲੇ ਉਂਗਲਾਂ ਵਾਲ਼ਾਂ ਵਿਚ ਉਲਝਾ ਦਿੱਤੀਆਂ।

ਦੀਪਾਂ ਦਾ ਸਾਹ ਅਚਾਨਕ ਗਹਿਰਾਈ ਵਿਚੋਂ ਉੱਭਰ ਕੇ ਉੱਪਰ ਤੈਰ ਆਇਆ। ਬੇਮਲੂਮ ਜਿਹਾ ਹਿੱਲੀ। ਉਸਦੇ ਹੱਥ ਉਪਰ ਦੀਪਾਂ ਦਾ ਹੱਥ ਆ ਟਿਕਿਆ। ਪਲ ਭਰ ਲਈ ਉਸਦੇ ਹੱਥ ਨੂੰ ਟੋਹਿਆ ਫਿਰ ਅਹਿੱਲ ਹੋ ਗਿਆ।

-ਦੀਪੇ...! ਉਹ ਹਵਾ ਸਮਾਨ ਫੁਸਫੁਸਾਇਆ-ਬੇਟੇ?



-ਹੂੰ ਆ... ਦੀਪਾ ਦੇ ਮੂੰਹੋਂ ਵੀ ਬੇ ਮੁਲਮ ਹੁੰਕਾਰ ਨਿਕਲੀ। ਉਹ ਮੰਜੇ ਉੱਪਰ ਹੀ ਥੋੜ੍ਹੀ ਜਿਹੀ ਉਸ ਵਲ ਨੂੰ ਸਰਕ ਗਈ। ਹੱਥ ਉਸਦੇ ਹੱਥ ਉਪਰੋਂ ਚੁੱਕ ਲਿਆ।

ਵਾਲਾਂ ਵਿੱਚ ਹੱਥ ਫੇਰਦਾ ਉਹ ਦੀਪਾਂ ਦੇ ਆਪਣੇ ਵਲ ਸਰਕਣ ਦੀ ਸੰਭਾਵਨਾ ਬਾਰੇ ਸੋਚਦਾ ਰਿਹਾ...। ਗਲਤ ਅਰਥ ਲਗਾ ਕੇ ਉਹ ਮਨ ਵਿੱਚ ਲੱਡੂ ਨਹੀਂ ਸੀ ਭੰਨਣੇ ਚਾਹੁੰਦਾ...। ਦੀਪਾਂ ਜ਼ਰੂਰ, ਕੋਲ ਪਈ ਨੀਲੂ ਦੇ ਜਾਗਣ ਦੇ ਡਰੋਂ ਉਸਦੇ ਸਰੀਰ ਤੋਂ ਕੁਝ ਦੂਰ ਸਰਕੀ ਹੋਏਗੀ। ਆਖਰ ਮਨ ਵਿਚ ਕਿੰਨਾ ਵੀ ਸਨੇਹ ਕਿਉਂ ਨਾ ਹੋਵੇ, ਘਰਦਿਆਂ ਦੇ ਜਾਗ ਪੈਣ ਉੱਤੇ ਗਲਤ ਸਮਝੇ ਜਾਣ ਦਾ ਅਹਿਸਾਸ ਤਾਂ ਦੀਪਾਂ ਨੂੰ ਹੋਵੇਗਾ ਹੀ।

ਵਾਲ਼ਾਂ ਵਿਚੋਂ ਹੱਥ ਸਰਕਾ ਉਹ ਦੀਪਾਂ ਦੇ ਚਿਹਰੇ ਉੱਪਰ ਫੇਰਨ ਲਗ ਪਿਆ। ਦਬਾਉ ਬਹੁਤਾ ਨਹੀਂ ਪਾਇਆ, ਪੋਲੇ ਪੋਲੇ। ਦਬਾਓ ਪਾਉਣ ਨਾਲ ਅੰਦਰਲੇ ਵਾਸਨਾ-ਭਾਵ ਦੇ ਫੜੇ ਜਾਣ ਦਾ ਡਰ ਹੈ। ਦੀਪਾਂ ਦੇ ਚਿਹਰੇ ਦਾ ਨਰੋਆਪਣ ਉਸਦੇ ਅੰਦਰ ਕੁਝ ਲਰਜਾ ਗਿਆ ਹੈ। ਉਸਨੇ ਮੁੱਠੀ ਵਿੱਚ ਪੋਲੇ ਜਿਹੇ ਦੀਪਾਂ ਦੀਆਂ ਗੱਲ੍ਹਾਂ ਦਾ ਮਾਸ ਭਰ ਲਿਆ। ਏਨਾ ਭਰਵਾਂ ਚਿਹਰਾ। ਉਸਨੇ ਉਂਗਲ ਦੀਪਾਂ ਦੇ ਬੁੱਲ੍ਹਾਂ ਤੇ ਫੇਰੀ... ਫੇਰਦਾ ਰਿਹਾ... ਫਿਰ ਬੁਲ੍ਹਾਂ ਦੇ ਵਿਚਕਾਰ ਕਰਕੇ ਉਂਗਲ ਦਾ ਦਬਾਉ ਵਧਾ ਦਿੱਤਾ।

-ਪੁੱਚ...।

ਦੀਪਾਂ ਨੇ ਹੌਲੇ ਜਿਹੇ ਉਂਗਲ ਉੱਤੇ ਚੁੰਮਣ ਦੇ ਦਿੱਤਾ। ਸਮਝਦਾ ਹੈ ਕਿ ਉਸ ਚੁੰਮਣ ਵਿਚ ਰੱਤੀ ਭਰ ਵੀ ਮੈਲ ਨਹੀਂ ਹੋਣੀ। ਪਰ ਉਸਦੇ ਅੰਦਰ ਗਰਮੀ ਫੈਲਣ ਲੱਗ ਪਈ। ਉਸਦਾ ਹੱਥ ਚਿਹਰੇ ਨੂੰ ਕੁਝ ਕੁ ਹੋਰ ਦਬਾਉ ਨਾਲ ਪਲੋਸਣ ਲਗ ਪਿਆ। ਭਰਵੇਂ ਮਾਸ ਦਾ ਅਹਿਸਾਸ ਉਸਦੇ ਅੰਦਰ ਗਰਮੀ ਵਧਾ ਰਿਹਾ ਹੈ।

ਉਸਦਾ ਜੀ ਕੀਤਾ ਉਹ ਦੀਪਾਂ ਦੇ ਬੁਲ੍ਹਾਂ ਵਲ ਝੁਕ ਜਾਵੇ ਪਰ ਉਸਦੇ ਅੰਦਰਲੇ ਮਨੁੱਖ ਨੇ ਉਸਨੂੰ ਸੁਚੇਤ ਕਰ ਦਿੱਤਾ। ਅੰਦਰਲੇ ਦੇ ਸੁਚੇਤ ਕਰਨ ਦੇ ਬਾਵਜੂਦ ਵੀ ਉਸਦਾ ਹੱਥ ਜਿਵੇਂ ਕਹਿਣਾ ਮੰਨਣ ਤੋਂ ਇਨਕਾਰੀ ਹੋਣ ਹੋਣ ਕਰਨ ਲਗ ਪਿਆ। ਕੀ ਪਤਾ ਉਹ ਗਲਤ ਹੀ ਸੋਚਦਾ ਹੋਵੇ। ਜ਼ਰੂਰੀ ਤਾਂ ਨਹੀਂ ਹਵਾ ਸਮਾਨ ਫੁਸਫੁਸਾਇਆ ਸ਼ਬਦ 'ਬੇਟੇ' ਉਸਨੇ ਸੁਣ ਲਿਆ ਹੋਵੇ। ਦੀਪਾਂ ਵੱਲੋਂ ਉਂਗਲ ਉਪਰ ਦਿੱਤਾ ਚੁੰਮਣ ਉਸ ਲਈ ਅੱਗੇ ਵਧਣ ਦਾ ਸੰਕੇਤ ਵੀ ਤਾਂ ਹੋ ਸਕਦਾ ਹੈ।

ਇਕ ਹੱਥ ਦੀਪਾਂ ਦੇ ਚਿਹਰੇ ਉੱਤੇ ਫਿਰ ਰਿਹਾ ਹੈ। ਉਸਨੂੰ ਮਹਿਸੂਸ ਹੋਇਆ ਜਿਵੇਂ ਉਸ ਹੱਥ ਵਿਚੋਂ ਹੀ ਇਕ ਹੋਰ ਹੱਥ ਨਿਕਲ ਦੇ ਗਲਾਮੇ ਵੱਲ ਵਧਣ ਲਈ ਵਾਰ-ਵਾਰ ਜ਼ੋਰ ਮਾਰ ਰਿਹਾ ਹੋਵੇ। ਉਸਦੇ ਆਪਣੇ ਅੰਦਰ ਫੈਲਦੀ ਉਤੇਜਨਾ ਜਿਵੇਂ ਉਸ ਦੂਸਰੇ ਹੱਥ ਨੂੰ ਉਤਸ਼ਾਹ ਦੇ ਰਹੀ ਹੋਵੇ। ਉਸਦਾ ਜੀ ਕੀਤਾ ਉਹ ਅੰਦਰਲੇ ਮਨੁੱਖ ਦੀ ਗੱਲ ਨੂੰ ਟਾਲ ਕੇ ਹੱਥ ਨੂੰ ਇਜਾਜ਼ਤ ਦੇ ਦੇਵੇ। ਦੀਪਾਂ ਦੇ ਅੰਗਾਂ ਦੇ ਨਰੋਏਪਣ ਦੀ ਕਲਪਣਾ ਨਾਲ ਹੀ ਉਸਦਾ ਅੰਦਰ ਲਰਜ ਗਿਆ ਹੈ। ਉਨ੍ਹਾਂ ਅੰਗਾਂ ਨੂੰ ਮਾਨਣ ਲਈ ਕਾਹਲਾ ਪੈ ਰਿਹਾ ਹੈ।

ਦੂਸਰਾ ਅਦਿੱਖ ਹੱਥ ਜਿਵੇਂ ਉਸਦੇ ਹੱਥ ਨੂੰ ਖਿਚ ਲੈ ਜਾਂਦਾ ਹੈ।

ਉਹ ਗੱਲ੍ਹਾਂ ਤੋਂ ਹੱਥ ਹੌਲੀ ਹੌਲੀ ਠੋਡੀ ਉੱਪਰ ਤੇ ਫਿਰ ਗਰਦਨ ਦੇ ਮਾਸ ਵੱਲ ਨੂੰ ਵਧਾ ਦੇਂਦਾ ਹੈ। ਉਸਦੇ ਹੱਥ ਨੂੰ ਰੁਕਣਾ ਪਿਆ ਕਿਉਂਕਿ ਦੀਪਾਂ ਦਾ ਹੱਥ ਉਸਦੇ ਹੱਥ ਉੱਪਰ ਟਿਕਿਆ ਹੈ। ਕੁਝ ਚਿਰ ਅਹਿਲ ਰਖ ਉਹ ਉਂਗਲਾਂ ਨੂੰ ਫਿਰ ਹਰਕਤ ਵਿੱਚ ਪਾਉਣ ਹੀ ਲੱਗਿਆ ਹੈ ਕਿ ਦੀਪਾਂ ਨੇ ਉਸਦਾ ਹੱਥ ਦੋਵੇਂ ਹੱਥਾਂ ਵਿਚ ਘੁੱਟ ਕੇ ਪਾਸਾ ਪਰਤ ਲਿਆ। ਆਪਣੀ ਗਲ੍ਹ ਉਸਦੇ ਹੱਥ ਉਪਰ ਟਿਕਾ ਦਿੱਤੀ। ਉਹ ਕੁਝ ਚਿਰ ਹੱਥ ਨੂੰ ਅਹਿਲ ਟਿਕਾਈ ਸੋਚਦਾ ਰਹਿੰਦਾ ਹੈ। ਹੱਥ ਖਿਚਣ ਲਗਦਾ ਹੈ ਤਾਂ ਦੀਪਾਂ ਛੱਡਦੀ ਨਹੀਂ। ਕੁਝ ਹੋਰ ਜੋਰ ਲਗਾਉਣ ਲਗਦਾ ਹੈ ਤਾਂ ਦੀਪਾਂ ਦੀ ਪਕੜ ਹੋਰ ਪੀਡੀ ਹੋ ਜਾਂਦੀ ਹੈ। ਉਹ ਹੱਥ ਨੂੰ ਚੁੰਮ ਲੈਂਦੀ ਹੈ, ਪਰ ਛੱਡਦੀ ਨਹੀਂ।

ਕੀ ਚਾਹੁੰਦੀ ਹੈ ਉਹ...?

ਸ਼ਾਇਦ ਉਸਨੂੰ ਅੱਗੇ ਵਧਣ ਤੋਂ ਰੋਕਣਾ ਚਾਹੁੰਦੀ ਹੈ ਅਤੇ ਉਸਦੇ ਨਰਾਜ਼ ਹੋਣ ਦੇ ਡਰੋਂ ਹੱਥ ਉਪਰ ਚੁੰਮਣ ਦੇਹ ਸਨੇਹ ਵੀ ਪ੍ਰਗਟਾ ਰਹੀ ਹੈ।

ਪਰ ਉਸ ਜਿਸਮ ਵਿਚ ਬਲਦੀ ਅੱਗ ਦਾ ਕੀ ਕਰੇ...?

ਉਹ ਹੱਥ ਛੁਡਾਉਣ ਦੀ ਫਿਰ ਕੋਸ਼ਿਸ਼ ਕਰਦਾ ਹੈ। ਦੀਪਾਂ ਹੋਰਾਂ ਵਾਲਾ ਮੰਜਾ ਜਰਕ ਕੇ ਆਵਾਜ਼ ਦੇ ਜਾਂਦਾ ਹੈ।

-ਓ... ਵਾਖਰੂ...। ਭਾਬੀ ਦੀ ਆਵਾਜ਼ ਆਈ। ਮੰਜਾ ਜੋਰ ਨਾਲ ਜਰਕਿਆ। ਸ਼ਾਇਦ ਪਾਸਾ ਪਲਟਿਆ ਹੈ। ਘੁਰਾੜੇ ਟੁੱਟ ਗਏ ਨੇ। ਦੀਪਾਂ ਨੇ ਇਕ ਦਮ ਉਸਦਾ ਹੱਥ ਛੱਡ ਦਿੱਤਾ। ਉਹ ਅੰਦਾਜਾ ਲਗਾਉਂਦਾ ਹੈ ਕਿ ਭਾਬੀ ਜਾਗ ਪਈ ਹੈ। ਹੁਣ ਦੀਪਾਂ ਵੱਲ ਹੱਥ ਵਧਾਉਣਾ ਗਲਤ ਹੋਏਗਾ।

ਪਰ ਉਸਦੇ ਅੰਦਰ ਬਲਦੀ ਅੱਗ?

ਉਹ ਉੱਠਿਆ ਅਤੇ ਬਾਥਰੂਮ ਵਲ ਵਧ ਗਿਆ। ਵਾਪਸ ਪਰਤਿਆ ਤਾਂ ਹੌਲਾ ਫੁੱਲ ਹੋ ਗਿਆ ਹੈ। ਸ਼ਰੀਰ ਵਿਚ ਕੋਈ ਤਣਾਓ ਨਹੀਂ ਰਿਹਾ। ਮੰਜੇ ਉਪਰ ਪੈਣ ਪਿਛੋਂ ਛੇਤੀ ਹੀ ਗੂੜੀ ਨੀਂਦ ਵਿਚ ਗੁਵਾਚ ਗਿਆ।

*****

ਸਵੇਰੇ ਉਹ ਸਵਖਤੇ ਹੀ ਉੱਠ ਖੜ੍ਹਿਆ। ਜੱਸੀ ਵੀ ਉਸਦੇ ਨਾਲ ਹੀ ਜਾਗ ਪਿਆ। ਭਾਬੀ ਤਾਂ ਸ਼ਾਇਦ ਉਨ੍ਹਾਂ ਤੋਂ ਕਿਤੇ ਪਹਿਲਾਂ ਦੀ ਜਾਗੀ ਹੋਈ ਹੈ। ਉੱਠਿਆ ਤਾਂ ਦੁਧ ਰਿੜਕ ਰਹੀ ਸੀ। ਸਗੋਂ ਮਧਾਣੀ ਦੀ ਆਵਾਜ਼ ਨੇ ਹੀ ਉਸਨੂੰ ਜਗਾਇਆ।

ਉਨ੍ਹਾਂ ਨੂੰ ਜਾਗਿਆਂ ਵੇਖ ਭਾਬੀ ਨੇ ਮਧਾਣੀ ਦਾ ਕੰਮ ਵਿੱਚੇ ਛੱਡ ਚਾਹ ਬਣਾ ਉਹਨਾਂ ਅੱਗੇ ਲਿਆ ਧਰੀ। ਦੀਪਾਂ ਵੀ ਜਾਗ ਪਈ। ਮੀਤਾਂ ਤੇ ਨੀਲੂ ਗੂੜ੍ਹੀ ਨੀਂਦ ਸੌਂ ਰਹੀਆਂ ਨੇ। ਉਹ ਉਹਨਾਂ ਦੇ ਵਰਤਾਓ ਵਿਚੋਂ ਕਿਸੇ ਕਿਸਮ ਦੇ ਸ਼ਕ ਦੀ ਬੂ ਸੁੰਘਣ ਦੀ ਕੋਸ਼ਿਸ਼ ਕਰਦਾ ਹੈ, ਪਰ ਐਸਾ ਕੋਈ ਸੂਤਰ ਉਸਦੇ ਹੱਥ ਨਹੀਂ ਆਉਂਦਾ। ਸਭ ਦਾ ਵਰਤਾਉ ਰਾਤ ਨਾਲੋਂ ਵੀ ਕੋਮਲ ਹੈ। ਸਗੋਂ ਉਸਨੂੰ ਖੁਸ਼ ਵੇਖ ਉਹ ਉਤਸ਼ਾਹ ਵਿੱਚ ਨੇ।

ਉਸਨੇ ਚੋਰ ਨਜਰੇ ਦੀਪਾਂ ਵਲ ਵੇਖਿਆ। ਉਹ ਜਿਵੇਂ ਨਜ਼ਰ ਮਿਲਾਣ ਤੋਂ ਜਕ ਰਹੀ ਹੈ। ਨਜ਼ਰ ਮਿਲਾਣ ਉਤੇ ਚਿਹਰੇ ਉਪਰ ਸੰਗ ਦਾ ਰੰਗ ਫੈਲ ਗਿਆ।

ਉਸਦੇ ਅੰਦਰ ਉਤਸਾਹ ਭਰ ਗਿਆ।

ਉਠਕੇ ਨਹਾਣ ਲਗਿਆ ਤਾਂ ਭਾਬੀ ਨੇ ਪੁੱਛ ਲਿਆ-ਏਨਾ ਸਾਝਰੇ...?

-ਜਾਣਾ ਹੈ ਭਾਬੀ।

-ਥੋੜ੍ਹਾ ਜਿਹਾ ਦਿਨ ਚੜ੍ਹੇ ਤੇ ਚਲਿਆ ਜਾਈਂ...।

-ਨਹੀਂ ਭਾਬੀ, ਮਰੀਜ ਦੀ ਖ਼ਬਰ ਵੀ ਲੈਣੀ ਹੈ। ਫਿਰ ਪਿੱਛੇ ਕੰਮ ਵੀ ਬਹੁਤ ਜ਼ਿਆਦਾ ਹੈ।

ਉਸਦੇ ਨਹਾਉਂਦੇ ਕਰਦੇ ਭਾਬੀ ਨੇ ਲੱਸੀ ਦਾ ਕੰਮ ਸਮੇਟ ਲਿਆ ਅਤੇ ਉਸਦੇ ਤਿਆਰ ਹੁੰਦੇ ਕਰਦੇ ਪਰੌਠੇ ਲਾਹ ਦਿੱਤੇ। ਦੀਪਾਂ ਨੇ ਉਸਦਾ ਨਾਈਟ ਸੂਟ ਤਹਿ ਕਰਕੇ ਬਰੀਫ ਕੇਸ ਵਿਚ ਸਜਾ ਦਿੱਤਾ।

ਭਾਬੀ ਨੇ ਉਸਦੇ ਸਾਮ੍ਹਣੇ ਥਾਲੀ ਲਿਆ ਧਰੀ। ਘਿਓ ਨਾਲ ਨੁੱਚੜਦੇ ਪਰੌਠੇ ਅਤੇ ਮੱਖਣ ਦੀ ਭਰੀ ਕੌਲੀ। ਮਿੱਠੀ-ਮਿੱਠੀ ਮਹਿਕ ਉਸਦੀਆਂ ਨ੍ਹਾਸਾਂ ਨੂੰ ਚੜ੍ਹੀ ਤਾਂ ਅੰਦਰ ਭੁੱਖ ਇਕ ਦਮ ਤੇਜ਼ ਹੋ ਗਈ।

-ਸੱਚ, ਤੇਰੀ ਛੁੱਟੀ ਦਾ ਕੀ ਹਿਸਾਬ ਕਿਤਾਬ ਹੈ ਜੱਸੀ? ਰੋਟੀ ਖਾਂਦੇ ਹੋਏ ਉਸਨੇ ਪੁੱਛਿਆ।

-ਅਰਨਡ ਲੀਵ ਤਾਂ ਕਦੋਂ ਦੀਆਂ ਖਤਮ ਹੋ ਗਈਆਂ ਨੇ। ਇੱਕ ਮਹੀਨੇ ਤੋਂ ਬਿਨਾ ਤਨਖਾਹ ਛੁੱਟੀ ਉਤੇ ਹਾਂ।

-ਫਿਰ ਖਰਚਾ ਕਿਵੇਂ ਚਲਦਾ ਹੈ?

-ਬੱਸ ਸਾਰਦੇ ਹਾਂ ਜਿਵੇਂ ਕਿਵੇਂ। ਤੇਰੀ ਭਾਬੀ ਨੇ ਦੋ ਢਾਈ ਕੀਲੇ ਵਟਾਈ ਉਤੇ ਲੈ ਕੇ ਧਾਨ ਲਗਾਏ ਨੇ। ਬੱਚੇ ਵੀ ਹਿੰਮਤ ਕਰਦੇ ਨੇ। ਕੁਝ ਦੁੱਧ ਦਾ ਆ ਜਾਂਦਾ ਹੈ।

ਉਸਨੇ ਭਾਬੀ ਵੱਲ ਵੇਖਿਆ-ਧੰਨ ਹੈਂ ਭਾਬੋ ਤੂੰ। ਉਸ ਵੱਲ ਪਲਟਿਆ-ਬੱਚੇ ਵੀ ਕਿੰਨਾ ਕੁ ਕਰਨਗੇ



ਆਖਰ? ਬਿਮਾਰੀਆਂ ਤਾਂ ਖੂਹ ਖਾਲੀ ਕਰ ਦੇਂਦੀਆਂ ਨੇ। ਹਰਦੇਵ ਬਾਰੇ ਸੋਚੀਂ ਠੰਢੇ ਦਿਮਾਗ ਨਾਲ।

-ਸੋਚਣਾ ਕੀ ਹੈ? ਲੈ ਜਾਹ ਸਗੋਂ। ਕੁਝ ਹੱਥ ਸੌਖਾ ਹੋਊ। ਲਗਦੈ ਮਨ ਵਿਚੋਂ ਹਰਖ ਗਿਆ ਨੀ ਅਜੇ...?

-ਹਰਖ ਦੀ ਗੱਲ ਨਹੀਂ...। ਤੁਹਾਡੇ ਭਲੇ ਦੀ ਹੀ ਸੋਚਦਾਂ। ਸਿਆਣਾ ਤੇ ਹਿੰਮਤੀ ਹੋਇਆਂ ਤਾਂ ਦੋ ਚਾਰ ਸਾਲ ਵਿਚ ਠੇਕੇਦਾਰੀ ਦੀਆਂ ਬਾਰੀਕੀਆਂ ਸਿੱਖ ਜਾਏਗਾ। ਪਿੱਛੋਂ ਇਸਨੂੰ ਆਜ਼ਾਦ ਰੂਪ ਵਿਚ ਕੰਮ ਲੈ ਦਊਂਗਾ। ਕਰਮਾਂ ਨੇ ਸਾਥ ਦਿੱਤਾ ਤਾਂ ਵੇਖੀਂ ਕਿੱਥੋਂ ਕਿੱਥੇ ਪਹੁੰਚ ਜਾਂਦਾ ਹੈ ਦਿਨਾਂ ਵਿਚ ਹੀ। ਸਭ ਧੋਣੇ ਧੋ ਦਊ ਅਗਲੇ ਪਿਛਲੇ। ਤਿਆਰੀ ਕਰ ਰੱਖੋ। ਦੋ ਚਾਰ ਦਿਨਾਂ ਵਿੱਚ ਹੀ ਲੈ ਜਾਵਾਂਗਾ।

ਉਸਨੇ ਵੇਖਿਆ ਆਜ਼ਾਦ ਠੇਕੇਦਾਰੀ ਦੇ ਸਬਜ ਬਾਗ਼ ਨੇ ਦੋਵਾਂ ਦੇ ਚਿਹਰਿਆਂ ਉਤੇ ਸਪਨੇ ਬਿਖੇਰ ਦਿੱਤੇ ਨੇ।

-ਤੇਰੇ ਸਹਾਰੇ ਨਾਲ ਹੀ ਹੋਣਾ ਹੈ ਸਭ ਕੁਝ।

ਤੁਰਨ ਲੱਗਿਆਂ ਉਹ ਰੁਕਿਆ। ਬਟੂਏ ਵਿੱਚੋਂ ਪੰਜ ਸੌ ਰੁਪਏ ਕੱਢ ਕੇ ਜੱਸੀ ਵੱਲ ਵਧਾ ਦਿੱਤੇ।

-ਇਹ ਕੀ...?

-ਰਾਤ ਵਰਗੀ ਕੋਈ ਪੁੱਠੀ ਗਲ ਨਾ ਕਰੀਂ। ਰਖ ਲੈ ਲੋੜ ਪਏਗੀ। ਹਉਮੈਂ ਨੂੰ ਸੱਟ ਵੱਜਦੀ ਦਿਖੀ ਤਾਂ ਦੇਵ ਦੀ ਤਨਖਾਹ ਵਿੱਚ ਐਡਜਸਟ ਕਰ ਲਵਾਂਗੇ। ਉਹ ਖਿੜਖਿੜਾ ਕੇ ਹੱਸ ਪਿਆ।

-ਹੁਣ ਉਸ ਗਲ ਨੂੰ ਜਾਣ ਵੀ ਦੇਹ। ਹੋਰ ਸ਼ਰਮਿੰਦਾ ਨਾ ਕਰ...।

-ਅੱਛਾ ਚਲਦਾਂ...! ਦੇਵ ਕਿੱਥੇ ਹੈ...?

ਇਸ ਤੋਂ ਪਹਿਲਾਂ ਕਿ ਕੋਈ ਬੋਲਦਾ ਦੇਵ ਆ ਗਿਆ।

-ਆ ਚਲ ਦੇਵ ਕਾਰ ਕਢਵਾ ਕੇ ਆ ਗਵਾਂਢੀਆਂ ਦੇ ਵਿਹੜੇ ਵਿੱਚੋਂ।

ਭਾਬੀ ਨੂੰ ਨਿਮਰ ਹੋ ਕੇ ਫਤਿਹ ਬੁਲਾਈ। ਜੱਸੀ ਨਾਲ ਤਪਾਕ ਨਾਲ ਹੱਥ ਮਿਲਾਇਆ ਫਿਰ ਦੀਪਾਂ ਦੀ ਗਲ੍ਹ ਪੋਲੇ ਜਿਹੇ ਥਾਪੜ ਦਿੱਤੀ।

-ਫੇਰ ਕਦੋਂ ਆਓਗੇ... ਅੰਕਲ ?

ਦੀਪਾਂ ਦੀ ਪੁੱਛ ਤੇ ਉਸਦੇ ਅੰਦਰ ਅਚਾਨਕ ਹੀ ਕੁਝ ਮਿੱਠਾ ਜਿਹਾ ਲਹਿਰਾ ਗਿਆ।

-ਵੇਖੋ...।

-ਬਈ ਛੇਤੀ ਗੇੜਾ ਮਾਰੀਂ ਜਮਨੇਜੇ। ਤੇਰੇ ਆਉਣ ਨਾਲ ਪਰਿਵਾਰ ਬਹੁਤ ਹੈਲਦੀ ਫੀਲ ਕਰ ਰਿਹਾ ਹੈ।

-ਆਊਂਗਾ...। ਦੋ ਚਾਰ ਦਿਨਾਂ ਵਿੱਚ ਹੀ...।

ਕਾਰ ਕੋਲ ਪਹੁਚਿਆ ਤਾਂ ਕਾਰ ਕੱਪੜਾ ਮਾਰ ਕੇ ਲਿਸ਼ਕਾਈ ਪਈ ਹੈ।

-ਕਣੀਆਂ ਨਾਲ ਮਿੱਟੀ ਦੇ ਛਿੱਟੇ ਜਿਹੇ ਬੁਰੇ ਲਗਦੇ ਸੀ ਅੰਕਲ...।

-ਨਾਈਸ ਬੁਆਏ...। ਤੂੰ ਜ਼ਰੂਰ ਕਾਮਯਾਬ ਹੋਏਂਗਾ। ਕਾਰ ਸਟਾਰਟ ਕਰ ਉਸਨੇ ਦੇਵ ਨੂੰ ਵੀ ਨਹਿਰ ਤੱਕ ਚੱਲਣ ਲਈ ਕਿਹਾ-ਆ ਉੱਥੋਂ ਮੁੜ ਆਈਂ।

ਸਾਈਫਨ ਕੋਲ ਕਾਰ ਰੋਕ ਉਸਨੇ ਤਿੰਨ ਸੌ ਰੁਪਏ ਦੇਵ ਦੇ ਹੱਥ ਉਤੇ ਰੱਖ ਦਿੱਤੇ-ਇਕ ਵਧੀਆ ਜਿਹਾ ਸੂਟ ਸਿਲਾ ਲੈ ਆਰਜੈਂਟ ਆਡਰ ਦੇ ਕੇ। ਕੰਮ ਉੱਤੇ ਜਦੋਂ ਵੀ ਅਫਸਰ ਇੰਸਪੈਕਸ਼ਨ ਤੇ ਆਵੇ ਤਾਂ ਬੜੇ ਸਮਾਰਟ ਢੰਗ ਨਾਲ ਮਿਲਣਾ ਹੁੰਦਾ ਹੈ।

ਕਾਰ ਅੱਖੋਂ ਉਹਲੇ ਹੋ ਗਈ। ਉੱਧਰ ਵੇਖਦੇ ਦੇਵ ਦੇ ਮੂੰਹੋਂ ਅਚੇਤ ਹੀ ਨਿਕਲ ਗਿਆ-ਬਈ ਕਮਾਲ ਦਾ ਬੰਦਾ ਹੈ।

ਘਰ ਭਾਬੀ ਜੱਸੀ ਨੂੰ ਕਹਿ ਰਹੀ ਹੈ।

-ਦਰਵੇਸ਼ ਬੰਦਾ ਹੈ ਬੇਚਾਰਾ...।

ਜੱਸੀ ਚਾਹ ਦਾ ਗਿਲਾਸ ਮੂੰਹ ਨੂੰ ਲਗਾ ਲੈਂਦਾ ਹੈ-ਦੇਵਤਾ ਹੈ, ਨਿਰਾ ਦੇਵਤਾ...

## ਤਿੰਨ

ਤਿੰਨ ਮਹੀਨੇ ਲੰਘ ਜਾਣ ਉੱਤੇ ਵੀ ਕੋਈ ਠੋਸ ਨਤੀਜਾ ਨਾ ਨਿੱਕਲਿਆ। ਜਿੰਨੀ ਉਸਨੂੰ ਆਸ ਸੀ ਉਨੀ ਸਫਲਤਾ ਨਹੀਂ ਮਿਲੀ। ਇਕ ਲਛਮਣ ਰੇਖਾ ਜਿਵੇਂ ਦੀਪਾਂ ਨੇ ਖਿੱਚ ਦਿੱਤੀ। ਉਹ ਉਸਤੋਂ ਅੱਗੇ ਨਹੀਂ ਸੀ ਜਾ ਸਕਿਆ। ਕੋਸ਼ਿਸ਼ ਦੇ ਬਾਵਜੂਦ ਨਹੀਂ। ਇਕ ਹੱਦ ਤੋਂ ਅੱਗੇ ਦੀਪਾਂ ਨੇ ਉਸਨੂੰ ਜਾਣ ਨਹੀਂ ਸੀ ਦਿੱਤਾ। ਹਰਕਤ ਵਿਚ ਆਏ ਉਸਦੇ ਹੱਥਾਂ ਨੂੰ ਰੋਕ ਦੇਂਦੀ ਰਹੀ।

ਉਹ ਜਬਰੀ ਕਿਸੇ ਹਰਕਤ ਦੇ ਹੱਕ ਵਿਚ ਵੀ ਨਹੀਂ। ਸਭ ਕੁਝ ਸਹਿਜ ਭਾਵ ਨਾਲ ਜਿੱਤਣਾ ਹੈ। ਆਪਣੇ ਇਮੇਜ ਨੂੰ ਵੀ ਨਹੀਂ ਟੁੱਟਣ ਦੇਣਾ। ਆਪਣੇ ਦੇਵਤਾ ਸਰੂਪ ਹੋਣ ਦਾ ਇਮੇਜ ਹੀ ਤਾਂ ਹੈ, ਜਿੰਨਾ ਚਿਰ ਇਹ ਕਾਇਮ ਰਹੇਗਾ ਉੱਨਾ ਚਿਰ ਹੀ ਉਹ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖ ਸਕੇਗਾ।

ਇੱਕ ਤਸੱਲੀ ਉਸਨੂੰ ਹੈ ਕਿ ਦੀਪਾਂ ਦਾ ਵਰਤਾਓ ਦਿਨ-ਬ-ਦਿਨ ਉਸ ਪ੍ਰਤੀ ਅਪਣੱਤ ਭਰਿਆ ਹੁੰਦਾ ਜਾ ਰਿਹਾ ਹੈ। ਉਸਦਾ ਖਿਆਲ ਵੀ ਵੱਧ ਰੱਖਣ ਲੱਗ ਪਈ ਹੈ। ਉਸਦੇ ਪਿੰਡ ਆਉਣ ਉਤੇ ਚਾਹ ਪਾਣੀ ਦਾ ਖਾਸ ਖਿਆਲ ਰੱਖਣਾ, ਮੈਲੇ ਕਪੜੇ ਫਟਾਫਟ ਧੋ ਦੇਣੇ, ਲੋੜ ਪੈਣ ਉੱਤੇ ਸਵੇਰੇ ਤੁਰਨ ਤੋਂ ਪਹਿਲਾਂ ਕਪੜੇ ਪ੍ਰੈਸ ਕਰਕੇ ਰੱਖ ਦੇਣੇ।

ਦਿਨ ਵੇਲੇ ਦੀਪਾਂ ਨੇ ਕਦੀ ਵੀ ਉਸਦੀ ਰਾਤ ਦੀ ਕਿਸੇ ਹਰਕਤ ਬਾਰੇ ਗੱਲ ਨਹੀਂ ਤੋਰੀ। ਉਸਨੇ ਵੀ ਜ਼ਿਕਰ ਨਹੀਂ ਤੋਰਿਆ। ਜਿਵੇਂ ਡਰ ਰਿਹਾ ਹੋਵੇ ਕਿ ਜ਼ਿਕਰ ਤੁਰਿਆਂ ਅਰਥ ਦਾ ਅਨਰਥ ਨਾ ਹੋ ਜਾਵੇ। ਜਿਸ ਤਰ੍ਹਾਂ ਉਸਦੇ ਅੰਦਰ ਦੇ ਨੰਗਿਆਂ ਹੋਣ ਦਾ ਡਰ ਹੋਵੇ। ਦਿਨ ਸਮੇਂ ਇਕੱਲੇ ਗਲ ਕਰਨ ਦਾ ਮੌਕਾ ਵੀ ਤਾਂ ਬਹੁਤ ਘੱਟ ਮਿਲਦਾ ਹੈ।

ਰਾਤ ਦੇ ਹਨੇਰੇ ਵਿੱਚ ਵੀ ਕਹਾਣੀ ਵਾਲਾਂ ਵਿੱਚ ਉਂਗਲਾਂ ਉਲਝਾ ਲੈਣ, ਚਿਹਰੇ ਦੀ ਛੁਹ ਮਾਣ ਲੈਣ ਜਾਂ ਹੱਥ ਘੁੱਟਣ ਤੱਕ ਹੀ ਸੀਮਤ ਹੈ।

ਏਨੀ ਕੁ ਖੁਲ੍ਹ ਤੋਂ ਉਹ ਕਿਵੇਂ ਵੀ ਸੰਤੁਸ਼ਟ ਨਹੀਂ।

ਇਸ ਤਰ੍ਹਾਂ ਸੰਤੁਸ਼ਟ ਹੋ ਸਕਣਾ ਮਨੁੱਖੀ ਮਨ ਦਾ ਸੁਭਾਅ ਵੀ ਤਾਂ ਨਹੀਂ ਹੈ। ਕਿਸੇ ਚੀਜ ਨੂੰ ਪ੍ਰਾਪਤ ਕਰਨ ਦਾ ਮਨ ਕਰੇਗਾ, ਉਸਦੇ ਪ੍ਰਾਪਤ ਹੋਣ ਨੂੰ ਬਹੁਤ ਕੁਝ ਪ੍ਰਾਪਤ ਹੋ ਜਾਣਾ ਮਹਿਸੂਸ ਕਰੇਗਾ ਕਲਪਣਾ ਵਿਚ। ਪਰ ਜਦੋਂ ਉਹ ਪ੍ਰਾਪਤ ਹੋ ਜਾਵੇ...? ਤਾਂ ਭੁਖ ਹੋਰ ਅੱਗੇ ਵੱਧ ਜਾਂਦੀ ਹੈ। ਉਹ ਪ੍ਰਾਪਤੀ ਤੁੱਛ ਜਿਹੀ ਲੱਗਣ ਲਗ ਪੈਂਦੀ ਹੈ। ਇਸ਼ਕ ਦੇ ਮਾਮਲੇ ਵਿੱਚ, ਪਹਿਲੀ ਉਮਰੇ, ਜਦੋਂ ਕੋਮਲਤਾ ਕਾਇਮ ਹੁੰਦੀ ਹੈ, ਬੰਦਾ ਬਹੁਤਾ ਗਲਤ ਨਹੀਂ ਜਾਂਦਾ। ਕੁੜੀ ਦੇ ਜੀਵਨ ਨੂੰ ਕੰਡਿਆਂ ਤੇ ਘਸੀਟਣਾ ਨਹੀਂ ਚਾਹੁੰਦਾ। ਹਨੇਰੇ ਵਿੱਚ ਧੱਕਣੋਂ ਸੰਕੋਚ ਕਰਦਾ ਹੈ। ਉਮਰ ਦੇ ਵਧਣ ਨਾਲ ਅੰਦਰ ਦੀ ਕੋਮਲਤਾ ਘਟਦੀ ਚਲੀ ਜਾਂਦੀ ਹੈ। ਜਿਵੇਂ ਬੰਦਾ ਆਪਣੀ ਹਵਸ ਨੂੰ ਪਹਿਲ ਦੇਣ ਲੱਗ ਪੈਂਦਾ ਹੈ। ਕੁੜੀ ਦੀ ਹਨੇਰਿਆਂ ਵਿਚਲੀ ਭਟਕਣ ਦੀ ਪ੍ਰਵਾਹ ਨਹੀਂ ਕਰਦਾ ਅਤੇ ਫਿਰ ਜਮਨੇਜੇ ਜਿਹਾ ਇਨਸਾਨ? ਉਹ ਏਨੀ ਕੁ ਖੁਲ੍ਹ ਤੇ ਕਿਵੇਂ ਸੰਤੁਸ਼ਟ ਹੋ ਸਕਦਾ ਹੈ? ਉਸਨੇ ਤਾਂ ਨਿਸ਼ਾਨਾ ਬਹੁਤ ਦੂਰ ਤੱਕ ਮਿਥ ਰੱਖਿਆ ਹੈ।

ਕਿਸੇ ਵੀ ਕਿਸਮ ਦੀ ਕਾਹਲੀ ਨਾਲ ਉਹ ਬਹੁਤ ਕੁਝ ਨੂੰ ਤਹਿਸ ਨਹਿਸ ਨਹੀਂ ਹੋਣ ਦੇਣਾ ਚਾਹੁੰਦਾ...।

ਇਕ ਰਾਤ ਕੁਝ ਜਬਰਦਸਤੀ ਕਰਨੀ ਚਾਹੀ ਉਸਨੇ। ਦੀਪਾਂ ਦੇ ਹੱਥਾਂ ਵਿਚੋਂ ਹੱਥ ਛੁਡਾ ਕੇ ਫਿਰ ਗਲਤ ਹਰਕਤ ਕਰਨ ਲੱਗਿਆ ਤਾਂ ਦੀਪਾਂ ਨੇ ਚੁਪ ਸਖਤੀ ਨਾਲ ਹੱਥ ਰੋਕ ਦਿੱਤੇ।

ਸਵੇਰੇ ਮੌਕਾ ਮਿਲਣ ਤੇ ਕਹਿ ਵੀ ਦਿੱਤਾ।

-ਰਾਤ ਵਾਲੀ ਹਰਕਤ ਠੀਕ ਨਹੀਂ ਸੀ।

ਕੁਝ ਚਿਰ ਸੋਚ ਉਸਨੇ ਕਿਹਾ ਸੀ-ਮੈਂ ਤੈਨੂੰ ਚੰਗਾ ਨਹੀਂ ਲਗਦਾ ਦੀਪੇ...?



-ਮੈਂ ਇਹ ਤਾਂ ਨਹੀਂ ਕਿਹਾ...।

-ਕੀ ਕਰਾਂ ਤੇਰਾ ਬਹੁਤ ਮੋਹ ਆਈ ਜਾਂਦਾ ਹੈ...।

-ਇਹ ਸਭ ਤਾਂ ਮੈਂ ਸਮਝਦੀ ਹਾਂ...।

-ਫਿਰ...?

-ਮੈਨੂੰ ਜਬਰਦਸਤੀ ਚੰਗੀ ਨਹੀਂ ਲਗਦੀ।

ਉਹ ਸੰਭਲ ਗਿਆ। ਜਾਣ ਗਿਆ ਕਿ ਦੀਪਾਂ ਨੂੰ ਪ੍ਰਾਪਤ ਕਰਨਾ ਏਨਾ ਸੌਖਾ ਨਹੀਂ। ਇਕ ਸ਼ੰਕਾ ਵੀ ਉਪਜੀ, ਕਿਤੇ ਦੀਪਾਂ ਉਸ ਪ੍ਰਤੀ ਰੁਖੀ ਨਾ ਹੋ ਜਾਵੇ। ਪਰ ਅਜਿਹਾ ਕੁਝ ਨਹੀਂ ਵਾਪਰਿਆ। ਸਗੋਂ ਉਸਦੇ ਵਰਤਾਓ ਵਿਚਲੀ ਅਪਣਤ ਵਧਦੀ ਹੀ ਗਈ।

ਇੱਕ ਗੱਲ ਉਸਨੂੰ ਸਾਫ ਹੋ ਗਈ ਕਿ ਦੀਪਾਂ ਨੂੰ ਮਾਨਸਿਕ ਤੌਰ ਤੇ ਵਰਗਲਾਇਆਂ ਹੀ ਗੱਲ ਬਣ ਸਕੇਗੀ। ਕਿਸੇ-ਨ-ਕਿਸੇ ਢੰਗ ਨਾਲ ਉਸਦੇ ਸੁਪਨਿਆਂ ਦਾ ਹਾਣੀ ਬਨਣ ਲਈ ਕੁਝ ਕਰਨਾ ਪਏਗਾ। ਇਕ ਤੋਂ ਪਿੱਛੋਂ ਇੱਕ, ਕਈ ਤੋਹਫੇ ਉਹ ਦੀਪਾਂ ਨੂੰ ਲਿਆ ਕੇ ਦੇ ਚੁੱਕਿਆ ਹੈ। ਸਗੋਂ ਉਸਦੇ ਕਾਰਣ ਘਰ ਦੇ ਹੋਰ ਜੀਆਂ ਨੂੰ ਵੀ ਲਿਆ ਕੇ ਦੇਣੇ ਪਏ ਨੇ...।

ਪਰ ਦੀਪਾਂ ਵੱਲੋਂ ਖਿਚੀ ਲਛਮਣ ਰੇਖਾ ਨਹੀਂ ਟੁੱਟੀ।

ਉਹ ਬਰੀਕੀ ਨਾਲ ਸੋਚ ਗਿਆ। ਦੀਪਾਂ ਵਿਚਲੀ 'ਹੀਰੋਇਜ਼ਮ' ਦੀ ਭੁੱਖ ਦੇ ਮੇਚ ਆਉਣ ਯੋਗ ਕੁਝ ਕਰਨਾ ਪੈਣਾ ਹੈ। ਇਸਦੇ ਲਈ ਉਹ ਮੌਕੇ ਦੀ ਤਲਾਸ਼ ਵਿਚ ਰਹਿਣ ਲਗ ਪਿਆ।

ਉਸਦਾ ਜੱਸੀ ਕੋਲ ਪੰਜਵੇਂ ਸਤਵੇਂ ਦਿਨ ਆਉਣਾ ਪਿੰਡ ਦੇ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣਦਾ ਜਾਣ ਲਗ ਪਿਆ। ਇਸ ਗੱਲ ਦੀ ਸੰਭਾਵਨਾ ਤੋਂ ਤਾਂ ਉਹ ਪਹਿਲੇ ਦਿਨ ਤੋਂ ਹੀ ਜਾਣੂ ਹੈ। ਇਹ ਪੇਂਡੂ ਮਹੌਲ ਦੀ ਖਾਸੀਅਤ ਹੀ ਹੈ ਕਿ ਹਰ ਨਿੱਕੀ ਮੋਟੀ ਗੱਲ ਚਰਚਾ ਦਾ ਵਿਸ਼ਾ ਬਣ ਜਾਂਦੀ ਹੈ। ਉਸ ਬਾਰੇ ਚਰਚਾ ਦਾ ਆਰੰਭ ਕਦੋਂ ਕੁ ਤੋਂ ਹੋਇਆ ਉਹ ਠੀਕ ਤਰ੍ਹਾਂ ਨਹੀਂ ਜਾਣਦਾ। ਚਰਚਾ ਸੁਲ੍ਹਘ ਰਹੀ ਹੈ ਇਸ ਬਾਰੇ ਜਾਣਕਾਰੀ ਜ਼ਰੂਰ ਹੋ ਗਈ। ਪਿੰਡ ਦੇ ਟੋਭੇ ਨਾਗਲੇ ਬਰੋਟੇ ਦੇ ਥੜ੍ਹੇ ਉਪਰ ਬੈਠੇ ਮੁੰਡਿਆਂ ਦੀਆਂ ਦਬਵੀਆਂ ਅਵਾਜ਼ਾਂ ਉਸਦਾ ਪਿੱਛਾ ਕਰਨ ਲਗ ਪਈਆਂ।

ਪਹਿਲਾਂ ਸੁਰ ਮੱਧਮ ਰਹੀ। ਥੋੜ੍ਹੀ ਦੂਰ ਤੱਕ ਹੀ ਉਸਦਾ ਪਿੱਛਾ ਕਰਦੀ।

-ਸੁਣਿਆਂ ਕੋਈ ਠੇਕੇਦਾਰ ਹੈ...

-...ਬਹੁਤ ਵੱਡਾ ਆਦਮੀ ਹੈ...

-ਦੇਵ ਨੂੰ ਵੀ ਕੰਮ ਤੇ ਲਾ ਦਿੱਤਾ...

-ਚੰਗਾ ਬੇਚਾਰੇ ਦਾ ਕੋਈ ਹੀਲਾ ਬਣਿਆ...

ਫਿਰ ਸੁਰ ਉੱਚੀ ਹੋਣ ਲਗ ਪਈ, ਅਸੁਖਾਵੀਂ ਵੀ। ਦੂਰ ਤੱਕ ਉਸਦਾ ਪਿੱਛਾ ਕਰਦੀ ਚੱਲੀ ਜਾਂਦੀ।

-...ਕਾਮਰੇਡ ਦਾ ਕੀ ਲਗਦਾ...?

-ਦੋਸਤ ਹੈ ਕਹਿੰਦੇ ਪੁਰਾਣਾ...!

-ਪਹਿਲਾਂ ਤਾਂ ਆਉਂਦਾ ਨੀ ਸੀ...?

-...ਕਾਲਜ ਮੌਕੇ ਦਾ ਹੀ ਵਾਹ ਸੀ ਕਿਤੇ। ਹੁਣ ਅਚਾਨਕ ਫਿਰ ਮਿਲ ਪਿਐ।

-ਸੁਣਿਆਂ ਇਲਾਜ ਵੀ ਇਹੀ ਕਰਾਉਂਦਾ...!

-ਅੱਛਾ ? ਤਾਂ ਤਾਂ ਛੀਂਬੇ ਦੇ ਹੱਥ ਚੰਗੀ ਮੁਰਗੀ ਆਈ ਹੋਈ ਆ...।

ਉਹ ਬਿਨਾਂ ਕੁਝ ਬੋਲੇ ਲੰਘ ਜਾਂਦਾ। ਕੋਈ-ਕੋਈ ਗੱਲ ਅੰਦਰ ਚੁੱਭ ਜ਼ਰੂਰ ਜਾਂਦੀ। ਇਕ ਦਿਨ ਗੱਲਾਂ ਦੀ ਸੁਰ ਬਹੁਤ ਹੀ ਚੁਭਵੀਂ ਹੋ ਗਈ।

-...ਇਸਨੇ ਤਾਂ ਤੀਏ ਦਿਨ ਗੇੜਾ ਬੰਨ੍ਹ ਤਾ...।

–ਖੱਬਰ ਲੈਣ ਆਉਂਦਾ ਛੀਂਬੇ ਦੀ...।

–ਗਾਹਾਂ ਡਾਕਟਰ ਲੱਗਿਆ ਹੋਇਆ...।

–ਕਿਤੇ ਸਾਲੇ ਦੀ ਛੀਂਬੇ ਦੀ ਛੀਂਬਣ ਨਾਲ ਤਾਂ ਗੰਢ ਤੁਪ ਨਹੀਂ ਹੋ ਗਈ...?

–ਵੱਡੀ ਕੁੜੀ ਤੇ ਨਾ ਅੱਖ ਰਖਦਾ ਹੋਵੇ ਸਾਲਾ...! ਸਾਲੀ ਪਸਰਦੀ ਵੀ ਤਾਂ ਘੋੜੀ ਵਾਂਗ ਜਾਂਦੀ ਆ...।

ਉਹ ਤੜਫ ਗਿਆ। ਇਸ ਤਰ੍ਹਾਂ ਤਾਂ ਉਸਦਾ ਆਉਣਾ ਹਰਾਮ ਕਰ ਦੇਣਗੇ। ਪਰ ਨਹੀਂ, ਅਜੇ ਨਹੀਂ। ਇਕ ਅੱਧ ਮੌਕਾ ਹੋਰ ਵੇਖਕੇ। ਪਰ...

ਪਰ ਉਸਨੂੰ ਅਚਾਨਕ ਰੁਕ ਜਾਣਾ ਪਿਆ। ਸਾਮ੍ਹਣੇ ਤੋਂ ਦੀਪਾਂ ਇਕ ਦਮ ਕੋਲ ਆ ਗਈ। ਦੀਪਾਂ ਨੇ ਵੀ ਜ਼ਰੂਰ ਸਭ ਕੁਝ ਸੁਣ ਲਿਆ ਹੋਏਗਾ... ਚੁੱਪ ਚਾਪ ਲੰਘਣ ਉੱਤੇ ਤਾਂ ਦੀਪਾਂ ਉਸਨੂੰ ਕਾਇਰ ਸਮਝੇਗੀ।

ਉਹ ਪਲਟ ਪਿਆ।

–ਕਿਹੜੇ ਭੌਂਕੇ ਸੀ ਬਈ...?

ਮੁੰਡੇ ਚੁੱਪ ਹੋ ਗਏ।

–ਜੇ ਅਸਲੀ ਪਿਓ ਦੇ ਹੋ ਤਾਂ ਹੁਣ ਬੋਲੋ ਤਾਂ...

ਉਸਨੇ ਨੋਟ ਕੀਤਾ ਬਾਕੀ ਮੁੰਡੇ ਦੋਂਹ ਮੁੰਡਿਆਂ ਵੱਲ ਵੇਖਣ ਲੱਗ ਪਏ...

–ਭੈਣ ਚੋ... ਦਿਓ ਕਿਸੇ ਗਰੀਬ ਦੀ ਮਦਦ ਤਾਂ ਕੀ ਕਰਨੀ ਆਂ... ਛਿੱਟੇ ਹੀ ਮਾਰਨ ਜਾਣਦੇ ਹੋ...! ਉਸਨੇ ਅੱਗੇ ਵਧ ਕੇ ਇਕ ਦੇ ਗਲਮੇ ਨੂੰ ਹੱਥ ਪਾ ਲਿਆ।

ਰੌਲਾ ਸੁਣਕੇ ਦੋ ਬਜ਼ੁਰਗ ਸਕੂਲ ਦੀ ਕੰਧ ਲਾਗਿਓਂ ਉੱਠ ਕੇ ਕੋਲ ਆ ਗਏ।

–ਕੀ ਗਲ ਹੋ ਗਈ ਸਾਊਆ...?

–ਇਨ੍ਹਾਂ ਤੋਂ ਹੀ ਪੁੱਛ ਲਓ ਬਜੁਰਗੋ।

–ਕਿਉਂ ਬਈ ਮੁੰਡਿਓ...?

–ਤਾਰਿਆ, ਲੰਬੜਾਂ ਦਾ ਜੈਬਾ ਤੇ ਕੈਲਾ ਕਾਮਰੇਡ ਦੇ ਘਰਦਿਆਂ ਬਾਰੇ ਗਲਤ ਬੋਲਦੇ ਸੀ।

–ਤੁਸੀਂ ਟਲਦੇ ਨੀਂ ਹਰਾਮ ਦੇ ਤੁਖ਼ਮੋ! ਸਿਰ ਪੜਾਏਂ ਗਿਓ...। ਏਨੂੰ ਕਲਮੂੰਹੀ ਜ਼ਬਾਨ ਨੂੰ ਕਾਬੂ 'ਚ ਰੱਖਿਆ ਕਰੋ...।

ਉਸੇ ਸਮੇਂ ਭਾਬੀ ਬਾਹਰਲੇ ਘਰੋਂ ਆ ਨਿਕਲੀ। ਉਸਨੂੰ ਵੇਖ ਰੁਕ ਗਈ–ਕੀ ਹੋਇਆ?

–ਭਾਬੀ, ਤੁਹਾਡੇ ਬਾਰੇ ਘੱਟ ਵੱਧ ਬੋਲਦੇ ਸੀ।

ਜਮਨੇਜੇ ਨੇ ਵੇਖਿਆ ਦੋਵਾਂ ਮੁੰਡਿਆਂ ਵੱਲ ਵੇਖਦਿਆਂ ਹੀ ਭਾਬੀ ਗੁੱਸੇ ਨਾਲ ਭਰ ਗਈ। ਚਿਹਰਾ ਲਾਲ ਸੂਹਾ ਹੋ ਗਿਆ।

–ਮੈਂ ਸੀਰਮੇਂ ਪੀ ਜੂੰ ਦੇਖਲੋ ਬਹੁਤਾ ਬਕਬਾਸ ਕੀਤਾ ਤਾਂ। ਦੂਜੇ ਦਾ ਫਿਕਰ ਫੇਰ ਕਰਿਓ ਪਹਿਲਾਂ ਆਪਣੀਆਂ ਨੂੰ ਤਾਂ ਸਾਂਭ ਲਓ। ਰਾਤ ਬਰਾਤੇ ਵੀ ਪੁਲ ਤੇ ਚਾਹ ਵਾਲੇ ਕੋਲ ਜਾਣੋਂ ਨੀਂ ਟਲਦੀਆਂ। ਗੱਲ ਕਰਨ ਨੂੰ ਮਰਦੇ ਓਂ। ਤੀਏ ਦਿਨ ਤਾਂ ਥੋਡੀਆਂ ਕੁੜੀਆਂ ਨੂੰ ਪੁਲਸ ਵਾਲੇ ਕਾਰਾਂ 'ਚ ਬਠਾ ਕੇ ਲੈ ਜਾਂਦੇ ਆ। ਟਾਊਟ ਨਾ ਹੋਣ ਤਾਂ ਹਰਾਮੀ। ਕੁੜੀਆਂ ਨੂੰ ਹੇਠਾਂ ਪਾ–ਪਾ ਖੱਟੀ ਚੌਧਰ ਨੂੰ ਚਿੱਤੜਾਂ 'ਚ ਦੇ ਲਿਓ...।

ਮੁੰਡੇ ਮਿੱਟੀ ਹੋ ਗਏ। ਬਜ਼ੁਰਗਾਂ ਨੇ ਵਿੱਚ ਪੈ ਗੱਲ ਠੰਡੀ ਕੀਤੀ।

–ਚਲ ਬਥੇਰੀ ਹੋ ਗੀ। ਹੁਣ ਜਾਣਦੇ ਭਾਈ। ਬੰਦੇ ਦੇ ਪੁੱਤ ਹੋਣਗੇ ਤਾਂ ਅੱਖ ਨਹੀਂ ਚਕਣਗੇ...।

ਉਹ ਘਰ ਨੂੰ ਆ ਗਏ। ਉਹ ਭਾਬੀ ਉਤੇ ਹੈਰਾਨ ਹੈ। ਭਾਬੀ ਦੇ ਇਸ ਰੂਪ ਬਾਰੇ ਤਾਂ ਉਸਨੇ ਕਲਪਣਾ ਵੀ ਨਹੀਂ ਕੀਤੀ। ਅੰਦਰੋਂ ਉਹ ਸਹਿਮ ਵੀ ਗਿਆ। ਭਾਬੀ ਦਾ ਏਨਾ ਤਿੱਖਾ ਰੂਪ...? ਜੇ ਕਦੀ ਉਹ ਲਪੇਟ ਵਿਚ ਆ ਗਿਆ ਤਾਂ?



ਚਾਹ ਪੀਦਿਆਂ ਭਾਬੀ ਨੇ ਕਿਹਾ–ਤੂੰ ਨਾ ਕੋਈ ਗਲ ਦਿਲ ਤੇ ਲਿਆਈਂ ਵੇਹ...। ਉਨ੍ਹਾਂ ਨਾਲ ਸਾਡੀ ਮੁੱਢੋਂ ਈ ਲਗਦੀ ਆ...।

ਉਹ ਕੁਝ ਨਹੀਂ ਬੋਲਿਆ।

–ਪਾਪਾ ... ਅੰਕਲ ਨੇ ਤਾਂ ਕਮਾਲ ਕਰ ਦਿੱਤੀ ਅੱਜ। ਕੈਲੇ ਨੂੰ ਗਲਾਮੇਂ ਤੋਂ ਫੜ ਐਂ ਹਲੂਣਾ ਦਿੱਤਾ ਜਿਵੇਂ ਬੇਰ ਝਾੜੀਦੇ ਨੇ। ਫਿਰ ਉਸ ਵਲ ਪਲਟੀ –ਅੰਕਲ ਤੁਹਾਨੂੰ ਡਰ ਨਹੀਂ ਲੱਗਿਆ?

–ਡਰ ਕਾਹਦਾ? ਉਹਦਾ ਅੰਦਰਲਾ ਸੁਚੇਤ ਹੋ ਗਿਆ। ਕੁੜੀ ਪ੍ਰਭਾਵਤ ਹੋ ਰਹੀ ਹੈ।

–ਜੇ ਉਹ ਵੀ ਅਗਿਓਂ ਪੈ ਜਾਂਦੇ?

–ਲੈ, ਦੋ ਦੋ ਮੁੱਕਿਆਂ ਦੀ ਮਾਰ ਨੀ ਸੀ ਝਲਣੀ ਉਨ੍ਹਾਂ ਨੇ...।

–ਤੁਹਾਨੂੰ ਕਿਹੜਾ ਪਤਾ ਸੀ ਬਈ ਉਹ ਦੋਵੇਂ ਕੱਲੇ ਨੇ? ਬਾਕੀ ਉਨ੍ਹਾਂ ਦੇ ਨਾਲ ਨਹੀਂ ਲੱਗਣਗੇ...?

–ਗਲਤ ਗਲ ਕਿਵੇਂ ਸਹਿ ਲੈਂਦਾ। ਤੁਹਾਡੇ ਘਰ ਬਾਰੇ ਕੋਈ ਗਲਤ ਕਹੇ ਤੇ ਮੈਂ ਸਹਿ ਲਵਾਂ? ਜੇ ਬਾਕੀ ਵੀ ਉਸਦੇ ਨਾਲ ਲਗਦੇ ਤਾਂ ਪਸਤੌਲ ਹੋਰ ਕਿਹੜੇ ਕੰਮ ਨੂੰ ਰੱਖਿਆ ਹੈ।

–ਬਈ ਬਾਹ ਅੰਕਲ। ਉਹ ਉਛਲ ਪਈ–ਜਾਸੂਸੀ ਦੁਨੀਆਂ ਦੇ ਕੈਪਟਨ ਵਿਨੋਦ ਵਾਂਗ...। ਉਹ ਦਸ ਸਮਗਲਰਾਂ ਵਿੱਚ ਘਿਰਿਆ ਵੀ ਕਿਵੇਂ...

ਜੱਸੀ ਗੱਲ ਟੋਕਦਾ ਜੋਰ ਨਾਲ ਹੱਸ ਪਿਆ–ਬਸ ਕਰ ਹੁਣ। ਆਪਣੇ ਜਾਸੂਸੀ ਨਾਵਲ ਨੂੰ ਢਕੀ ਰੱਖ...।

ਉਸ ਰਾਤ ਹਨੇਰੇ ਵਿੱਚ ਦੀਪਾਂ ਨੇ ਲਛਮਣ ਰੇਖਾ ਤਾਂ ਭਾਵੇਂ ਨਹੀਂ ਤੋੜੀ ਪਰ ਬੁੱਲ੍ਹਾਂ ਨਾਲ ਖੇਡਦਾ ਉਸਦਾ ਹੱਥ ਕਿੰਨੀ ਹੀ ਵਾਰ ਚੁੰਮ ਲਿਆ। ਉਸਨੂੰ ਲੱਗਿਆ ਦੀਪਾਂ ਦੇ ਚੁੰਮਣ ਵਿਚ ਜੋਸ਼ ਹੈ। ਉਸਨੇ ਦੀਪਾਂ ਦਾ ਹੱਥ ਫੜਕੇ ਖਿੱਚਿਆ ਤਾਂ ਦੀਪਾਂ ਨੇ ਕੋਈ ਵਿਰੋਧ ਨਾ ਕੀਤਾ। ਹੱਥ ਉਸਦੇ ਬੁੱਲ੍ਹਾਂ ਉਪਰ ਰੱਖ ਦਿੱਤਾ। ਕਿੰਨਾ ਹੀ ਚਿਰ ਚਿਹਰੇ ਨੂੰ ਉਂਗਲਾਂ ਨਾਲ ਸਹਿਲਾਉਂਦੀ ਰਹੀ।

ਉਸਨੂੰ ਲੱਗਿਆ ਦੀਪਾਂ ਤੱਕ ਪਹੁੰਚਣ ਵਾਲੀ ਗੁਫਾ ਦਵਾਰ ਦੀ ਚਾਬੀ ਤਾਂ ਉਸਦੇ ਹੱਥ ਆ ਗਈ ਹੈ। ਪਰ ਇਹੋ ਜਿਹੇ ਮੌਕੇ ਰੋਜ ਤਾਂ ਨਹੀਂ ਆ ਸਕਦੇ। ਬਹਾਦਰੀ ਵਿਖਾਉਣ ਦੇ ਮੌਕੇ। ਖਾਮ ਖਾਹ ਬਲਾ ਗਲ ਪਾਉਣ ਤੋਂ ਉਹ ਵੀ ਚਲਦਾ ਹੈ।

ਉਸ ਘਟਨਾ ਤੋਂ ਪਿੱਛੋਂ ਬਰੋਟੇ ਹੇਠੋਂ ਵੀ ਕਦੀ ਉਸ ਕਿਸਮ ਦੀ ਕੋਈ ਆਵਾਜ਼ ਨਹੀਂ ਉੱਭਰੀ। ਸਗੋਂ ਸਤਿ ਸ੍ਰੀ ਅਕਾਲ ਲਈ ਹੱਥ ਜੁੜ ਜਾਂਦੇ। ਉਹ ਵੀ ਰੁਕ ਕੇ ਲੰਘਦਾ। ਇੰਝ ਬੋਲਚਾਲ ਬਣਾਈ ਰੱਖਣ ਨਾਲ ਭਵਿੱਖ ਵਿਚ ਵੀ ਪਿੱਠ ਪਿੱਛੋਂ ਆਵਾਜ਼ਾਂ ਉੱਠਣ ਦੀ ਕੋਈ ਸੰਭਾਵਨਾ ਨਹੀਂ ਰਹਿ ਜਾਂਦੀ।

ਕਦੀ–ਕਦੀ ਬਜ਼ੁਰਗ ਪੁੱਛ ਲੈਂਦਾ...।

–ਹੁਣ ਕਿਵੇਂ ਹੈ ਬਾਈ ਕਾਮਰੇਡ...?

–ਮੋੜਾ ਨਹੀਂ ਪੈ ਰਿਹਾ ਬਿਮਾਰੀ ਤੋਂ, ਸਗੋਂ ਵਧਦੀ ਹੀ ਜਾਂਦੀ ਹੈ।

–ਕਿਤੇ ਹੋਰ ਦਿਖਾਉਣਾ ਸੀ ਭਾਈ।

–ਇੰਗਲੈਂਡ ਵਿੱਚ ਸੁਣਿਆ ਬੜੀ ਕਾਮਯਾਬ ਦਵਾਈ ਬਣੀ ਹੈ। ਉਹ ਮੰਗਵਾ ਭੇਜੀ ਹੈ... ਅੱਗੇ ਵੇਖੋ...।

–ਸ਼ਾਬਾਸ਼ ਬਈ ਸਾਊਆ, ਮੋਢਾ ਦੇਈ ਰੱਖੀਂ। ਬਚਾਰਾ ਦਰਵੇਸ਼ ਆ। ਅਜੇ ਤਾਂ ਕਬੀਲਦਾਰੀ ਵੀ ਸੁੱਖ ਨਾਲ ਸਾਰੀ ਪਈਆ...।

–ਆਪਣੇ ਵੱਲੋਂ ਤਾਂ ਪੂਰੀ ਕੋਸ਼ਿਸ਼ ਕਰਾਂਗੇ ਬਜ਼ੁਰਗੋ...। ਕੋਈ ਕਸਰ ਨਹੀਂ ਰਹਿਣ ਦੇਂਦੇ।

–ਬਈ ਜਿਉਂਦਾ ਰਹਿ ਮੱਲਾ, ਰੱਬ ਤੈਨੂੰ ਸੁਰਗ 'ਚ ਢੋਈ ਦਊ। ਜਿਹੜੀ ਤੂੰ ਗਰੀਬ ਦੀ ਬਾਂਹ ਫੜੀ ਆ ਏਦੋਂ ਵੱਡਾ ਪੁੰਨ ਕੋਈ ਨੀ। ਤੇ ਆਹ ਤਾਂ ਬਾਹਲਾ ਈ ਵਧੀਆ ਕੀਤਾ ਜਿਹੜਾ ਮੁੰਡੇ ਨੂੰ ਕੰਮ 'ਤੇ ਲਾ ਤਾ...।

–ਕੰਮ ਦਾ ਕੀ ਹੈ... ਕੰਮ ਤਾਂ ਜੀਹਨੂੰ ਚਾਹਾਂ ਲਗਾ ਸਕਦਾਂ...। ਏਨੀ ਕੁ ਤਾਂ ਸਰਕਾਰੇ ਦਰਬਾਰੇ ਚੱਲਦੀ ਆ...।

ਇਹ ਗੱਲ ਉਸਨੇ ਜਰਾ ਉੱਚੀ ਕਹੀ...। ਥੜ੍ਹੇ ਤੇ ਬੈਠੇ ਮੁੰਡੇ ਉਸ ਵਲ ਉਤਸੁਕਤਾ ਨਾਲ ਵੇਖਣ ਲੱਗ ਪਏ।

–ਅੱਛਾ ਚਲਦਾਂ ਬਜੁਰਗੋ...।

–ਜੁਆਨੀਆਂ ਮਾਣ ਬਈ ਸ਼ੇਰਾ...। ਸ਼ਾਬਾਸੇ ਤੇਰੇ...।

ਉਸਨੇ ਵੇਖਿਆ ਬਦਲੇ ਵਿਚ ਕਈਆਂ ਦੇ ਹੱਥ ਜੁੜ ਗਏ...।

ਪਿੰਡ ਵਾਲਿਆਂ ਦੀ ਰਾਏ ਆਪਣੇ ਵੱਲ ਕਰਨ ਲਈ ਏਹੋ ਜਿਹਾ ਚੋਗਾ ਪਾਉਂਦੇ ਰਹਿਣ ਦੀ ਬਹੁਤ ਲੋੜ ਹੈ।

ਇਕ ਹੋਰ ਮੌਕਾ ਛੇਤੀ ਹੀ ਫਿਰ ਜੁੜ ਗਿਆ। ਉਹ ਲੰਘਣ ਲੱਗਿਆ ਤਾਂ ਬਰੋਟੇ ਹੇਠਾਂ ਥੜ੍ਹੇ ਉੱਪਰ ਬਹੁਤ ਭੀੜ ਜੁੜੀ ਹੋਈ ਹੈ। ਕਾਵਾਂ ਰੌਲੀ ਮੱਚੀ ਪਈ ਹੈ। ਪੰਚਾਇਤ ਹੋ ਰਹੀ ਹੈ ਸ਼ਾਇਦ।

ਉਹ ਕੋਲੋਂ ਦੀ ਲੰਘਣ ਲੱਗਿਆ ਤਾਂ ਇਕ ਆਵਾਜ਼ ਆਈ।

–ਸਰਦਾਰ ਜੀ ਤੋਂ ਪੁੱਛ ਲੈਂਦੇ ਹਾਂ।

ਉਹ ਰੁਕ ਗਿਆ। ਕਾਵਾਂ ਰੌਲੀ ਸ਼ਾਂਤ ਹੋ ਗਈ ਹੈ।

–ਸਰਦਾਰ ਸਾਹਿਬ ਸੜਕ ਮੁਤੱਲਕ ਕੁਝ ਦਸੋਂਗਿਓ...? ਤੁਹਾਡੀ ਤਾਂ ਚੰਗੀ ਜਾਣਕਾਰੀ ਹੈ।

–ਕੀ, ਗੱਲ ਕੀ ਹੈ?

–ਨਹਿਰ ਤੋਂ ਪਿੰਡ ਦੀ ਆਹ ਸੜਕ ਪੱਕੀ ਕਰਾਉਣ ਦੀ ਗੱਲ ਆ। ਮਹਿਕਮੇ ਵਾਲਿਆਂ ਨੂੰ ਪੈਸੇ ਪੰਚਾਇਤ ਨੇ ਕਦੋਂ ਦੇ ਭਰਾਏ ਹੋਏ ਨੇ...

–ਹੁਣ ਕੀ ਕਹਿੰਦੇ ਨੇ ਮਹਿਕਮੇ ਵਾਲੇ?

–ਬਸ ਜੀ ਟਾਲ ਮਟੋਲ ਕਰੀ ਜਾਂਦੇ ਨੇ...। ਕਦੇ ਆਹ ਨੀ ਹੋਇਆ, ਕਦੇ ਜੀ ਉਹ ਨੀ ਹੋਇਆ। ਬੱਸ ਪੈਰਾਂ ਤੇ ਪਾਣੀ ਈ ਨਹੀਂ ਪੈਣ ਦੇਂਦੇ।

–ਕਿੰਨਾ ਕੁ ਚਿਰ ਹੋ ਗਿਆ ਪੈਸੇ ਭਰਾਇਆ...?

ਸਾਲ ਭੂੜ੍ਹ ਹੋ ਚੱਲਿਆ ਜੀ। ਉਦੋਂ ਤਾਂ ਕਹਿੰਦੇ ਸੀ ਦੋ ਮਹੀਨੇ ਵਿਚ ਪੂਰੀ ਬਣ ਜੂ...।

–ਕੋਈ ਕਾਗਜ ਪੱਤਰ ਹੈ ਤੁਹਾਡੇ ਕੋਲ?

ਆਹ ਰਸੀਤਾਂ ਜਿਹੀਆਂ ਦਿੱਤੀਆਂ ਸੀ ਦੇਖ ਲੋ ਜੇ ਕੁਝ ਪਤਾ ਲਗਦਾ?

ਉਸਨੇ ਕਾਗਜ ਵੇਖੇ। ਸੜਕ ਬਨਣੀ ਤਾਂ ਕੋਈ ਔਖੀ ਨਹੀਂ ਹੈ। ਸੰਬੰਧਤ ਅਫਸਰਾਂ ਤੱਕ ਉਸਦੀ ਚੰਗੀ ਪਹੁੰਚ ਹੈ।

–ਬਣੂ ਜੀ ਕੁਛ...?

–ਕਿੰਨਾ ਕੁ ਚਿਰ ਵਿੱਚ ਸੜਕ ਬਣੀ ਲੈਣੀ ਚਾਹੁੰਦੇ ਹੋ...?

–ਕਰੋ ਜੀ ਕੁਛ, ਸਾਨੂੰ ਤਾਂ ਭੂੜ, ਸਾਲ ਤੋਂ ਕਿਸੇ ਸਹੁਰੇ ਨੇ ਰਾਹ ਨੀ ਦਿੱਤਾ।

–ਮੈਂ ਦੇਖਦਾਂ ਕੋਸ਼ਿਸ਼ ਕਰਕੇ।

ਉਸਨੇ ਆਪਣੀ ਡਾਇਰੀ ਉਤੇ ਜ਼ਰੂਰੀ ਗੱਲਾਂ ਨੋਟ ਕਰ ਲਈਆਂ।

ਵੀਹਵੇਂ ਦਿਨ ਰਾਹ ਉੱਤੇ ਇੱਟਾਂ ਅਤੇ ਪੱਥਰ ਡਿੱਗਣ ਲੱਗ ਪਿਆ। ਡੇਢ੍ਹ ਮਹੀਨੇ ਦੇ ਅੰਦਰ-ਅੰਦਰ ਸੜਕ ਬਣ ਕੇ ਤਿਆਰ ਹੋ ਗਈ। ਮਿਲ ਮਿਲਾ ਕੇ ਠੇਕਾ ਉਸਨੇ ਖੁਦ ਹੀ ਲੈ ਲਿਆ। ਕੰਮ ਵੀ ਕੀ ਹੈ...! ਮਸੀਂ ਦੋ ਢਾਈ ਫਰਲਾਂਗ ਦਾ ਤਾਂ ਟੋਟਾ ਹੈ।

ਪਿੰਡ ਵਾਲਿਆਂ ਨੇ ਸੜਕ ਬਨਣ ਦੀ ਖੁਸ਼ੀ ਵਿੱਚ ਗੁਰਦਵਾਰੇ ਵਿੱਚ ਅਖੰਡ ਪਾਠ ਖੁਲ੍ਹਾਇਆ। ਭੋਗ



ਵਾਲੇ ਦਿਨ ਉਸਨੂੰ ਸੱਦ ਕੇ ਉਸਦੇ ਗਲ ਵਿੱਚ ਹਾਰ ਪਾਏ। ਸਰੋਪਾ ਦਿੱਤਾ।

ਉਹ ਪਿੰਡ ਵਾਲਿਆਂ ਦੀਆਂ ਨਜ਼ਰਾਂ ਵਿੱਚ ਅਚਾਨਕ ਉੱਚਾ ਉੱਠ ਗਿਆ।

ਉੱਚਾ ਉੱਠਣ ਦਾ ਇਕ ਹੋਰ ਮੌਕਾ ਛੇਤੀ ਹੀ ਮਿਲ ਗਿਆ।

ਉਸ ਸ਼ਾਮ ਉਹ ਪਿੰਡ ਪਹੁੰਚਿਆ ਤਾਂ ਲੱਗਿਆ ਘਰ ਦੇ ਮਹੌਲ ਵਿਚ ਕੁਝ ਤਣਾਓ ਹੈ। ਇਕ ਓਪਰਾ ਬੰਦਾ ਜੱਸੀ ਕੋਲ ਬੈਠਾ ਹੈ। ਫਿਕਰ ਦੇ ਚਿਨ੍ਹ ਨੇ ਚਿਹਰੇ ਉੱਪਰ। ਜੱਸੀ ਵੀ ਚੁੱਪ ਹੈ। ਇਕ ਪਾਸੇ ਕਿਸੇ ਪਾਟੇ ਲੀੜੇ ਨੂੰ ਟਾਕੀ ਲਗਾਉਂਦੀ ਭਾਬੀ ਵੀ ਚੁੱਪ ਹੈ।

ਉਹ ਬੈਠ ਗਿਆ। ਭਾਬੀ ਨੇ ਉੱਠ ਕੇ ਚਾਹ ਧਰ ਦਿੱਤੀ। ਕੁਝ ਚਿਰ ਬੈਠਾ ਉਹ ਵੇਖਦਾ ਰਿਹਾ। ਆਪਣਾ ਹੀ ਪਾਲਾ ਖਾਣ ਲੱਗ ਪਿਆ। ਕਿਤੇ ਉਸ ਬਾਰੇ ਹੀ ਕੋਈ ਸ਼ਕ ਤਾਂ ਖੜ੍ਹ ਨਹੀਂ ਹੋ ਗਿਆ? ਅਗਲੇ ਹੀ ਪਲ ਉਸਨੂੰ ਇਹ ਮਨ ਦਾ ਵਹਿਮ ਲੱਗਿਆ। ਮਹੌਲ ਦੇ ਤਣਾਓ ਦਾ ਸੰਬੰਧ ਜ਼ਰੂਰ ਉਸ ਓਪਰੇ ਬੰਦੇ ਨਾਲ ਹੋਏਗਾ...।

–ਕੀ ਗੱਲ ਹੈ ਜੱਸੀ? ਘਰ ਵਿੱਚ ਇਹ ਅਜੀਬ ਜਿਹੀ ਚੁੱਪੀ ਕਿਉਂ ਹੈ?

–ਕੁਝ ਨਹੀਂ ਯਾਰ। ਬੈਠੇ ਲੰਬੜਦਾਰ ਦੀ ਮਕਾਣ ਦੇ ਰਹੇ ਹਾਂ...।

–ਲੰਬੜਦਾਰ ਕਿਹੜਾ? ਕਿਤੇ ਉਹੀ ਟਾਊਟ ਤਾਂ ਨਹੀਂ?

–ਹਾਂ ਉਹੀ।

–ਗੱਲ ਕੀ ਹੋ ਗਈ?

–ਇਹ ਮੇਰੇ ਚਾਚੇ ਦਾ ਪੁੱਤ ਹੈ ਦੀਨੀ। ਪਰਸੋਂ ਨੂੰ ਇਸਦੀ ਕੁੜੀ ਦਾ ਵਿਆਹ ਹੈ। ਚਮਾਰਾ ਵਿਹੜੇ ਵੱਲ ਇਨ੍ਹਾਂ ਦਾ ਘਰ ਹੈ। ਉੱਧਰ ਬਿਜਲੀ ਨਹੀਂ ਆਈ ਅਜੇ। ਨੇੜੇ ਤੇੜੇ ਇਕੋ ਖੰਭਾ ਹੈ, ਜਿੱਥੋਂ ਤਾਰ ਖਿੱਚ ਸਕਣ। ਬਿਜਲੀ ਵਾਲਿਆਂ ਨਾਲ ਵੀ ਗਲ ਕਰ ਲਈ ਹੈ।

–ਫਿਰ ਅੜਿੱਕਾ ਕੀ ਹੈ।

–ਲੰਬੜਦਾਰ। ਖੰਭਾ ਗਲੀ ਵਿਚ ਉਨ੍ਹਾਂ ਦੇ ਦਰਾਂ ਦੇ ਐਨ ਸਾਮ੍ਹਣੇ ਹੈ।

–ਉਸਨੂੰ ਕੀ ਇਤਰਾਜ ਹੈ, ਬਿਜਲੀ ਉਸਦੇ ਘਰ ਦੀ ਤਾਂ ਨਹੀਂ।

–ਬੱਸ ਕਹਿੰਦਾ ਤਾਰ ਨਹੀਂ ਲਾਉਣ ਦੇਣੀ। ਅਸਲ ਵਿਚ ਸਾਡੇ ਨਾਲ ਲਗਦੀ ਹੈ, ਸੋ ਇਸਨੂੰ ਵੀ ਨਹੀਂ ਖਿੱਚਣ ਦੇਂਦਾ। ਉੱਤੋਂ ਮੁੰਡੇ ਵਾਲਿਆਂ ਦੀ ਜ਼ਿੱਦ ਹੈ ਕਿ ਰਾਤ ਰਹਿਣਾ ਜ਼ਰੂਰ ਹੈ।

–ਨਾਂ ਉਹ ਖੰਭੇ ਦਾ ਲਗਦਾ ਕੀ ਹੈ? ਜਦੋਂ ਮਹਿਕਮੇ ਵਾਲਿਆਂ ਨੂੰ ਕੋਈ ਇਤਰਾਜ ਨਹੀਂ?

–ਬੱਸ ਧੱਕਾ।

–ਚੰਗਾ ਧੱਕਾ ਹੋਇਆ। ਤੁਸੀਂ 'ਕੱਠੇ ਹੋ ਕੇ ਇੱਕ ਬੰਦੇ ਨੂੰ ਨੱਥ ਨਹੀਂ ਪਾ ਸਕਦੇ?

ਇਸ ਵਾਰ ਦੀਨਾ ਬੋਲਿਆ–ਬੱਸ ਜੀ ਡਰਦੇ ਨੇ ਸਭ। ਉੱਪਰ ਉਸਦੀ ਸੋਹਣੀ ਚੱਲਦੀ ਹੈ ਜੀ।

–ਜੱਸੀ ਉੱਪਰ ਕਿੱਥੋ ਕੁ ਤੱਕ ਹੱਥ ਪਹੁੰਚਦਾ ਹੈ ਉਸਦਾ?

–ਬੱਸ ਥਾਣੇ ਤੱਕ। ਟਾਊਟ ਹੈ। ਪੁੱਠੀਆਂ ਸਿੱਧੀਆਂ ਮੁਖਬਰੀਆਂ ਕਰੀ ਜਾਂਦੈ। ਇਕ ਦੋ ਵਾਰ ਆਪਣੀ ਲਾਗ ਡਾਟ ਵਾਲਿਆਂ। ਵਿੱਚੋਂ ਇਕ ਦੋਂਹ ਨੂੰ ਪਿੰਡ ਦੇ ਸਾਮ੍ਹਣੇ ਹੀ ਪੁਲਸ ਵਾਲਿਆਂ ਤੋਂ ਕੁਟਵਾ ਦਿੱਤਾ। ਬਸ ਸਾਰੇ ਡਰ ਜਿਹੇ ਗਏ।

ਉਹ ਕੁਝ ਚਿਰ ਚੁੱਪ ਰਿਹਾ। ਸਾਰੇ ਮਾਮਲੇ ਬਾਰੇ ਵਿਚਾਰਦਾ ਰਿਹਾ। ਅਚਾਨਕ ਇਕ ਚਾਨਣ ਉਸਦੇ ਦਿਮਾਗ ਵਿੱਚ ਕੌਂਧ ਗਿਆ। ਹਾਂ ਇਹ ਸਕੀਮ ਠੀਕ ਹੈ।

–ਉਸਦੇ ਨਾਲ ਕਿੰਨੇ ਕੁ ਬੰਦੇ ਨੇ ਪਿੰਡ ਵਿਚੋਂ।

–ਉਸਦੇ ਭਰਾ ਦੇ ਟੱਬਰ ਤੋਂ ਬਿਨਾਂ ਹੋਰ ਕੋਈ ਵੀ ਨਹੀਂ। ਕੰਜਰਾਂ ਨਾਲ ਕਿਹੜਾ ਹੁੰਦਾ ਹੈ?

–ਤੇ ਵਿਰੁੱਧ?

–ਸਾਰਾ ਪਿੰਡ...।ਅੰਦਰੋਂ ਸਭ ਸਤੇ ਪਏ ਨੇ।

–ਫੇਰ...?

ਬੱਸ ਮੂਹਰੇ ਲਗਣ ਤੋਂ ਹਰ ਕੋਈ ਡਰਦਾ ਹੈ।

ਕੁਝ ਚਿਰ ਚੁਪ ਰਹਿ ਕੇ ਉਸਨੇ ਕਿਹਾ।

–ਤਾਂ ਫਿਰ ਜਾਓ, ਤਾਰਾਂ ਆਦਿ ਮੰਗਵਾ ਰੱਖੋ। ਬਿਜਲੀ ਤੁਹਾਨੂੰ ਮਿਲੇਗੀ।

–ਕਿਤੇ ਜੀ ਕਾਰਜ ਵਿੱਚ ਕੋਈ ਵਿਘਨ ਨਾ ਪੈ ਜੇ ਕਲੇਸ਼ ਨਾਲ...?

–ਇਕ ਦਮ ਨਿਸ਼ਚਿੰਤ ਰਹਿ। ਬੱਸ ਕਿਸੇ ਕੋਲ ਗੱਲ ਨਹੀਂ ਕਰਨੀ। ਕਦੋਂ ਖਿਚਣੀ ਚਾਹੁੰਦੇ ਹੋ ਤਾਰ...?

–ਜਾ ਪਰਸੋਂ ਆਥਣੇ...

–ਬਸ ਠੀਕ ਹੈ।

ਅਗਲੇ ਦਿਨ ਚੰਡੀਗੜ੍ਹ ਕੰਮ ਦੇ ਮਾਮਲੇ ਵਿੱਚ ਜਾਣਾ ਪੈ ਗਿਆ। ਮੁੜਨ ਸਮੇਂ ਅਚਾਨਕ ਜਿਲ੍ਹਾ ਪੁਲਸ ਦੇ ਐਸ ਪੀ ਸ਼ਰਮਾ ਸਾਹਿਬ ਮਿਲ ਪਏ। ਉਹ ਵੀ ਲੁਧਿਆਣੇ ਵਲ ਹੀ ਪਰਤ ਰਹੇ ਸੀ। ਸੋ ਕਾਰ ਵਿਚ ਨਾਲ ਹੀ ਹੋ ਗਏ। ਸਮਰਾਲੇ ਵਾਲੇ ਕੰਮ ਲਈ ਡੀ. ਐਸ. ਪੀ. ਸਾਹਬ ਤੋਂ ਕਹਾਉਣ ਦੀ ਲੋੜ ਹੀ ਨਹੀਂ ਰਹੀ। ਗੱਲ ਸੁਣ ਸ਼ਰਮਾ ਸਾਹਿਬ ਨੇ ਕਾਰ ਸਮਰਾਲੇ ਥਾਣੇ ਅੱਗੇ ਰੁਕਵਾ ਲਈ।

ਐਸ. ਪੀ. ਸਾਹਿਬ ਦੇ ਅਚਾਨਕ ਆਉਣ ਨਾਲ ਸਭ ਘਬਰਾ ਜਿਹੇ ਗਏ। ਥਾਣੇਦਾਰ ਭੱਜ ਕੇ ਬਾਹਰ ਆਇਆ।

–'.......' ਪਿੰਡ ਦਾ ਲੰਬੜਦਾਰ ਕਿਵੇਂ ਹੈ? ਦਫਤਰ ਵਿੱਚ ਬੈਠਦਿਆਂ ਹੀ ਸ਼ਰਮਾ ਜੀ ਨੇ ਪੁੱਛਿਆ।

–ਆਪਣਾ ਸੇਵਕ ਹੈ ਜਨਾਬ...।

–ਸੇਵਕਾਂ ਨੂੰ ਬਹੁਤਾ ਸਿਰ ਨਾ ਚੜ੍ਹਾਇਆ ਕਰੋ...। ਉਸਨੂੰ ਥੋੜ੍ਹਾ ਜਿਹਾ ਹਲੂਣਾ ਦੇਣ ਦੀ ਲੋੜ ਹੈ।

–ਹੁਕਮ ਕਰੋ ਤਾਂ ਹੁਣੇ ਸੱਦ ਕੇ ਲੰਮਾ ਪਾ ਲੈਂਦੇ ਹਾਂ ਤੁਹਾਡੇ ਸਾਮ੍ਹਣੇ ਹੀ।

–ਇਹ ਮੇਰੇ ਖਾਸ ਮਿੱਤਰ ਨੇ ਜਮਨੇਜਾ ਸਾਹਬ। ਇਹਨਾਂ ਦੇ ਕਿਸੇ ਗਰੀਬ ਮਿੱਤਰ ਦੀ ਕੁੜੀ ਦੀ ਸ਼ਾਦੀ ਹੈ। ਅਤੇ ਤੇਰਾ ਲੰਬੜਦਾਰ ਗਲੀ ਵਿਚਲੇ ਖੰਭੇ ਤੋਂ ਤਾਰ ਨਹੀਂ ਖਿੱਚਣ ਦੇ ਰਿਹਾ।

–ਉਸਦਾ ਤਾਂ ਬਾਪ ਵੀ ਨਹੀਂ ਰੋਕ ਸਕਦਾ ਜਨਾਬ। ਤਾਰ ਖੁਦ ਆਪਣੇ ਹੱਥਾਂ ਨਾਲ ਲਗਾਏਗਾ। ਕਹੋ ਤਾਂ ਪਿੰਡ ਵਾਲਿਆਂ ਦੇ ਸਾਮ੍ਹਣੇ ਹੀ ਚਿੱਤੜ ਕੁੱਟ ਆਵਾਂ?

ਸ਼ਰਮਾ ਸਾਹਬ ਨੂੰ ਲੁਧਿਆਣੇ ਛੱਡ ਕੇ ਉਸੇ ਸ਼ਾਮ ਆ ਕੇ ਜਮਨੇਜੇ ਨੇ ਪੁਲਸ ਵਾਲਿਆਂ ਨਾਲ ਸਾਰਾ ਪ੍ਰੋਗ੍ਰਾਮ ਉਲੀਕ ਲਿਆ। ਅਗਲੇ ਦਿਨ ਥਾਣੇਦਾਰ ਦਾ ਸ਼ਾਮ ਨੂੰ ਪੁਲ ਉੱਤੇ ਪਹੁੰਚਣ ਦਾ ਪ੍ਰੋਗ੍ਰਾਮ ਨੀਅਤ ਹੋਇਆ। ਲੰਬੜਦਾਰ ਨੂੰ ਉਸਤੋਂ ਪਹਿਲਾਂ ਕੁਝ ਵੀ ਨਾ ਕਹਿਣ ਦੀ ਗੱਲ ਪੱਕੀ ਹੋ ਗਈ।

ਤੁਰਨ ਤੋਂ ਪਹਿਲਾਂ ਜਮਨੇਜੇ ਨੇ ਥਾਣੇਦਾਰ ਨੂੰ ਕਿਹਾ ਕਿ ਸਿਪਾਹੀ ਨੂੰ ਭੇਜ ਪਿਛਲੀ ਸੀਟ ਉੱਪਰੋਂ ਡੱਬਾ ਚੁਕਵਾ ਲਵੇ। ਵਿਦੇਸ਼ੀ ਸ਼ਰਾਬ ਦੀਆਂ ਚਾਰ ਬੋਤਲਾਂ ਵੇਖ ਥਾਣੇਦਾਰ ਦੀਆਂ ਅੱਖਾਂ ਵਿਚ ਚਮਕ ਆ ਗਈ।

ਅਗਲੇ ਦਿਨ ਪਿੰਡ ਪਹੁੰਚਣ ਲਈ ਉਸਨੂੰ ਦੇਰ ਹੋ ਗਈ। ਆਪਣੇ ਵੱਲ ਉੱਠੀਆਂ ਕਈ ਨਿਗਾਹਾਂ ਤੋਂ ਉਸਨੇ ਪਿੰਡ ਵਿਚ ਬਣੇ ਤਣਾਓ ਨੂੰ ਸੁੰਘਣ ਦੀ ਕੋਸ਼ਿਸ਼ ਕੀਤੀ।

ਜੱਸੀ ਦੇ ਘਰ ਦੀਨਾ ਅਤੇ ਦੋ ਚਾਰ ਹੋਰ ਬੰਦੇ ਬੈਠੇ ਉਸੇ ਨੂੰ ਉਡੀਕ ਰਹੇ ਨੇ।

–ਤਾਰ ਲਗਾਉਣ ਤੋਂ ਉਨ੍ਹਾਂ ਨੇ ਰੋਕ ਦਿੱਤਾ ਜੀ।

–ਹੱਥੋਂ ਪਾਈ ਤਾਂ ਨਹੀਂ ਹੋਏ?

–ਨਹੀਂ ਜੀ ਅਸੀਂ ਫਿਰ ਚੁਪਚਾਪ ਮੁੜ ਆਏ।

–ਕਿਸੇ ਨੇ ਸਮਝਾਇਆ ਨਹੀਂ ਲੰਬੜਦਾਰ ਨੂੰ?

–ਇਕ ਦੋ ਸਿਆਣਿਆਂ ਨੇ ਕਿਹਾ ਸੀ। ਪਰ ਉਹ ਕਿਤੇ ਕਿਸੇ ਦੀ ਮੰਨਦਾ। ਝਈ ਲੈ ਕੇ ਤਾਂ ਪੈਂਦਾ ...



–ਕੋਈ ਨੀ ਚਲਦੇ ਹਾਂ ਚਾਹ ਪੀ ਲਈਏ।

–ਹੁਣ ਕਰਨਾ ਕੀ ਹੈ ਜੀ? ਕਿਤੇ ਕੋਈ ਕਲੇਸ਼...

–ਤੁਸੀਂ ਡਰਦੇ ਕਿਉਂ ਹੋ। ਚਲੋ ਤਾਰਾਂ ਲੈ ਕੇ ਉੱਥੇ ਪਹੁੰਚੋ।

ਚਾਹ ਬਣ ਗਈ। ਨਾਲਦੇ ਤੁਰਨ ਹੀ ਲਗੇ ਸੀ ਕਿ ਇਕ ਨਿੱਕਾ ਜਿਹਾ ਮੁੰਡਾ ਹਫਿਆ ਹੋਇਆ ਦੌੜਦਾ ਆਇਆ।

–ਤਾਇਆ ਪੁਲ ਤੇ ਦੋਵੇਂ ਥਾਣੇਦਾਰ ਅਤੇ ਤਿੰਨ ਸਿਪਾਹੀ ਬੈਠੇ ਚਾਹ ਪੀਂਦੇ ਨੇ।

ਸਭਨਾਂ ਦੇ ਚਿਹਰੇ ਮੁਰਝਾ ਗਏ–ਹੁਣ...? ਦੋਹਾਂ ਤਿੰਨ ਨੇ ਇੱਕਠਿਆਂ ਪੁਛਿਆ?

–ਤੁਸੀਂ ਤਾਰਾਂ ਲੈ ਕੇ ਉਥੇ ਪਹੁੰਚੋ ਪੰਜਾਂ ਮਿੰਟਾਂ ਵਿੱਚ।

ਉਹ ਲੰਬੜਦਾਰ ਦੇ ਘਰ ਲਾਗੇ ਪਹੁੰਚਿਆ ਤਾਂ ਅੱਧਾ ਪਿੰਡ ਉੱਥੇ ਇਕੱਠਾ ਹੋਇਆ ਖੜ੍ਹਾ ਹੈ। ਦਰਾਂ ਵਿਚ ਲੰਬੜਦਾਰ ਦੇ ਦੋਵੇਂ ਮੁੰਡੇ ਡਾਂਗਾਂ ਦਾ ਸਹਾਰਾ ਲਈ ਖੜ੍ਹੇ ਮੁੱਛਾਂ ਨੂੰ ਵਟ ਦੇ ਰਹੇ ਨੇ।

ਜਮਨੇਜੇ ਦਾ ਇਸ਼ਾਰਾ ਪਾ ਇਕ ਮੁੰਡਾ ਬਾਂਸ ਦੇ ਸਿਰੇ ਨਾਲ ਤਾਰ ਬੰਨ੍ਹ ਕੇ ਖੰਭੇ ਵਲ ਵਧਿਆ।

–ਤਾਰ ਖੰਭੇ ਦੇ ਨਾਲ ਨਾ ਲਾਈ ਓਏ।

ਕੈਲੇ ਨੇ ਕਿਹਾ, ਜੈਬਾ ਵੀ ਸਿੱਧਾ ਹੋ ਕੇ ਖੜ੍ਹ ਗਿਆ।

ਤਾਰ ਵਾਲਾ ਮੁੰਡਾ ਇਕ ਵਾਰ ਉੱਧਰ ਵੇਖ ਇਸ਼ਾਰਾ ਮਿਲਣ ਉੱਤੇ ਫੇਰ ਵਧਿਆ।

ਅੰਦਰੋਂ ਨਿਕਲਦੇ ਲੰਬੜਦਾਰ ਦੇ ਦਬਕੇ ਨੇ ਮੁੰਡੇ ਦੇ ਪੈਰ ਰੋਕ ਦਿੱਤੇ–ਸੁਣਿਆਂ ਨੀ ਤੈਂ ਕਪੜੇ ਸਿਉਣੀਏ ਜਾਤੇ?

ਇਸ ਤੋਂ ਪਹਿਲਾਂ ਕਿ ਲੰਬੜਦਾਰ ਦੇ ਮੁੰਡੇ ਉਲਰੀਆਂ ਡਾਂਗਾਂ ਲੈ ਕੇ ਅੱਗੇ ਵਧਦੇ, ਜਮਨੇਜੇ ਨੇ ਹਵਾ ਵਿੱਚ ਫਾਇਰ ਕਰਕੇ ਦਸ ਕਦਮ ਅੱਗੇ ਵਧ ਕੇ ਲਲਕਾਰਾ ਮਾਰ ਦਿੱਤਾ।

–ਦੇਖਾਂ ਕਿਹੜਾ ਮਾਈ ਦਾ ਲਾਲ ਤਾਰ ਲਗਾਉਣ ਤੋਂ ਰੋਕੂਗਾ ਅੱਜ? ਚੱਲ ਓਏ ਮੁੰਡਿਆ ਟੰਗ ਦੇ ਤਾਰਾਂ...।

ਸਾਰੇ ਪਾਸੇ ਚੁੱਪ ਛਾ ਗਈ। ਲੋਕ ਬੁਤ ਬਣ ਕੇ ਵੇਖਦੇ ਰਹੇ। ਉਸਨੇ ਸੋਚੀ ਸਮਝੀ ਸਕੀਮ ਨਾਲ ਡਰਮਾਟਿਕ ਜਿਹਾ ਸਸਪੈਂਸ ਖੜ੍ਹਾ ਕਰ ਦਿੱਤਾ। ਲੰਬੜਦਾਰ ਦਾ ਟੱਬਰ ਸਕਤੇ ਜਿਹੇ ਵਿੱਚ ਆ ਗਿਆ। ਇੰਝ ਬਾਹਰੀ ਹਮਲੇ ਦੀ ਤਾਂ ਉਨ੍ਹਾਂ ਨੂੰ ਉੱਕਾ ਉਮੀਦ ਨਹੀਂ ਸੀ।

ਜਮਨੇਜਾ ਫਿਰ ਗਰਜਿਆ।

–ਧੀਆਂ ਸਾਰੇ ਪਿੰਡ ਦੀਆਂ ਸਾਂਝੀਆਂ ਹੁੰਦੀਆਂ ਨੇ। ਦੇਖਾਂ ਪੁੰਨ ਦੇ ਕਾਰਜ ਵਿੱਚ ਇਹ ਟਾਊਟ ਕਿਵੇਂ ਵਿਘਨ ਪਾਉਂਦਾ ਹੈ ਅੱਜ?

ਲੰਬੜਦਾਰ ਦਾ ਟੱਬਰ ਤੜਪ ਕੇ ਰਹਿ ਗਿਆ। ਉਹਨਾਂ ਨੂੰ ਆਪਣੀ ਮਿੱਟੀ ਹੁੰਦੀ ਦਿਸੀ।

ਲੰਬੜਦਾਰ ਨੇ ਹਲਕਾਂਦੇ ਹੋਏ ਕਿਹਾ–ਇਹ ਗੈਰ ਕਾਨੂੰਨੀ ਹੈ, ਖੰਭੇ ਤੋਂ ਬਿਜਲੀ ਲੈਣੀ।

–ਤੇ ਤੂੰ ਪਿਓ ਲਗਦਾਂ ਕਾਨੂੰਨ ਦਾ। ਜੇ ਹਿੰਮਤ ਹੈ ਤਾਂ ਰੋਕ ਕੇ ਤਾਂ ਵਿਖਾ...। ਜੇ ਛੇ ਦੀਆਂ ਛੇ ਵਿਚੀਂ ਨਾਂ ਕੱਢ ਕੇ ਰੱਖ ਦਿਆਂ।

ਲੰਬੜਦਾਰਾਂ ਦੇ ਮੁੰਡੇ ਤਾਂ ਜਮਾਂ ਈ ਮਿਟੀ ਹੋ ਗਏ।

ਉਸਨੇ ਚਾਰੇ ਪਾਸੇ ਖੜ੍ਹੇ ਲੋਕਾਂ ਵਲ ਵੇਖਿਆ। ਸਭ ਦੇ ਚਿਹਰਿਆਂ ਉੱਤੇ ਉਸ ਪ੍ਰਤੀ ਪ੍ਰਸ਼ੰਸਾ ਝਲਕ ਰਹੀ ਹੈ।

ਪੁਲਸ ਦੀ ਕਾਰ ਨੇ ਲੋਕਾਂ ਵਿਚ ਬੇਚੈਨੀ ਜਿਹੀ ਫੈਲ ਦਿੱਤੀ। ਕਾਰ ਵੇਖ ਲੰਬੜਦਾਰ ਵੀ ਇਕ ਵਾਰ ਤਾਂ ਹੌਂਸਲੇ ਵਿਚ ਆ ਗਿਆ।

–ਲੈ ਹੁਣ ਰੋਕ ਕੇ ਵਿਖਾਉਂਦੇ ਹਾਂ। ਕੈਲੇ ਨੇ ਕਿਹਾ।

-ਅੱਗੇ ਵਧੋ ਤਾਂ ਸਹੀ, ਜੇ ਅਸਲੀ ਪਿਉ ਦੇ ਜਣੇ ਹੋਏ ਓਂ!

ਪੁਲਸ ਦੀ ਹਾਜਰੀ ਵਿੱਚ ਜਮਨੇਜੇ ਦਾ ਹੌਸਲਾ ਵੇਖ ਉੱਖੜੇ ਲੋਕ ਫਿਰ ਟਿਕਾ ਵਿੱਚ ਆ ਗਏ।

ਥਾਣੇਦਾਰ ਨੇ ਆਉਂਦਿਆਂ ਹੀ ਜਮਨੇਜੇ ਨਾਲ ਬੜੇ ਤਪਾਕ ਨਾਲ ਹੱਥ ਮਿਲਾਇਆ।

-ਆਹ ਦੋ ਤਿੰਨ ਬਦਮਾਸ਼ ਗੁੰਡਾਗਰਦੀ ਕਰ ਰਹੇ ਸੀ। ਕੁੜੀ ਦੇ ਕਾਰਜ ਵਿੱਚ ਵਿਘਨ ਪਾ ਰਹੇ ਸੀ।

ਲੰਬੜਦਾਰ ਦੇ ਟੱਬਰ ਦੇ ਸਾਣ ਮਾਰੇ ਗਏ। ਇਹ ਕੀ ਹੋ ਰਿਹਾ ਹੈ। ਪਿੰਡ ਵਾਲੇ ਵੀ ਅਚੰਭੇ ਵਿੱਚ ਆ ਗਏ...। ਜਮਨੇਜਾ ਏਡੀ ਕਿੱਡੀ ਕੁ ਹਸਤੀ ਹੈ? ਉਨ੍ਹਾਂ ਦੇ ਹੌਸਲੇ ਵਧ ਗਏ। ਸਭ ਨੇ ਅੱਗੇ ਹੋ ਕੇ ਗਵਾਹੀ ਭਰੀ।

ਲੰਬੜਦਾਰ ਅਤੇ ਦੋਵੇਂ ਮੁੰਡੇ ਹਥਕੜੀਆਂ ਲਗਾ ਥਾਣੇ ਨੂੰ ਭੇਜ ਦਿੱਤੇ...।

ਉਸ ਸ਼ਾਮ ਬਹੁਤੇ ਬੰਦਿਆਂ ਦੇ ਪੈਰ ਧਰਤੀ ਨਾਲ ਨਹੀਂ ਲਗ ਰਹੇ। ਮੁੰਡੇ ਖੁੰਡੇ ਬਾਘੀਆਂ ਪਾਉਂਦੇ ਫਿਰ ਰਹੇ ਨੇ...।

ਬਸ ਲੰਬੜਦਾਰਾਂ ਦੇ ਘਰ ਕਬਰਾਂ ਜਿਹੀ ਚੁੱਪ ਚਾਂ ਹੈ।

ਸ਼ਾਮ ਉਤਰ ਆਈ ਹੈ ਘਰ ਵਿਚ ਚਹਿਲ ਪਹਿਲ ਇਕ ਦਮ ਨਹੀਂ ਹੈ। ਜੱਸੀ ਤੇ ਭਾਬੀ ਨੇ ਬੱਸ। ਕੁੜੀਆਂ ਵਿਆਹ ਵਾਲੇ ਘਰ ਜਾ ਚੁੱਕੀਆਂ ਨੇ। ਭਾਬੀ ਵੀ ਤਿਆਰ ਹੈ ਜਾਣ ਲਈ।

-ਅੱਜ ਤਾਂ ਧੋਣੇ ਧੋ ਦਿੱਤੇ ਵੇਹ। ਮਿੱਟੀ ਕਰਕੇ ਰੱਖ ਦਿੱਤੇ ਵੱਡੇ ਨਾਢੂ ਖਾਂ। ਕੁਝ ਚਿਰ ਰੁਕ ਅਚਾਨਕ ਯਾਦ ਆ ਜਾਣ ਵਾਲੀ ਗੱਲ ਵਾਂਗ ਫਿਰ ਬੋਲੀ-ਸੱਚ ਵਿਆਹ ਵਾਲੇ ਘਰੋਂ ਸੱਦਾ ਹੈ ਤੈਨੂੰ...। ਖਾਸ ਜੋਰ ਪਾ ਕੇ ਕਿਹਾ ਹੈ।

-ਨਹੀਂ ਭਾਬੀ ਮੈਂ ਇਨ੍ਹਾਂ ਰੌਲੇ ਰੱਪਿਆਂ ਤੋਂ ਬਹੁਤ ਚਲਦਾਂ। ਨਾਲੇ ਥੱਕ ਜਿਹਾ ਗਿਆਂ, ਆਰਾਮ ਕਰਨਾ ਚਾਹੁਨਾਂ...।

-ਰੋਟੀ ਘਰੇ ਘੱਲ ਦਿਆਂ ਫਿਰ? ਤੇਰੇ ਵੀਰੇ ਦੀ ਵੀ ਘਰੇ ਆਉਣੀ ਹੈ।

-ਘੱਲ ਦਿਓ।

ਭਾਬੀ ਦੇ ਜਾਣ ਪਿਛੋਂ ਉਸਨੇ ਧਿਆਨ ਦਿੱਤਾ। ਜੱਸੀ ਦਾ ਚਿਹਰਾ ਦਰਦ ਨਾਲ ਤਣਿਆ ਜਾ ਰਿਹਾ ਹੈ। ਪਾਸਾ ਲੈਣ ਸਮੇਂ ਮੂੰਹੋਂ 'ਊਫ' ਵੀ ਨਿਕਲ ਗਿਆ।

-ਦਰਦੀ ਦੀ ਗੋਲੀ ਨਹੀਂ ਲਈ ਅੱਜ?

-ਕੱਲ੍ਹ ਦੀਆਂ ਖਤਮ ਨੇ। ਲਿਆਉਣ ਲਈ ਤੈਨੂੰ ਕਹਿਣਾ ਯਾਦ ਹੀ ਨਹੀਂ ਰਿਹਾ।

-ਠਹਿਰ ਮੈਂ ਵੇਖਦਾਂ...।

ਬਰੀਫ ਕੇਸ ਫੋਲਦੇ ਦੇ ਉਸਦੇ ਦਿਮਾਗ ਵਿੱਚ ਇਕ ਵਿਚਾਰ ਕੌਂਧ ਗਿਆ। ਉਸ ਉੱਪਰ ਅਮਲ ਕਰਨ ਦੀ ਧਾਰ ਲਈ। ਉਸਨੇ ਨੀਂਦ ਦੀਆਂ ਦੋ ਬੜੀਆਂ 'ਸਟਰਾਂਗ' ਗੋਲੀਆਂ ਕੱਢੀਆਂ।

-ਲੈ ਆਹ ਲੈ ਲਾ... ਦਰਦ ਟਿਕ ਜਾਊ...। ਸ਼ਾਇਦ ਨੀਂਦ ਹੀ ਆ ਜਾਵੇ...।

ਪੰਦਰਾਂ ਮਿੰਟਾਂ ਵਿੱਚ ਹੀ ਜੱਸੀ ਦੀਆਂ ਅੱਖਾਂ ਮਿਚਣ ਲਗ ਪਈਆਂ। ਛੇਤੀ ਹੀ ਡੂੰਘੀ ਨੀਂਦ ਵਿਚ ਗੁਆਚ ਗਿਆ। ਜਮਨੇਜੇ ਨੇ ਉੱਠ ਕੇ ਗਲੀ ਵਿਚ ਨਜ਼ਰ ਮਾਰੀ। ਛੋਟਾ ਜਿਹਾ ਮੁੰਡਾ ਨਜ਼ਰੀਂ ਪਿਆ ਤਾਂ ਹਾਕ ਮਾਰ ਲਈ।

-ਵਿਆਹ ਵਾਲਾ ਘਰ ਜਾਣਦਾ ਹੈਂ?

-ਹਾਂ...।

-ਜਾ ਕੇ ਦੀਪਾਂ ਨੂੰ ਕਹੀਂ ਆਪਣੇ ਬਾਪੂ ਦੀ ਦਵਾਈ ਵਾਲੀ ਸ਼ੀਸ਼ੀ ਲੱਭ ਕੇ ਦੇ ਜਾਵੇ। ਸਾਨੂੰ ਲੱਭ ਨਹੀਂ ਰਹੀ।

-ਅੱਛਾ।



ਮੁੰਡਾ ਜਾਣ ਲੱਗਿਆ ਤਾਂ ਉਸਨੇ ਸੱਦ ਕੇ ਰੁਪਈਆ ਉਸਦੇ ਹੱਥ ਉਤੇ ਰੱਖ ਦਿੱਤਾ।

-ਲੈ ਚੀਜੀ ਲੈ ਕੇ ਖਾ ਲੀਂ। ਦੇਖ ਕਹਿਣਾਂ ਭੁਲ ਨਾ ਜਾਈਂ। ਹੁਣ ਭੇਜ ਦੀ ਦੀਪਾਂ ਨੂੰ...! ਅੱਛਾ...?

-ਹੁਣੇ ਜਾਨਾਂ। ਪੈਸੇ ਵੇਖ ਬੱਚਾ ਖੁਸ਼ ਹੋ ਗਿਆ।

ਦਰਵਾਜਾ ਭੇੜ ਕੇ ਉਹ ਛੱਤ ਉਤੇ ਆ ਗਿਆ। ਅੱਜ ਦੀ ਘਟਨਾ ਬਾਰੇ ਵਿਚਾਰਨ ਲੱਗ ਪਿਆ। ਕਿੰਨਾ ਹੌਸਲਾ ਵਿਖਾਉਣਾ ਪਿਆ ਹੈ। ਸਭ ਤੋਂ ਵੱਧ ਜੋਰ ਬੋਲੀ ਨੂੰ ਪੇਂਡੂ ਰੰਗਣ ਦੇਣ ਲਈ ਲੱਗਿਆ। ਉਂਝ ਏਹੋ ਜਿਹੇ ਉਜੱਡ ਰੌਲੇ ਗੌਲੇ ਤੋਂ ਉਹ ਦੂਰ ਹੀ ਰਹਿੰਦਾ ਹੈ। ਬਿਜਨੈਸ ਦਾ ਤਕਾਜਾ ਵੀ ਨਹੀਂ ਹੈ ਇਸ ਤਰ੍ਹਾਂ ਦੀਆਂ ਫਾਲਤੂ ਗੱਲਾਂ ਵਿਚ ਉਲਝਣ ਦਾ। ਅੱਜ ਦੀ ਘਟਨਾ ਦੇ ਪੈਣ ਵਾਲੇ ਪ੍ਰਭਾਵਾਂ ਬਾਰੇ ਉਸਨੂੰ ਤਸੱਲੀ ਹੈ। ਪਿੰਡ ਦੇ ਲੋਕਾਂ ਦੇ ਦਿਲਾਂ ਉੱਤੇ ਡੂੰਘੀ ਛਾਪ ਪੈ ਗਈ ਹੋਣੀ ਹੈ। ਲੰਬੜਦਾਰਾਂ ਵੱਲੋਂ ਜਵਾਬੀ ਹਮਲੇ ਦਾ ਬਹੁਤਾ ਖਤਰਾ ਨਹੀਂ। ਇਕ ਤਾਂ ਟਾਊਟ ਬੰਦੇ ਦੇ ਉਂਝ ਹੀ ਪੈਰ ਨਹੀਂ ਹੁੰਦੇ। ਦੂਜਾ ਪਿੰਡ ਉਸਦੇ ਖਿਲਾਫ਼ ਹੈ। ਤੀਜਾ ਪੁਲਸ ਦੇ ਜਨਮੇਜੇ ਪ੍ਰਤੀ ਰਵਈਏ ਨੇ ਉਂਝ ਹੀ ਉਸਦੀਆਂ ਅੱਖਾਂ ਖੋਲ੍ਹ ਦਿਤੀਆਂ ਹੋਣਗੀਆਂ। ਰਹਿੰਦੀ ਕਸਰ ਰਾਜੀਨਾਮੇ ਲਈ ਨੱਕ ਰਗੜਾ ਰਗੜਾ ਕੇ ਪੂਰੀ ਕਰ ਦੇਵੇਗਾ।

ਇਸ ਸਭ ਕਾਸੇ ਤੋਂ ਪਰਾਂਹ ਉਹ ਦੀਪਾਂ ਬਾਰੇ ਸੋਚਦਾ ਹੈ। ਕਿੰਨੀ ਮਿਹਨਤ ਕਰਨੀ ਪਈ ਹੈ ਇਸ ਕੁੜੀ ਲਈ? ਅੱਜ ਦਾ ਤੀਰ ਤਾਂ ਨਿਸ਼ਾਨੇ ਉੱਤੇ ਬੈਠਿਆਂ ਹੀ ਹੋਏਗਾ ਹੁਣ ਹੋਰ ਸਬਰ ਨਹੀਂ ਕਰ ਹੁੰਦਾ ਉਸ ਕੋਲੋਂ। ਅੱਜ ਭਾਵੁਕ ਪੱਧਰ ਉਤੇ ਵੀ ਉਹ ਦੀਪਾਂ ਨੂੰ ਵਰਗਲਾਉਣ ਦੀ ਪੂਰੀ ਕੋਸ਼ਿਸ਼ ਕਰੇਗਾ।

ਇਸ ਗੱਲ ਲਈ ਉਹ ਸਾਰੀ ਸਥਿਤੀ ਅਤੇ ਡਾਏਲਾਗ ਮਨ ਵਿਚ ਤਿਆਰ ਕਰਨ ਲੱਗ ਪਿਆ। ਦੋ ਕੁ ਮਿੰਟ ਲਗਾਤਾਰ ਰਗੜ ਕੇ ਹਥੇਲੀਆਂ ਨਾਲ ਅੱਖਾਂ ਲਾਲ ਕਰ ਲਈਆਂ।

ਬਾਹਰ ਹਨੇਰਾ ਫੈਲਣ ਲਗ ਪਿਆ। ਪਰ ਉਸਨੇ ਬੱਤੀ ਨਹੀਂ ਜਗਾਈ।

ਦਰਵਾਜਾ ਖੁੱਲ੍ਹਣ ਦੀ ਆਵਾਜ਼ ਉੱਤੇ ਉਹ ਪੋਲੇ ਕਦਮੀਂ ਮੋਘੇ ਕੋਲ ਜਾ ਖੜ੍ਹਾ ਹੋਇਆ। ਦੀਪਾਂ ਹੀ ਹੈ। ਕੁਝ ਪਲ ਖੜ੍ਹੀ ਜੱਸੀ ਵਲ ਵੇਖਦੀ ਰਹੀ।

ਉਸਨੇ ਸੋਚਿਆ ਆਵਾਜ਼ ਮਾਰ ਲਵੇ। ਪਰ ਨਹੀਂ ਉਹ ਵੇਖਣਾ ਚਾਹੁੰਦਾ ਹੈ। ਅੱਜ ਦੀ ਘਟਨਾ ਦੇ ਪ੍ਰਭਾਵ ਨੂੰ ਵੇਖਣਾ ਚਾਹੁੰਦਾ ਹੈ। ਅੰਦਰਲੇ ਹੁਲਾਸ ਕਾਰਣ ਉੱਪਰ ਆਉਂਦੀ ਹੈ ਜਾਂ ਨਹੀਂ? ਜੇ ਵਾਪਸ ਜਾਣ ਲੱਗੀ ਤਾਂ ਹਾਕ ਮਾਰ ਹੀ ਲਵੇਗਾ?

-ਅੰਕਲ?

-ਹਾਕ ਮਾਰ ਦੀਪਾਂ ਦੁਆਲੇ ਵੇਖਦੀ ਰਹੀ ਕੁਝ ਚਿਰ। ਫਿਰ ਉੱਪਰ ਵੱਲ ਅਉਂਦੀਆਂ ਪੌੜੀਆਂ ਵਲ ਵਧ ਗਈ। ਉਹ ਕਦਮ ਬੋਚਦਾ ਕਾਹਲੀ ਨਾਲ ਚੁਬਾਰੇ ਵਿਚ ਆ ਕੇ ਮੰਜੇ ਉੱਪਰ ਬੈਠ ਗਿਆ। ਪੈੜ ਚਾਲ ਦਰਵਾਜੇ ਤੱਕ ਆ ਗਈ।

-ਅੱਜ ਤਾਂ ਪਿੰਡ ਦੇ ਹੀਰੋ ਬਣ ਗਏ ਅੰਕਲ। ਹਰ ਕੋਈ ਤੁਹਾਡੀਆਂ ਹੀ ਗੱਲਾਂ ਕਰਦਾ ਹੈ। ਸੱਚੀਂ ਕੀ ਸੀਨ ਪੈਦਾ ਕੀਤਾ ਸੀ। ਫਿਲਮਾਂ ਦੇ ਨਕਲੀ ਸੀਨ ਵੀ ਏਨੇ ਕਰੇਜੀ ਨਹੀਂ ਹੁੰਦੇ ਜਿਸ ਤਰ੍ਹਾਂ ਦਾ ਸੀਨ ਅੱਜ ਅਸਲ ਜੀਵਨ ਵਿੱਚ ਵੇਖਿਆ। ਸਾਮ੍ਹਣੇ ਡਰੇ ਖੜ੍ਹੇ ਦੁਸ਼ਮਣ। ਆਲੇ ਦੁਆਲੇ ਸਾਹ ਰੋਕੀ ਖੜ੍ਹੇ ਸੌ ਬੰਦੇ ਅਤੇ ਵਿਚਕਾਰ ਹੀਰੋ ਬਣੇ ਤੁਸੀਂ। ਹੱਥ ਵਿੱਚ ਪਸਤੌਲ...। ਬਲਦੀਆਂ ਅੱਖਾਂ... ਬਈ ਬਾਹ। ਸੱਚੀਂ ਜੇ ਅੱਜ ਕੋਈ ਡਾਇਰੈਕਟਰ ਇੱਥੇ ਹੁੰਦਾ...।

ਬੋਲਦੇ ਬੋਲਦੇ ਦੀਪਾਂ ਨੇ ਬੱਤੀ ਜਗਾ ਦਿੱਤੀ।

-ਕੀ ਗੱਲ ਹਨੇਰੇ ਵਿੱਚ ਹੀ...

ਉਸਦੇ ਉਦਾਸ ਚਿਹਰੇ ਉੱਤੇ ਨਜ਼ਰ ਪੈਂਦਿਆਂ ਹੀ ਦੀਪਾਂ ਇਕ ਦਮ ਚੁੱਪ ਕਰ ਗਈ।

-ਅੰਕਲ...! ਏਕਣ ਚੁੱਪ ਜਿਹੇ ਕਿਉਂ ਹੋ? ਦੀਪਾਂ ਉਸਦੇ ਨੇੜੇ ਆ ਗਈ-ਤੁਸੀਂ ਤਾਂ ਰੋ ਕੇ ਹਟੇ ਲਗਦੇ ਹੋ...! ਕਿਉਂ ਅੰਕਲ...?

–ਕੁੱਛ ਨਹੀਂ। ਉਸਨੇ ਬੁਝੀ ਜਿਹੀ ਆਵਾਜ਼ ਵਿਚ ਕਿਹਾ ਤੇ ਅੱਖਾਂ ਚੁਰਾ ਲਈਆਂ।

–ਕੀ ਹੋ ਗਿਆ ਅੰਕਲ?

ਜਮਨੇਜੇ ਨੇ ਇਕ ਡੂੰਘਾ ਹੌਕਾ ਭਰ ਲਿਆ–ਕੁਝ ਵੀ ਤਾਂ ਨਹੀਂ।

–ਕੋਈ ਗੱਲ ਜ਼ਰੂਰੀ ਹੈ? ਤੁਹਾਨੂੰ ਮੇਰੀ ਸੌਂਹ। ਮੈਨੂੰ ਨਹੀਂ ਦਸੋਗੇ?

ਉਸਨੇ ਬੁਝਿਆ ਜਿਹਾ ਚਿਹਰਾ ਉੱਪਰ ਚੁੱਕਿਆ–ਮੈਂ ਅੱਜ ਬਹੁਤ ਉਦਾਸ ਹਾਂ ਦੀਪਾਂ।

–ਕਿਉਂ? ਅੱਜ ਤਾਂ ਤੁਹਾਨੂੰ ਖੁਸ਼ ਹੋਣਾ ਚਾਹੀਦਾ ਹੈ...। ਏਨਾ ਇੱਜਤ ਮਾਣ ਮਿਲ ਰਿਹਾ ਹੈ ਹਰ ਪਾਸੇ ਤੋਂ।

–ਇਸੇ ਗੱਲ ਦਾ ਤਾਂ ਦੁਖ ਹੈ। ਏਨੇ ਮਾਣ–ਇੱਜ਼ਤ ਨੂੰ ਕੀ ਕਰਾਂ? ਮਨ ਖਾਲੀ ਹੈ ਇਕ ਦਮ। ਕੋਈ ਸਹਾਰਾ ਨਹੀਂ। ਦਿਲ ਦੀ ਦੁਨੀਆਂ ਵਿਚ ਏਨਾ ਕੰਗਾਲ ਬੰਦਾ ਬਾਹਰੀ ਇੱਜਤ ਮਾਣ ਨੂੰ ਲੈ ਕੇ ਕੀ ਕਰੂ?

ਦੀਪਾਂ ਕੁਝ ਨਾ ਬੋਲੀ। ਉਸਨੇ ਦੀਪਾਂ ਦੇ ਚਿਹਰੇ ਵੱਲ ਵੇਖਿਆ।

–ਸੋਚਦਾਂ ਇਸ ਘਰ ਵਿਚ ਹੁਣ ਨਾ ਹੀ ਆਇਆਂ ਕਰਾਂ!

ਦੀਪਾਂ ਤੜਫ ਗਈ–ਕਿਉਂ? ਏਕਣ ਕਿਉਂ ਸੋਚਦੇ ਹੋ...?

–ਗੱਲ ਹੀ ਐਸੀ ਹੈ। ਬਹੁਤ ਦਿਨਾਂ ਦਾ ਤੈਨੂੰ ਕਹਿਣ ਨੂੰ ਫਿਰਦਾ ਸੀ। ਪਰ...

–ਪਰ ਕੀ...?

–ਡਰਦਾ ਸੀ ਕਿਤੇ ਤੂੰ ਬੁਰਾ ਨਾ ਮੰਨ ਜਾਵੇਂ...

–ਐਸੀ ਕਿਹੜੀ ਗੱਲ ਹੈ ਅੰਕਲ...?

–ਇਹ ਵੀ ਜਾਣਦਾਂ, ਇਹ ਸਭ ਕਹਿਣਾ ਦਾ ਮੈਨੂੰ ਕੋਈ ਹੱਕ ਨਹੀਂ ਹੈ...। ਕੋਈ ਹੱਕ ਨਹੀਂ ਹੈ ਮੈਨੂੰ...।

–ਤੁਸੀਂ ਦਸੋ ਤਾਂ ਸਹੀ...

ਉਹ ਕੁਝ ਖ਼ਾਮੋਸ਼ ਰਿਹਾ। ਦੀਪਾਂ ਦੀਆਂ ਨਜ਼ਰਾਂ ਉਸਦੇ ਚੇਹਰੇ ਤੇ ਗੱਡੀਆਂ ਰਹੀਆਂ।

–ਬਹੁਤ ਵਰ੍ਹਿਆਂ ਦੀ ਗੱਲ ਹੈ ਦੀਪਾਂ। ਉਦੋਂ ਤੇਰੀ ਕੁ ਉਮਰ ਦਾ ਹੋਊਂ ਮਸੀਂ...। ਬੜੇ ਮਿੱਠੇ ਸੁਪਨੇ ਆਉਂਦੇ ਹੁੰਦੇ ਸੀ ਉਦੋਂ... ਬੜਾ ਮਿਠਾ ਮਿਠਾ ਸੋਚਦਾ ਰਹਿੰਦਾ ਸੀ। ਅਚਾਨਕ ਮਨ ਅੰਦਰ ਇਕ ਕੁੜੀ ਦੇ ਨਕਸ਼ ਉਕਰੇ ਗਏ। ਜਾਣ ਬੁਝ ਕੇ ਨਹੀਂ, ਬਸ ਅਚੇਤ ਹੀ। ਬੜੇ ਪਿਆਰੇ ਨਕਸ਼ ਸੀ ਮਨ ਅੰਦਰਲੀ ਕੁੜੀ ਦੇ। ਪਰ ਬਾਹਰ ਉਹ ਕਦੀ ਨਹੀਂ ਮਿਲੀ। ਜਾਪਦਾ, ਮਨ ਉਸਨੂੰ ਢੂੰਡ ਰਿਹਾ ਹੈ, ਪਰ ਕਿਤੇ ਨਹੀਂ ਦਿਸੀ। ਘਰਦਿਆਂ ਵਿਆਹ ਕਰ ਦਿੱਤਾ। ਸੋਚਿਆ ਪਤਨੀ ਵਿੱਚੋਂ ਉਸ ਕੁੜੀ ਨੂੰ ਭਾਲੂੰਗਾ। ਮਨ ਅੰਦਰਲੀ ਕੁੜੀ ਵਾਲਾ ਸਾਰਾ ਪਿਆਰ ਉਸਨੂੰ ਦਊਂਗਾ। ਪਰ ਛੇਤੀ ਹੀ ਸੁਪਨੇ ਟੁੱਟ ਗਏ। ਪਤਨੀ ਦੀਆਂ ਆਦਤਾਂ ਹੀ ਹੋਰ ਤਰ੍ਹਾਂ ਦੀਆਂ ਸੀ। ਇਕ ਦਿਨ ਵੀ ਮੈਨੂੰ ਸਮਝ ਨਹੀਂ ਸਕੀ? ਕਦੀ ਪਿਆਰ ਨਹੀਂ ਦੇ ਸਕੀ। ਬਹੁਤ ਛੇਤੀ ਜ਼ਿੰਦਗੀ ਸੁੰਨੀ ਸੁੰਨੀ ਲੱਗਣ ਲਗ ਪੀ। ਮਨ ਅੰਦਰਲੀ ਕੁੜੀ ਦੇ ਨਕਸ਼ ਜਿਵੇਂ ਅੰਦਰ ਹੀ ਮੁਰਝਾ ਗਏ। ਇਕੋ ਛੱਤ ਹੇਠਾਂ ਰਹਿੰਦੇ ਆ ਰਹੇ ਹਾਂ, ਪਰ ਅਜਨਬੀਆਂ ਵਾਂਗ। ਕਦੀ ਇਕ ਦੂਸਰੇ ਨਾਲ ਭਿੱਜ ਨਹੀਂ ਸਕੇ। ਕਈ ਵਾਰ ਸੋਚਿਆ ਤਲਾਕ ਲੈ ਕੇ ਅੱਡ ਹੋ ਜਾਵਾਂ। ਉਹ ਵੀ ਤਿਆਹ ਹੈ ਪਰ ਫਿਰ ਮੈਂ ਹੀ ਚੁਪ ਕਰ ਗਿਆ। ਕੀਹਦੇ ਸਹਾਰੇ ਲਵਾਂ ਤਲਾਕ? ਹਰ ਸਮੇਂ ਹਸਦਾ ਰਹਿਨਾਂ ਕਿ ਕਿਸੇ ਨੂੰ ਮੇਰੇ ਮਨ ਦੇ ਦਰਦ ਦਾ ਕਿਤੇ ਪਤਾ ਨਾ ਲਗ ਜਾਵੇ। ਕੌਣ ਵੰਡਾਉਂਦਾ ਹੈ ਦਰਦ? ਦੁਨੀਆਂ ਤਾਂ ਖਿੱਲੀ ਉੜਾਉਂਦੀ ਹੈ। ਬਸ ਸੱਖਣੇ ਮਨ ਨਾਲ ਜਿਉਂ ਰਿਹਾ ਸੀ। ਜਿਵੇਂ ਆਪਣੀ ਹੀ ਲਾਸ਼ ਕੋਈ ਮੋਢਿਆਂ ਉੱਤੇ ਚੁੱਕੀ ਫਿਰ ਰਿਹਾ ਹੋਵੇ, ਕਿ ਹਸਪਤਾਲ ਵਿਚ ਜਿਸ ਦਿਨ ਤੈਨੂੰ ਵੇਖਿਆ ਉਸ ਦਿਨ...

ਉਹ ਚੁੱਪ ਕਰ ਗਿਆ।

ਦੀਪਾਂ ਕਾਹਲੀ ਨਾਲ ਪੁੱਛ ਗਈ–ਉਸ ਦਿਨ ਕੀ...?

–ਉਸ ਦਿਨ, ਮਨ ਵਿਚਲੀ ਕੁੜੀ ਵਰ੍ਹਿਆਂ ਦੀ ਸੁੱਤੀ ਜਿਵੇਂ ਅਚਾਨਕ ਜਾਗ ਪਈ ਹੋਵੇ। ਮਨ ਬੇਚੈਨ



ਹੋ ਗਿਆ। ਤੈਨੂੰ ਵੇਖਕੇ ਹੈਰਾਨ ਹੋ ਗਿਆ। ਮਨ ਅੰਦਰਲੀ ਕੁੜੀ ਦੇ ਨਕਸ਼ ਤੇਰੇ ਨਾਲ ਇਨ ਬਿਨ ਕਿਵੇਂ ਮਿਲਦੇ ਸੀ। ਅੱਜ ਮਨ ਦੀ ਕਮਜ਼ੋਰੀ ਬਾਰੇ ਦਸ ਰਿਹਾਂ ਕਿ ਤੇਰੇ ਘਰ ਸਿਰਫ ਤੇਰੇ ਕਰਕੇ ਆਉਂਦਾ ਰਿਹਾ ਹਾਂ। ਦਿਮਾਗ ਨੇ ਬਹੁਤ ਫਿਟਕਾਰਿਆ ਕਿ ਇਹ ਠੀਕ ਨਹੀਂ ਹੈ। ਕੀ ਹੱਕ ਹੈ ਮੇਰਾ ਪਿਆਰ ਕਰਨ ਦਾ? ਜੇ ਪਤਨੀ ਤਲਾਕ ਵੀ ਦੇ ਦੇਵੇ ਤਾਂ ਵੀ ਕੀ ਹੱਕ ਹੈ? ਆਪਣੀ ਉਮਰ ਵੱਲ ਤਾਂ ਵੇਖ...? ਪਰ ਦਿਲ ਹੈ ਕਿ ਇਕ ਵੀ ਦਲੀਲ ਨਹੀਂ ਮੰਨ ਰਿਹਾ... ਚੁਪਚਾਪ ਪਿਆਰ ਕਰੀ ਜਾ ਰਿਹਾ ਹੈ।

ਉਹ ਰੁਕ ਗਿਆ। ਵੇਖਿਆ ਦੀਪਾਂ ਦਾ ਚਿਹਰਾ ਲਾਲ ਸੂਹਾ ਹੋ ਰਿਹਾ ਹੈ। ਚਿਹਰੇ ਉਪਰ ਬੇ–ਮਾਲੂਮ ਕਾਂਬਾ ਵੀ ਹੈ। ਬੁੱਲ੍ਹ ਹਵਾ ਸਮਾਨ ਫਰਕ ਰਹੇ ਨੇ। ਉਸਨੇ ਜਾਚਿਆ ਇਹ ਭਾਵ ਗੁੱਸੇ ਦੇ ਤਾਂ ਹਰਗਿਜ ਨਹੀਂ ਹਨ।

ਦੀਪਾਂ ਬੁੱਲ੍ਹਾਂ ਵਿਚ ਹੀ ਫੁਸਫਸਾਈ–ਮੰ... ਮੈਂ...

ਹਾਂ! ਇਹੀ ਮੌਕਾ ਹੈ ਗੱਲ ਸਾਂਭਣ ਦਾ।

–ਆਪਣੇ ਮਨ ਤੋਂ ਡਰ ਲਗਦਾ ਹੈ ਦੀਪਾਂ...। ਸੋਚਦਾਂ ਹੁਣ ਇੱਥੇ ਨਾ ਹੀ ਆਇਆ ਕਰਾਂ।

–ਨਾਂ... ਨਹੀਂ... ਇਸ ਤਰ੍ਹਾਂ... ਕਿਉਂ...

–ਡਰਦਾਂ ਇਸ ਜ਼ਿੰਦਗੀ ਤੋਂ ਘਬਰਾ ਕੇ ਕਿਤੇ ਖੁਦਕਸ਼ੀ ਹੀ ਨਾ ਕਰ ਬੈਠਾਂ...

–ਖੁਦਕਸ਼ੀ? ਦੀਪਾਂ ਅਚਾਨਕ ਭਾਵੁਕ ਹੋ ਉੱਠੀ ਹੈ। ਉਸਨੂੰ ਬੈਠੇ ਨੂੰ ਹੀ ਬਾਹਵਾਂ ਵਿੱਚ ਭਰ ਕੇ ਸਿਰ ਆਪਣੀ ਹਿੱਕ ਨਾਲ ਘੁੱਟ ਲਿਆ–ਨਹੀਂ..., ਨਹੀਂ...। ਇਸ ਤਰ੍ਹਾਂ ਕਦੀ ਨਾ ਕਰਨਾ। ਸੋਚਣਾ ਵੀ ਨਾ...।

ਦੀਪਾਂ ਦੀ ਹਿੱਕ ਦੇ ਨਰੋਏਪਣ ਨੂੰ ਉਸਨੇ ਆਪਣੀਆਂ ਗਲ੍ਹਾਂ ਉਤੇ ਮਹਿਸੂਸ ਕੀਤਾ। ਸਿਰ ਹੋਰ ਨਾਲ ਘੁੱਟ ਲਿਆ। ਆਵਾਜ਼ ਹੋਰ ਭਾਵੁਕ ਬਣਾ ਲਈ, ਘੁੱਟ ਲੈ ਦੀਪੇ..., ਹੋਰ ਨਾਲ ਘੁੱਟ ਲੈ। ਮੈਨੂੰ ਸਮੇਟ ਲੈ... ਸਾਂਭ ਲੈ...। ਖਿੰਡਰਿਆ ਪਿਆ ਹੈ ਅੰਦਰ..., ਬਿਖਰਿਆ ਪਿਆ ਹਾਂ ਇਕ ਦਮ। ਕੁਝ ਪਲ ਰੁਕ ਉਸਨੇ ਕਿਹਾ–ਮੈਨੂੰ ਸਾਂਭ ਲਏਂਗੀ ਨ੍ਹਾਂ...?

–ਹਾਂ ਰਾਜੇ... ਹਾਂ... ਮੈਂ...

ਉਸਨੇ ਉੱਠ ਕੇ ਦੀਪਾਂ ਨੂੰ ਬਾਹਵਾਂ ਵਿੱਚ ਭਰ ਲਿਆ। ਹੋਠਾਂ ਉਪਰਲੇ ਬੋਲ ਵਿੱਚ ਹੀ ਕਿਤੇ ਦੱਬ ਦਿੱਤੇ...।

ਦੀਪਾਂ ਦੇ ਜਾਣ ਪਿੱਛੋਂ ਵੀ ਉਹ ਉਨ੍ਹਾਂ ਪਲਾਂ ਵਿਚ ਡੁੱਬਿਆ ਰਿਹਾ।

ਸਾਹਮਣੇ ਕੰਧ ਉੱਪਰ ਸ਼ਾਂਤ ਦਿਸਦੀ, ਘਾਤ ਲਗਾਈ ਬੈਠੀ ਕਿਰਲੀ ਦੇ ਲਾਗੇ, ਕੰਧ ਉੱਤੇ ਮੰਡਰਾਉਂਦਾ ਪਤੰਗਾ, ਅਚੇਤ ਹੀ ਕਿਰਲੀ ਦੇ ਬਹੁਤ ਨੇੜੇ ਆ ਗਿਆ। ਜਮਨੇਜਾ ਵੇਖਦਾ ਰਿਹਾ। ਕਿਰਲੀ ਕਿਵੇਂ ਸਹਿਜੇ ਹੀ ਪਤੰਗੇ ਨੂੰ ਨਿਗਲ ਗਈ ਸੀ।

ਆਪਣੀ ਜਿੱਤ ਉੱਤੇ ਉਹ ਹੌਲੇ ਜਿਹੇ ਮੁਸਕਰਾ ਪਿਆ।

## ਚਾਰ

ਇਕ ਦਮ ਸੰਭਲ ਕੇ ਚਲਣਾ ਜ਼ਰੂਰੀ ਹੈ। ਜੱਸੀ ਅਤੇ ਭਾਬੀ ਦੇ ਮਨਾਂ ਵਿਚ ਕੋਈ ਸ਼ੰਕਾ ਨਹੀਂ ਉਪਜਣੀ ਚਾਹੀਦੀ। ਮਤੇ ਬਣਿਆ ਬਣਾਇਆ ਖੇਡ–ਖਰਾਬ ਹੋ ਜਾਵੇ। ਦੀਪਾਂ ਨੂੰ ਉਸਨੇ ਸਮਝਾ ਦਿੱਤਾ ਹੈ। ਘਰਦਿਆਂ ਸਾਮ੍ਹਣੇ 'ਅੰਕਲ' ਕਹਿਣ ਦਾ ਖਾਸ ਖਿਆਲ ਰੱਖਣਾ ਹੈ। ਨਾ ਤਾਂ ਘੁੱਟੀ–ਘੁੱਟੀ ਜਿਹੀ ਰਹਿਣਾ ਹੈ–ਅੰਦਰਲੇ ਪਾਲੇ ਕਾਰਣ। ਨਾ ਹੀ ਉਨ੍ਹਾਂ ਸਾਹਵੇਂ ਏਨਾ ਖੁੱਲ੍ਹਣਾ ਹੈ ਕਿ ਕਿਸੇ ਕਿਸਮ ਦਾ ਸ਼ੱਕ ਪੈਦਾ ਹੋ ਜਾਵੇ।

ਦੀਪਾਂ ਕੋਲੋਂ ਉਹ ਸੰਤੁਸ਼ਟ ਹੈ। ਉਸਦੇ ਹੱਥਾਂ ਨੂੰ ਬੇਰੋਕਟੋਕ ਫਿਰਨ ਦੇਂਦੀ ਹੈ ਹੁਣ ਤਾਂ ਆਪਣੇ ਜਿਸਮ ਉੱਪਰ। ਪਹਿਲਾਂ ਪਹਿਲ ਹਿੱਕ ਉਭਾਰਾਂ ਵਿੱਚ ਉਲਝਦੇ ਹੱਥਾਂ ਦਾ ਵਿਰੋਧ ਕੀਤਾ ਸੀ। ਪਰ ਜਮਨੇਜੇ ਨੇ ਉਸ

ਵਿਰੋਧ ਉੱਪਰ ਵੀ ਛੇਤੀ ਹੀ ਕਾਬੂ ਪਾ ਲਿਆ ਸੀ। ਪੰਘਰੇ ਹੋਏ ਪਲਾਂ ਵਿਚ ਮਿੱਠਾ ਜਿਹਾ ਮਿਹਣਾ ਮਾਰਿਆ ਸੀ ਕਿ ਦੀਪਾਂ ਉਸ ਉਪਰ ਭਰੋਸਾ ਨਹੀਂ ਕਰਦੀ, ਆਪਣੇ ਉੱਪਰ ਉਸਦਾ ਅਧਿਕਾਰ ਨਹੀਂ ਸਮਝਦੀ। ਉਹ ਆਪਣੀ ਜਾਨ ਤੱਕ ਵਾਰਨ ਲਈ ਤਿਆਰ ਸੀ, ਪਰ ਦੀਪਾਂ? ਜਮਨੇਜੇ ਨੇ ਨਕਲੀ ਜਿਹਾ ਰੁਸੇਵਾਂ ਵੀ ਕੀਤਾ ਕਿ ਫਿਰ ਕੀ ਫਾਇਦਾ ਹੈ ਇਨ੍ਹਾਂ ਸੰਬੰਧਾਂ ਦਾ ਜਦੋਂ ਇਕ ਦੂਸਰੇ ਉੱਪਰ ਵਿਸ਼ਵਾਸ਼ ਹੀ ਨਹੀਂ?

ਅਸਰ ਉਸਦੀ ਸੋਚ ਮੁਤਾਬਕ ਹੀ ਹੋਇਆ। ਦੀਪਾਂ ਉਨ੍ਹਾਂ ਪੰਘਰੇ ਪਲਾਂ ਵਿਚ ਪੰਘਰ ਗਈ ਸੀ। ਵਿਰੋਧ ਤਿਆਗ ਦਿੱਤਾ। ਉਸ ਦਿਨ ਤੋਂ ਜਮਨੇਜੇ ਦੇ ਹੱਥਾਂ ਨੂੰ ਕੋਈ ਰੋਕ ਨਹੀਂ ਪਰ ਉਹ ਤਾਂ ਹੋਰ ਅੱਗੇ ਵਧਣਾ ਚਾਹੁੰਦਾ ਹੈ ਅਤੇ ਆਪਣੀ ਇਸ ਇੱਛਾ ਦੀ ਪੂਰਤੀ ਲਈ ਉਹ ਮੌਕੇ ਦੀ ਤਲਾਸ਼ ਵਿੱਚ ਹੈ...।

ਉਹ ਇਸ ਗੱਲੋਂ ਵੀ ਸੁਚੇਤ ਹੈ ਕਿ ਆਪਣੀ ਹਵਸ਼ ਪੂਰਤੀ ਲਈ ਜਿਹੜੀ ਦੁਨੀਆਂ ਉਹ ਉਸਾਰ ਰਿਹਾ ਹੈ, ਉਹ ਸ਼ੀਸ਼ੇ ਦੀ ਬਣੀ ਹੋਈ ਹੈ। ਜੱਸੀ ਅਤੇ ਭਾਬੀ ਦੇ ਮਨ ਵਿੱਚ ਪੈਦਾ ਹੋਏ ਰੱਤੀ ਭਰ ਸ਼ੱਕ ਨਾਲ ਹੀ ਪਲਾਂ ਵਿੱਚ ਤਿੜਕ ਸਕਦੀ ਹੈ। ਕੰਕਰ ਕੰਕਰ ਹੋ ਕੇ ਢਹਿ ਸਕਦੀ ਹੈ।

ਹਾਂ! ਉਹ ਸੁਚੇਤ ਹੈ ਇਸ ਸਭ ਕਾਸੇ ਤੋਂ। ਇਸੇ ਲਈ ਲਗਾਤਾਰ ਯਤਨ-ਸ਼ੀਲ ਹੈ ਕਿ ਜੱਸੀ ਅਤੇ ਭਾਬੀ ਦੇ ਮਨ ਵਿੱਚ ਉਸ ਲਈ ਬਣੀ ਥਾਂ ਘਟੇ ਨਾਂ। ਸਗੋਂ ਹੋਰ ਵੀ ਵਿਸ਼ਾਲ ਹੁੰਦੀ ਜਾਵੇ।

ਭਾਬੀ ਦੇ ਮਨ ਵਿਚ ਹੋਰ ਡੂੰਘਾ ਵੜਨ ਦੀ ਸੋਚਦਾ ਹੈ। ਭਾਬੀ ਦੀਆਂ ਘਾਲਨਾਵਾਂ ਦੀ ਇਕ ਲਿਸਟ ਮਨ ਵਿਚ ਤਿਆਰ ਕਰਦਾ ਹੈ। ਸਕੂਲ ਵਿੱਚ ਸੀ ਜੱਸੀ ਉਦੋਂ ਜਦੋਂ ਵਿਆਹ ਦਿੱਤਾ ਗਿਆ ਸੀ। ਭਾਬੀ ਦੀ ਹਿੰਮਤ ਕਾਰਨ ਹੀ ਪੜ੍ਹਾਈ ਜਾਰੀ ਰੱਖ ਸਕਿਆ। ਘਰ ਦੇ ਖਰਚ ਤੋਰਨ ਲਈ ਉਸਨੂੰ ਬਹੁਤ ਕੰਮ ਕਰਨਾ ਪੈਂਦਾ। ਜਿਹੜੇ ਥੋੜ੍ਹੇ ਬਹੁਤ ਗਹਿਣੇ ਮਿਲੇ ਸੀ ਸਾਰੇ ਪਤੀ ਉਪਰ ਖਰਚ ਕਰ ਦਿੱਤੇ। ਕਾਲਜ ਵਿੱਚ ਸਾਥੀ, ਜੱਸੀ ਨੂੰ ਕਬੀਲਦਾਰ ਕਹਿ ਕੇ ਛੇੜਦੇ। ਉਹਨਾਂ ਦੇ ਗਰੁੱਪ ਵਿਚੋਂ ਕੱਲਾ ਜੱਸੀ ਹੀ ਵਿਆਹਿਆ ਹੋਇਆ ਸੀ।

ਜੱਸੀ ਪੜ੍ਹਾਈ ਐਫ. ਏ. ਤੱਕ ਹੀ ਜਾਰੀ ਰੱਖ ਸਕਿਆ। ਉਸੇ ਦੌਰਾਨ ਉਸਨੂੰ ਕਲਰਕੀ ਦੀ ਨੌਕਰੀ ਮਿਲ ਗਈ ਸੀ।

ਅਚਾਨਕ ਜਮਨੇਜੇ ਨੂੰ ਯਾਦ ਆਇਆ ਕਿ ਜੱਸੀ ਦੇ ਤਾਂ ਵਿਆਹ ਤੋਂ ਸਾਲ ਕੁ ਪਿਛੋਂ ਹੀ ਕੁੜੀ ਹੋ ਗਈ ਸੀ। ਉਹ ਕੁੜੀ ਕਿੱਥੇ ਹੈ? ਉਸਦਾ ਜ਼ਿਕਰ ਤਾਂ ਘਰ ਵਿੱਚ ਕਦੀ ਚੱਲਿਆ ਹੀ ਨਹੀਂ।

-ਜੱਸੀ, ਜਦੋਂ ਆਪਾਂ ਕਾਲਜ ਪੜ੍ਹਦੇ ਸੀ ਤਾਂ ਇਕ ਬੱਚਾ ਸੀ ਤੇਰੇ ਕੋਲ...। ਸ਼ਾਇਦ ਕੁੜੀ ਸੀ। ਕਿੱਥੇ ਹੈ ਉਹ?

-ਉਸ ਬਾਰੇ ਤੈਨੂੰ ਪਤਾ ਹੀ ਨਹੀਂ? ਉਸਨੂੰ ਵਿਆਹਿਆਂ ਤਾਂ ਸੱਤ ਅੱਠ ਸਾਲ ਹੋ ਗਏ ਨੇ।

-ਕਦੇ ਜ਼ਿਕਰ ਹੀ ਨਹੀਂ ਚੱਲਿਆ। ਵੇਖੀ ਵੀ ਨਹੀਂ। ਆਈ ਨਹੀਂ ਸ਼ਾਇਦ ਕਦੇ...।

-ਆਈ ਤਾਂ ਹੈ ਇਕ ਦੋ ਵਾਰ...। ਪਰ ਤੈਨੂੰ ਮਿਲੀ ਨਹੀਂ। ਆਉਂਦੀ ਹੈ ਤਾਂ ਦਿਨ ਦੀ ਦਿਨ ਮੁੜ ਜਾਂਦੀ ਹੈ। ਰਾਤ ਘੱਟ ਵੱਧ ਹੀ ਰਹਿੰਦੀ ਹੈ। ਇਸ ਵਾਰ ਭਾਬੀ ਨੇ ਕਿਹਾ।

-ਕਿਉਂ ?

-ਸੱਸ, ਬਹੁਤ ਡਾਢੀ ਟੱਕਰੀ ਆ। ਛੱਡਦੀ ਹੀ ਨਹੀਂ। ਇਕ ਦਿਨ ਵੀ ਕੁੜੀ ਨੇ ਸੁੱਖ ਦਾ ਸਾਹ ਨਹੀਂ ਲਿਆ ਹੋਣਾ। ਬੱਸ ਜਦੋਂ ਬਿਮਾਰ ਠਮਾਰ ਹੋ ਜਾਵੇ ਤਾਂ ਛੱਡ ਜਾਂਦੀ ਆ, ਆ ਕੇ। ਬਈ ਅਸੀਂ ਇਲਾਜ ਤੇ ਪੈਸੇ ਖਰਚ ਕਰਦੇ ਰਹਾਂਗੇ। ਇਕ ਊਂ ਬੇਚਾਰੀ ਕਰਮਾਂ ਦੀ ਮਾਰੀ ਪਈ ਹਾ...।

-ਕਿਉਂ, ਕੀ ਹੋ ਗਿਆ...?

-ਜੁਆਕ ਕੋਈ ਨੀ ਕੋਲ। ਰੱਬ ਇਕ ਅੱਧਾ ਦੇ ਦੇਂਦਾ ਤਾਂ ਉਸਦੇ ਨਾਲ ਹੀ ਪਰਚੀ ਰਹਿੰਦੀ। ਜੇ ਕਿਤੇ ਦੇਖੇਂ ਉਸਨੂੰ...। ਹੱਥ ਲਾਇਆਂ ਮੈਲੀ ਹੁੰਦੀ ਆ? ਦੀਪਾਂ ਉਸਦੇ ਕੋਲ ਖੜ੍ਹੀ ਫਿੱਕੀ ਲਗਦੀ ਆ। ਕੋਈ ਦੇਖਕੇ ਕਹਿ ਨਹੀਂ ਸਕਦਾ, ਬਈ ਏਨੇ ਸਾਲਾਂ ਦੀ ਵਿਆਹੀ ਹੋਊ। ਬੱਸ ਜੁਆਕ ਦੀ ਘਾਟ ਕਰਕੇ ਹੀਣੀਂ ਹੋਈ ਫਿਰਦੀ ਆ ਟੱਬਰ ਵਿੱਚ...।



ਭਾਬੀ ਦਾ ਹੌਕਾ ਜਿਹਾ ਨਿਕਲ ਗਿਆ। ਉਹ ਉਦਾਸ ਹੋ ਗਈ।

ਅੱਜ ਘਰ ਵਿੱਚ ਜੱਸੀ ਤੇ ਭਾਬੀ ਨੇ ਬਸ। ਕੁੜੀਆਂ ਸਕੂਲ ਗਈਆਂ ਹੋਈਆਂ ਨੇ। ਉਹ ਵੀ ਲੁਧਿਆਣੇ ਨਹੀਂ ਗਿਆ। ਯੂ. ਪੀ. ਦਾ ਕੋਈ ਤਿਉਹਾਰ ਹੋਣ ਕਾਰਣ 'ਭਈਆ-ਲੇਵਰ' ਨੇ ਦੋ ਦਿਨ ਦੀ ਛੁੱਟੀ ਕਰ ਰੱਖੀ ਹੈ। ਉਹ ਤਿੰਨੇ ਹੀ ਛੱਤ ਉੱਪਰ ਹੀ ਆ ਗਏ ਨੇ। ਉਸਨੇ ਆਪਣੇ ਗਿੱਲੇ ਵਾਲ ਪਿਛਾਂਹ ਨੂੰ ਕੁਰਸੀ ਦੀ ਪਿੱਠ ਉੱਪਰ ਸੁੱਟ ਰਖੇ ਨੇ ਸੁੱਕਣ ਲਈ। ਧੁੱਪ ਨਿੱਘੀ ਲੱਗ ਰਹੀ ਹੈ।

-ਭਾਬੀ! ਜਿੰਨਾ ਤੈਂ ਕੀਤਾ ਹੈ ਆਪਣੇ ਟੱਬਰ ਲਈ, ਕੋਈ ਨਹੀਂ ਕਰ ਸਕਦਾ। ਜੇ ਤੂੰ ਏਨੀ ਸਿਰੜੀ ਨਾ ਹੁੰਦੀ ਤਾਂ ਜੱਸੀ ਨੇ ਹੁਣ ਨੂੰ ਪਿੰਡ ਵਿਚ ਕਿਸੇ ਨਾਲ ਸਾਂਝੀ ਰਲਿਆ ਹੋਣਾ ਸੀ। ਸੱਚੀਂ, ਜਦੋਂ ਤੇਰੇ ਬਾਰੇ ਸੋਚਦਾਂ, ਮਨ ਸਤਿਕਾਰ ਨਾਲ ਭਰ ਜਾਂਦਾ। ਇਸ ਤੋਂ ਉੱਪਰ ਆਦਰਸ਼ ਨਾਰੀ ਦਾ ਹੋਰ ਕਿਹੜਾ ਰੂਪ ਹੋ ਸਕਦਾ ਹੈ?

-ਪਰ ਚੈਨ ਦਾ ਤਾਂ ਇਕ ਦਿਨ ਵੀ ਮੈਂ ਨਹੀਂ ਵੇਖਿਆ...।

-ਚੈਨ ਦਾ ਕੀ ਹੈ ਭਾਬੀ, ਆਪਣੀ ਹਿੰਮਤ ਨਾਲ ਹੀ ਤੈਂ ਬੱਚਿਆਂ ਨੂੰ ਪਰਵਾਨ ਚੜ੍ਹਾ ਦਿੱਤਾ। ਮਨ ਨੂੰ ਸ਼ਾਂਤੀ ਤਾਂ ਹੈ। ਪੈਸੇ ਨੂੰ ਅਗਲਾ ਕੀ ਕਰੂ! ਹੁਣ ਮੇਰੇ ਕੋਲ ਪੈਸੇ ਦਾ ਅੰਤ ਹੈ ਕੋਈ? ਪਰ ਸ਼ਾਂਤੀ ਕਿੱਥੇ ਹੈ? ਪਰਿਵਾਰ ਦਾ ਸੁੱਖ ਮਿਲ ਸਕਿਆ ਹੈ ਇਕ ਦਿਨ ਵੀ? ਕੁੱਝ ਚਿਰ ਰੁਕ ਫਿਰ ਕਿਹਾ-ਅੱਛਾ ਇਹ ਦੱਸ ਭਾਬੀ, ਮਾਣ ਜਿਹਾ ਨਹੀਂ ਭਰਦਾ ਮਨ ਵਿੱਚ, ਜਦੋਂ ਵੀ ਆਪਣੀ ਘਾਲਣਾ ਬਾਰੇ ਸੋਚਦੀ ਹੈਂ।

-ਇਹ ਸਭ ਸੋਚਣ ਦਾ ਵਿਹਲ ਕਿੱਥੇ ਹੈ ਵੇਹ...!

-ਕਿਉਂ ਵਿਹਲ ਨੂੰ ਕੀ ਹੈ? ਮਾਣ ਹੋਣਾ ਹੀ ਚਾਹੀਦਾ ਹੈ ਤੈਨੂੰ। ਕੌਣ ਕਰ ਸਕਿਆ ਹੈ ਏਨਾ? ਜਿਨਾ ਤੂੰ...

ਜੱਸੀ ਦੇ ਜੋਰ ਨਾਲ ਹਸ ਪੈਣ ਕਰਕੇ ਉਸਦੀ ਗੱਲ ਵਿੱਚੋਂ ਹੀ ਕੱਟੀ ਗਈ...

-ਹੁਣ ਬਸ ਕਰ ਜਮਨੇਜੇ...। ਬਥੇਰਾ ਪੰਪ ਦੇ ਲਿਆ। ਬਹੁਤ ਨੰਬਰ ਬਣ ਗਏ ਹੋਣੇ ਨੇ ਹੁਣ ਤਾਂ। ਹੋਰ ਜ਼ਿਆਦਾ ਹਵਾ ਨਾ ਦੇਹ। ਨਹੀਂ ਫਿਰ ਮੇਰੇ ਤੇ ਰੋਅਬ ਪਾਉਂਦੀ ਫਿਰਿਆ ਕਰੂ। ਅੱਛਾ, ਫਿਰ ਚਾਹ ਹੀ ਪਿਲਾ ਦੇ ਏਸ ਖੁਸ਼ੀ 'ਚ, ਅੱਜ ਤਾਂ ਦਿਉਰ ਨੇ ਮੱਖਣ ਬਥੇਰਾ ਲਗਾ ਦਿੱਤਾ ਹੈ।

ਭਾਬੀ ਥਾਲੀ ਰੱਖ ਕੇ ਉੱਠ ਖੜ੍ਹੀ ਹੋਈ।

-ਕੋਈ ਤਾਂ ਹੈ ਕਦਰ ਕਰਨ ਵਾਲਾ। ਤੁਹਾਡੇ ਵਾਂਗ ਤਾਂ ਨੀ। ਕੀਤੀ ਕਰਾਈ ਤੇ ਹੀ ਪਾਣੀ ਫੇਰ ਦਿੰਦੇ ਓ...।

ਤਿੰਨੇ ਹੱਸ ਪਏ। ਉਸਨੇ ਵੇਖਿਆ ਹੇਠਾਂ ਵਲ ਜਾ ਰਹੀ ਭਾਬੀ ਦੇ ਕਦਮਾਂ ਵਿਚ ਰਵਾਨੀ ਆ ਗਈ ਹੈ। ਉਸਨੂੰ ਤਸੱਲੀ ਜਿਹੀ ਹੋਈ...।

ਉਹ ਜੱਸੀ ਵਲ ਪਲਟਿਆ-ਆਪਣੀਆਂ ਕਵਿਤਾਵਾਂ ਸੁਣਾ ਅੱਜ।

ਜੱਸੀ ਨੇ ਹੈਰਾਨੀ ਨਾਲ ਉਸ ਵੱਲ ਵੇਖਿਆ-ਤੂੰ ਕਵਿਤਾਵਾਂ ਸੁਣੇਂਗਾ...? ਤੂੰ...?

-ਕਿਉਂ ਯਾਰ ਮੈਂ ਬੰਦਾ ਈ ਨਹੀਂ ਤੇਰੇ ਖਿਆਲ 'ਚ! ਉਹ ਹੱਸ ਪਿਆ।

ਜੱਸੀ ਝੇਂਪ ਜਿਹਾ ਗਿਆ-ਮੇਰਾ ਇਹ ਮਤਲਬ ਨਹੀਂ ਸੀ। ਸੋਚਿਆ ਅੱਗੇ ਤਾਂ ਕਦੀ ਕਿਹਾ ਨੀ ਕਵਿਤਾ ਸੁਨਾਣ ਲਈ। ਫਿਰ ਹੇਠਾਂ ਨੂੰ ਆਵਾਜ਼ ਮਾਰੀ ਮੇਰੀ ਡਾਇਰੀ ਫੜਾ ਜੀ ਕੇਰਾਂ...।

ਉਸਨੇ ਕਵਿਤਾਵਾਂ ਧਿਆਨ ਨਾਲ ਸੁਣਨ ਦਾ ਸਵਾਂਗ ਰਚਿਆ। ਕੋਈ ਖਾਸ ਲਗਾਓ ਤਾਂ ਨਹੀਂ ਸੀ ਉਸਨੂੰ ਪਰ ਤਾਰੀਫ ਕਰਦਾ ਰਿਹਾ। ਤਾਰੀਫ ਤਾਂ ਕਰਨੀ ਹੀ ਸੀ। ਉਸਨੇ ਵੇਖਿਆ ਜੱਸੀ ਆਪਣੀਆਂ ਕਵਿਤਾਵਾਂ ਬਾਰੇ ਬਹੁਤ ਭਾਵੁਕ ਹੈ। ਉਸਨੂੰ ਇਹ ਵੱਡਾ ਗਿਲਾ ਹੈ ਕਿ ਉਸਨੂੰ ਯੋਗ ਥਾਂ ਨਹੀਂ ਦਿੱਤੀ ਗਈ ਪੰਜਾਬੀ ਸਾਹਿਤ ਵਿੱਚ...। ਗਰੀਬ ਲੇਖਕ ਹੋਣ ਕਰਕੇ ਅਲੋਚਕਾਂ ਦੇ ਕਿਸੇ ਗਰੁਪ ਨੇ ਵੀ ਉਸਨੂੰ ਗੌਲਿਆ ਨਹੀਂ ਸੀ।

ਕਵਿਤਾਵਾਂ ਤਾਂ ਬਹੁਤ ਹੀ ਪਿਆਰੀਆਂ ਨੇ, ਫਿਰ ਯੋਗ ਥਾਂ ਕਿਉਂ ਨਹੀਂ ਮਿਲੀ?

-ਅਲੋਚਕਾਂ ਦਾ ਮੂੰਹ ਕੌੜਾ ਕਰਨ ਦੀ ਪਰੋਖੋ ਨਹੀਂ ਰਹੀ ਕਦੀ ਵੀ। ਅਤੇ ਸ਼ਾਇਦ ਕੋਈ ਵੀ ਕਿਤਾਬ ਅਜੇ ਤੱਕ ਨਾ ਛਪ ਸਕਣ ਕਾਰਣ ਵੀ...।

-ਕਿਤਾਬ ਕਿਉਂ ਨਹੀਂ ਛਪੀ ਅਜੇ ਤੱਕ? ਮੈਟਰ ਪੂਰਾ ਨਹੀਂ ਹੋਇਆ ਕਿਤਾਬ ਦਾ?

-ਮੈਟਰ ਤਾਂ ਦੋ ਨਿੱਗਰ ਕਿਤਾਬਾਂ ਲਈ ਤਿਆਰ ਹੈ। ਕਵਿਤਾਵਾਂ ਦੀ ਕਿਤਾਬ ਦਾ ਵੱਖ ਤੇ ਗ਼ਜ਼ਲਾਂ ਦੀ ਦਾ ਵੱਖ...।

-ਫਿਰ...।

-ਪ੍ਰਕਾਸ਼ਕ ਨੂੰ ਕੋਲੋਂ ਰੁਪਏ ਕਿਤਾਬਾਂ ਲਈ ਕਿੱਥੋਂ ਦੇਵਾਂ?

ਭਾਬੀ ਚਾਹ ਲੈ ਕੇ ਆ ਗਈ। ਗੱਲ ਇੱਥੇ ਹੀ ਖਤਮ ਹੋ ਗਈ। ਜਮਨੇਜੇ ਨੇ ਚੰਗੀ ਤਰ੍ਹਾਂ ਪੜ੍ਹਨ ਦੀ ਇੱਛਾ ਪ੍ਰਗਟਾ ਕੇ ਦੋਵੇਂ ਡਾਇਰੀਆਂ ਮੰਗ ਲਈਆਂ।

*******

ਚਾਹ ਪੀ ਕੇ ਜਮਨੇਜੇ ਨੇ ਪ੍ਰਸਤਾਵ ਰੱਖ ਦਿੱਤਾ।

ਆਓ ਮਿਲਕ ਬਾਰ 'ਤੇ ਘੁੰਮਣ ਚਲੀਏ।

-ਮਿਲਕ ਬਾਰ ਤੇ...? ਦੋਵੇਂ ਹੈਰਾਨ ਹੋ ਗਏ।

-ਮੈਂ ਕੋਈ ਏਨੀ ਅਨਹੋਣੀ ਗਲ ਤਾਂ ਕਹੀ ਨਹੀਂ ਬਈ ਇਸ ਤਰ੍ਹਾਂ ਪੂਰੀਆਂ ਅੱਖਾਂ ਖੋਲ੍ਹ ਕੇ ਵੇਖਣ ਲਗ ਪਵੋ...। ਪੰਜ ਛੇ ਮੀਲ ਤਾਂ ਹੈ ਮਸੀਂ। ਪੰਜ ਮਿੰਟ ਦਾ ਰਾਹ ਹੈ ਕਾਰ ਦਾ।

-ਦੁਪਹਿਰ ਦੀ ਰੋਟੀ ਦਾ ਆਹਰ ਕਰਨਾ ਹੈ ਅਜੇ...।

-ਦਸ ਤਾਂ ਵੱਜੇ ਨੇ ਅਜੇ...। ਦਾਲ ਭੜੋਲੀ ਵਿਚ ਰੱਖ ਦਿਓ। ਦੁਪਹਿਰ ਤੱਕ ਮੁੜ ਆਵਾਂਗੇ। ਮੌਸਮ ਵੀ ਸੁਹਣਾ ਹੈ ਅੱਜ। ਬੱਸ ਹੁਣ ਫਟਾਫਟ ਤਿਆਰ ਹੋਣ ਦੀ ਕਰੋ...।

ਮੌਸਮ ਖੁਸ਼ਗਵਾਰ ਹੈ। ਨਿੱਕੇ ਨਿੱਕੇ ਬੂਟਿਆਂ ਨਾਲ ਖਿੜੇ ਅਣਗਿਣਤ ਫੁੱਲ ਫਿਜਾਂ ਵਿੱਚ ਸੁੰਗਧ ਬਿਖੇਰ ਰਹੇ ਨੇ...। ਜਮਨੇਜਾ, ਜੱਸੀ ਨੂੰ ਮੋਢੇ ਦਾ ਸਹਾਰਾ ਦੇ ਕੇ ਮੈਦਾਨ ਤੱਕ ਲੈ ਆਇਆ...।

-ਬੈਠੀਏ...?

-ਹੋਰ ਅੱਗੇ ਚੱਲ...

-ਥੱਕ ਜਾਏਂਗਾ...

-ਨਹੀਂ ਅੱਜ ਚੰਗਾ ਚੰਗਾ ਜਿਹਾ ਲੱਗ ਰਿਹੈ। ਚੱਲ, ਹਿਰਨ ਪਾਰਕ ਤੱਕ ਲੈ ਚੱਲ। ਨਹਿਰ ਕੰਢੇ ਬੈਠਾਂਗੇ...।

ਦੂਜੇ ਪਾਸਿਓਂ ਭਾਬੀ ਨੇ ਵੀ ਮੋਢੇ ਦਾ ਸਹਾਰਾ ਦੇ ਦਿੱਤਾ। ਉਸ ਵੇਖਿਆ ਭਾਬੀ ਦੇ ਚਿਹਰੇ ਤੇ ਆਈ ਵਾਲ੍ਹਾਂ ਦੀ ਲਿਟ ਮੱਠੀ ਮੱਠੀ ਹਵਾ ਕਾਰਣ ਥਿਰਕ ਰਹੀ ਹੈ। ਸਧਾਰਣ ਕਪੜਿਆਂ ਵਿੱਚ ਵੀ ਉਹ ਕਿਵੇਂ ਸਜ ਰਹੀ ਹੈ?

-ਭਾਬੋ ਬਹੁਤ ਸੁਹਣੀ ਲਗ ਰਹੀ ਹੈਂ। ਇੱਥੇ ਫਿਰਦੀਆਂ ਸ਼ਹਿਰਨਾਂ ਕੁਝ ਵੀ ਨਹੀਂ ਲਗਦੀਆਂ ਤੇਰੇ ਸਾਮ੍ਹਣੇ...।

ਭਾਬੀ ਦੀਆਂ ਅੱਖਾਂ ਵਿਚ ਲਿਸ਼ਕ ਤੈਰ ਗਈ-ਅਸੀਂ ਕਿਤੇ ਕਿਸੇ ਨਾਲੋਂ ਘੱਟ ਹਾਂ ਦਿਉਰਾ। ਇਹ ਤਾਂ ਘਰ ਦੇ ਖਲਜਗਣ ਵਿੱਚੋਂ ਮੌਕੇ ਹੀ ਨਹੀਂ ਮਿਲਦੇ, ਸਜਣ ਸੰਵਰਨ ਦੇ...।

ਨਹਿਰ ਕਿਨਾਰੇ ਉਹ ਘੰਟਾ ਭਰ ਬੈਠੇ ਰਹੇ, ਜਮਨੇਜਾ ਜਾ ਕੇ ਮਿਲਕ ਕੇਕ ਦੇ ਤਿੰਨ ਪੈਕਟ ਫੜ



ਲਿਆਇਆ।

ਵਾਪਸ ਆਉਣ ਸਮੇਂ ਕਾਰ ਨਹਿਰ ਦੀ ਪਟੜੀ ਉਤੇ ਮੁੜਨ ਦੀ ਥਾਂ ਸਿੱਧੀ ਸੜਕ ਤੇ ਜਾਂਦੀ ਵੇਖ ਕੇ ਜੱਸੀ ਨੇ ਪੁੱਛ ਲਿਆ-ਇੱਧਰ ਕਿੱਧਰ ਦੀ?

-ਸਮਰਾਲੇ ਵਿੱਚੀ ਹੋ ਕੇ ਚੱਲਦੇ ਹਾਂ।

ਕੱਪੜੇ ਦੀ ਦੁਕਾਨ ਉਤੇ ਕਾਰ ਰੋਕ ਉਹ ਉਨ੍ਹਾਂ ਨੂੰ ਲੈ ਕੇ ਅੰਦਰ ਚਲਾ ਗਿਆ। ਦੋ ਪੈਂਟ-ਕਮੀਜਾਂ ਦਾ ਕਪੜਾ ਅਤੇ ਇਕ ਜਨਾਨਾ ਸੂਟ ਪੜਵਾ ਲਿਆ। ਉੱਥੋਂ ਨਿਕਲ ਟੇਲਰ ਦੀ ਦੁਕਾਨ ਅੱਗੇ ਕਾਰ ਜਾ ਰੋਕੀ।

-ਇਹ ਕੀ ਕਰ ਰਿਹਾਂ ਯਾਰ ਜਮਨੇਜੇ?

-ਕੁਝ ਨਹੀਂ, ਸੋਚਿਆਂ ਦੋਵੇਂ ਇੱਕੋ ਜਿਹੇ ਸੂਟ ਸਮਾ ਲਈਏ।

-ਪੈਸਾ ਖਰਚਣ ਲਗਿਆਂ ਤਾਂ ਨਹੀਂ ਪਰਵਾਹ ਕਰਦਾ ਭੋਰਾ ਵੀ।

-ਏਥੇ ਹੀ ਖਾ ਹੰਢਾ ਲੈਣਾ ਯਾਰ ਜੱਸੀ। ਹਿੱਕ ਤੇ ਬੰਨ੍ਹਕੇ ਤਾਂ ਲੈ ਨਹੀਂ ਜਾਣਾ ਕੁਝ ਵੀ।

ਕੁੜੀਆਂ ਦੇ ਸਕੂਲੋਂ ਆਉਣ ਤੋਂ ਪਹਿਲਾਂ ਪਹਿਲਾਂ ਹੀ ਪਿੰਡ ਪਰਤ ਆਏ।

*****

ਉਸ ਦਿਨ ਜਮਨੇਜਾ ਪਿੰਡ ਲੇਟ ਪਹੁੰਚਿਆ। ਆਉਂਦਾ ਹੀ ਦੀਪਾਂ ਤੇ ਮੀਤਾਂ ਨੂੰ ਨਾਲ ਲੈ ਕੇ ਪਰਤ ਗਿਆ। ਕਾਰ ਵਿਚੋਂ ਸਮਾਨ ਲਿਆਉਣਾ ਹੈ ਲਾਹ ਕੇ।

ਕੁੜੀਆਂ ਦੀ ਮਦਦ ਨਾਲ ਦੋ ਵੱਡੇ ਵੱਡੇ ਬੰਡਲ ਲੈ ਕੇ ਜਦੋਂ ਘਰ ਅੰਦਰ ਦਾਖਲ ਹੋਇਆ ਤਾਂ ਸਭ ਦੀਆਂ ਨਜ਼ਰਾਂ ਪ੍ਰਸ਼ਨ, ਚਿੰਨ੍ਹ ਬਣ ਗਈਆਂ...।

-ਇਨ੍ਹਾਂ ਵਿਚ ਕੀ ਹੈ ਜਮਨੇਜੇ?

-ਖੋਹਲ ਕੇ ਵੇਖ ਲਓ। ਫਿਰ ਭਾਬੀ ਵਲ ਪਲਟਿਆ-ਭਾਬੋ ਸਾਬਣ ਹੈ ਗੁਸਲਖਾਨੇ ਵਿੱਚ? ਨਹਾਣਾ ਹੈ। ਮਿੱਟੀ ਨਾਲ ਭਰਿਆ ਪਿਆਂ ਸਾਰਾ ਦਿਨ ਲੇਵਰ ਦੇ ਸਿਰ 'ਤੇ ਖੜ੍ਹੇ ਹੋ ਕੇ ਕੰਮ ਕਰਾਣਾ ਪਿਆ ਹੈ।

ਨਹਾਉਂਦੇ ਹੋਏ ਨੇ ਕੰਨ ਕਮਰੇ ਵਲ ਲਗਾ ਦਿੱਤੇ। ਜਾਣਦਾ ਸੀ ਕਮਰੇ ਵਿੱਚ ਹੁਣ ਖੁਸ਼ੀ ਤੇ ਹੈਰਾਨੀ ਦੀ ਲਹਿਰ ਦੌੜ ਜਾਏਗੀ। ਉਹੀ ਹੋਇਆ। ਦੀਪਾਂ ਦੀ ਕਿਲਕਾਰੀ ਕਮਰੇ ਵਿੱਚ ਗੂੰਜ ਉੱਠੀ-ਬੀਬੀ...ਬੀ... ਬਾਜੀ ਦੀ ਕਿਤਾਬ...

ਉਹ ਚੁਪ ਚਾਪ ਨਹਾਉਂਦਾ ਰਿਹਾ।

ਗੁਸਲਖਾਨੇ ਵਿੱਚੋਂ ਨਿਕਲਦੇ ਨੂੰ ਭਾਬੀ ਦੀ ਆਵਾਜ਼ ਸੁਣਾਈ ਦਿੱਤੀ-ਤੁਸੀਂ ਖੜ੍ਹੇ ਕਿਉਂ ਹੋ ਰਹੇ ਹੋ? ਡਿੱਗ ਪਏਂਗਿਓ ਕੁੜੀਓ ਸਾਂਭੀ ਨੀ ਆਪਣੇ ਬਾਪੂ ਨੂੰ...।

ਉਹ ਕਾਹਲੀ ਨਾਲ ਕਮਰੇ ਵਿੱਚ ਪਹੁੰਚ ਗਿਆ। ਜੱਸੀ ਮੰਜੇ ਤੋਂ ਉੱਠਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਹਾਰਾ ਦੇਣ ਲਈ ਅੱਗੇ ਵਧੀ ਨੀਲੂ ਨੂੰ ਮਨ੍ਹਾਂ ਕਰ ਦਿੱਤਾ ਹੈ।

ਡਿੱਗ ਪਏਂਗਾ ਜੱਸੀ...।

ਹੁਣ ਤੱਕ ਉਹ ਕੰਧ ਦਾ ਸਹਾਰਾ ਲੈ ਕੇ ਖੜ੍ਹਾ ਹੋ ਚੁੱਕਿਆ ਹੈ। ਲੱਤਾਂ ਕੰਬ ਰਹੀਆਂ ਨੇ।

-ਇਹ ਕੀ ਕਰਦੈਂ ਜੱਸੀ...?

-ਤੂੰ ਉਰ੍ਹਾਂ ਆ ਜਮਨੇਜੇ...।

ਉਹ ਖੜ੍ਹਾ ਜੱਸੀ ਦੀ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ।

-ਉਰਾਂ ਆ ਯਾਰ...। ਮੈਂ ਡਿੱਗ ਨਾ ਪਵਾਂ। ਤੈਨੂੰ ਖੜ੍ਹਾ ਹੋ ਕੇ ਗਲਵਕੜੀ ਪਾਉਣ ਦੀ ਰੂਹ ਹੈ ਅੱਜ ਤਾਂ...

ਜੱਸੀ ਨੇ ਦੋਵੇਂ ਬਾਹਵਾਂ ਉਲਾਰ ਦਿੱਤੀਆਂ...। ਇਸ ਤੋਂ ਪਹਿਲਾਂ ਕਿ ਉਹ ਲੜਖੜਾ ਜਾਂਦਾ ਜਮਨੇਜਾ ਅੱਗੇ ਵਧ ਗਿਆ। ਜੱਸੀ ਨੇ ਉਸਨੂੰ ਬਾਹਵਾਂ ਵਿੱਚ ਭਰ ਲਿਆ। ਝੱਲਾ ਹੋ ਹੋ ਘੁੱਟਣ ਲੱਗ ਪਿਆ।

-ਤੂੰ ਮੈਨੂੰ ਜਿਉਂਦਿਆਂ ਵਿੱਚ ਰਖ ਲਿਆ ਜਮਨੇਜੇ। ਤੂੰ ਮੈਨੂੰ ਅਮਰ ਕਰ ਦਿੱਤਾ। ਤੂੰ... ਮੇਰੇ ਯਾਰ... ਹੁਣ ਮੈਂ ਮਰ ਨੀ ਸਕਦਾ...

ਜੱਸੀ ਮੰਜੇ ਉੱਪਰ ਬੈਠ ਫਿਰ ਕਿਤਾਬ ਫਰੋਲਣ ਲਗ ਪਿਆ ਹੈ।

-ਸਿਰਫ ਕਵਿਤਾਵਾਂ ਦਿੱਤੀਆਂ ਨੇ ਜਮਨੇਜੇ? ਗ਼ਜ਼ਲਾਂ ਨੀ...?

-ਔਹ ਬੰਡਲ ਖੋਲ੍ਹੀਂ ਦੀਪਾ...

-ਲਿਆਈਂ ਦੋ ਕਿਤਾਬਾਂ...।

ਦੀਪਾਂ ਤੋਂ ਫੜ ਕੇ ਉਸਨੇ ਕਿਤਾਬ ਜੱਸੀ ਨੂੰ ਦਿੱਤੀ। ਇਹ ਉਸਦੀ ਗ਼ਜ਼ਲਾਂ ਦੀ ਕਿਤਾਬ ਸੀ।

ਜੱਸੀ ਕਿਤਾਬ ਫੜ ਤੇ ਕੁਝ ਮਿੰਟ ਸੁੰਨ-ਅਵਸਥਾ ਵਿਚ ਉਸਨੂੰ ਵੇਖੀ ਗਿਆ...। ਫਿਰ ਹਾਬੜਿਆਂ ਵਾਂਗ ਸਾਰੀ ਕਿਤਾਬ ਫਰੋਲ ਗਿਆ। ਅਚਾਨਕ ਕਿਤਾਬ ਬੰਦ ਕਰਕੇ ਨਜ਼ਰਾਂ ਜਿਲਦ ਉੱਪਰ ਟਿਕਾ ਦਿੱਤੀਆਂ। ਉਸਨੇ ਵੇਖਿਆ ਜੱਸੀ ਦੇ ਚਿਹਰੇ ਉਤੇ ਕਾਂਬਾ ਹੈ। ਗੱਲ੍ਹਾਂ ਅਤੇ ਬੁੱਲ੍ਹ ਫਰਕ ਰਹੇ ਨੇ। ਜਿਵੇਂ ਇਸ ਖੁਸ਼ੀ ਨੂੰ ਸਹਿਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਨਿਗ੍ਹਾ ਟਿਕੀ ਹੋਈ ਹੈ ਕਿਤਾਬ ਉੱਤੇ?

... ਟਿਪ... ਟਿਪ... ਟਿਪ...ਟਿਪ...

-ਤੂੰ ਰੋ ਰਿਹਾਂ ਜੱਸੀ? ਅੱਜ ਤਾਂ ਖੁਸ਼ ਹੋ ਸਗੋਂ...

ਜੱਸੀ ਸਿਰ ਉਸਦੀ ਝੋਲੀ ਵਿੱਚ ਸੁੱਟ ਕੇ ਭੁੱਬਾਂ ਮਾਰ ਕੇ ਰੋ ਪਿਆ। ਉਹ ਸਮਝ ਗਿਆ ਕਿ ਜੱਸੀ ਦੇ ਅੰਦਰਲਾ ਵੇਗ ਫੁੱਟ ਤੁਰਿਆ ਹੈ। ਹੰਝੂਆਂ ਦੇ ਰੂਪ ਵਿਚ ਫੁੱਟ ਤੁਰਿਆ ਹੈ। ਕਿਸੇ ਵੀ ਰੂਪ ਵਿੱਚ ਫੁੱਟ ਸਕਦਾ ਸੀ।

ਉਹ ਜੱਸੀ ਦੇ ਵਾਲ਼ਾਂ ਵਿੱਚ ਉਂਗਲਾਂ ਫੇਰਦਾ ਰਿਹਾ।

-ਤੇਰੀਆਂ ਕਵਿਤਾਵਾਂ ਪੜ੍ਹੀਆਂ ਤਾਂ ਲੱਗਿਆ ਇਨ੍ਹਾਂ ਨੂੰ ਤਾਂ ਬਹੁਤ ਪਹਿਲਾਂ ਛਪ ਜਾਣਾ ਚਾਹੀਦਾ ਸੀ। ਤੇਰੇ ਅੰਦਰਲੇ ਕਵੀ ਨਾਲ ਸੱਚ-ਮੁੱਚ ਇਨਸਾਫ਼ ਨਹੀਂ ਸੀ ਹੋਇਆ। ਪਬਲਿਸ਼ਰ ਨਾਲ ਗੱਲ ਕੀਤੀ ਤਾਂ ਉਹ ਤੇਰੇ ਨਾਂ ਤੋਂ ਪਹਿਲਾਂ ਤੋਂ ਹੀ ਪ੍ਰਭਾਵਤ ਸੀ।

ਜੱਸੀ ਠੀਕ ਹੋ ਕੇ ਬੈਠ ਗਿਆ। ਹੰਝੂ ਰੁਕ ਗਏ ਪਰ ਵਾਰ-ਵਾਰ ਵੇਗ ਜਿਹੇ ਨਾਲ ਕਿਤਾਬਾਂ ਨੂੰ ਉਲਟਦਾ ਪਲਟਦਾ ਰਿਹਾ...।

-ਛਾਪੀਆਂ ਬੜੀਆਂ ਸੁਹਣੀਆਂ ਨੇ। ਕਿੰਨੇ ਲਏ ਪਬਲਿਸ਼ਰ ਨੇ।

-ਪੰਜ ਪੰਜ। ਕਹਿੰਦਾ ਕਵਿਤਾਵਾਂ ਦੀਆਂ ਕਿਤਾਬਾਂ ਕੱਢਣੀਆਂ ਬਹੁਤ ਔਖੀਆਂ ਨੇ।

-ਦਸ ਹਜ਼ਾਰ...! ਏਨੇ ਪੈਸੇ...? ਜੱਸੀ ਜਿਵੇਂ ਚੀਖ ਜਿਹਾ ਪਿਆ।

-ਪਰ ਮੈਂ ਤੇਰੇ ਤੇ ਕੋਈ ਅਹਿਸਾਨ ਨਹੀਂ ਕੀਤੀ। ਬਸ ਸਮਝ ਲੈ ਦੇਵ ਦੀ ਕਮਾਈ ਵਿੱਚੋਂ ਨੇ...।

-ਦੇਵ ਦੀ ਕਮਾਈ? ਉਸਦੀ ਸਾਰੀ ਤਨਖਾਹ ਤਾਂ ਤੂੰ ਸਾਡੇ ਹੱਥ ਉੱਪਰ ਲਿਆ ਧਰਦਾਂ।

-ਤੂੰ ਨਹੀਂ ਜਾਣਦਾ ਮੁੰਡਾ ਕਿੰਨਾ ਮਿਹਨਤੀ ਹੈ? 'ਡਾਕਟਰ ਰੈਜੀਡੈਂਸ' ਦੀ ਤਿਆਰੀ ਮੁਕੰਮਲ ਹੋ ਗਈ ਹੈ। ਮੇਰੇ ਅੰਦਾਜੇ ਨਾਲੋਂ ਪੰਜਾਹ ਹਜਾਰ ਰੁਪੈ ਵੱਧ ਬਚੇ ਨੇ। ਤਿੰਨ ਸੌ ਥੈਲੇ ਤਾਂ ਸੀਮਿੰਟ ਦੀ ਖਪਤ ਘਟ ਹੋਣ ਦਿੱਤੀ ਹੈ ਉਸਨੇ...।

ਜੱਸੀ ਵਾਰ ਵਾਰ ਕਿਤਾਬਾਂ ਚੁੱਕ ਲੈਂਦਾ, ਰੱਖ ਦੇਂਦਾ... ਜਿਵੇਂ ਭੁੱਖ ਪੂਰੀ ਨਹੀਂ ਹੋ ਰਹੀ।

-ਬੱਸ ਤੈਂ ਮੈਨੂੰ ਬਚਾ ਲਿਆ ਜਮਨੇਜੇ...। ਮੈਨੂੰ ਜਿਉਂਦਾ ਰੱਖ ਲਿਆ। ਨਹੀਂ ਤਾਂ, ਕਿਤਾਬ ਨਾ ਛਪਣ ਦੇ ਗ਼ਮ ਦੀ ਇਕ ਗੱਠ ਜਿਹੀ ਬਣੀ ਬੈਠੀ ਸੀ ਮੇਰੇ ਮਨ ਵਿਚ...।

ਜੱਸੀ ਫਿਰ ਕਿਤਾਬਾਂ ਵਿੱਚ ਰੁੱਝ ਗਿਆ।



****

ਉਸਨੇ ਮਹਿਸੂਸ ਕੀਤਾ ਕਿ ਗੱਲ ਤੇਜੀ ਨਾਲ ਅੱਗੇ ਨਹੀਂ ਵਧ ਰਹੀ। ਦੀਪਾਂ ਨਾਲ ਉਹ ਹੱਥਾਂ ਦੇ ਠਰਕ ਤੱਕ ਹੀ ਸੀਮਤ ਹੈ। ਅੱਗੇ ਨਹੀਂ ਵਧ ਹੋ ਰਿਹਾ। ਥਾਂ ਅਤੇ ਮੌਕਾ ਹੀ ਨਹੀਂ ਹੈ। ਇਸ ਸੰਬੰਧ ਵਿੱਚ ਹੋਰ ਲੰਬਾ ਜਾਲ਼ ਵਿਛਾਉਣਾ ਪਵੇਗਾ।

-ਪਟਿਆਲੇ ਇਕ ਡਾਕਟਰ ਹੈ ਭਾਬੋ। ਬਾਹਰੋਂ ਆ ਕੇ ਆਪਣੀ ਪ੍ਰੈਕਟਿਸ ਆਰੰਭੀ ਹੈ। ਇਸ ਤਰ੍ਹਾਂ ਦੇ ਦੋ ਤਿੰਨ ਕੇਸ ਠੀਕ ਵੀ ਕੀਤੇ ਨੇ। ਆਪਾਂ ਜੱਸੀ ਨੂੰ ਉਸ ਕੋਲ ਨਾ ਵਿਖਾ ਲਈਏ।

-ਮੈਂ ਵੀ ਤੈਨੂੰ ਕਈ ਵਾਰ ਕਹਿਣਾ ਤਕਾਇਆ ਹੈ ਕਿ ਕਿਤੇ ਹੋਰ ਵਿਖਾ ਲਈਏ। ਇਹ ਦਵਾਈਆਂ ਤਾਂ ਜਿਵੇਂ ਪੂਰੀ ਤਰ੍ਹਾਂ ਅਸਰ ਨਹੀਂ ਕਰ ਰਹੀਆਂ।

-ਸਾਰੇ ਟੈਸਟ ਆਦਿ ਕਰਾਣ ਨੂੰ ਦੋ ਤਿੰਨ ਦਿਨ ਲਗ ਜਾਣੇ ਨੇ। ਘਰ ਵਾਲੀ ਤਾਂ ਕਲ੍ਹ ਨੂੰ ਦਸ ਪੰਦਰਾਂ ਦਿਨਾਂ ਲਈ ਆਪਣੇ ਪੇਕੀਂ ਜਾ ਰਹੀ ਹੈ, ਦਿੱਲੀ। ਜੱਸੀ ਦੀ ਸੰਭਾਲ ਆਦਿ ਲਈ ਇਕ ਜਣੀ ਨੂੰ ਨਾਲ ਜਾਣਾ ਪਏਗਾ। ਤੂੰ ਚਲੀ ਚੱਲੀਂ ਜਾਂ ਤਾਂ।

-ਮੇਰੇ ਬਿਨਾਂ ਤਾਂ ਘਰ ਦਾ ਨਹੀਂ ਸਰਨਾ ਪਿੱਛੇ। ਖੈਰ ਜਾਣ ਦੀ ਤਾਂ ਕੋਈ ਗੱਲ ਨਹੀਂ। ਦੀਪਾਂ ਜਾਂ ਮੀਤਾਂ ਵਿੱਚੋਂ ਕੋਈ ਚਲੀ ਜਾਊ...।

-ਤਾਂ ਫਿਰ ਸ਼ੁੱਕਰਵਾਰ ਦਾ ਟਾਈਮ ਲੈ ਲਵਾਂ ਡਾਕਟਰ ਕੋਲੋਂ? ਦੋ ਤਿੰਨ ਦਿਨ ਦਾ ਕੰਮ ਹੈ। ਸੋਮਵਾਰ ਤੱਕ ਮੁੜ ਹੋ ਜਾਊ...।

-ਕਰ ਲੈ, ਜਿਵੇਂ ਠੀਕ ਸਮਝੇਂ...।

ਉਸਨੇ ਅਵਾਜ਼ ਕੁਝ ਕੁ ਭਾਵੁਕ ਬਣਾ ਲਈ, ਚਿਹਰਾ ਰਤਾ ਕੁ ਗੰਭੀਰ -ਮੈਂ ਚਾਹੁੰਨਾ ਭਾਬੀ ਜੱਸੀ ਠੀਕ ਹੋ ਜਾਵੇ, ਛੇਤੀ।

ਭਾਬੀ ਬੋਲੀ ਨਹੀਂ, ਚੁੱਪ ਉਸ ਵਲ ਵੇਖਦੀ ਰਹੀ। ਅਚਾਨਕ ਭਾਬੀ ਦੀਆਂ ਅੱਖਾਂ ਛਲਕ ਆਈਆਂ।

-ਰੋ ਕਿਉਂ ਰਹੀ ਹੈਂ ਭਾਬੀ। ਪਾਗਲ ਨਾ ਬਣ। ਇਸ ਤਰ੍ਹਾਂ ਨਿਆਣਿਆਂ ਦਾ ਦਿਲ ਕਿਵੇਂ ਕਾਇਮ ਰਹੂ?

## ਪੰਜ

ਡਾਕਟਰ ਬਤਰਾ ਨੇ ਕਾਫੀ ਦੇਰ ਜੱਸੀ ਦੇ ਜਾਂਚ ਕੀਤੀ। ਫਿਰ ਆਪਣੇ ਕੈਬਨ ਵਿਚ ਆ ਗਿਆ। ਉਹ ਨਾਲ ਹੋ ਲਿਆ। ਜੱਸੀ ਅਤੇ ਦੀਪਾਂ ਬਾਹਰਲੇ ਕਮਰੇ ਵਿੱਚ ਹੀ ਬੈਠੇ ਰਹੇ। ਜਮਨੇਜਾ ਚੁਪਚਾਪ ਡਾਕਟਰ ਦੀ ਕੁਰਸੀ ਦੇ ਸਾਮ੍ਹਣੇ ਬੈਠ ਗਿਆ। ਡਾਕਟਰ ਸਾਹਿਬ ਕੁਝ ਦੇਰ ਹਸਪਤਾਲ ਵਾਲੇ, ਜੱਸੀ ਦੇ ਪੁਰਾਣੇ ਕਾਗਜਾਂ ਨੂੰ ਵੇਖਦੇ ਰਹੇ। ਪੈਡ ਉਪਰ ਕੁਝ ਲਿਖਿਆ ਅਤੇ ਕਾਗਜ਼ ਉਸ ਵਲ ਵਧਾ ਦਿੱਤਾ।

-ਘਰ ਹੀ ਇਲਾਜ ਚਲਣ ਦਿਓ। ਹਸਪਤਾਲ ਵਾਲਿਆਂ ਨੂੰ ਪਰਿਸ਼ਕਰਿਪਸ਼ਨ ਹੀ ਠੀਕ ਹੈ। ਆਹ ਇਕ ਦਵਾਈ ਮੈਂ ਬੰਦ ਕਰ ਦਿੱਤੀ ਹੈ, ਇੱਕ ਹੋਰ ਐਡ ਕਰ ਦਿੱਤੀ ਹੈ...।

-ਡਾਕਟਰ ਸਾਹਿਬ ਇਕ ਦੋ ਦਿਨਾਂ ਲਈ ਤੁਹਾਨੂੰ ਮਰੀਜ਼ ਨੂੰ ਚੈਕ ਕਰਦੇ ਰਹਿਣਾ ਪਏਗਾ...। ਇਕ ਦੋ ਟੈਸਟ ਲੈ ਲਉ। ਇਕ ਦੋ ਐਕਸਰੇ ਆਦਿ ਵੀ...

-ਕੇਸ ਕਲੀਅਰ ਹੈ। ਕਿਸੇ ਟੈਸਟ ਆਦਿ ਦੀ ਲੋੜ ਨਹੀਂ।

-ਲੋੜ ਹੈ ਡਾਕਟਰ ਸਾਹਿਬ। ਜਮਨੇਜੇ ਨੇ ਸ਼ਬਦਾਂ ਉੱਪਰ ਜ਼ੋਰ ਦੇ ਕੇ ਕਿਹਾ-ਲੋੜ ਹੈ ਮਰੀਜ਼ ਦੇ ਇਲਾਜ਼ ਨਾਲੋਂ ਮਰੀਜ਼ ਨੂੰ ਮਾਨਸਿਕ ਤੌਰ ਤੇ 'ਹੈਲਦੀ' ਕਰਨ ਦੀ ਬਹੁਤੀ ਲੋੜ ਹੈ।

–ਓ, ਆਈ ਸੀ। ਡਾਕਟਰ ਮੁਸਕਰਾਇਆ–ਠੀਕ ਹੈ, ਕੱਲ੍ਹ ਬਲੱਡ, ਯੂਰੀਨ ਆਦਿ ਦੇ ਟੈਸਟ ਲੈ ਲਵਾਂਗੇ। ਪਰਸੋਂ ਇੱਕ ਦੋ ਐਕਸਰੇ, ਮਰੀਜ਼ ਨੂੰ ਕਾਫੀ ਤਸੱਲੀ ਮਿਲੇਗੀ। ਕੱਲ੍ਹ ਸ਼ਾਮ ਨੂੰ ਵੀ ਮਰੀਜ਼ ਨੂੰ ਲੈ ਆਉਣਾ। ਸ਼ਾਮ ਸਮੇਂ ਭੀੜ ਘੱਟ ਹੁੰਦੀ ਹੈ। ਮੈਂ ਖੁਦ 'ਸਕਲੋਜੀਕਲ ਟਰੀਟਮੈਂਟ' ਦੇਣ ਦੀ ਕੋਸ਼ਿਸ਼ ਕਰਾਂਗਾ।

****

ਜਮਨੇਜੇ ਨੇ ਅੰਗ੍ਰੇਜ਼ੀ ਦੀਆਂ ਬੋਤਲਾਂ ਸ਼ੀਸ਼ੇ ਵਾਲੀ ਅਲਮਾਰੀ ਵਿਚ ਸਜਾ ਕੇ ਰੱਖਵਾ ਛੱਡੀਆਂ ਨੇ... ਜਾਣਦਾ ਹੈ ਜੱਸੀ ਸ਼ਰਾਬ ਦਾ ਬਹੁਤ ਸ਼ੁਕੀਨ ਹੈ। ਦੇਵ ਤੋਂ ਹੀ ਪਤਾ ਲੱਗਿਆ ਸੀ ਕਿ ਪੀ ਕੇ ਹੋਸ਼ ਨਹੀਂ ਰਹਿੰਦੀ। ਘਰ ਤਾਂ ਘਰ ਵਾਲੀ ਤੋਂ ਡਰਦਾ ਰਹਿੰਦਾ ਹੈ। ਇੱਥੇ ਤਾਂ ਕੋਈ ਡਰ ਨਹੀਂ ਪਰ ਉਸਨੇ ਸੋਚ ਰੱਖਿਆ ਹੈ ਖੁਦ ਸ਼ਰਾਬ ਆਫਰ ਨਹੀਂ ਕਰੇਗਾ। ਬੱਸ ਬੋਤਲਾਂ ਸਾਮ੍ਹਣੇ ਸਜਾ ਦਿੱਤੀਆਂ ਨੇ ਤਾਂ ਜੋ ਬਾਰ ਬਾਰ ਨਿਗ੍ਹਾ ਪੈਂਦੀ ਰਹੇ।

ਜਮਨੇਜੇ ਨੇ ਤਾੜ ਲਿਆ ਹੈ ਕਿ ਜਦੋਂ ਦੀ ਦੀਪਾਂ ਉਸਦੀ ਕੋਠੀ ਵਿੱਚ ਆਈ ਹੈ ਉਸਦੇ ਅੰਦਰ ਹਲਚਲ ਮੱਚੀ ਪਈ ਹੈ। ਘਰ ਦੀ ਸ਼ਾਨੋ–ਸ਼ੌਕਤ ਨੂੰ ਵੇਖਕੇ ਚਕਰਾਈ ਪਈ ਹੈ। ਹਰ ਚੀਜ ਵੱਲ ਬੜੀ ਹੈਰਾਨੀ ਅਤੇ ਧੁੜਕੂ ਨਾਲ ਵੇਖ ਰਹੀ ਹੈ। ਜ਼ਿੰਦਗੀ ਦੀ ਸਹੂਲਤ ਦੀ ਹਰ ਚੀਜ ਨੂੰ। ਕੀਮਤੀ ਚੀਜਾਂ ਨਾਲ ਸਜੇ ਘਰ ਨੂੰ ਵੇਖ ਵੇਖ ਉਸਦੀਆਂ ਅੱਖਾਂ ਫੈਲ ਜਾਂਦੀਆਂ ਨੇ...।

ਜਮਨੇਜੇ ਨੇ ਰਸੋਈਏ ਨੂੰ ਖਾਣਾ ਛੇਤੀ ਤਿਆਰ ਕਰਕੇ ਰੱਖ ਦੇਣ ਨੂੰ ਕਿਹਾ ਹੈ ਅਤੇ ਜਾ ਕੇ ਫਿਲਮ ਵੇਖਣ ਦੀ ਛੁੱਟੀ ਕਰ ਦਿੱਤੀ ਹੈ...। ਉਹ ਜੱਸੀ ਦੀਆਂ ਅਲਮਾਰੀ ਵੱਲ ਬਾਰ–ਬਾਰ ਭਟਕਦੀਆਂ ਨਜ਼ਰਾਂ ਨੂੰ ਤਾੜ ਰਿਹਾ ਹੈ ਅਤੇ ਜਾਣ ਬੁਝ ਕੇ ਅਣਗੌਲਿਆਂ ਕਰੀ ਜਾ ਰਿਹਾ ਹੈ...।

–ਨਾਲੇ ਸੁਣਿਆ ਸੀ ਤੂੰ ਤਾਂ ਸ਼ਰਾਬ ਪੀਂਦਾ ਨੀ ਜਮਨੇਜੇ...?

ਉਸਨੇ ਤ੍ਰਭਕਣ ਦਾ ਵਿਖਾਵਾ ਕੀਤਾ ਹੈ–ਕੌਣ ਕਹਿੰਦਾ, ਮੈਂ ਪੀਂਦਾ ਹਾਂ...?

–ਤਾਂ ਫਿਰ ਔਹ ਬੋਤਲਾਂ...?

–ਅੱਛਾ ਔਹ! ਗੱਲ ਇਹ ਹੈ ਜੱਸੀ, ਮੇਰਾ ਕਿੱਤਾ ਹੀ ਐਸਾ ਹੈ...। ਕਿਸੇ ਕੰਮ ਨੂੰ ਓ. ਕੇ. ਕਰਵਾਣ ਲਈ ਜਾਂ ਬਿਲ ਆਦਿ ਪਾਸ ਕਰਾਣ ਲਈ, ਅਕਸਰ ਇਸਦੀ ਲੋੜ ਪੈਂਦੀ ਰਹਿੰਦੀ ਹੈ। ਅਫਸਰਾਂ ਨੂੰ ਖੁਸ਼ ਤਾਂ ਰੱਖਣਾ ਹੀ ਪੈਂਦਾ ਹੈ। ਕਈਆਂ ਲਈ ਤਾਂ ਬਹੁਤ ਮਹਿੰਗੀ ਸ਼ਰਾਬ ਲਿਆ ਕੇ ਰੱਖਣੀ ਪੈਂਦੀ ਹੈ। ਹੁਣ ਔਹ ਜਿਹੜੀ ਖੱਬੇ ਹੱਥ ਬੋਤਲ ਪਈ ਹੈ ਦੱਸ ਸਕਦੈਂ ਉਸਦੀ ਕੀਮਤ ਕਿੰਨੀ ਹੋਏਗੀ?

–ਡੇੜ ਦੋ ਸੌ ਦੀ ਹੋਊ, ਵੱਧ ਵੱਧ ਤੋਂ ਵੱਧ ਤਿੰਨ ਸੌ ਦੀ...।

–ਡੇੜ ਹਜ਼ਾਰ ਦੇ ਕਰੀਬ ਲੱਗ ਗਏ ਨੇ।

ਜਮਨੇਜੇ ਨੇ ਬੋਤਲ ਕੱਢ ਕੇ ਜੱਸੀ ਨੂੰ ਫੜਾ ਦਿੱਤੀ। ਜੱਸੀ ਉਲਟ ਪਲਟ ਕੇ ਵੇਖਦਾ ਰਿਹਾ। ਉਸ ਦੀਆਂ ਅੱਖਾਂ ਵਿਚ ਲਾਲਚ ਤੈਰਦਾ ਰਿਹਾ...। ਉਸਨੇ ਜਕੋ ਤੱਕੀ ਵਿਚ ਬੋਤਲ ਵਾਪਸ ਫੜਾ ਦਿੱਤੀ। ਜਮਨੇਜੇ ਨੇ ਫੜ ਕੇ ਅਲਮਾਰੀ ਵਿੱਚ ਟਿਕਾ ਦਿੱਤੀ।

–ਸੱਚ, ਤੂੰ ਤਾਂ ਨੀਂ ਪੀਂਦਾ ਹੋਏਂਗਾ, ਜੱਸੀ...?

–ਪੀ ਲੈਨਾਂ ਕਦੇ ਕਦੇ। ਕੁਝ ਪਲ ਅਲਮਾਰੀ ਵਲ ਵੇਖਦਾ ਰਿਹਾ–ਅੱਜ ਤਾਂ ਸੱਚੀਂ ਮਨ ਕਰ ਰਿਹਾ ਜਮਨੇਜੇ, ਪਰ...

–ਪਰ ਕੀ...?

–ਪਰ ਤੇਰੀ ਭਾਬੀ ਕਪੱਤ ਕਰੂ।

–ਛੱਡ ਯਾਰ ਏਨਾ ਵੀ ਨਾ ਡਰਿਆ ਕਰ। ਨਾਲੇ ਉਸਨੂੰ ਕਿਹੜਾ ਪਤਾ ਲੱਗਣਾ ਹੈ। ਦੀਪਾਂ ਨੂੰ ਸਮਝਾ



ਦਿਆਂਗੇ।

ਜਮਨੇਜੇ ਨੇ 'ਬਲੈਕ ਨਾਈਟ' ਅਤੇ ਬਰਫ ਮੇਜ ਉਪਰ ਲਿਆ ਰੱਖੀ। ਦੀਪਾਂ ਨੂੰ ਕਹਿ ਦਿੱਤਾ ਕਿ ਦੂਸਰੇ ਕਮਰੇ ਵਿਚ ਬੈਠ ਕੇ ਪੜ੍ਹ ਲਵੇ, ਪੇਪਰ ਨੇੜੇ ਨੇ...।

ਚੌਥੇ ਪੈਗ ਨਾਲ ਹੀ ਜੱਸੀ ਬਹਿਕਣ ਲਗ ਪਿਆ...।

–...ਤੂੰ ਜਮਨੇਜਾ..., ਤੂੰ ਸਾਲਾ ਸਰਮਾਏਦਾਰ..., ਤੂੰ ਐਸ਼ ਕਰਦਾਂ, ਐਸ਼..., ਜਿੰਦਗੀ ਤਾਂ ਸਾਲੀ ਥੋਡੀ ਗੁਲਾਮ..., ਅਸੀਂ ਤਾਂ ਭੱਠ ਝੋਕਦੇ... ਗਰੀਬ ਕਲਰਕ..., ਲੇਖਕ..., ਸਾਲਾ ਕੀ ਹੁੰਦਾ ਲੇਖਕ...? ਭੁੱਖਾ ਮਰਦਾ..., ਤੂੰ ਸਰਮਾਏਦਾਰ..., ਪਰ ਬੰਦਾ ਆਲ੍ਹਾ..., ਮੇਰੀਆਂ ਕਿਤਾਬਾਂ..., ਪਰ ਤੂੰ ਸਾਲਾ ਸਰਮਾਏਦਾਰ...

ਦੀਪਾਂ ਕਮਰੇ ਵਿੱਚ ਆ ਗਈ–ਤੁਹਾਨੂੰ ਕਿਹਾ ਤਾਂ ਸੀ, ਪਾਪਾ ਦੀ ਸ਼ਰਾਬ ਠੀਕ ਨੀ...।

–ਕੋਈ ਨੀ, ਤੂੰ ਜਾਹ ਦੀਪਾਂ, ਆਪਣੀ ਰੋਟੀ ਖਾ ਲੈ ਜਾ ਕੇ...।

–ਤੁਹਾਡੇ ਲਈ ਲਿਆਵਾਂ...?

–ਨਹੀਂ, ਤੂੰ ਜਾਹ... ਅਸੀਂ ਸਾਲੇ ਦੋਸਤ..., ਇਹ ਸਾਲਾ ਸਰਮਾਏਦਾਰ...।

ਦੀਪਾਂ ਚਲੀ ਗਈ। ਜਮਨੇਜੇ ਨੇ ਇਕ ਹੋਰ ਤਕੜਾ ਪੈਗ ਜੱਸੀ ਨੂੰ ਪਿਲਾ ਦਿੱਤਾ।

–ਰੋਟੀ ਲਿਆਵਾਂ ਜੱਸੀ...?

–ਵਾਹਟ ਰੋਟੀ...? ਰੋਟੀ ਸਾਲੀ ਨਥਿੰਗ..., ਬਸ ਵਿਸਕੀ..., ਤੂੰ ਸਾਲਾ ਜਮਨੇਜਾ... ਮੇਰਾ ਦੋਸਤ... ਸਰਮਾਏਦਾਰ..., ਇੱਕ ਪੈਗ ਹੋਰ...

ਜੱਸੀ ਲੁੜਕ ਜਿਹਾ ਗਿਆ। ਜਮਨੇਜੇ ਨੇ ਇਕ ਪੈੱਗ ਭਰ, ਵਿੱਚ ਨੀਂਦ ਦੀਆਂ ਦੋ ਗੋਲੀਆਂ ਆਰਾਮ ਨਾਲ ਘੋਲ ਦਿੱਤੀਆਂ।

–ਲੈ ਪੀ ਜੱਸੀ...।

ਅੜਲ... ਅੜਲ... ਕਰਦੇ ਨੂੰ ਉਸਨੇ ਪੈਗ ਪਿਲਾ ਦਿੱਤਾ...। ਠੀਕ ਕਰਕੇ ਪਲੰਘ ਉੱਪਰ ਪਾ ਦਿੱਤਾ...। ਰੁਮਾਲ ਉਪਰ ਥੋੜ੍ਹੀ ਜਿਹੀ ਕਲੋਰੋਫਾਰਮ ਪਾ ਕੇ ਨੱਕ ਦੇ ਨੇੜੇ ਕਰ ਦਿੱਤੀ। ਇੱਕ ਕੰਬਲ ਗਲੇ ਤੱਕ ਦੇ ਕੇ ਬਾਹਰ ਨਿਕਲ ਆਇਆ।

ਸਭ ਕੁਝ ਠੀਕ ਢੰਗ ਨਾਲ ਹੋ ਰਿਹਾ ਹੈ। ਉਸਨੇ ਵੇਖਿਆ ਦੀਪਾਂ ਬੈਠੀ ਕੁੱਝ ਪੜ੍ਹ ਰਹੀ ਹੈ। ਬੜੀ ਮੱਧਮ ਆਵਾਜ਼ ਵਿਚ ਟੇਪ–ਰਿਕਾਰਡ ਚੱਲ ਰਿਹਾ ਹੈ ਉਸਨੇ ਅੱਖਾਂ ਉਪਰ ਹੱਥ ਜਾ ਰੱਖੇ। ਦੀਪਾਂ ਤ੍ਰਭਕ ਗਈ।

–ਕੌਣ... ਉਹ ਤੁਸੀਂ! ਡਰਾ ਹੀ ਦਿੱਤਾ..., ਤੇ ਪਾਪਾ?

–ਸੌਂ ਗਿਆ, ਹੁਣ ਨੀ ਸਵੇਰ ਤੀਕ ਜਾਗਦਾ। ਪੀ ਕੇ ਬਹਿਕ ਗਿਆ ਸੀ। ਨੀਂਦ ਦੀਆਂ ਗੋਲੀਆਂ ਖਲਾਉਣੀਆਂ ਪਈਆਂ ਨੇ।

–ਕਾਹਨੂੰ ਪਿਲਾਉਣੀ ਸੀ...!

–ਬੀਮਾਰ ਬੰਦੇ ਦਾ ਮਨ ਹੋਰੂੰ ਜਿਹਾ ਹੋਇਆ ਰਹਿੰਦਾ ਹੈ। ਉਸਦੀ ਇੱਛਾ ਦਾ ਏਨਾ ਕੁ ਖਿਆਲ ਤਾਂ ਰੱਖਣਾ ਹੀ ਪੈਂਦਾ ਹੈ।

ਉਹ ਹੌਲੀ ਜਿਹੇ ਦੀਪਾਂ ਦੇ ਨੇੜੇ ਨੂੰ ਹੋ ਕੇ ਬੈਠ ਗਿਆ। ਮਨ ਹੀ ਮਨ ਤਿਆਰੀ ਆਰੰਭ ਦਿੱਤੀ। ਦੀਪਾਂ ਨੂੰ ਪੰਘਰਾਉਣ ਦੀ ਤਿਆਰੀ।

–ਅੱਜ ਤਾਂ ਬਹੁਤ ਹੀ ਸੁਹਣੀ ਲਗ ਰਹੀ ਹੈਂ ਦੀਪੇ।

ਦੀਪਾਂ ਨੇ ਨਜਰਾਂ ਚੁੱਕ ਉਸ ਵੱਲ ਵੇਖਿਆ ਫਿਰ ਨੀਵੀਂ ਪਾ ਲਈ।

–ਘਰ ਕੈਸਾ ਲਗਿਆ ਤੈਨੂੰ...?

–ਘਰ, ਬਹੁਤ ਹੀ ਸੁਹਣਾ। ਮੈਂ ਤਾਂ ਏਨਾ ਸੁਹਣਾ ਘਰ ਅੱਗੇ ਕਦੇ ਵੇਖਿਆ ਤਾਂ ਕੀ, ਕਲਪਨਾ ਵੀ ਨਹੀਂ

ਕੀਤੀ...

–ਅੱਜ ਇਹ ਘਰ ਮੈਨੂੰ ਵੀ ਪਿਆਰਾ ਲੱਗ ਰਿਹਾ ਹੈ ਦੀਪੀ। ਤੇਰੇ ਆਉਣ ਨਾਲ ਭਰਿਆ ਭਰਿਆ ਲੱਗ ਰਿਹਾ ਹੈ। ਅੱਗੇ ਵੀ ਤਾਂ ਘਰ ਇਹੀ ਹੁੰਦਾ ਸੀ, ਪਰ ਏਨਾ ਮਹਿਕਿਆ ਮਹਿਕਿਆ ਕਦੇ ਨਹੀਂ ਲਗਿਆ।

ਦੀਪਾਂ ਨੇ ਅੱਖਾਂ ਵਿਚ ਮੋਹ ਭਰਕੇ ਉਸ ਵੱਲ ਵੇਖਿਆ।

–ਇੱਕ ਗੱਲ ਦਸੇਂਗੀ ਦੀਪੇ...?

–ਪੁੱਛੋ...।

–ਮੈਨੂੰ ਕਿੰਨਾ ਕੁ ਪਿਆਰ ਕਰਦੀ ਹੈਂ ਤੂੰ...?

ਦੀਪਾਂ ਪਲ ਭਰ ਚੁੱਪ ਰਹੀ ਫਿਰ ਸਿਰ ਉਸਦੇ ਮੋਢੇ ਨਾਲ ਟੇਕ ਦਿੱਤਾ–ਕਿੰਨਾ ਕੁ ਦੱਸਾਂ...! ਜੇ ਮਾਪਣ ਵਾਲੀ ਕੋਈ ਮਸ਼ੀਨ ਹੁੰਦੀ ਤਾਂ ਜਾਣ ਸਕਦੇ ਤੁਸੀਂ...

–ਬੱਸ, ਹੋਰ ਦੱਸਣ ਦੀ ਲੋੜ ਨਹੀਂ। ਇਹ ਦੱਸ ਮੇਰੇ ਲਈ ਕਿੰਨਾ ਕੁ ਕੁੱਝ ਕਰ ਸਕਦੀ ਹੈਂ?

ਦੀਪਾਂ ਨੇ ਸਵਾਲ ਨਜ਼ਰਾਂ ਵਿੱਚ ਭਰ ਉਸ ਵੱਲ ਵੇਖਿਆ।

–ਤੈਨੂੰ ਇਸ ਘਰ ਵਿੱਚ ਲਿਆਉਣਾ ਚਾਹੁੰਦਾਂ ਦੀਪੇ..., ਘਰ ਦੀ ਮਾਲਕਣ ਬਣਾ ਕੇ। ਘਰ ਦੀ ਮਾਲਕਣ ਅਤੇ ਦਿਲ ਦੀ ਰਾਣੀ।

–ਮੈਂ...ਮੈਂ...ਮੈਂ ਇਸ ਘਰ ਵਿੱਚ... ਮੈਂ ਕਿਵੇਂ...? ਇਕ ਵੇਗ ਦੀਪਾਂ ਦੇ ਅੰਦਰ ਜਾਗ ਪਿਆ।

–ਛੇਤੀ ਹੀ ਤਲਾਕ ਲਈ ਕੇਸ ਦਰਜ ਕਰ ਰਿਹਾਂ। ਸਾਲ ਦੋ ਸਾਲ ਵਿਚ ਫੈਸਲਾ ਹੋ ਜਾਏਗਾ। ਫਿਰ ਤੂੰ ਇਸ ਘਰ ਦੀ ਮਾਲਕਣ ਹੋਏਂਗੀ। ਪਰ ਵੇਖੀਂ ਤੂੰ ਹੀ ਕਿਤੇ ਸਾਥ ਨਾ ਛੱਡ ਜਾਈਂ।

ਦੀਪਾਂ ਅਵਾਕ ਜਿਹੀ ਕੁਝ ਚਿਰ ਉਸ ਵਲ ਵੇਖਦੀ ਰਹੀ। ਚਿਹਰੇ ਉਪਰ ਕਿੰਨੇ ਹੀ ਰੰਗ ਖਿੜ ਉੱਠੇ, ਖਿੜੇ, ਮੁਰਝਾਏ..., ਫਿਰ ਖਿੜੇ...

–ਉਹ ਰਾਜੇ। ਦੀਪਾਂ ਉਸਦੀ ਝੋਲੀ ਵਿਚ ਜਾ ਡਿੱਗੀ– ਕੀ ਇਹ ਸੰਭਵ...

ਉਸਨੇ ਵੇਗ ਵਿੱਚ ਵਹਿੰਦੀ ਦੀਪਾਂ ਨੂੰ ਬਾਹਵਾਂ ਵਿਚ ਸਮੇਟਿਆ।

–ਇਹੀ ਹੋਵੇਗਾ ਦੀਪੇ...!

ਕਿੰਨਾ ਹੀ ਚਿਰ ਉਹ ਦੀਪਾਂ ਨੂੰ ਬਾਹਵਾਂ ਵਿੱਚ ਸਮੇਟੀ ਪਿਆ ਰਿਹਾ। ਹੱਥ ਵਧਾ ਟਿਊਬ ਬੁਝਾ ਕੇ ਲਾਈਟਨਿੰਗ ਟਰੀ ਵਾਲੀ ਸਵਿਚ ਦੱਬ ਦਿੱਤੀ। ਦੀਪਾਂ ਦੇ ਤ੍ਰਭਕ ਕੇ ਵੇਖਿਆ ਅਤੇ ਵੇਖਦੀ ਰਹਿ ਗਈ। ਕਮਰੇ ਦੇ ਚਾਰੇ ਖੂੰਜਿਆਂ ਉਤੇ ਰੱਖੇ ਚਾਰ ਦਰਖਤ ਜਗ–ਬੁਝ ਰਹੇ ਨੇ। ਹਰ ਦਰਖਤ ਦੇ ਪੱਤਿਆਂ ਵਿਚ ਕਿੰਨੇ ਹੀ ਲਾਲ, ਪੀਲੇ, ਨੀਲੇ, ਹਰੇ ਵੱਖ ਵੱਖ ਰੰਗਾਂ ਦੇ ਨਿੱਕੇ–ਨਿੱਕੇ ਬਲਬ ਜਗ ਬੁਝ ਰਹੇ ਨੇ। ਕਦੀ ਇਕ ਰੰਗ ਦੇ ਬਲਬ ਜਗ ਉਠਦੇ ਨੇ, ਫਿਰ ਦੂਸਰੇ ਦੇ...। ਕਦੀ ਦੋਹਾਂ ਰੰਗਾਂ ਦੇ ਇਕੱਠੇ ਵੀ ਅਤੇ ਕਦੇ ਕਦੇ ਤਾਂ ਪਲ ਭਰ ਲਈ ਤਿੰਨ ਰੰਗਾਂ ਦੇ ਇਕੱਠੇ ਵੀ। ਕਦੀ ਕੁਝ ਸਕਿੰਟਾਂ ਲਈ ਇਕ ਦਮ ਹਨੇਰਾ ਜੋ ਜਾਂਦਾ। ਜਗਦੇ–ਬੁਝਦੇ, ਬਦਲਦੇ ਰੰਗਾਂ ਵਿੱਚ ਦੀਪਾਂ ਗੁਆਚਦੀ ਜਾ ਰਹੀ ਹੈ। ਕਮਰੇ ਵਿੱਚ ਰੰਗਾਂ ਦਾ ਜਾਦੂ ਪਸਰਦਾ ਜਾ ਰਿਹਾ ਹੈ।

–ਕਿੰਨੇ ਸੋਹਣੇ ਨੇ...।

ਜਮਨੇਜੇ ਨੇ ਕੋਈ ਉੱਤਰ ਨਹੀਂ ਦਿੱਤਾ। ਫਿਰ ਹੌਲੀ ਜਿਹੀ ਆਵਾਜ਼ ਵਿੱਚ ਉਦਾਸੀ ਭਰਕੇ ਕਿਹਾ– ਇਹ ਸਭ ਮੈਨੂੰ ਸਦਾ ਫਿੱਕਾ ਫਿੱਕਾ ਲਗਦਾ ਰਿਹਾ ਹੈ। ਅਰਥਹੀਣ! ਆਪਣਾ ਆਪ ਅੰਦਰੋਂ ਜਦੋਂ ਸੱਖਣਾ ਹੋਵੇ, ਤਾਂ ਬਾਹਰਲੇ ਰੰਗਾਂ ਨੂੰ ਕੋਈ ਕੀ ਕਰੇ? ਹੁਣ ਤਾਂ ਮਨ ਦੇ ਸਖਣੇਪਣ ਨੂੰ ਆਪਣੇ ਪਿਆਰ ਨਾਲ ਭਰ ਦਏਂਗੀ ਨਾ ਦੀਪੇ...?

ਜਮਨੇਜੇ ਦੇ ਹੱਥ ਹਰਕਤ ਵਿਚ ਆ ਗਏ। ਅੱਜ ਦੇ ਦਿਨ ਲਈ ਹੀ ਤਾਂ ਉਹ ਏਨੇ ਦਿਨ ਤੜਫਦਾ ਰਿਹਾ ਹੈ।

–ਕਿਤੇ ਪਾਪਾ ਨਾ ਜਾਗ ਪੈਣ...!



–ਨਹੀਂ, ਉਹ ਸਵੇਰ ਤੱਕ ਪਾਸਾ ਵੀ ਨਹੀਂ ਪਰਤਦਾ...।

ਉਹ ਦੀਪਾਂ ਦੇ ਅੰਗਾਂ ਵਿਚ ਗਰਮੀ ਭਰਨ ਦੀ ਕੋਸ਼ਿਸ਼ ਵਿੱਚ ਰੁੱਝ ਗਿਆ। ਰੰਗ ਬਦਲਦੀ ਰੌਸ਼ਨੀ ਵਿਚ ਉਹ ਦੀਪਾਂ ਦੇ ਚਿਹਰੇ ਉਪਰ ਪੰਘਰ ਰਹੇ ਰੰਗ ਨੂੰ ਬੜੀ ਬਰੀਕੀ ਨਾਲ ਘੋਖ ਰਿਹਾ ਹੈ। ਸਾਹਾਂ ਦੀ ਵਧ ਰਹੀ ਰਫਤਾਰ ਨੂੰ ਮਾਪ ਰਿਹਾ ਹੈ ਅਤੇ ਦੀਪਾਂ ਦੀਆਂ ਹੌਲੀ ਹੌਲੀ ਮਿਚਦੀਆਂ ਜਾ ਰਹੀਆਂ ਅੱਖਾਂ? ਇਸ ਘਰ ਦੀ ਮਾਲਕਣ ਬਨਣ ਦਾ ਏਡਾ ਵੱਡਾ ਸਪਨਾ ਹੈ।

ਅਚਾਨਕ ਦੀਪਾਂ ਦੀਆਂ ਅੱਖਾਂ ਸਪਾਟ ਖੁਲ੍ਹ ਗਈਆਂ। ਉਸਨੇ ਜਮਨੇਜੇ ਦਾ ਹੱਥ ਰੋਕ ਦਿੱਤਾ।

–ਨਹੀਂ!

–ਕਿਉਂ ਦੀਪੇ?

–ਨਹੀਂ, ਏਨਾ ਅੱਗੇ ਨਹੀਂ...।

–ਦੇਖ ਦੀਪੇ, ਤੇਰੇ ਲਈ ਤੜਫ ਰਿਹਾਂ, ਜਾਨ ਦੇਣ ਲਈ ਤਿਆਰ ਹਾਂ। ਮੈਨੂੰ ਆਪਣਾ ਅਧਿਕਾਰ ਨਹੀਂ ਵੇਖਣ ਦਏਂਗੀ...?

–ਮੈਨੂੰ ਡਰ...!

–ਐਵੇਂ ਵਹਿਮ ਹੈ ਤੇਰਾ...।

–ਨਹੀਂ ...ਮੈਂ...।

ਪਰ ਜਮਨੇਜੇ ਨੇ ਦੀਪਾਂ ਦੇ ਬੋਲ ਬੁਲ੍ਹਾਂ ਵਿੱਚ ਹੀ ਦਬ ਲਏ। ਦੀਪਾਂ ਵਲੋਂ ਲਗਾਤਾਰ ਨਿਸਲ ਹੋ ਰਿਹਾ ਵਿਰੋਧ, ਨਿਰਜਿੰਦ ਹੋ ਕੇ ਰਹਿ ਗਿਆ।

ਕੁੜੀ ਤੋਂ ਔਰਤ ਬਨਣ ਤੱਕ ਦਾ ਸਫ਼ਰ ਕਮਰੇ ਦੇ ਰੰਗਾਂ ਨੇ ਖਾਮੋਸ਼ ਹੋ ਕੇ ਵੇਖਿਆ ਅਤੇ ਕੁੜੀ ਦੀ ਤੜਪਣ ਦੇ ਦਰਦ ਨੂੰ ਚੁਪਚਾਪ ਆਪਣੇ ਅੰਦਰ ਸਮਾ ਲਿਆ।

ਜਮਨੇਜਾ ਦੀਪਾਂ ਦੇ ਵਾਲਾਂ ਨੂੰ ਸਹਿਲਾਉਂਦਾ ਰਿਹਾ–ਖ਼ਾਮੋਸ਼। ਪਰ ਉਸਦੇ ਅੰਦਰਲਾ ਵਹਿਸ਼ੀ ਮਨੁੱਖ ਖਿੜਖਿੜਾ ਕੇ ਹੱਸ ਪਿਆ।

ਦੀਪਾਂ ਅਚਾਨਕ ਸਿਸਕ ਪਈ, ਉਸਦੇ ਨਾਲ ਚੰਬੜ ਕੇ ਰੋ ਉੱਠੀ–ਮੈਂ...ਮੈਂ... ਸਭ ਕੁਝ ਅਰਪਣ ਕਰ ਦਿੱਤਾ ਹੈ... ਕਿਤੇ ਕਦੀ ਧੋਖਾ ਨਾ...

ਝੱਲੀ ਹੋ ਗਈ ਹੈਂ! ਉਸਨੇ ਦੀਪਾਂ ਦੇ ਮੂੰਹ ਉੱਤੇ ਹੱਥ ਰੱਖ ਦਿੱਤਾ–ਅੱਜ ਤਾਂ ਇਹ ਗੱਲ ਕਹਿ ਦਿੱਤੀ, ਅੱਗੋਂ ਤੋਂ ਕਦੇ ਇੰਝ ਸੋਚੀਂ ਵੀ ਨਾ ਦੀਪਿਆ...।

******

ਜਮਨੇਜਾ ਸਵੇਰੇ ਦੀਪਾਂ ਦੀ ਆਵਾਜ਼ ਨਾਲ ਹੀ ਜਾਗਿਆ। ਵੇਖਿਆ ਉਹ ਚਾਹ ਦਾ ਕੱਪ ਲਈ ਖੜ੍ਹੀ ਮੁਸਕਰਾ ਰਹੀ ਹੈ। ਅਵਾਕ ਹੋ ਕੇ ਚਿਹਰੇ ਨੂੰ ਨਿਹਾਰਦਾ ਰਿਹਾ। ਦੀਪਾਂ ਸਵੇਰੇ–ਸਵੇਰੇ ਕੇਸੀ ਨਹਾ ਚੁੱਕੀ ਹੈ। ਵਾਲ ਮੋਢਿਆਂ ਉਪਰ ਪਏ ਤੌਲੀਏ ਤੇ ਫੈਲੇ ਹੋਏ ਨੇ। ਚਿਹਰੇ ਉਪਰ ਕਿੰਨੇ ਰੰਗ ਜਿਹੇ ਫੈਲੇ ਪਏ ਨੇ। ਉਹ ਸੋਚ ਗਿਆ। ਇੰਝ ਇਕ ਹੀ ਰਾਤ ਵਿੱਚ ਔਰਤ ਦੇ ਚਿਹਰੇ ਵਿੱਚ ਇਹ ਤਬਦੀਲੀ ਕਿਵੇਂ ਆ ਜਾਂਦੀ ਹੈ?

–ਜੱਸੀ ਜਾਗ ਪਿਆ?

–ਨਹੀਂ ਅਜੇ...।

ਉਹ ਇਕ ਟਕ ਉਸਨੂੰ ਨਿਹਾਰਦਾ ਰਿਹਾ...।

–ਲਓ ਚਾਹ ਪੀਓ। ਇਸ ਤਰ੍ਹਾਂ ਕੀ ਵੇਖੀ ਜਾਂਦੇ ਹੋ?

ਉਸਨੇ ਚਾਹ ਦਾ ਕੱਪ ਇਕ ਪਾਸੇ ਰੱਖ ਦੀਪਾਂ ਨੂੰ ਝੋਲੀ ਵਿੱਚ ਖਿੱਚ ਲਿਆ–ਇਕ ਰਾਤ ਵਿੱਚ ਹੀ ਕਿੰਨੀ

ਨਿੱਖਰ ਆਈ ਹੈਂ?

–ਹਟੋ..., ਪਾਪਾ ਨਾ ਜਾਗ ਪੈਣ। ਨਾਲੇ ਨੌਕਰ ਰਸੋਈ ਵਿੱਚ ਹੈ...। ਹਟੋ..., ਹਟੋ ਵੀ...। ਆਪਣੇ ਆਪ ਨੂੰ ਛੁਡਾ ਦੀਪਾਂ ਕਮਰੇ 'ਚੋਂ ਬਾਹਰ ਹੋ ਗਈ।

******

ਉਹ ਤਿੰਨ ਰਾਤਾਂ ਜਮਨੇਜੇ ਦੇ ਜੀਵਨ ਵਿੱਚ ਜਿਵੇਂ ਇਕ ਰੰਗੀਨ ਅਧਿਆਏ ਬਣਕੇ ਉੱਕਰੀਆਂ ਗਈਆਂ। ਦੀਪਾਂ ਕਿਵੇਂ ਮਾਸੂਮੀਅਤ ਨਾਲ ਉਸ ਉੱਪਰ ਅਧਿਕਾਰ ਜਮਾਉਣ ਲੱਗ ਪਈ ਹੈ।

ਡਾਕਟਰ ਨੇ ਜੱਸੀ ਨੂੰ ਚਾਰ ਮਹੀਨੇ ਪਿੱਛੋਂ ਫਿਰ ਵਿਖਾਉਣ ਦੀ ਹਿਦਾਇਤ ਕੀਤੀ ਹੈ।

ਵਾਪਸ ਮੁੜਦੇ ਸਮੇਂ ਜੱਸੀ ਬਾਰ ਬਾਰ ਉਸਨੂੰ ਅਤੇ ਦੀਪਾਂ ਨੂੰ ਪੱਕੀ ਕਰਦਾ ਰਿਹਾ ਕਿ ਘਰ ਜਾ ਕੇ ਇਸ ਗੱਲ ਦੀ ਇਕ ਦਮ ਭਾਫ ਨਾ ਕੱਢੀ ਜਾਵੇ ਕਿ ਉਸਨੇ ਤਿੰਨੇ ਦਿਨ ਸ਼ਰਾਬ ਪੀਤੀ ਹੈ।

ਜਮਨੇਜੇ ਦੇ ਖ਼ਾਮੋਸ਼ ਹੋਠਾਂ ਉਪਰ ਇਕ ਅਦਿੱਖ ਖਚਰੀ ਮੁਸਕਰਾਹਟ ਫੈਲ ਗਈ।

## ਛੇ

ਉਸ ਦਿਨ ਪਿੰਡ ਪਹੁਚਿਆ ਤਾਂ ਇਕ ਓਪਰਾ ਚਿਹਰਾ ਘਰ ਦੇ ਜੀਆਂ ਵਿੱਚ ਵਿਖਾਈ ਦਿੱਤਾ। ਪਰ ਬਹੁਤਾ ਚਿਰ ਓਪਰਾ ਨਾ ਰਿਹਾ, ਬਿਨਾਂ ਦੱਸੇ ਤੋਂ ਹੀ ਮੜੰਗੇ ਤੋਂ ਪਹਿਚਾਣ ਗਿਆ। ਜੱਸੀ ਦੀ ਵੱਡੀ ਕੁੜੀ ਹੋਣੀ ਹੈ ਬਲਵੀਰ...।

–ਵੀਰੋਂ ਹੈ ਇਹ...?

ਭਾਬੀ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ। ਵੀਰੋ ਵੀ ਹੱਥ ਜੋੜ ਕੇ ਚੁਪ ਹੋ ਗਈ।

ਅਚਾਨਕ ਉਸਨੂੰ ਮਹਿਸੂਸ ਹੋਇਆ ਘਰ ਦਾ ਮਹੌਲ ਬਹੁਤ ਗੰਭੀਰ ਹੈ। ਸਭ ਚੁੱਪ ਨੇ...। ਮੁਰਦੇਹਾਣੀ ਜਿਹੀ ਛਾਈ ਪਈ ਹੈ ਸਭ ਦੇ ਚਿਹਰਿਆਂ ਉੱਤੇ। ਵੀਰੋ ਵੀ ਬਹੁਤ ਉਦਾਸ ਹੈ। ਉਹ ਪਲ ਦੀ ਪਲ ਉਦਾਸੀ ਹੇਠਲੇ ਹੁਸਨ ਨੂੰ ਨਿਹਾਰ ਗਿਆ। ਭਾਬੀ ਦੀ ਗੱਲ ਠੀਕ ਸੀ। ਕੁੜੀ ਸੱਚੀਂ ਹੱਥ ਲਾਇਆਂ ਮੈਲੀ ਹੋਣ ਵਾਲੀ ਹੈ...। ਦੀਪਾਂ 'ਉੱਨੀ' ਲਗਦੀ ਹੈ ਉਸ ਕੋਲ ਬੈਠੀ। ਉਹ ਹੈਰਾਨ ਹੈ। ਭਾਬੀ ਨੇ ਕੀ ਖਾ ਕੇ ਜੰਮੀਆਂ ਨੇ ਇਹ ਹੁਸਨ ਦੀਆਂ ਮੂਰਤਾਂ? ਹੁਣ ਤਾਂ ਛੋਟੀ ਮੀਤਾਂ ਵੀ ਕਿਵੇਂ ਕੱਦ ਕੱਢਣ ਲੱਗੀ ਹੋਈ ਹੈ। ਮੋਢਿਆਂ ਉੱਪਰ ਚੁੰਨੀ ਠੀਕ ਕਰਕੇ ਲੈਣ ਲੱਗ ਪਈ ਹੈ।

ਘਰ ਵਿੱਚ ਇਸ ਤਰ੍ਹਾਂ ਦੀ ਚੁੱਪੀ ਕਿਉਂ ਹੈ? ਉਦਾਸ ਕਿਉਂ ਹੈ ਘਰ?

–ਸਭ ਦੇ ਚਿਹਰੇ ਉੱਤਰੇ ਹੋਏ ਕਿਉਂ ਨੇ ਭਾਬੀ?

–ਬੈਠੇ ਕਰਮਾਂ ਨੂੰ ਝੂਰ ਰਹੇ ਹਾਂ।

–ਕਿਉਂ, ਕੀ ਗੱਲ ਹੋ ਗਈ?

–ਵੀਰੋ ਦੇ ਸਹੁਰੇ ਪਰਾਹੁਣੇ ਦੇ ਦੂਜੇ ਵਿਆਹ ਨੂੰ ਜੋਰ ਪਾ ਰਹੇ ਨੇ। ਵੀਰੋ ਉਤੇ ਰਜਾਮੰਦੀ ਦੇ ਕਾਗਜ ਉੱਪਰ ਸਾਈਨ ਕਰਾਉਣ ਨੂੰ ਦਵਾਓ ਪਾ ਰਹੇ ਨੇ। ਕਹਿੰਦੇ ਨੇ ਹੁਣ ਤਾਂ ਸੱਤ ਸਾਲ ਹੋ ਗਏ ਨੇ ਉਡੀਕਦਿਆਂ।

ਸਭ ਖ਼ਾਮੋਸ਼ ਹੋ ਗਏ। ਜਮਨੇਜੇ ਦੇ ਦਿਮਾਗ ਨੇ ਤੇਜੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਕ ਧੁੰਦਲੀ ਜਿਹੀ ਸਕੀਮ ਤਾਂ ਉਦੋਂ ਤੋਂ ਹੀ ਦਿਮਾਗ ਵਿੱਚ ਬਣਦੀ ਜਾ ਰਹੀ ਸੀ ਜਦੋਂ ਤੋਂ ਪਤਾ ਲੱਗਿਆ ਸੀ ਕਿ ਵੀਰੋ ਹੱਥ ਲਗਾਇਆਂ ਮੈਲੀ ਹੋਣ ਵਾਲੀ ਕੁੜੀ ਹੈ ਪਰ ਬੱਚੇ ਦੀ ਥੁੜ ਕਾਰਨ ਨਸੀਬਾਂ ਦੀ ਮਾਰੀ ਪਈ ਹੈ। ਹੁਣ ਸਕੀਮ ਬੜੀ ਤੇਜੀ ਨਾਲ ਸਪਸ਼ਟ ਹੋਣ ਲੱਗ ਪਈ।

–ਪ੍ਰਾਹੁਣੇ ਦਾ ਸੁਭਾ ਕਿਵੇਂ ਹੈ ਭਾਬੀ?



–ਉਹ ਤਾਂ ਦਰਵੇਸ ਹੈ ਬੇਚਾਰਾ...। ਉਸ ਦੇ ਸੁਭਾ ਕਰਕੇ ਹੀ ਤਾਂ ਦਿਨ ਕਟੀ ਕਰੀ ਜਾਂਦੀ ਹੈ ਬੇਚਾਰੀ...।

–ਉਹ ਕੀ ਕਹਿੰਦਾ ਹੈ?

–ਉਹ ਕੀ ਕਹੇਗਾ? ਚੁੱਪ ਹੈ ਘਰਦਿਆਂ ਤੋਂ ਬਹੁਤ ਦਬਦਾ ਹੈ।

ਜਮਨੇਜੇ ਦੇ ਕਹਿਣ ਤੇ ਭਾਬੀ ਕੁੜੀਆਂ ਨੂੰ ਉੱਪਰ ਚੁਬਾਰੇ ਵਿੱਚ ਭੇਜ ਦੇਂਦੀ ਹੈ।

–ਕੁੜੀ ਦਾ ਇਲਾਜ ਨਹੀਂ ਕਰਾਇਆ ਉਨ੍ਹਾ ਨੇ...? –ਬਥੇਰੇ ਸਾਧਾਂ, ਸਿਆਣਿਆਂ ਕੋਲ ਲਈ ਫਿਰੀ ਗਈ ਆ ਸੱਸ ਉਹਦੀ।

–ਮੈਂ ਇਸ ਬਕਬਾਸ ਦੀ ਨਹੀਂ, ਇਲਾਜ ਦੀ ਗੱਲ ਪੁੱਛ ਰਿਹਾਂ।

–ਆਪਾਂ ਨੇ ਹਸਪਤਾਲ ਵਿੱਚ ਦਖਾਈ ਸੀ ਇੱਕ ਵਾਰੀ। ਡਾਕਟਰਨੀ ਤਾਂ ਕਹਿੰਦੀ ਸੀ ਕੋਈ ਨੁਕਸਾਨ ਨਹੀਂ।

–ਤੇ ਪ੍ਰਾਹੁਣਾ? ਉਸ ਨੂੰ ਨਹੀਂ ਵਿਖਾਇਆ ਕਿਸੇ ਚੰਗੇ ਡਾਕਟਰ ਨੂੰ?

–ਹੱਦ ਕਰਦਾਂ ਤੂੰ ਵੀ। ਕੁੜੀ ਨੂੰ ਤਾਂ ਡਾਕਟਰ ਦੇ ਲੈ ਕੇ ਨਹੀਂ ਗਈ, ਮੁੰਡੇ ਨੂੰ ਕਿਵੇਂ ਦਖਾਊ? ਨਾਲੇ ਆਪਣੇ ਇਹੋ ਜਿਹੀ ਗਲ ਬਾਰੇ ਤਾਂ ਉਈਂ ਨੀ ਸੋਚਦੇ।

–ਨਾ ਸੋਚਣ ਨਾਲ ਗੱਲ ਦਾ ਹੱਲ ਤਾਂ ਨਹੀਂ ਹੋ ਜਾਂਦਾ। ਜੇ ਭਲਾਂ ਪ੍ਰਾਹੁਣੇ ਵਿੱਚ ਹੀ ਨੁਕਸ ਹੋਇਆ ਫਿਰ...?

–ਹੁਣ ਆਪਾਂ ਕਿਵੇਂ ਕਹਿ ਸਕਦੇ ਹਾਂ ਇਸ ਬਾਰੇ? ਅਗਲੇ ਝਈ ਲੈ ਕੇ ਪੈਣਗੇ। ਅਗਲੇ ਕਿਤੇ ਸੁਨਣ ਲੱਗੇ ਨੇ ਏਹੋ ਜਿਹੀ ਗਲ...?

–ਕੋਸ਼ਿਸ ਤਾਂ ਕਰਨੀ ਚਾਹੀਦੀ ਹੈ ਭਾਬੀ। ਦੇਖ ਗੱਲ ਆਪਣੇ ਤਿੰਨਾਂ ਵਿੱਚ ਹੈ। ਮੁੰਡੇ ਨੂੰ ਜ਼ਰੂਰ ਚੈੱਕ ਕਰਾ ਲੈਣਾ ਚਾਹੀਦਾ ਹੈ। ਕਿਉਂ ਜੱਸੀ? ਫਿਰ ਸੌ ਹੀਲਾ ਹੋ ਸਕਦਾ ਹੈ।

–ਗੱਲ ਤਾਂ ਤੇਰੀ ਠੀਕ ਹੈ ਜਮਨੇਜੇ...। ਪਰ ਇਹ ਹੋਊ ਕਿਵੇਂ?

ਕੁਝ ਚਿਰ ਲਈ ਚੁੱਪ ਛਾ ਗਈ।

–ਤੂੰ ਕਹਿੰਦੀ ਸੀ ਭਾਬੀ, ਪ੍ਰਾਹੁਣੇ ਨਾਲ ਕੁੜੀ ਦੀ ਸੁਹਣੀ ਬਣਦੀ ਹੈ?

–ਹਾਂ, ਫੇਰ?

–ਵੀਰੋ ਦੇ ਸਹੁਰੇ ਗਲ ਕਰਨ ਲਈ ਕਿਸੇ ਨੂੰ ਤਾਂ ਜਾਣਾ ਹੀ ਪੈਣਾ ਹੈ। ਮੇਰੀ ਮੰਨ ਤਾਂ ਤੂੰ ਹੀ ਜਾ ਕੇ ਆ ਭਾਬੀ।

–ਕਹਾਂ ਕੀ?

–ਇਕ ਤਾਂ ਅਗਲਿਆਂ ਤੇ ਜੋਰ ਪਾਓ ਬਈ ਸਾਲ ਖੰਡ ਹੋਰ ਵੇਖ ਲੈਣ, ਅਜੇ ਉਮਰ ਹੀ ਕਿਹੜੀ ਹੈ, ਦੂਜੇ...

ਇਥੇ ਆ ਕੇ ਉਹ ਰੁਕ ਗਿਆ।

–ਦੂਜੇ ਕੀ...?

–ਮੈਂ ਕਦੀ ਇਸ ਤਰ੍ਹਾਂ ਖੁਲ੍ਹੀ ਗਲ ਕੀਤੀ ਤਾਂ ਨਹੀਂ ਭਾਬੀ, ਪਰ ਹੁਣ ਔਕੜ ਹੀ ਐਸੀ ਹੈ ਸੋ ਕਰਨੀ ਪੈ ਰਹੀ ਹੈ। ਤੂੰ ਮਾਂ ਹੈਂ, ਮਾਂ ਧੀ ਦਾ ਸੌ ਪਰਦਾ ਹੁੰਦਾ ਹੈ। ਖੁਲ੍ਹ ਕੇ ਗਲ ਵੀ ਕਰ ਸਕਦੀ ਹੈਂ। ਵੀਰੋ ਨੂੰ ਕਹੀਂ ਸ਼ੀਸ਼ੀ ਵਿੱਚ ਪ੍ਰਾਹੁਣੇ ਦਾ ਵੀਰਜ ਲੈ ਲਵੇ। ਆਪਾਂ ਤਸੱਲੀ ਤਾਂ ਕਰ ਲਈਏ। ਜੇ ਇਲਾਜ ਦੀ ਲੋੜ ਪਈ, ਖਰਚ ਆਪਾਂ ਕਰ ਲਵਾਂਗੇ। ਕੁੜੀ ਦਾ ਘਰ ਸੰਸਾਰ ਤਾਂ ਬਣਿਆ ਰਹੇਗਾ।

ਗੱਲ ਉਨ੍ਹਾਂ ਨੂੰ ਜਚ ਗਈ। ਅਗਲੇ ਹੀ ਦਿਨ ਸ਼ਾਮ ਨੂੰ ਵੀਰੋ ਨਾਲ ਭਾਬੀ ਦਾ ਦੁਰਾਹੇ ਜਾਣ ਦਾ ਪ੍ਰੋਗਰਾਮ ਬਣ ਗਿਆ। ਉਸ ਤੋਂ ਅਗਲੀ ਸਵੇਰ ਦੁਰਾਹੇ ਪੁਲ ਉੱਤੇ ਜਮਨੇਜਾ ਸ਼ੀਸ਼ੀ ਲੈਣ ਪਹੁੰਚ ਜਾਏਗਾ। ਸ਼ੀਸ਼ੀ ਟੈਸਟ ਲਈ ਲੈਬੋਰੇਟਰੀ ਵਿੱਚ ਛੇਤੀ ਭੇਜਣੀ ਵੀ ਤਾਂ ਜ਼ਰੂਰੀ ਹੈ।

ਸ਼ੀਸ਼ੀ ਲੈਬੋਰੇਟਰੀ ਵਿੱਚ ਦੇ ਕੇ ਉਹ ਆਪਣੇ ਉਸ ਵਾਕਫ ਮਿੱਤਰ ਕੋਲ ਪਹੁੰਚ ਗਿਆ। ਇਸ ਮਿੱਤਰ ਦੇ ਪਿਛਲੇ ਚੌਦਾਂ ਸਾਲਾਂ ਵਿੱਚ ਵੀ ਬੱਚਾ ਨਹੀਂ ਹੋ ਸਕਿਆ। ਅਗੋਂ ਲਈ ਕੋਈ ਉਮੀਦ ਵੀ ਨਹੀਂ ਹੈ ਕਿਉਂਕਿ

ਰਿਪੋਰਟ ਅਨੁਸਾਰ ਉਹ ਇਸ ਦੇ ਕਾਬਲ ਹੀ ਨਹੀਂ ਹੈ। 'ਸਪਰਮਜ' ਮੌਜੂਦ ਹੀ ਨਹੀਂ ਹਨ, ਜੋ ਥੋੜ੍ਹੇ ਬਹੁਤ ਹਨ ਇੰਨੇ ਕਮਜ਼ੋਰ ਹਨ ਵੀ ਕਿ ਇਕ ਪ੍ਰਤੀਸ਼ਤ ਵੀ ਸੰਭਾਵਨਾ ਨਹੀਂ ਹੈ।

-ਪੰਡਿਤ, ਤੈਂ ਦੁਆਰਾ ਟੈਸਟ ਕਰਾਇਆ ਸੀ ਭਲਾਂ?

-ਨਹੀਂ, ਫਾਇਦਾ ਹੀ ਕੀ ਹੈ? ਪਤਾ ਤਾਂ ਹੈ ਹੀ।

-ਤੈਨੂੰ ਦੁਆਰਾ ਟੈਸਟ ਕਰਾਨ ਦੀ ਲੋੜ ਹੈ। ਅਮੇਰਿਕਾ ਵਿੱਚ ਮੇਰਾ ਇਕ ਡਾਕਟਰ ਦੋਸਤ ਦਾਅਵਾ ਕਰਦਾ ਹੈ ਕਿ ਇਲਾਜ ਰਾਹੀਂ 'ਸਪਰਮਜ' ਪੈਦਾ ਕੀਤੇ ਜਾ ਸਕਦੇ ਨੇ। ਉਸਨੇ ਤਾਜੀ ਰਿਪੋਰਟ ਭੇਜਣ ਲਈ ਕਿਹਾ ਹੈ...।

ਪੰਡਿਤ ਇੱਕ ਦਮ ਉਠ ਖੜ੍ਹਾ ਹੋਇਆ...। ਉਸਨੂੰ ਮੋਢਿਆਂ ਤੋਂ ਫੜ ਝੰਜੋੜ ਦਿੱਤਾ ਇਜ ਇਟ ਪਾਸੀਬਲ...?

-ਲੈਟ ਅਸ ਟਰਾਈ...।

ਦਸਾਂ ਮਿੰਟਾਂ ਵਿੱਚ ਪੰਡਿਤ ਗੁਸਲਖਾਨੇ ਵਿੱਚੋਂ ਵਾਪਸ ਪਰਤ ਆਇਆ।

ਸ਼ੀਸ਼ੀ ਲੈ ਕੇ ਜਮਨੇਜਾ ਇਕ ਹੋਰ ਲੈਬੋਰੇਟਰੀ ਵਿੱਚ ਪਹੁੰਚ ਗਿਆ। ਸ਼ੀਸ਼ੀ ਵੀਰੋ ਦੇ ਪਤੀ ਤੇਜਵੰਤ ਦੇ ਨਾਂ ਹੇਠਾਂ ਟੈਸਟ ਕਰਨ ਲਈ ਦੇ ਦਿੱਤੀ।

ਅਸਲੀ ਰਿਪੋਰਟ ਪਹਿਲਾਂ ਮਿਲ ਗਈ। ਤੇਜਵੰਤ ਇਕ ਦਮ ਠੀਕ ਹੈ, ਕੋਈ ਨੁਕਸ ਨਹੀਂ ਹੈ। ਜਮਨੇਜਾ ਹੌਲੇ ਜਿਹੇ ਮੁਸਕਰਾਇਆ ਅਤੇ ਕਾਗਜ ਦੇ ਟੁਕੜੇ ਕਰਕੇ ਹਵਾ ਵਿੱਚ ਉਡਾ ਦਿੱਤੇ...।

ਦੂਸਰੀ ਰਿਪੋਰਟ ਸ਼ਾਮ ਤੱਕ ਮਿਲੀ। ਉਹੀ ਪਹਿਲਾਂ ਵਾਲੀ। ਇਕ ਨਾਮਰਦ ਬੰਦੇ ਵਾਲੀ ਹਾਲਤ। ਪਿੰਡ ਪਹੁੰਚ ਉਸਨੇ ਜੱਸੀ ਹੋਰਾਂ ਨੂੰ ਸੂਚਤ ਕਰ ਦਿੱਤਾ ਸੀ ਕਿ ਤੇਜਵੰਤ ਵੀ ਇੱਕ ਦਮ ਠੀਕ ਹੈ। ਸੋ ਪ੍ਰਮਾਤਮਾ ਉੱਤੇ ਭਰੋਸਾ ਰਖੋ ਅਤੇ ਸਾਲ ਭਰ ਉਡੀਕ ਕਰੋ...। ਰਿਪੋਰਟ ਵਾਲਾ ਕਾਗਜ ਉਸਨੇ ਨਹੀਂ ਵਿਖਾਇਆ। ਸਕੀਮ ਅਨੁਸਾਰ ਮੌਕਾ ਆਉਣ ਉਤੇ ਵਰਤਣ ਲਈ ਰੱਖ ਲਿਆ।

***

ਦੀਪਾਂ ਦਾ ਦਸਵੀਂ ਦਾ ਨਤੀਜਾ ਨਿਕਲ ਆਇਆ.।

ਉਹ ਆਪਣੇ ਵਾਅਦੇ ਮੁਤਾਬਕ ਪੂਰੀ ਉੱਤਰੀ ਹੈ...। ਅਠਾਹਟ ਪ੍ਰਤੀਸ਼ਤ ਦੇ ਕਰੀਬ ਨੰਬਰ ਬਣਾ ਲਏ ਨੇ...। ਆਪਣੀ ਸਕੀਮ ਅਨੁਸਾਰ ਉਹ ਦੀਪਾਂ ਨੂੰ ਨਾਭੇ ਜੇ. ਬੀ. ਟੀ. ਦੀ ਟਰੇਨਿੰਗ ਲਈ ਦਾਖਲਾ ਦਵਾਉਣਾ ਚਾਹੁੰਦਾ ਹੈ। ਉਥੇ ਆਪਣੇ ਇਕ ਵਾਕਫ ਦੇ ਘਰ ਚੁਬਾਰਾ ਲੈ ਕੇ ਦੇਣ ਦੀ ਵੀ ਪੱਕੀ ਕਰ ਲਈ ਹੈ। ਪਟਿਆਲੇ ਤਿੰਨ ਦਿਨਾਂ ਦੇ ਭਰਵੇਂ ਸਾਥ ਨੇ ਜਮਨੇਜੇ ਦੇ ਸ਼ਰੀਰ ਵਿੱਚ ਦੀਪਾਂ ਦੀ ਲੋੜ ਦੀ ਇੱਕ ਅਜੀਬ ਹਾਬੜੀ ਜਿਹੀ ਭੁੱਖ ਜਗਾ ਦਿੱਤੀ ਹੈ। ਨਾਭੇ ਰੱਖ ਕੇ ਉਹ ਆਪਣੀ ਭੁੱਖ ਮਨ ਮਰਜੀ ਮੁਤਾਬਕ ਪੂਰੀ ਕਰ ਸਕੇਗਾ ਘਰ ਰਹਿ ਕੇ ਇਹ ਸਭ ਸੰਭਵ ਨਹੀਂ ਹੈ। ਦੋ ਤਿੰਨ ਰਾਤਾਂ ਉਸਨੇ ਕੋਸ਼ਿਸ਼ ਵੀ ਕੀਤੀ ਹੈ। ਪਰਿਵਾਰ ਦੇ ਜੀਆਂ ਦੀ ਨੀਂਦ ਗੂੜ੍ਹੀ ਕਰਨ ਲਈ ਦੁੱਧ ਵਿੱਚ ਨੀਂਦ ਦੀਆਂ ਗੋਲੀਆਂ ਘੋਲ ਕੇ ਪਲਵਾਈਆਂ ਵੀ ਨੇ। ਪਹਿਲਾਂ ਤਾਂ ਦੀਪਾਂ ਕਿਸੇ ਗਲਤ ਅਸਰ ਦੇ ਡਰੋਂ ਗੋਲੀਆਂ ਘੋਲਣ ਲਈ ਤਿਆਰ ਹੀ ਨਹੀਂ ਸੀ ਹੋਈ ਅਤੇ ਜਦੋਂ ਘੋਲ ਕੇ ਪਲਾਈਆਂ ਵੀ ਤਾਂ ਉਸਦੇ ਬਹੁਤ ਹੀ ਜੋਰ ਦੇਣ ਤੇ, ਮਸੀਂ ਹੀ ਨੀਲੂ ਕੋਲੋਂ ਉਠ ਕੇ ਉਸਦੇ ਮੰਜੇ ਉਪਰ ਆਉਂਦੀ ਰਹੀ ਹੈ। ਫਿਰ ਸਾਰਾ ਅਰਸਾ ਡਰ ਦੀ ਗਰਿਫਤ ਵਿੱਚ ਜਕੜੀ ਰਹੀ ਹੈ। ਡਰ ਉਸਦੇ ਮਨ ਅੰਦਰ ਵੀ ਪਸਰਿਆ ਰਹਿੰਦਾ।

ਉਸਨੇ ਦੀਪਾਂ ਦੀ ਪੜ੍ਹਾਈ ਦਾ ਪ੍ਰਸਤਾਵ ਘਰਦਿਆਂ ਸਾਮ੍ਹਣੇ ਰੱਖ ਦਿੱਤਾ।

-ਅੱਗੋਂ ਪੜ੍ਹਾਉਣ ਦੀ ਹਿੰਮਤ ਤਾਂ ਹੈ ਹੀ ਨਹੀਂ ਜਮਨੇਜੇ...।

-ਘਰ ਬੈਠੀ ਕੁੜੀ ਕਰੂ ਵੀ ਕੀ? ਵਿਆਹ ਅਜੇ ਉਹ ਤੇਰੇ ਕੋਲੋਂ ਹੋਣੀ ਨਹੀਂ। ਵਿਹਲੇ ਬੰਦੇ ਦਾ ਮਨ, ਵੀਹ ਉਰੇ ਪਰੇ ਦੀਆਂ ਸੋਚਦਾ ਰਹਿੰਦਾ ਹੈ। ਪੜ੍ਹਗੀ ਤਾਂ ਰੁੱਝੀ ਰਹੂ। ਹੈ ਵੀ ਮਿਹਨਤੀ, ਨੰਬਰ ਕਿਤੇ ਥੋਹੜ੍ਹੇ ਨੇ। ਬਾਕੀ ਰਹੀ ਖਰਚੇ ਦੀ ਗੱਲ। ਜਦੋਂ ਤੱਕ ਤੂੰ ਨੌਕਰੀ ਉੱਤੇ ਨਹੀਂ ਚਲਾ ਜਾਂਦਾ, ਉਹ ਜਿੰਮਾ ਮੇਰਾ। ਆਖਰ ਮੇਰੀ ਵੀ ਤਾਂ ਧੀਆਂ ਵਰਗੀ ਹੈ।



-ਠੀਕ ਹੈ, ਖੰਨੇ ਕਾਲਜ ਵਿੱਚ ਦਾਖਲ ਕਰਾ ਦੇਂਦੇ ਹਾਂ। ਬੱਸ ਤਾਂ ਸਿੱਧੀ ਜਾਂਦੀ ਹੀ ਹੈ।

-ਉਥੇ ਦਾਖਲ ਕਰਾ ਕੇ ਕੀ ਕਰਾਂਗੇ? ਚਾਰ ਪੰਜ ਸਾਲ ਬੀ. ਏ. ਤਕ ਗਲ ਜਾਣਗੇ। ਆਪਾਂ ਪੜ੍ਹਾਈ ਸਿਰਫ ਵਿਖਾਵੇ ਲਈ ਤਾਂ ਨਹੀਂ ਕਰਾਉਣੀ। ਮੇਰਾ ਭਾਵ ਹੈ, ਪੜ੍ਹਨਾ ਇਸਦੇ ਲਈ ਸਾਰਥਕ ਵੀ ਸਿੱਧ ਹੋਵੇ।

-ਤਾਂ ਫੇਰ...?

-ਮੇਰੀ ਤਾਂ ਰਾਏ ਹੈ ਨਾਭੇ ਜੇ. ਬੀ. ਟੀ. ਵਿੱਚ ਦਾਖਲਾ ਦਵਾ ਦੇਈਏ। ਇਹ ਖੁਦ ਵੀ ਇਹੀ ਕੋਰਸ ਕਰਨ ਵਿੱਚ ਹੀ ਇੰਟਰਸਟਡ ਹੈ। ਦੋ ਸਾਲ ਹੀ ਦੀ ਗੱਲ ਹੈ। ਪਿਛੋਂ ਕਿਤੇ ਨਾ ਕਿਤੇ ਨੌਕਰੀ ਦਾ ਹੀਲਾ ਵੀ ਕਰਾ ਦਊਂ। ਅਫਸਰਾਂ ਤੱਕ ਬਥੇਰੀ ਪਹੁੰਚ ਹੈ...।

ਨਾਭੇ...? ਏਡੀ ਦੂਰ...? ਰਹਾਇਸ ਦਾ ਖਰਚਾ...?

-ਤੈਨੂੰ ਕਿਹਾ ਬਈ ਖਰਚੇ ਦੀ ਗੱਲ ਨਾ ਕਰ...। ਵੱਡੀ ਸਮੱਸਿਆ ਤਾਂ ਦਾਖਲਾ ਮਿਲ ਸਕਣ ਦੀ ਹੈ। ਮੈਰਿਟ ਹੀ ਬਹੁਤ ਉੱਚੀ ਚਲੀ ਜਾਂਦੀ ਹੈ। ਜੈਕ ਦਾ ਪ੍ਰਬੰਧ ਕਰਨਾ ਪੈਣਾ ਹੈ...।

-ਮੈਂ ਤਾਂ ਸੁਣਿਆ ਜਮਨੇਜੇ ਉੱਥੇ ਹੋਸਟਲ ਵੀ ਨਹੀਂ ਹੈ...।

-ਹਾਂ ਹੋਸਟਲ ਤਾਂ ਨਹੀਂ ਹੈ ਪਰ ਮੇਰਾ ਇਕ ਬਹੁਤ ਪ੍ਰੇਮੀ ਟੱਬਰ ਰਹਿੰਦਾ ਹੈ, ਉਨ੍ਹਾਂ ਦੇ ਘਰ ਰਿਹਾਇਸ਼ ਦਾ ਪ੍ਰਬੰਧ ਕਰ ਲਵਾਂਗੇ। ਉਸ ਟੱਬਰ ਉੱਤੇ ਤੁਸੀਂ ਮੇਰੇ ਜਿੰਨਾ ਹੀ ਵਿਸ਼ਵਾਸ ਕਰ ਸਕਦੇ ਹੋ।

-ਏਡੀ ਦੂਰ ਕੁੜੀ ਕੱਲੀ ਰਹੂ ਕਿਵੇਂ...? ਇਸ ਵਾਰ ਭਾਬੀ ਨੇ ਕਿਹਾ।

-ਕਿਉਂ ਭਾਬੀ ਜਿਹੜੀਆਂ ਹੋਰ ਰਹਿੰਦੀਆਂ ਨੇ ਉਹ ਕਿਸੇ ਦੀਆਂ ਕੁੜੀਆਂ ਹੀ ਨਹੀਂ?

-ਮੇਰਾ ਮਤਲਬ, ਸਮੇਂ ਚੰਗੇ ਜਿਹੇ ਨਹੀਂ...।

-ਉੱਥੇ ਰਹਾਇਸ਼ ਦੀ ਹਿਫਾਜਤ ਦਾ ਮੇਰਾ ਜਿੰਮਾ, ਇਹ ਹੁਣ ਬੱਚੀ ਨਹੀਂ ਹੈ। ਨਾਲੇ ਭਾਬੀ ਜੇ ਆਪਾਂ ਬੱਚਿਆਂ 'ਤੇ ਵਿਸ਼ਵਾਸ ਕਰਾਂਗੇ, ਉਹ ਤਾਂ ਹੀ ਸਾਡੇ ਵਿਸਵਾਸ ਦੇ ਪਾਤਰ ਬਣ ਸਕਣਗੇ।

-ਮੇਰਾ ਤਾਂ ਮਨ ਜਿਹਾ ਨਹੀਂ ਮੰਨਦਾ ਜਿਵੇਂ...।

-ਮਾਂ ਹੈਂ ਨ੍ਹਾਂ, ਤੇਰੇ ਮਨ ਦਾ ਹੌਲ ਹੈ ਵੀ ਸੁਭਾਵਕ। ਪਰ ਭਾਬੋ ਮੈਂ ਦੀਪਾਂ ਦੇ ਭਲੇ ਦੀ ਸੋਚਦਾਂ। ਦੋ ਸਾਲ ਲਗਾ ਕੇ ਆਪਣੇ ਪੈਰਾਂ ਤੇ ਖੜ੍ਹਨ ਯੋਗ ਹੋ ਜਾਏਗੀ। ਹੁਣ ਵੀਰੋ ਦਾ ਹਾਲ ਵੇਖ ਲਾ... ਉਸਦਾ ਫਿਕਰ ਕਿਵੇਂ ਆਪਾਂ ਨੂੰ ਘੁਣ ਵਾਂਗ ਖਾ ਰਿਹਾ ਹੈ। ਹੁਣ ਸਮਾਂ ਹੀ ਐਸਾ ਹੈ। ਕੁੜੀਆਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਹੋਣ ਦੇ ਕਾਬਲ ਬਨਣਾ ਜ਼ਰੂਰੀ ਹੋ ਗਿਆ ਹੈ।

-ਗੱਲ ਤਾਂ ਤੇਰੀ ਠੀਕ ਹੈ ਵੇ..., ਪਰ ਮੇਰਾ ਤਾਂ ਜਿਵੇਂ ਮਨ ਜਿਹਾ ਨੀ...

ਜਮਨੇਜਾ ਕੁਝ ਪਲ ਖ਼ਾਮੋਸ਼ ਸੋਚਦਾ ਰਿਹਾ। ਇਸ ਤਰ੍ਹਾਂ ਹਾਰ ਨਹੀਂ ਝੱਲਣੀ। ਦਾਖਲਾ ਤਾਂ ਦਿਵਾਣਾ ਹੀ ਹੈ, ਹਰ ਹੀਲੇ, ਉਸਨੇ ਭਾਵਕਤਾ ਦਾ ਹਥਿਆਰ ਵਰਤਿਆ।

-ਠੀਕ ਹੈ ਭਾਬੀ, ਜਿਵੇਂ ਠੀਕ ਸਮਝੋ...। ਤੁਹਾਡੀ ਧੀ ਹੈ। ਮੇਰੀ ਸਕੀ ਧੀ ਹੁੰਦੀ ਤਾਂ ਮੈਂ ਧੱਕੇ ਨਾਲ ਦਾਖਲ ਕਰਾ ਆਉਂਦਾ। ਤੁਹਾਨੂੰ ਤਾਂ ਬਸ ਸਮਝਾ ਹੀ ਸਕਦਾਂ। ਕਹਿੰਦੇ ਨੀ ਹੁੰਦੇ ਸਿਆਣੇ। ਖੂਨ ਦਾ ਰਿਸ਼ਤਾ ਸੋਨਾ ਹੁੰਦਾ ਹੈ ਅਤੇ ਮੋਹ ਦਾ ਰਿਸ਼ਤਾ ਪਿੱਤਲ। ਮੇਰਾ ਤਾਂ ਤੁਹਾਡੇ ਨਾਲ ਮੋਹ ਦਾ ਰਿਸ਼ਤਾ ਹੀ ਹੈ ਨਾਂ? ਪਿੱਤਲ ਦਾ ਅਧਿਕਾਰ ਵੀ ਕੀ...

ਹਥਿਆਰ ਕਾਰਗਰ ਸਿੱਧ ਹੋਇਆ।

-ਚੁੱਪ ਜਮਨੇਜੇ। ਇੱਥੇ ਹੀ ਚੁੱਪ ਕਰ ਜਾਹ। ਯਾਰਾ, ਤੇਰੇ ਅਹਿਸਾਨ ਅਸੀਂ ਕਿਹੜੇ ਜਨਮ ਵਿੱਚ ਲਾਹ ਸਕਾਂਗੇ। ਕਿਸੇ ਸਾਲੇ ਖੂਨ ਦੇ ਰਿਸ਼ਤੇ ਵਾਲੇ ਨੇ ਪੁੱਛਿਆ ਨਹੀਂ ਆ ਕੇ। ਆਹ ਅਧਿਕਾਰ ਵਾਲੀ ਕਿਹੜੀ ਗੱਲ ਕਰ ਦਿੱਤੀ ਆ? ਤੂੰ ਜਿਵੇਂ ਕਹੇਂ ਕਰਾਂਗੇ।

ਦੀਪਾਂ ਖੁਸ਼ ਹੈ ਕਿ ਉਹ ਅੱਗੇ ਪੜ੍ਹ ਸਕੇਗੀ। ਜਮਨੇਜਾ ਖੁਸ਼ ਹੈ ਕਿ ਉਸ ਲਈ ਰਾਹ ਸਾਫ ਹੋ ਗਿਆ। ਮਾਪੇ ਖੁਸ਼ ਨੇ ਕਿ ਬੱਚੀ ਦਾ ਭਵਿੱਖ ਬਣ ਜਾਵੇਗਾ। ਜਮਨੇਜੇ ਦੇ ਅੰਦਰ ਬੈਠਾ ਵਹਿਸ਼ੀ ਹਾਸਾ ਹੱਸ ਰਿਹਾ ਮਨੁੱਖ ਉਨ੍ਹਾਂ ਨੂੰ ਇਕ ਦਮ ਵਿਖਾਈ ਨਹੀਂ ਦੇ ਰਿਹਾ।

****

ਦੀਪਾਂ ਨੂੰ ਜੇ. ਬੀ. ਟੀ. ਵਿੱਚ ਦਾਖਲਾ ਮਿਲ ਗਿਆ। ਇੰਟਰਵਿਊ ਵਾਲੇ ਦਿਨ ਜਨਮੇਜੇ ਨੇ ਦੀਪਾਂ ਨੂੰ ਉਹ ਚੁਬਾਰਾ ਵੀ ਵਿਖਾ ਦਿੱਤਾ ਜਿਥੇ ਉਸਨੇ ਰਹਿਣਾ ਹੈ। ਚੁਬਾਰਾ ਵੇਖ ਉਹ ਤਸੱਲੀ ਨਾਲ ਭਰ ਗਈ। ਚੁਬਾਰਾ ਖੁਲ੍ਹਾ ਹੈ ਅਤੇ ਆਲੇ-ਦੁਆਲੇ ਤੋਂ ਕਿਸੇ ਵੀ ਕਿਸਮ ਦੀ ਦਖਲ ਅੰਦਾਜ਼ੀ ਤੋਂ ਰਹਿਤ। ਪਉੜੀ ਵਿਹੜੇ ਦੇ ਅੰਦਰੋਂ ਹੀ ਚੜ੍ਹਦੀ ਹੈ।

ਦੀਪਾਂ ਨੂੰ ਉੱਪਰ ਬੈਠਣ ਲਈ ਕਹਿ ਜਮਨੇਜਾ ਜਦੋਂ ਹੇਠਾਂ ਡਰਾਇੰਗ ਰੂਮ ਵਿਚ ਆਇਆ ਤਾਂ ਮਕਾਨ ਮਾਲਕਣ ਵੀ ਰਸੋਈ ਵਿੱਚ ਚਾਹ ਰਖ ਕੇ ਆ ਗਈ। ਜਮਨੇਜੇ ਨੇ ਵੇਖਿਆ ਉਸਦੀਆਂ ਅੱਖਾਂ ਵਿੱਚ ਖਚਰੀ ਜਿਹੀ ਮੁਸਕਰਾਹਟ ਹੈ।

-ਨਵੀਂ ਮੁਰਗੀ ਹੈ ਕੋਈ...?

ਉਹ ਤ੍ਰਬਕ ਉੱਠਿਆ ਪਰ ਅਗਲੇ ਹੀ ਪਲ ਸੰਭਲ ਗਿਆ।

-ਹਾਂ ਪਰਮ, ਨਵੀਂ ਮੁਰਗੀ ਹੈ। ਜਿਵੇਂ ਕਦੇ ਤੂੰ ਸੀ।

-ਕਿਵੇਂ ਫਸੀ...?

-ਜਿਵੇਂ ਕਦੇ ਤੂੰ ਫਸ ਗਈ ਸੀ।

-ਤੂੰ ਹਰ ਸਮੇਂ ਨਵਾਂ ਮਾਲ ਤਿਆਰ ਰਖਦਾ ਹੈਂ। ਹੋਰ ਕਿੰਨੀਆਂ ਕੁ ਕੁੜੀਆਂ ਨੂੰ ਤਬਾਹ ਕਰੇਂਗਾ...?

ਜਮਨੇਜਾ ਸੰਭਲ ਗਿਆ। ਇਹ ਤਾਂ ਸਾਰਾ ਖੇਡ ਵਿਗਾੜ ਸਕਦੀ ਹੈ। ਪਰ ਉਸਦੀ ਖੇਡ ਏਨੀ ਸੌਖ ਨਾਲ ਕੌਣ ਵਿਗਾੜ ਸਕਿਆ ਹੈ। ਸਖਤੀ ਤੋਂ ਕੰਮ ਲੈਣਾ ਹੀ ਪਏਗਾ।

-ਤੇਰੀ ਜ਼ਿੰਦਗੀ ਕਿੰਨੀ ਕੁ ਤਬਾਹ ਕਰ ਦਿੱਤੀ ਸੀ ਪਰਮ? ਉਸਨੇ ਨਰਮ ਆਵਾਜ਼ ਵਿੱਚ ਕਿਹਾ।

-ਕਸਰ ਵੀ ਕਿਹੜੀ ਛੱਡੀ ਸੀ?

-ਕੀਤੀ ਤਾਂ ਨਹੀਂ, ਕਰ ਜ਼ਰੂਰ ਸਕਦਾਂ ਹੁਣ...।

ਜਮਨੇਜੇ ਦੀ ਸਖਤ ਆਵਾਜ਼ ਤੋਂ ਉਹ ਤ੍ਰਬਕ ਪਈ-ਕੀ ਮਤਲਬ?

-ਰੰਗਰਲੀਆਂ ਮਨਾਉਂਦੀ ਦੇ ਨੰਗੇ ਪ੍ਰਿੰਟ ਅਜੇ ਤਕ ਵੀ ਮੇਰੇ ਕੋਲ ਪਏ ਨੇ...।

-ਤੁਸੀਂ ਤਾਂ ਕਹਿੰਦੇ ਸੀ ਜਲਾ ਦਿੱਤੇ ਸੀ। ਉਹ ਸਹਿਮ ਗਈ।

-ਸਿਰਫ ਕਹਿੰਦਾ ਸੀ। ਉਹ ਖਚਰਾ ਹਾਸਾ ਹੱਸਿਆ-ਨਾਲੇ ਦੋਵਾਂ 'ਅਬੌਰਸ਼ਨਜ਼' ਦੇ ਛਿੰਬਾਂ ਦੇ ਨਿਸ਼ਾਨ ਪੱਟਾਂ ਤੋਂ ਨਹੀਂ ਗਏ ਹੋਣੇ ਅਜੇ...। ਉਹ ਡਾਕਟਰ ਅਜੇ ਵੀ ਪਟਿਆਲੇ ਪ੍ਰੈਕਟਿਸ ਕਰਦਾ ਹੈ। ਮੇਰੇ ਕਹਿਣ ਤੇ ਗਵਾਹੀ ਭਰ ਸਕਦਾ ਹੈ...।

ਕੁੜੀ ਦਾ ਰੰਗ ਫੱਕ ਹੋ ਗਿਆ। ਉਹ ਕੁਝ ਬੋਲ ਨਹੀਂ ਸਕੀ।

-ਮੇਰਾ ਖਿਆਲ ਹੈ ਉਹ ਸਬੂਤ ਵੇਖ ਕੇ ਤੇਰਾ ਪਤੀ ਹੁਣ ਵੀ ਬਾਹੋਂ ਫੜਕੇ ਘਰੋਂ ਬਾਹਰ ਕੱਢਣ ਵਿੱਚ ਦੇਰੀ ਨਹੀਂ ਕਰਨ ਲੱਗਿਆ। ਜੇ ਜਰ ਵੀ ਗਿਆ ਤਾਂ ਉਹ ਕਿਹੜਾ ਮੇਰੀ ਪਹੁੰਚ ਤੋਂ ਬਾਹਰ ਹੈ। ਜੇ ਨੌਕਰੀ ਮੈਂ ਦਵਾਈ ਹੈ ਤਾਂ ਤੁੜਾ ਵੀ ਸਕਦਾ ਹਾਂ। ਕੋ-ਔਪਰੇਟਿਵ ਸੁਸਾਇਟੀ ਦਾ ਕਿਹੜਾ 'ਸਟਾਕ ਇੰਚਾਰਜ' ਹੈ ਜੋ ਗੰਦ ਤੋਂ ਬਚਿਆ ਹੋਇਆ ਹੈ? ਰਜਿਸਟਰਾਰ ਸਾਹਬ ਨਾਲ ਮੇਰੀ ਦੋਸਤੀ ਬਾਰੇ ਤੂੰ ਭੁੱਲੀ ਨਹੀਂ ਹੋਈ...।

-ਉਹ ... ਉਹ ਤਾਂ ਕਰਪਟ ਨਹੀਂ ਹਨ...।

ਦਾਈਆਂ ਨੂੰ ਪੇਟ ਵੇਖਣਾ ਸਿਖਾ ਰਹੀ ਹੈਂ...? ਸਿਰਫ ਤਨਖਾਹ ਨਾਲ ਤਿੰਨ ਸਾਲ ਵਿੱਚ ਪੰਜ ਲੱਖ ਦਾ ਆਹ ਮਕਾਨ ਨਹੀਂ ਖੜ੍ਹਾ ਹੋ ਸਕਦਾ।

ਪਰਮ ਦੇ ਚਿਹਰੇ ਉਤੇ ਪਸੀਨਾ ਝਲਕ ਆਇਆ।

-ਮੰ...ਮੰ...ਮੈਂ ... ਮੈਂ ਤੁਹਾਨੂੰ ਕੁਝ ਕਿਹਾ ਕਿਤੇ... ਮੈਂ ਤਾਂ...

ਉਹ ਹਸ ਪਿਆ।

-ਕਿਹਾ ਤਾਂ ਨਹੀਂ ਪਰ ਭੁਲੇਖੇ ਨਾਲ ਕਹਿ ਜ਼ਰੂਰ ਸਕਦੀ ਸੀ ਕਿਸੇ ਸਮੇਂ। ਬੱਸ ਤੈਨੂੰ ਤੇਰੀ ਥਾਂ ਤੋਂ ਜਾਣੂ ਕਰਾਇਆ ਹੈ। ਨਾਲੇ ਤੂੰ ਨਹੀਂ ਤੁਸੀਂ ਕਿਹਾ ਕਰ। ਤੇਰੇ ਨਾਲੋਂ ਕਿਤੇ ਵੱਡਾ ਹਾਂ ਮੈਂ। ਸਮਝੀ...?

-ਜ...ਜੀ... ਹਾਂ...?



-ਦੀਪਾਂ ਕੋਲ ਮੇਰੇ ਬਾਰੇ ਕੋਈ ਵੱਧ ਘੱਟ ਗੱਲ ਭੁਲਕੇ ਵੀ ਨਹੀਂ ਕਰਨੀ। ਠੀਕ?

-ਜ... ਜੀ ਠੀਕ।

ਦੀਪਾਂ ਦੇ ਮਾਪਿਆਂ ਨੂੰ ਵੀ ਭਰੋਸਾ ਦਿਲਾਉਣਾ ਹੈ...।

-ਜੀ...।

ਉਹ ਹਸਦਾ ਹੈ-ਹੁਣ ਮੂਡ ਠੀਕ ਕਰ ਲੈ। ਘਬਰਾ ਨਾ ਐਵੇਂ...। ਪਸੀਨਾ ਪੂੰਝ ਲੈ ਮੱਥੇ ਤੋਂ...।

ਉਹ ਕੋਸ਼ਿਸ਼ ਨਾਲ ਮੁਸਕਰਾਉਂਦੀ ਹੈ।

-ਦੈਟ ਇਜ ਲਾਈਕ ਗੁੱਡ ਗਰਲ...।

ਉਹ ਬਾਹਵਾਂ ਫੈਲਾਉਂਦਾ ਹੈ। ਉਹ ਬਿਨਾ ਵਿਰੋਧ ਖਿੱਚੀ ਤੁਰੀ ਆਉਂਦੀ ਹੈ। ਉਹ ਹੌਲੇ ਜਿਹੇ ਬੁਲ੍ਹ ਚੁੰਮ ਕੇ ਉਸਨੂੰ ਫਰੀ ਕਰ ਦੇਂਦਾ ਹੈ। ਪਰਮ ਦੇ ਅੰਦਰ ਬੈਠ ਗਏ ਡਰ ਤੋਂ ਉਹ ਖੁਸ਼ ਹੈ। ਹੁਣ ਉਹ ਭੁੱਲ ਕੇ ਵੀ ਗਲਤ ਗਲ ਨਹੀਂ ਕਰ ਸਕੇਗੀ। ਉਸਦਾ ਸਾਥ ਦੇਵੇਗੀ।

ਪਰਮ ਨੇ ਸਚਮੁਚ ਉਸਦਾ ਪੂਰਾ ਸਾਥ ਦਿੱਤਾ। ਭਾਬੀ ਅਤੇ ਦੇਵ ਰਹਾਇਸ ਬਾਰੇ ਤਸੱਲੀ ਕਰਨ ਆਏ ਤਾਂ ਉਨ੍ਹਾਂ ਦੀ ਤਸੱਲੀ ਕਰਾ ਦਿੱਤੀ। ਉਹ ਪੂਰੀ ਤਰ੍ਹਾਂ ਬੇਫਿਕਰ ਹੋ ਕੇ ਪਰਤੇ...।

***

ਦੀਪਾਂ ਨੂੰ ਨਾਭੇ ਉਸਨੇ ਪੂਰਾ ਸੋਚ ਸਮਝ ਕੇ ਦਾਖਲ ਕਰਵਾਇਆ ਹੈ। ਲੁਧਿਆਣੇ ਤੋਂ ਵਾਇਆ ਨਾਭਾ ਪਟਿਆਲੇ ਜਾਣ ਵਿੱਚ ਕੋਈ ਦਿੱਕਤ ਨਹੀਂ।

ਪਰਮ ਉਸ ਦਿਨ ਤੋਂ ਪਿੱਛੋਂ ਕਦੀ ਅੱਖ ਵਿੱਚ ਪਾਇਆਂ ਨਹੀਂ ਰੜਕੀ। ਉਸਦੇ ਪਤੀ ਨੇ ਤਾਂ ਕਹਿਣਾ ਹੀ ਕੀ ਹੈ। ਉਸਨੂੰ ਤਾਂ ਸ਼ਾਇਦ ਵਿਚਲੀ ਗਲ ਦੀ ਭਾਫ ਵੀ ਨਹੀਂ ਹੋਣੀ। ਉਹ ਤਾਂ ਉਂਝ ਵੀ ਜਮਨੇਜੇ ਦੇ ਅਹਿਸਾਨਾਂ ਹੇਠਾਂ ਦੱਬਿਆ ਪਿਆ ਹੈ।

ਦੀਪਾਂ ਦੇ ਸਿਹਤਮੰਦ ਜਿਸਮ ਦੀ ਭੁਖ ਉਸਦੇ ਅੰਦਰ ਦਿਨ-ਬ-ਦਿਨ ਲਗਾਤਾਰ ਡੂੰਘੀ ਹੁੰਦੀ ਜਾ ਰਹੀ ਹੈ। ਦੀਪਾਂ ਵੀ ਉਸ ਉਤੇ ਆਪਣਾ ਅਧਿਕਾਰ ਜਮਾਣ ਲਗ ਪਈ ਹੈ। ਉਸਨੂੰ ਜਿਵੇਂ ਉਡੀਕਦੀ ਰਹਿੰਦੀ ਹੈ। ਕਦੀ ਪੰਜ ਚਾਰ ਦਿਨ ਨਾ ਆ ਸਕਣ ਉਤੇ ਨਖਰੇ, ਰੁਸੇਵੇਂ ਤੇ ਝਗੜੇ ਤੱਕ ਉੱਤਰ ਆਉਂਦੀ ਹੈ। ਮਨ ਅੰਦਰ ਤਸੱਲੀ ਜਾਗਦੀ ਹੈ, ਲਗਾਤਾਰ। ਦੋ ਸਾਲ ਤਸੱਲੀ ਨਾਲ ਲੰਘਾਏ ਜਾ ਸਕਣਗੇ ਇਸ ਕੁੜੀ ਨਾਲ...।

## ਸੱਤ

ਜਮਨੇਜੇ ਨੂੰ ਆਪਣੇ ਬਿਜਨਸ ਦੇ ਰਿਸਕ ਤੇ ਕੋਈ ਵੀ ਕੰਮ ਮਨਜ਼ੂਰ ਨਹੀਂ ਹੈ। ਕਿਸੇ ਕਿਸਮ ਦੀ ਐਯਾਸ਼ੀ ਵੀ ਨਹੀਂ। ਹੁਣ ਬਿਜਨਸ ਦਾ ਤਕਾਜਾ ਹੈ ਕਿ ਉਹ ਕੰਮ ਵੱਲ ਬਹੁਤਾ ਧਿਆਨ ਦੇਵੇ। ਮਹਿਕਮੇ ਵਾਲਿਆਂ ਨੇ ਜ਼ਰੂਰੀ ਤਕੀਦ ਕੀਤੀ ਹੈ ਹਸਪਤਾਲ ਦੋ ਮਹੀਨੇ ਵਿੱਚ ਤਿਆਰ ਕਰਕੇ ਦੇ ਦਿੱਤਾ ਜਾਵੇ। ਟੈਂਡਰ ਮੁਤਾਬਕ ਭਾਵੇਂ ਅਜੇ ਤਿੰਨ ਮਹੀਨੇ ਤੋਂ ਉੱਪਰ ਸਮਾਂ ਬਾਕੀ ਹੈ। ਪਰ ਦੋ ਮਹੀਨੇ ਤਕ ਮੁੱਖ-ਮੰਤਰੀ ਸਾਹਬ ਨੇ ਇਸ ਹਸਪਤਾਲ ਨੂੰ ਚਾਲੂ ਕਰਨ ਦੀ ਰਸਮ ਅਦਾ ਕਰਨੀ ਹੈ। ਬਹੁਤ ਵੱਡਾ ਪ੍ਰੋਗ੍ਰਾਮ ਹੈ। ਸੈਂਟਰ ਦੇ ਦੋ ਤਿੰਨ ਮੰਤਰੀ ਵੀ ਆ ਰਹੇ ਨੇ।

ਏਨੀ ਛੇਤੀ ਕੰਮ ਪੂਰਾ ਕਰਕੇ ਦੇਣ ਲਈ ਉਸ ਵੱਲੋਂ ਖੁਦ ਵੱਧ ਤੋਂ ਵੱਧ ਧਿਆਨ ਦਿੱਤਾ ਜਾਣਾ ਬਹੁਤ ਜ਼ਰੂਰੀ ਹੈ। ਕੰਮ ਤਾਂ ਠੀਕ ਰਫਤਾਰ ਨਾਲ ਚੱਲ ਰਿਹਾ ਹੈ ਪਰ ਹਾਕਮਾਂ ਨੇ ਜੋ ਕਹਿ ਦਿੱਤਾ ਉਹ ਤਾਂ ਕਰਨਾ ਹੀ ਹੈ ਹਰ ਹੀਲੇ। ਗੱਲ ਟਾਲੀ ਵੀ ਤਾਂ ਨਹੀਂ ਜਾ ਸਕਦੀ।

-ਇੰਨਾ ਛੇਤੀ ਕੰਮ ਪੂਰਾ ਵੀ ਹੋ ਸਕੇਗਾ? ਦੇਵ ਨੇ ਸੰਕਾ ਪ੍ਰਗਟ ਕੀਤੀ।

-ਕਰਨਾ ਤਾਂ ਪੈਣਾ ਹੈ...।

ਹਸਪਤਾਲ ਦੇ ਦੋਵੇਂ ਬਲਾਕ ਉਸਨੇ ਅੱਗੇ ਦੋ ਮਿਸਤਰੀ-ਠੇਕੇਦਾਰਾਂ ਨੂੰ 'ਪੇਟੀ' ਉੱਤੇ ਦਿੱਤੇ ਹੋਏ ਨੇ। ਇਸ ਤਰ੍ਹਾਂ ਸਿਰ ਦਰਦੀ ਘਟ ਜਾਂਦੀ ਹੈ। ਉਸਾਰੀ ਦੀ ਸਾਰੀ ਜ਼ਿੰਮੇਵਾਰੀ ਪੇਟੀ ਠੇਕੇਦਾਰਾਂ ਉੱਤੇ ਜਾ ਪੈਂਦੀ ਹੈ।

ਜਮਨੇਜੇ ਨੇ ਦੋਵੇਂ ਠੇਕੇਦਾਰ ਬੁਲਾ ਲਏ।

-ਕੰਮ ਅੱਜ ਤੋਂ ਡੇਢ੍ਹ ਮਹੀਨੇ ਤੱਕ ਇੱਕ ਦਮ ਤਿਆਰ ਕਰਕੇ ਦੇਣਾ ਹੈ ਆਪਾਂ ਨੇ। ਸੋ ਮਿਸਤਰੀ ਅਤੇ ਲੇਵਰ ਵਧਾ ਲਓ।

-ਡੇਢ੍ਹ ਮਹੀਨੇ ਤੱਕ...? ਏਨਾ ਛੇਤੀ ਤਾਂ ਬਹੁਤ ਔਖਾ ਹੈ। ਇਕ ਨੇ ਕਿਹਾ।

-ਔਖਾਂ ਹੈ ਤਾਂ ਮਿਨਤੀ ਕਰਕੇ ਹਿਸਾਬ ਲੈ ਅਤੇ ਛੁੱਟੀ ਕਰ। ਮੈਂ ਕਿਸੇ ਹੋਰ ਤੋਂ ਕਰਾ ਲਵਾਂਗਾ। ਤੂੰ ਜਾਣਦਾ ਹੈਂ ਮੈਂ ਨਾਂਹ ਸੁਨਣ ਦਾ ਆਦੀ ਨਹੀਂ। ਤੂੰ ਬਈ ਸ਼ੇਰ? ਉਸਨੇ ਦੂਸਰੇ ਠੇਕੇਦਾਰ ਨੂੰ ਪੁੱਛਿਆ।

-ਜ਼ਰੂਰ ਪੂਰਾ ਕਰਕੇ ਦਿਆਂਗੇ ਜੀ, ਮੇਰੇ ਬਲਾਕ ਬਾਰੇ ਤੁਸੀਂ ਬੇਫਿਕਰ ਰਹੋ।

-ਤੇਰਾ ਕੰਮ ਕਿਉਂ ਨਹੀਂ ਪੂਰਾ ਹੋਵੇਗਾ ਬਈ ਛਿੰਦਰ...? ਸ਼ੇਰ ਕੋਈ ਰੱਬ ਤੋਂ ਤਾਂ ਨਹੀਂ ਉੱਤਰਿਆ ਹੋਇਆ।

-ਪਹਿਲਾ ਵੀ ਸਿੱਧਾ ਹੋ ਗਿਆ-ਜ਼ਰੂਰ ਮੁਕਾਵਾਂਗੇ ਜੀ। ਬਸ ਸ਼ੈਟਰਿੰਗ ਦਾ ਟਾਇਮ ਸਿਰ ਪ੍ਰਬੰਧ ਕਰ ਦਿਓ।

-ਮੈਟੀਰੀਅਲ ਦੀ ਪ੍ਰਵਾਹ ਨਾ ਕਰੋ। ਉਹ ਜਿੰਮੇਵਾਰੀ ਸਾਡੀ ਹੈ।

ਜਮਨੇਜਾ ਲਗਾਤਾਰ ਤਿੰਨ ਦਿਨ ਉੱਥੇ ਰਿਹਾ।

ਦੂਸਰੇ ਦਿਨ ਦੋਵਾਂ ਠੇਕੇਦਾਰਾਂ ਨੇ ਮਿਸਤਰੀ ਅਤੇ ਲੇਵਰ ਦੇ ਬੰਦੇ ਵਧਾ ਦਿੱਤੇ। ਸਵੇਰੇ ਹੀ ਜਮਨੇਜੇ ਨੇ ਐਲਾਨ ਕਰ ਦਿੱਤਾ ਕਿ ਦੋਵੇਂ ਪਾਸੇ ਦੇ ਇੱਕ ਇੱਕ ਮਜਦੂਰ ਨੂੰ ਪੰਦਰਾਂ-ਪੰਦਰਾਂ ਰੁਪੈ ਵਧ ਮਿਲਣਗੇ। ਮਿਲਣਗੇ ਉਨ੍ਹਾਂ ਦੋ ਬੰਦਿਆਂ ਨੂੰ ਜਿਹੜੇ ਸਭ ਤੋਂ ਵੱਧ ਕੰਮ ਕਰਨਗੇ...।

ਸਵੇਰ ਤੋਂ ਹੀ ਲੇਵਰ ਹੌਸਲੇ ਨਾਲ ਕੰਮ ਤੇ ਜੁਟ ਗਈ। ਹਰ ਕੋਈ ਉਸਦੀਆਂ ਨਜ਼ਰਾਂ ਤੇ ਚੜ੍ਹਨ ਦੀ ਕੋਸ਼ਿਸ਼ ਕਰਨ ਲੱਗ ਪਿਆ। ਇਸ ਗੱਲ ਦੀ ਜਿਵੇਂ ਹੋੜ ਜਿਹੀ ਲੱਗ ਗਈ।

ਦਸ ਕੁ ਵਜੇ ਉਹ ਸ਼ੇਰ ਵਾਲੇ ਪਾਸੇ ਜਾ ਬੈਠਿਆ।

-ਛਿੰਦਰ ਨੂੰ ਯਕੀਨ ਨਹੀਂ ਹੈ ਬਈ ਤੂੰ ਕੰਮ ਮੁਕਾ ਦਏਂਗਾ। ਉਂਝ ਵੀ ਤੇਰੇ ਕੰਮ ਤੇ ਨੱਕ ਬੁੱਲ੍ਹ ਜਿਹੇ ਮਾਰਦਾ ਹੈ।

ਸ਼ੇਰ ਗਰਮੀ ਖਾ ਗਿਆ।

-ਉਸਨੂੰ ਕੀ ਪਤਾ ਹੈ ਕੰਮ ਦਾ? ਬੈਠਾ ਸਾਰਾ ਦਿਨ ਮੰਜਾ ਭੰਨੀ ਜਾਂਦਾ ਹੈ, ਖੁਦ ਡੱਕਾ ਨਹੀਂ ਤੋੜਦਾ ਹੱਥ ਨਾਲ। ਮੈਂ ਬਰਾਬਰ ਬੈਠ ਕੇ ਕੰਮ ਕਰਦਾਂ, ਨੁਕਸ਼ ਰਹਿ ਕਿਵੇਂ ਜਾਊ...।

-ਕਿਤੇ ਸੀਮਿੰਟ ਤਾਂ ਵਧ ਨਹੀਂ ਲਗਾਈ ਜਾਂਦੇ? ਹੋਰ ਲੈਣੇ ਦੇ ਦੇਣੇ ਪੈ ਜਾਣ।

-ਨਾਂ ਜੀ ਤੁਹਾਡੇ ਦੱਸੇ ਮੁਤਾਬਕ ਰਲਾਈਦਾ ਹੈ।

-ਤਾਂ ਫਿਰ ਕੰਮ ਉਸ ਤੋਂ ਛੇਤੀ ਮੁਕਾ ਕੇ ਦੇਹ। ਕਰੀਂ ਵੀ ਸੁਥਰਾ ਜਿਹੜਾ ਪਾਸਾ ਬਾਜੀ ਮਾਰ ਗਿਆ, ਦੋ ਹਜਾਰ ਰੁਪੈ ਇਨਾਮ ਦਿਆਂਗਾ।

-ਤੁਸੀਂ ਵੇਖਦੇ ਜਾਓ ਜੀ। ਫਿਰ ਉਸਨੇ ਆਪਣੇ ਸਾਥੀਆਂ ਨੂੰ ਹੱਲਾ ਸ਼ੇਰੀ ਦਿੱਤੀ-ਲਓ ਬਈ ਬਾਬੂ ਜੀ ਕਹਿੰਦੇ ਨੇ ਜਿੱਤਣ ਵਾਲੀ ਧਿਰ ਨੂੰ ਦੋ ਹਜ਼ਾਰ ਰੁਪਏ ਇਨਾਮ। ਲਗਾ ਦਿਓ ਜ਼ੋਰ। ਜੇ ਜਿੱਤ ਗਏ ਤਾਂ ਪੰਜ ਬੋਤਲਾਂ ਅੰਗ੍ਰੇਜ਼ੀ ਦੀਆਂ, ਨਾਲ ਮੁਰਗਾ...।

-ਦੋ ਮੇਰੇ ਵਲੋਂ ਵੀ। ਜਮਨੇਜੇ ਨੇ ਕਿਹਾ।

ਮਿਸਤਰੀ ਕਿਲਕਾਰੀ ਮਾਰ ਉੱਠੇ। ਹੱਥਾਂ ਵਿਚ ਫੁਰਤੀ ਆ ਗਈ।

ਦੁਪਹਿਰ ਦੀ ਰੋਟੀ ਤੋਂ ਪਿਛੋਂ ਜਨਮੇਜਾ ਛਿੰਦਰ ਵਾਲੇ ਬਲਾਕ ਵੱਲ ਆ ਗਿਆ।

-ਬਈ ਛਿੰਦਰ, ਦੋ ਹਜ਼ਾਰ ਰੁਪੈ ਇਨਾਮ ਰਖ ਦਿੱਤਾ, ਜੇਹੜੀ ਧਿਰ ਕੰਮ ਸਾਫ ਅਤੇ ਛੇਤੀ ਮੁਕਾਊ। ਨਾਲ ਮਿਸਤਰੀਆਂ ਨੂੰ ਮੇਰੇ ਵਲੋਂ ਦੋ ਬੋਤਲਾਂ ਅੰਗ੍ਰੇਜ਼ੀ ਦੀਆਂ ਫਰੀ।

-ਤਾਂ ਤੁਸੀਂ ਵੇਖਦੇ ਜਾਓ। ਉਹ ਕੱਲ੍ਹ ਦਾ ਮੁੰਡਾ। ਲਓ ਬਈ ਖਿੱਚ ਦਿਓ ਫਿਰ ਕੰਮ। ਹੁਣੇ ਤੋਂ ਹੀ।

-ਕਾਹਲੀ ਵਿੱਚ ਕੰਮ ਵਿੱਚ ਕੋਈ ਨੁਕਸ ਨਹੀਂ ਰਹਿਣਾ ਚਾਹੀਦਾ।



-ਤੁਸੀਂ ਫਿਕਰ ਹੀ ਨਾ ਕਰੋ ਜੀ।

-ਸ਼ੇਰ ਤਾਂ ਬੜ੍ਹਕਾਂ ਮਾਰਦਾ ਹੈ, ਕਹਿੰਦਾ ਤੂੰ ਤਾਂ ਬੈਠਾ ਮੰਜਾ ਭੰਨੀ ਜਾਂਦਾ ਹੈਂ ਸਾਰਾ ਦਿਨ।

-ਮੰਜਾ ਭੰਨਾਂ ਭਾਵੇਂ ਛੱਡਾਂ। ਤੁਸੀਂ ਕੰਮ ਪਹਿਲਾਂ ਪੂਰਾ ਹੋਇਆਂ ਲੈਣਾ ਹੈ। ਨਾਲ ਸਫਾਈ ਵੇਖ ਲਿਓ ਕੰਮ ਦੀ।

-ਐਂ ਤਾਂ ਤੇਰੇ ਤੋਂ ਖੁਸ਼ ਹਾਂ ਮੈਂ। ਉਂਝ ਸ਼ੇਰ ਨਾਲ ਅਲਝੀਂ ਨਾ। ਬੱਸ ਬਾਜੀ ਜਿੱਤ ਕੇ ਵਿਖਾ ਦੇਹ...।

-ਮੈਂ ਕਾਹਨੂੰ ਅਲ੍ਝਣਾ।

ਸ਼ਾਮ ਨੂੰ ਜਮਨੇਜੇ ਨੇ ਲੇਵਰ ਦੇ ਦੋ ਬੰਦਿਆਂ ਨੂੰ ਪੰਦਰਾਂ ਪੰਦਰਾਂ ਰੁਪੈ ਵੱਧ ਦੇ ਦਿੱਤੇ, ਵਾਅਦੇ ਮੁਤਾਬਕ। ਅਗਲੇ ਦਿਲ ਵੀ ਦੋ ਹੋਰ ਹੀ ਬਾਰੀ ਆ ਗਈ। ਉਸ ਵਿਚੋਂ ਵੀ ਜਮਨੇਜੇ ਨੇ ਐਲਾਨ ਕਰ ਦਿੱਤਾ ਕਿ ਇਹ ਇਨਾਮ ਜਾਰੀ ਰਹੇਗਾ। ਫੈਸਲਾ ਦੇਵ ਦੇ ਹੱਥ ਹੋਇਆ ਕਰੇਗਾ।

ਸ਼ਾਮ ਨੂੰ ਸਾਰੀ ਲੇਵਰ ਅਤੇ ਮਿਸਤਰੀ ਇਕੱਠੇ ਕਰ ਲਏ। ਸਭ ਦੇ ਸਾਮ੍ਹਣੇ ਜਨਮੇਜੇ ਨੇ ਦੋਵੇਂ ਠੇਕੇਦਾਰਾਂ ਨੂੰ ਹਿਦਾਇਤ ਕਰ ਦਿੱਤੀ-ਕਿਸੇ ਵੀ ਮਿਸਤਰੀ ਜਾਂ ਮਜਦੂਰ ਤੋਂ ਮੁਫ਼ਤ ਵਿੱਚ ਓਵਰ ਟਾਈਮ ਨਹੀਂ ਲਗਾਣਾ ਹੋਏਗਾ। ਜਿਨਾ ਵੀ ਓਵਰ ਟਾਈਮ ਲਗਦਾ ਹੈ ਹਿਸਾਬ ਕਰਕੇ ਪੈਸੇ ਦਿਓ। ਮੈਨੂੰ ਕਿਸੇ ਕਿਸਮ ਦੀ ਸ਼ਿਕਾਇਤ ਇਸ ਸਬੰਧ ਵਿੱਚ ਨਹੀਂ ਆਉਣੀ ਚਾਹੀਦੀ।

ਸਾਰੇ ਮਿਸਤਰੀ ਅਤੇ ਮਜਦੂਰਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ।

ਉਸਨੇ ਦੋਵਾਂ ਠੇਕੇਦਾਰਾਂ ਲਈ ਵੀ ਚੋਗਾ ਪਾਇਆ। ਇਸ ਕੰਮ ਤੋਂ ਪਿਛੋਂ ਤੁਹਾਨੂੰ ਦੋਵਾਂ ਨੂੰ ਰਾਜਪੁਰੇ ਭੇਜਣਾ ਹੈ। ਇਸ ਕੰਮ ਨਾਲੋਂ ਦਸ ਗੁਣਾਂ ਵੱਡਾ ਕੰਮ ਹੱਥ ਵਿੱਚ ਆ ਰਿਹਾ ਹੈ।

ਠੇਕੇਦਾਰਾਂ ਦੀਆਂ ਅੱਖਾਂ ਵਿਚ ਵੀ ਚਮਕ ਆ ਗਈ।

ਦੇਵ ਜਮਨੇਜੇ ਦੇ ਕੰਮ ਤੋਂ ਲਗਾਤਾਰ ਪ੍ਰਭਾਵਤ ਹੋ ਰਿਹਾ ਹੈ। ਦੇਵ ਨੂੰ ਹੁਣ ਸਮਝ ਪਈ ਹੈ ਕਿ ਕੰਮ ਕਿਵੇਂ ਲਈਦਾ ਹੈ। ਤਿੰਨਾਂ ਦਿਨਾਂ ਵਿੱਚ ਕੰਮ ਦੁੱਗਣਾ ਨੇਪਰੇ ਚੜ੍ਹ ਗਿਆ ਹੈ। ਇਕ ਧਿਰ ਦੇ ਮਿਸਤਰੀ ਦੂਸਰੇ ਵਲ ਵੇਖ ਲੈਂਦੇ, ਅਤੇ ਫਿਰ ਹਿੰਮਤ ਨਾਲ ਚੁੰਬੜ ਜਾਂਦੇ। ਜਮਨੇਜੇ ਨੇ ਦੇਵ ਨੂੰ ਕਈ ਗੱਲਾਂ ਬਾਰੇ ਖਾਸ ਧਿਆਨ ਦੇਣ ਬਾਰੇ ਸਮਝਾ ਦਿੱਤਾ ਹੈ।

-ਅੰਕਲ ਇਹ ਜਿਹੜੇ ਇਨਾਮ ਰੱਖੇ ਨੇ, ਇਹ ਆਪਾਂ ਨੂੰ ਘਾਟਾ ਹੀ ਹੈ।

-ਤੂੰ ਨਹੀਂ ਸਮਝੇਂਗਾ। ਹਰ ਚੀਜ ਦਾ ਬਰੀਕੀ ਨਾਲ ਹਿਸਾਬ ਲਗਾਉਣਾ ਪੈਂਦਾ ਹੈ। ਆਪਣੇ ਵੱਲੋਂ ਵੱਧ ਤੋਂ ਵੱਧ ਦੋ ਢਾਈ ਹਜਾਰ ਰੁਪਿਆ ਫਾਲਤੂ ਜਾਏਗਾ। ਐਮਰਜੈਸੀ ਤਿਆਰੀ ਕਾਰਣ ਦਸ ਹਜਾਰ ਤੱਕ ਕੰਪਨਸੇਸ਼ਨ ਤਾਂ ਮਹਿਮਕੇ ਵਾਲੇ ਹੀ ਮੰਨ ਗਏ ਨੇ। ਹੁਣ ਤੈਨੂੰ ਕਾਫੀ ਅਲਟਰ ਰਹਿਣ ਦੀ ਲੋੜ ਹੈ। ਇਕ ਤਾਂ ਸੀਮਿੰਟ ਕੋਲ ਖੜ੍ਹਕੇ ਰਲਵਾਉਂਦਾ ਰਹੀ। ਬੇਸਕ ਰੇਤ ਇਕ ਹਿਸਾ ਵਧਾ ਦੇਈਂ ਪਰ ਇਕ ਦੋ ਵਾਢਾਂ ਜ਼ਰੂਰ ਵੱਧ ਦਵਾ ਦਿਆ ਕਰੀਂ। ਚੰਗੀ ਤਰ੍ਹਾਂ ਰਲਾਏ ਮਸਾਲੇ ਦਾ ਇਕ ਅੱਧ ਘਟ ਰੇਸ਼ੋ ਦਾ ਫਰਕ ਲੁਕ ਜਾਂਦਾ ਹੈ। ਮਿਸਤਰੀਆਂ ਨੇ ਸੀਮਿੰਟ ਵੱਧ ਪਵਾਉਣ ਦੀ ਕੋਸ਼ਿਸ਼ ਕਰਨੀ ਹੈ ਕਿਉਂਕਿ ਤੇਜ ਮਸਾਲੇ ਨਾਲ ਚਿਣਾਈ ਛੇਤੀ ਹੁੰਦੀ ਹੈ ਅਤੇ ਛੇਤੀ ਚਿਣਾਈ ਦੀ ਇਨ੍ਹਾਂ ਵਿਚ ਹੋੜ ਜਿਹੀ ਲੱਗ ਜਾਣੀ ਹੈ। ਸਮਝਿਆ?

-ਜੀ ਅੰਕਲ।

-ਦੂਜੇ ਕੰਧਾਂ ਵਲ ਧਿਆਨ ਰੱਖੀਂ। 'ਫੇਸ' ਦਾ ਕੰਮ ਹੈ, ਕਿਤੇ ਖੇਹ ਖਰਾਬ ਨਾ ਕਰਦੇ ਰਹਿਣ।

-ਠੀਕ ਹੈ ਜੀ।

-ਉਂਝ ਤੇਰੇ ਕੰਮ ਤੋਂ ਮੈਂ ਖੁਸ਼ ਹਾਂ। ਇਸੇ ਤਰ੍ਹਾਂ ਮਿਹਨਤ ਕਰਦਾ ਰਹੇਂਗਾ ਤਾਂ ਕਿਤੇ ਦਾ ਕਿਤੇ ਪਹੁੰਚ ਜਾਏਂਗਾ। ਹਰ ਗੱਲ ਵੱਲ ਪੂਰਾ ਧਿਆਨ ਦੇਈਦਾ ਹੈ। ਜਿਹੜਾ ਬੰਦਾ ਸਿਰਫ ਦੱਸਿਆ ਹੋਇਆ ਕੰਮ ਹੀ ਕਰਦਾ ਹੈ ਉਹ ਕਦੀ ਕਾਮਯਾਬ ਠੇਕੇਦਾਰ ਨਹੀਂ ਬਣ ਸਕਦਾ। ਤਨਖਾਹ ਤੋਂ ਬਿਨਾਂ ਮੁਨਾਫੇ ਵਿੱਚ ਵੀ ਤੇਰਾ ਹਿੱਸਾ ਮੈਂ ਆਪਣੇ ਵੱਲੋਂ ਰਖ ਦਿੱਤਾ ਹੈ। ਰੈਜੀਡੈਂਸ ਦੇ ਕੰਮ ਤੋਂ ਖੁਸ਼ ਹੋ ਕੇ ਹੀ ਤੇਰੇ ਇਨਾਮ ਵਿੱਚੋਂ ਜੱਸੀ ਦੀਆਂ ਕਿਤਾਬਾਂ ਛਪਵਾਈਆਂ ਨੇ। ਬੱਸ ਲਗਨ ਨਾਲ ਇਸ ਕੰਮ ਦੀਆਂ ਬਰੀਕੀਆਂ ਨੂੰ ਸਮਝਦਾ ਰਹਿ। ਹੋਰ ਸਾਲ ਦੋ ਸਾਲ ਨੂੰ ਤੈਨੂੰ ਵੀ ਆਜ਼ਾਦ ਤੌਰ ਤੇ ਕੰਮ ਲੈ ਦਿਆਂਗਾ, ਨਾਲੇ ਰੋਭ ਰੱਖਿਆ ਕਰ ਮਾਲਕਾਂ ਵਾਲਾ। ਤੂੰ

ਕੋਈ ਨੌਕਰ ਨਹੀਂ ਹੈਂ ਇੱਥੇ।

ਦੇਵ ਦੇ ਧਰਤੀ ਉੱਤੇ ਪੈਰ ਨਹੀਂ ਲੱਗ ਰਹੇ। ਆਪਣੇ ਕੰਮ ਬਾਰੇ ਇਕ ਨਵੀਂ ਫੁਰਤੀ, ਇਕ ਨਵੀਂ ਤਾਕਤ ਉਸਨੂੰ ਆਪਣੇ ਅੰਦਰ ਭਰਦੀ ਮਹਿਸੂਸ ਹੋਣ ਲੱਗ ਪਈ ਹੈ।

***

ਰਾਜਪੁਰ ਵਾਲਾ ਕੰਮ ਹੱਥੋਂ ਖੁੱਸਦਾ ਲੱਗਣ ਪਿਆ ਹੈ। ਇਸ ਵਾਰ ਵੀ ਸ਼ਾਇਦ ਫਿਰ ਪਤਨੀ ਦਾ ਸਹਾਰਾ ਹੀ ਲੈਣਾ ਪਵੇ।

ਉਸਨੂੰ ਇਕ ਦਮ ਆਸ ਨਹੀਂ ਸੀ ਕਿ ਏਡੇ ਵੱਡੇ ਕੰਮ ਲਈ ਪੰਜ ਛੇ ਠੇਕੇਦਾਰ ਪਹੁੰਚ ਜਾਣਗੇ। ਪੀ. ਡਬਲਿਊ. ਡੀ. ਦੇ ਐਸਟੀਮੇਟ ਮੁਤਾਬਕ ਇਹ ਕੰਮ ਸਵਾ ਦੋ ਕਰੋੜ ਦੇ ਕਰੀਬ ਦਾ ਬਣਦਾ ਸੀ। ਜਮਨੇਜੇ ਨੇ ਬੜੇ ਹਿਸਾਬ ਨਾਲ ਰੇਟ ਕੋਟ ਕੀਤਾ ਸੀ। ਟੈਂਡਰ ਖੁਲ੍ਹਣ ਵਾਲੇ ਦਿਨ ਉਹ ਹੈਰਾਨ ਰਹਿ ਗਿਆ। ਇਕ ਹੋਰ ਠੇਕੇਦਾਰ ਨੇ ਉਸ ਤੋਂ ਘੱਟ ਹੀ ਨਹੀਂ, ਸਗੋਂ ਬਹੁਤ ਘੱਟ ਰੇਟ 'ਕੋਟ' ਕੀਤਾ ਸੀ ਬਾਕੀ ਸਭ ਨਾਲੋਂ ਜਮਨੇਜੇ ਦਾ ਰੇਟ ਘੱਟ ਸੀ।

ਸੋ ਇੱਕ ਠੇਕੇਦਾਰ ਕਾਰਨ ਕੰਮ ਹੱਥੋਂ ਖੁੱਸਦਾ ਲੱਗ ਰਿਹਾ ਹੈ। ਕੰਮ ਲੈਣ ਲਈ ਜ਼ਰੂਰੀ ਹੈ ਕਿ ਕਿਵੇਂ –ਨ– ਕਿਵੇਂ ਉਸ ਠੇਕੇਦਾਰ ਦਾ ਟੈਂਡਰ ਰੱਦ ਕਰਵਾ ਦਿੱਤਾ ਜਾਵੇ। ਟੈਂਡਰ ਰਿਜੈਕਟ ਕਰਵਾਣ ਲਈ ਕੋਈ ਆਧਾਰ ਚਾਹੀਦਾ ਹੈ। ਇਹ ਅਧਿਕਾਰ ਮਹਿਕਮੇ ਦੇ ਐਗਜੈਕਟਿਵ ਇੰਜਨੀਅਰ ਕੋਲ ਹੈ। ਅਤੇ ਐਗਜੈਟਿਵ ਇੰਜਨੀਅਰ ਮਿਸਟਰ ਦੱਤਾ ਦੀ ਤਬੀਅਤ ਦੀ ਰੰਗੀਨੀ ਬਾਰੇ ਪਟਿਆਲੇ ਦੇ ਹਾਈ ਸੁਸਾਇਟੀ ਵਿੱਚ ਆਮ ਚਰਚਾ ਹੈ। ਉਸ ਵਰਗਾ ਰੰਗੀਨ ਤਬੀਅਤ ਅਫਸਰ ਸ਼ਾਇਦ ਹੀ ਪਟਿਆਲੇ ਵਿੱਚ ਹੋਰ ਕੋਈ ਹੋਵੇ।

ਇਹ ਟੈਂਡਰ ਲੈਣ ਲਈ ਪਤਨੀ ਸੁਮੀਤ ਸ਼ਾਇਦ ਕਾਮਯਾਬ ਹੋ ਹੀ ਜਾਵੇ। ਪਹਿਲਾਂ ਵੀ ਕਈ ਵਾਰ ਇਸ ਤਰ੍ਹਾਂ ਹੋ ਚੁੱਕਿਆ ਹੈ। ਸਿੰਮੀ ਦੀ ਸਹਾਇਤਾ ਲੈਣੀ ਪੈਂਦੀ ਰਹੀ ਹੈ। ਹੁਣ ਤਾਂ ਕਿਸੇ ਕਿਸਮ ਦੀ ਹਿਚਕਿਚਾਹਟ ਵੀ ਉਨ੍ਹਾਂ ਵਿੱਚ ਬਾਕੀ ਨਹੀਂ ਰਹੀ। ਪਹਿਲਾਂ ਪਹਿਲ ਇੱਕ ਦੋ ਵਾਰ ਇਹ ਕੁਝ ਬੋਝਲ ਲੱਗਿਆ ਸੀ। ਸਿੰਮੀ ਨੇ ਆਨਾਕਾਰੀ ਵੀ ਕੀਤੀ ਪਰ ਸੁਸਾਇਟੀ ਵਿੱਚ ਆਪਣੀ ਥਾਂ ਹੋਰ ਉੱਚੀ ਕਰਨ ਦੀ ਇੱਛਾ ਅਧੀਨ ਮੰਨ ਗਈ। ਉਦੋਂ ਤੋਂ ਜਦੋਂ ਵੀ ਲੋੜ ਪਵੇ ਐਸੇ ਕੰਮਾਂ ਵਿੱਚ ਜਮਨੇਜੇ ਦੀ ਮਦਦ ਕਰਦੀ ਆ ਰਹੀ ਹੈ। ਹੁਣ ਤਾਂ ਉਸਦਾ ਸਿੰਮੀ ਉੱਪਰ ਵਿਸ਼ਵਾਸ਼ ਵੀ ਬਹੁਤ ਡੂੰਘਾ ਹੋ ਚੁੱਕਿਆ ਹੈ। ਇਕ ਮਿਕਨਾਤੀਸੀ ਖਿੱਚ ਹੈ ਸਿੰਮੀ ਦੇ ਵਰਤਾਓ ਵਿੱਚ ਅਤੇ ਇਸ ਖਿਚ ਦਾ ਲੋਹਾ ਉਸਦੀ ਸੁਸਾਇਟੀ ਦਾ ਹਰ ਬੰਦਾ ਮੰਨਦਾ ਹੈ। ਕਈ ਤਾਂ ਅੰਦਰੋਂ ਅੰਦਰੀ ਜਮਨੇਜੇ ਨਾਲ ਈਰਖਾ ਕਰਦੇ ਨੇ। ਸਾਲਾ ਬੀਵੀ ਦੇ ਸਹਾਰੇ ਕਿੱਥੋਂ ਕਿੱਥੇ ਪਹੁੰਚ ਗਿਆ ਹੈ।

–ਮਿਸਟਰ ਦੱਤਾ ਤੋਂ ਕੰਮ ਕਢਾਉਣ ਦੀ ਲੋੜ ਪੈ ਗਈ ਹੈ। ਜਮਨੇਜਾ ਗੱਲ ਤੋਰਦਾ ਹੈ। ਸਿੰਮੀ ਉਸਦੀਆਂ ਅੱਖਾਂ ਵਿੱਚ ਵੇਖਦੀ ਹੈ, ਫਿਰ ਮੁਸਕਰਾ ਦੇਂਦੀ ਹੈ।

–ਰਾਜਪੁਰੇ ਵਾਲੇ ਕੰਮ ਬਾਰੇ?

–ਹਾਂ, ਇਕ ਠੇਕੇਦਾਰ ਦਾ ਕੰਮ ਰੱਦ ਕਰਵਾਣਾ ਹੈ।

–ਮੇਰੇ ਪਰਸਨਲ ਅਕਾਊਂਟ ਵਿਚ ਕਿੰਨਾ ਜਮ੍ਹਾਂ ਕਰਾਓਗੇ?

ਬੜੀ ਘਾਗ ਹੈ ਇਹ ਔਰਤ ਵੀ। ਆਪਣਾ ਪੱਖ ਨਹੀਂ ਭੁੱਲਦੀ।

–ਤੂੰ ਹੀ ਦੱਸ...।

–ਇੱਕ ਲੱਖ।

–ਮਨਜੂਰ...। ਡਿਨਰ ਉਤੇ ਇਨਵਾਈਟ ਕਰ ਲਈ। ਮੈਂ ਕੱਲ੍ਹ ਜੰਮੂ ਜਾ ਰਿਹਾਂ, ਲੱਕੜੀ ਦਾ ਆਰਡਰ ਬੁਕ ਕਰਾਣ ਲਈ।

–ਅੱਜ ਨਹੀਂ ਕਲ੍ਹ ਕਰਾਂਗੀ। ਤੁਹਾਡੇ ਹੁੰਦੇ ਹੋਏ ਉਸਨੇ ਡਿਨਰ ਉਤੇ ਅਉਣਾ ਮਨਜ਼ੂਰ ਨਹੀਂ ਕਰਨਾ। ਮੇਰੇ ਇੱਕਲਿਆਂ ਹੋਣ ਦੀ ਸ਼ਰਤ ਜ਼ਰੂਰ ਰੱਖੇਗਾ ਅਤੇ ਸ਼ਾਇਦ ਰਾਤ ਭਰ ਰਹਿਣ ਦੀ ਵੀ।

****

ਜੰਮੂ ਉਸਨੂੰ ਦੋ ਦੀ ਥਾਂ ਚਾਰ ਦਿਨ ਲੱਗ ਗਏ। ਲੱਕੜ ਦੀ ਕਿੱਲਤ ਉਸਦੇ ਅੰਦਾਜੇ ਤੋਂ ਕਿਤੇ ਵਧ ਹੋ



ਗਈ ਹੈ। 'ਰਾਸ਼ਨਿੰਗ' ਵਾਲਾ ਹਾਲ ਹੋਇਆ ਪਿਆ। ਲੱਕੜ ਦੀ ਕੁਆਲਟੀ ਵੀ ਉਹ ਨਹੀਂ ਰਹੀਂ। ਲੱਕੜ ਦੇ ਵਪਾਰੀਆਂ ਦੇ ਨਖਰੇ ਹੀ ਮਾਣ ਨਹੀਂ। ਇਕ ਥਾਂ ਤੇ ਤਾਂ ਰਾਤ ਨੂੰ ਸੌਦਾ ਹੋ ਗਿਆ। ਸਵੇਰੇ ਵਪਾਰੀ ਮੁੱਕਰ ਗਿਆ। ਬੜੀ ਨੱਠ ਭੱਜ ਨਾਲ ਉਹ ਪ੍ਰਬੰਧ ਕਰ ਸਕਿਆ। ਫਿਰ ਵੀ ਲੋੜ ਜਿੰਨਾ ਨਹੀਂ ਹੋ ਸਕਿਆ।

ਚੌਥੇ ਦਿਨ ਵੀ ਪਟਿਆਲੇ ਪਹੁੰਚਣ ਤੱਕ ਰਾਤ ਹੋ ਗਈ। ਬੱਤੀਆਂ ਤਾਂ ਜਲੰਧਰ ਪਹੁੰਚਣ ਤਕ ਹੀ ਜਗਣ ਲੱਗ ਪਈਆਂ ਨੇ। ਘਰ ਪਹੁੰਚਿਆਂ ਤਾਂ ਦੱਤੇ ਨੂੰ ਵੇਖ ਉਸਦਾ ਮੱਥਾ ਠਣਕਿਆ। ਇਹ ਅੱਜ ਇੱਥੇ ਕਿਵੇਂ? ਉਹ ਦੋਵੇਂ ਰੋਟੀ ਖਾ ਕੇ ਹਟੇ ਹੀ ਨੇ। ਦੱਤਾ ਵਾਸਬੇਸਨ ਵਿੱਚ ਹੱਥ ਧੋ ਰਿਹਾ ਹੈ। ਦੱਤੇ ਨੇ ਵੀ ਉਸਨੂੰ ਵੇਖ ਅਚਵੀਂ ਜਿਹੀ ਮਹਿਸੂਸ ਕੀਤੀ, ਪਰ ਛੇਤੀ ਹੀ ਸੰਭਲ ਗਿਆ।

–ਹੇਲੋ ਮਿਸਟਰ ਜਮਨੇਜਾ। ਤੁਸੀਂ ਤਾਂ ਪਰਸੋਂ ਆਣ ਵਾਲੇ ਸੀ, ਬੜੇ ਲੇਟ ਹੋ ਗਏ। ਤੁਹਾਡੇ ਮੈਡਮ ਬੜਾ ਫਿਕਰ ਕਰ ਰਹੇ ਸੀ।

ਜਮਨੇਜੇ ਨੇ ਅੱਗੇ ਵਧ ਹੱਥ ਮਿਲਾਇਆ। ਬਹੁਤ ਕੋਸ਼ਿਸ਼ ਨਾਲ ਕੁਝ ਉਤਸ਼ਾਹ ਵੀ ਵਿਖਾਇਆ। ਦੱਤਾ ਸ਼ਾਇਦ ਤਾੜ ਗਿਆ। ਝੱਟ ਜਾਣ ਲਈ ਤਿਆਰ ਹੋ ਗਿਆ।

–ਅੱਛਾ ਮਿਸਿਜ ਜਮਨੇਜਾ। ਖਾਣੇ ਲਈ ਬਹੁਤ ਧੰਨਵਾਦ। ਖਾਣਾ ਬੜਾ ਲਾਜਵਾਬ ਬਣਾਉਂਦੇ ਹੋ ਤੁਸੀਂ। ਫਿਰ ਜਮਨੇਜੇ ਵਲ ਪਲਟਿਆ ਯੂ ਆਰ ਏ ਲੱਕੀ ਮੈਨ...।

ਦੱਤਾ ਦੇ ਜਾਣ ਉਪਰੰਤ ਵੀ ਉਹ ਕੁਝ ਚਿਰ ਉੱਧਰ ਵੇਖਦਾ ਰਿਹਾ। ਮੂੰਹ ਵਿੱਚ ਇਕ ਮੋਟੀ ਜਿਹੀ ਗਾਲ ਕੱਢ ਦਿੱਤੀ। ਸਿੰਮੀ ਨੇ ਉਸਦੇ ਲਈ ਵੀ ਖਾਣਾ ਲਗਾ ਦਿੱਤਾ। ਖਾਣੇ ਆਦਿ ਤੋਂ ਨਿਪਟ ਕੇ ਉਹ ਬੈੱਡ ਰੂਮ ਵਿਚ ਆ ਗਏ।

–ਇਹ ਤਾਂ ਚੌਥੇ ਰਾਤ ਨੂੰ ਆਉਣ ਵਾਲਾ ਸੀ। ਆਇਆ ਨਹੀਂ ਸੀ?

–ਆਇਆ ਸੀ।

–ਤਾਂ ਫਿਰ ਅੱਜ ਕਿਵੇਂ?

–ਅੱਜ ਹੀ ਕਿਉਂ... ਲਗਾਤਾਰ ਚਾਰ ਦਿਨ ਆਉਂਦਾ ਰਿਹਾ ਹੈ। ਰਾਤ ਵੀ ਇਥੇ ਹੀ ਕੱਟਦਾ ਰਿਹਾ ਹੈ। ਸਿੰਮੀ ਸਹਿਜ ਭਾਵ ਨਾਲ ਮੁਸਕਰਾਈ।

–ਪਰ ਕਿਉਂ?

–ਕਹਿੰਦਾ ਏਡਾ ਵੱਡਾ ਕੰਮ ਦੇਣਾ ਹੈ। ਕੀਮਤ ਤਾਂ ਵਸੂਲ ਕਰਾਂਗਾ ਹੀ।

–ਸਾਲਾ ਹਰਾਮੀ।

–ਤੜਫਦੇ ਕਿਉਂ ਹੋ। ਉਹ ਆਪਣੇ ਆਪ ਤਾਂ ਨਹੀਂ ਸੀ ਆਇਆ।

–ਪਰ ਮੈਂ ਤਾਂ ਇੱਕ ਰਾਤ ਡਿਨਰ ਦੇਣ ਲਈ ਕਿਹਾ ਸੀ।

–ਤੁਹਾਡੇ ਕਹਿਣ ਨਾਲ ਕੀ ਹੁੰਦਾ ਹੈ? ਕੰਮ ਅਗਲੇ ਨੇ ਕਰਨਾ ਹੈ। ਸੋ ਉਸਦੀ ਮਰਜੀ ਵੀ ਵੇਖਣੀ ਪੈਂਦੀ ਹੈ। ਜੇ ਤੁਸੀਂ ਦੋ ਰਾਤਾਂ ਹੋਰ ਨਾ ਆਉਂਦੇ ਤਾਂ ਉਸਨੇ ਹੋਰ ਦੋ ਰਾਤਾਂ ਡਿਨਰ ਲਈ ਆਉਣਾ ਸੀ। ਸਿੰਮੀ ਕੁਝ ਪਲ ਉਸਦੀ ਤੜਫਣ ਨੂੰ ਵੇਖਦੀ ਰਹੀ। ਫਿਰ ਹੌਲੀ ਜਿਹੇ ਮੁਸਕਰਾ ਪਈ–ਦਰਅਸਲ ਉਸਨੇ ਪਹਿਲੀ ਰਾਤ ਹੀ ਅਗਲੀ ਰਾਤ ਫਿਰ ਆਉਣ ਦੀ ਇੱਛਾ ਪ੍ਰਗਟ ਕੀਤੀ ਤਾਂ ਮੈਂ ਨ੍ਹਾ ਨਹੀਂ ਕਰ ਸਕੀ, ਅਸਲ ਵਿੱਚ...। ਸਿੰਮੀ ਰੁਕ ਗਈ।

–ਅਸਲ ਵਿਚ ਕੀ?

–ਮੈਂ ਖੁਦ ਇੰਟਰਸਟਿਡ ਸੀ ਉਸਦੇ ਆਉਣ ਵਿੱਚ।

–ਵਾਅਟ...? ਜਮਨੇਜਾ ਉੱਠ ਕੇ ਬੈਠ ਗਿਆ।

... ਮੈਂ ਏਡੀ ਹੈਰਾਨੀ ਵਾਲੀ ਤਾਂ ਕੋਈ ਗੱਲ ਨਹੀਂ ਕਹੀ ਜੋ ਇਸ ਤਰ੍ਹਾਂ ਤਰੱਭਕ ਕੇ ਉੱਠ ਬੈਠੇ...?

–ਤੂੰ ਹੁਣੇ ਕਿਹਾ ਸੀ ਕਿ...

–ਹਾਂ ਉਸਦੀ ਨੇਚਰ ਏਨੀ ਜੌਲੀ ਹੈ ਕਿ...,ਯੂ ਕਾਂਟ ਇਮੈਜ਼ਨ। ਤੇ ਉਹ ਜਿਵੇਂ ਲੋਹੇ ਦਾ ਬਨਿਆ ਬੱਚਾ ਹੈ।

ਜਮਨੇਜਾ ਤ੍ਰਭਕਿਆ-ਇਸਦਾ ਮਤਲਬ, ਤੂੰ ਆਪਣੀ ਮਰਜੀ ਨਾਲ...।

ਸਿੰਮੀ ਨੇ ਜਿਵੇਂ ਉਸਦੀ ਗੱਲ ਸੁਣੀ ਹੀ ਨਾ ਹੋਵੇ-ਕਿਸੇ ਮਰਦ ਵਿੱਚ ਏਨਾ ਵੀ ਠਰੰਮ੍ਹਾਂ ਹੁੰਦਾ ਹੋਵੇਗਾ...। ਮੇਰੀ ਕਲਪਣਾ ਤੋਂ ਵੀ ਬਾਹਰ ਸੀ। ਮੈਂ ਖੁਦ ਉਸਨੂੰ ਏਨਾ ਇੰਜੁਆਏ ਕੀਤਾ ਹੈ ਕਿ ਦੱਸ ਨਹੀਂ ਸਕਦੀ...। ਆਈ ਨੈਵਰ ਇੰਨਜੁਆਇਡ ਜੂ ਅਪ-ਟੂ ਦੈਟ ਐਕਸਟੈਂਟ...।

-ਸਿੰਮੀ...।

-ਉਸਨੇ ਵੀ ਮੇਰੇ ਪ੍ਰਤੀ ਉਹ ਤੀਬਰਤਾ ਪ੍ਰਗਟਾਈ, ਕਿ ਔਰਤ ਉਂਝ ਹੀ ਪੰਘਰ ਕੇ ਰਹਿ ਜਾਵੇ। ਉਸਨੇ ਮੰਨਿਆ ਕਿ ਮੇਰੇ ਜਿਨਾ ਚਾਰਮ ਉਸਨੇ ਆਪਣੇ ਜੀਵਨ ਵਿੱਚ ਕਦੀ ਕਿਸੇ ਔਰਤ ਵਿੱਚ ਨਹੀਂ ਵੇਖਿਆ। ਕਿ ਇਕ ਬੱਚੀ ਤੋਂ ਬਾਅਦ ਵੀ ਮੇਰੇ ਵਿੱਚ ਕਿੰਨੀ ਕਸ਼ਿਸ਼ ਹੈ। ਐਂਡ ਆਈ ਲਾਈਕਡ ਹਿਮ ਵੈਰੀ ਮੱਚ...। ਤੁਸੀਂ ਤਾਂ ਮੇਰੀ ਤਾਰੀਫ ਵੀ ਕਦੇ ਚੱਜ ਨਾਲ ਨਹੀਂ ਕੀਤੀ। ਤੇ ਉਸਨੇ ਮੈਨੂੰ ਉਹ ਥਾਂ ਦਿੱਤੀ ਹੈ ਕਿ...

-ਆਈ ਵਿਲ ਕਿਲ ਹਿਮ...

-ਵ੍ਹਾਈ ਹਿਮ...? ਵ੍ਹਾਈ ਨਾਟ ਮੀ...? ਉਹ ਹਸ ਪਈ-ਠੰਢੇ ਰਹੋ। ਏਨਾ ਉਤੇਜਤ ਹੋਣ ਦੀ ਕਿਹੜੀ ਗਲ ਹੈ? ਪਾਣੀ ਦੇਵਾਂ ਇਕ ਗਿਲਾਸ?

-ਆਈ ਵਿਲ... ਆਈ ਵਿਲ...

-ਸੋਚ ਲਓ, ਵੀਹ-ਪੱਚੀ ਲੱਖ ਦਾ ਮੁਨਾਫਾ ਹੱਥੋਂ ਖਿਸਕ ਜਾਏਗਾ...।

ਸਿੰਮੀ ਨੇ ਹੌਲੀ ਜਿਹੇ ਉਸਨੂੰ ਮੋਢੇ ਤੋਂ ਫੜ ਕੇ ਕੋਲ ਲਿਟਾ ਲਿਆ। ਉਹ ਸੱਚ ਹੀ ਉਤੇਜਤ ਹੋ ਗਿਆ ਸੀ। ਅਸਲ ਵਿੱਚ ਗੁੱਸਾ ਉਸਨੂੰ ਸਿੰਮੀ ਉੱਤੇ ਆਇਆ ਪਰ ਕੱਢ ਦੱਤੇ ਪ੍ਰਤੀ ਦਿੱਤਾ। ਸਿੰਮੀ ਦੇ ਦੱਤੇ ਨਾਲ ਲਗਾਓ ਵਾਲੀ ਗੱਲ ਤੋਂ ਉੱਖੜ ਗਿਆ ਸੀ। ਉਸਦੇ ਅੰਦਰਲਾ ਮਨੁੱਖ ਕਿਵੇਂ ਨਿਤਾਣਾ ਹੋ ਜਾਂਦਾ ਹੈ ਸਿੰਮੀ ਦੇ ਸਾਮ੍ਹਣੇ ਆਉਂਦਿਆਂ ਹੀ। ਉਸਦੇ ਜਾਲ ਦੀ ਹਰ ਤੰਦ ਇਕ ਦਮ ਬੇ ਅਸਰ ਹੋ ਜਾਂਦੀ ਹੈ। ਉਹ ਹੈਰਾਨ ਹੈ ਕਿ ਸਿੰਮੀ ਉਸਦੀ ਨੀਅਤ ਨੂੰ ਦੂਰ ਤੱਕ ਕਿਵੇਂ ਤਾੜ ਜਾਂਦੀ ਹੈ? ਉਂਝ ਉਸਦੇ ਕੰਮਾਂ ਵਿੱਚ ਬਹੁਤਾ ਦਖਲ ਨਹੀਂ ਦੇਂਦੀ। ਬਸ ਮੁਸਕਰਾ ਛੱਡਦੀ ਹੈ। ਉਪਰੋਂ ਭਾਵੇਂ ਉਸਨੇ ਕਦੀ ਸਵੀਕਾਰ ਨਹੀਂ ਕੀਤਾ ਪਰ ਅੰਦਰ ਹੀ ਅੰਦਰ ਉਹ ਸਿੰਮੀ ਸਾਹਵੇਂ ਆਪਣੇ ਆਪ ਨੂੰ ਬੌਣਾ ਹੋਇਆ ਮਹਿਸੂਸ ਕਰਦਾ ਆਇਆ ਹੈ।

-ਵੈਸੇ ਕੰਮ ਬਣ ਗਿਐ?

-ਹਾਂ ਕੰਮ ਤਾਂ ਬਣ ਹੀ ਗਿਆ ਸਮਝੋ।

-ਦੂਸਰੇ ਠੇਕੇਦਾਰ ਦਾ ਟੈਂਡਰ ਕਿਸ ਅਧਾਰ ਤੇ ਰਿਜੈਕਟ ਕਰੇਗਾ?

-ਉਹ ਕਹਿੰਦਾ ਇਹ ਸਿਰ ਦਰਦੀ ਮੇਰੀ ਹੈ, ਤੁਹਾਡੀ ਨਹੀਂ।

-ਫਿਰ ਵੀ ਕੁਝ ਤਾਂ ਦੱਸਿਆ ਹੀ ਹੋਏਗਾ।

-ਕੁਝ ਸਮਝਾ ਤਾਂ ਰਿਹਾ ਸੀ ਪਰ ਮੈਨੂੰ ਠੀਕ ਤਰ੍ਹਾਂ ਸਮਝ ਜਿਹਾ ਨਹੀਂ ਆਇਆ। ਬਸ ਕੰਮ ਹੋਇਆ ਸਮਝੋ... ਸਿਰਫ...

ਜਨਮੇਜੇ ਨੇ ਉਸਦਾ ਭਾਵ ਸਮਝਦੇ ਹੋਏ ਪੁੱਛਿਆ-ਕਿੰਨੇ ਮੰਗਦਾ ਹੈ?

-ਪੰਜਾਹ ਹਜਾਰ...।

-ਸਿਰਫ?

-ਹਾਂ ਨਾਲ ਇਕ ਸ਼ਰਤ ਹੋਰ ਹੈ।

-ਉਹ ਕੀ?

-ਸਿੰਮੀ ਕੁਝ ਪਲ ਚੁਪ ਰਹੀ, ਕੁਝ ਸੋਚਦੀ ਹੋਈ...

-ਉਹ ਕਿਹੜੀ ਹੈ...?

-ਉਹ ਅਗਲੇ ਹਫਤੇ ਕਸ਼ਮੀਰ ਜਾ ਰਿਹਾ ਹੈ ਦਸ ਦਿਨਾਂ ਲਈ ਅਤੇ ਚਾਹੁੰਦਾ ਹੈ ਕਿ...

-ਕਿ ਤੂੰ ਉਸਦੇ ਨਾਲ ਜਾਵੇਂ...!

-ਹਾਂ।



ਇੰਮਪਾਸੀਬਲ...।

-ਮੈਂ ਅਜੇ ਪੂਰੀ ਤਰ੍ਹਾਂ ਹਾਂ ਨਹੀਂ ਕੀਤੀ। ਤੁਹਾਡੇ ਕੋਲੋਂ ਇਜਾਜਤ ਲੈਣ ਦੀ ਫਾਰਮੈਲਟੀ ਪੂਰੀ ਕਰਨ ਪਿਛੋਂ ਹੀ।

-ਵ੍ਹਾਟ ਡੂ ਯੂ ਮੀਨ ਬਾਈ ਫਾਰਮੈਲਟੀ...? ਤੂੰ ਸੋਚਦੀ ਹੈਂ ਮੈਂ ਤੈਨੂੰ ਕਿਸੇ ਵੀ ਤਰ੍ਹਾਂ ਇਜਾਜਤ ਦੇ ਦੇਵਾਂਗਾ...?

-ਨਹੀਂ ਇਸ ਵਾਰ ਮੈਂ ਇਸ ਤਰ੍ਹਾਂ ਨਹੀਂ ਸੋਚਦੀ। ਪਤਨੀ ਦੀ ਮੌਤ ਪਿਛੋਂ ਦੱਤਾ ਬੜੀ ਇਕੱਲਤਾ ਮਹਿਸੂਸ ਕਰਦਾ ਹੈ। ਤੁਸੀਂ ਜੇ ਨਾ ਵੀ ਮੰਨੇ ਤਾਂ ਵੀ ਸਾਇਦ ਮੈਂ...

-ਸਿੰਮੀ...

-ਸ਼ਰੀਰਕ ਸੰਤੁਸ਼ਟਤਾ ਦੇ ਨਾਲ-ਨਾਲ ਮਾਨਸਿਕ ਸੰਤੁਸ਼ਟਤਾ ਵੀ...।

-ਆਈ ਵਿਲ ਕਿੱਲ ਜੂ ਸਿੰਮੀ..., ਆਈ ਵਿਲ...

-ਸ਼ਾਂਤੀ ..., ਸ਼ਾਂਤੀ। ਏਨੀ ਉਤੇਜਨਾ ਠੀਕ ਨਹੀਂ। ਸਿੰਮੀ ਉੱਠ ਕੇ ਬੈਠ ਗਈ-ਇਕ ਗੱਲ ਦਸੋਗੇ? ਤੁਹਾਡੇ ਕੋਲੋਂ ਮੈਨੂੰ ਕੀ ਮਿਲਿਆ?

-ਕਿਉਂ, ਕੀ ਨਹੀਂ ਦਿੱਤਾ? ਏਨਾ ਧਨ ਦੌਲਤ...

-ਮੰਨਦੀ ਹਾਂ ਧੰਨ-ਦੌਲਤ ਜ਼ਰੂਰੀ ਹੁੰਦਾ ਹੈ। ਪਰ ਧੰਨ ਦੌਲਤ ਹੀ ਕਾਫੀ ਨਹੀਂ ਹੁੰਦਾ...।

-ਭਾਵ...?

ਮੇਰੇ ਹਿੱਸੇ ਇਕ ਥੱਕੇ ਜਿਹੇ ਮਰਦ ਤੋਂ ਬਿਨਾ ਆਇਆ ਹੀ ਕੀ ਹੈ? ਆਪਣੀ ਗੰਦੀ ਜਹਿਨੀਅਤ ਦੇ ਅਧੀਨ ਆਪਣੇ ਆਪ ਨੂੰ ਇਸ ਤਰ੍ਹਾਂ ਵੰਡੀ ਰੱਖਦੇ ਹੋ ਕਿ...

-ਸਿੰਮੀ ਵੇਖ...

-ਕਹੋ ਤਾਂ ਲਿਸਟ ਗਿਣਾ ਦਿਆਂ? ਲਿਸਟ ਤੋਂ ਬਾਹਰ ਵੀ ਪਤਾ ਨਹੀਂ ਕਿੰਨੀਆਂ ਕੁ ਹੋਣਗੀਆਂ? ਬਾਰਾਂ ਚੌਦਾਂ ਸਾਲ ਦੀਆਂ ਬੱਚੀਆਂ ਤੱਕ ਨੂੰ ਤਾਂ ਤੁਸੀਂ ਸਪੇਅਰ ਨਹੀਂ ਕਰਦੇ...। ਮੇਰੇ ਹਿੱਸੇ ਤਾਂ ਬੱਸ ਉਦੋਂ ਆਉਂਦੇ ਹੋ ਜਦੋਂ ਬਾਹਰ ਕੋਈ ਸ਼ਿਕਾਰ ਹੱਥ ਨਾ ਆਇਆ ਹੋਵੇ। ਔਰਤ ਭਾਵੇਂ ਕਿਸੇ ਵਰਗ ਦੀ ਕਿਉਂ ਨਾ ਹੋਵੇ। ਔਰਤ ਬੇਸੀਕਲੀ ਬੱਸ ਔਰਤ ਹੀ ਹੁੰਦੀ ਹੈ। ਹਰ ਔਰਤ ਦੀ ਭੁੱਖ ਹੁੰਦੀ ਕਿ ਉਸਦਾ ਮਰਦ ਨਿਰੋਲ ਉਸਦਾ ਹੋਵੇ। ਇਕ ਸਾਵੇਂ ਸਬੂਤੇ ਮਰਦ ਦੇ ਰੂਪ ਵਿੱਚ। ਕਲੱਬਾਂ ਦੀ ਰੰਗੀਨੀ ਦਿਮਾਗੀ ਤੌਰ ਤੇ ਉਸਨੂੰ ਕਿੰਨਾ ਵੀ ਦੂਰ ਖਿੱਚੇ, ਪਰ ਸੰਸਕਾਰ...? ਸੰਸਕਾਰ ਔਰਤ ਨੂੰ ਆਪਣੀ ਥਾਂ ਤੋਂ ਬਹੁਤਾ ਦੂਰ ਨਹੀਂ ਜਾਣ ਦੇਂਦੇ...।

ਜਮਨੇਜੇ ਦੇ ਅੰਦਰਲਾ ਮਨੁੱਖ ਛਟਪਟਾ ਉੱਠਿਆ। ਉਸਨੇ ਸੋਚਿਆ ਸਿੰਮੀ ਨੂੰ ਕੋਈ ਚੁਭਵੀਂ ਗਲ ਕਹੀ ਜਾਵੇ, ਜੋ ਉਸਨੂੰ ਕਰੰਟ ਵਾਂਗ ਲੱਗੇ। ਦਿਮਾਗ ਟਿਕਾਣੇ ਲਿਆਣ ਲਈ ਇਹ ਜ਼ਰੂਰੀ ਹੋ ਗਿਆ ਹੈ।

-ਇਕ ਤਰ੍ਹਾਂ ਆਪਾਂ ਇਕੱਠੇ ਨਹੀਂ ਰਹਿ ਸਕਦੇ...।

-ਕੋਈ ਮਜਬੂਰੀ ਵੀ ਨਹੀਂ ਹੈ...।

ਉਹ ਤ੍ਰਬਕਿਆ। ਕਰੰਟ ਲਗਣਾ ਤਾਂ ਇੱਕ ਪਾਸੇ। ਸਿੰਮੀ ਰੱਤੀ ਭਰ ਅਸਹਿਜ ਵੀ ਨਹੀਂ ਹੋਈ।

-ਮਤਲਬ?

-ਮਤਲਬ ਸਾਫ ਹੈ ਕਿ ਜੇ ਨਿਭਣੀ ਹੀ ਨਹੀਂ ਤਾਂ ਇਕੱਠੇ ਰਹਿਣ ਦੀ ਮਜਬੂਰੀ ਨਹੀਂ ਰਹਿਣੀ ਚਾਹੀਦੀ।

-ਤੈਨੂੰ ਪਤਾ ਹੈ ਕਹਿ ਕੀ ਰਹੀ ਹੈਂ ਤੂੰ?

-ਮੈਂ ਆਪਣੇ ਵੱਲੋਂ ਤਾਂ ਕੁਝ ਵੀ ਨਹੀਂ ਕਿਹਾ। ਇਕੱਠੇ ਨਾ ਰਹਿ ਸਕਣ ਦੀ ਗੱਲ ਤੁਸੀਂ ਹੀ ਕਹੀ ਹੈ।

-ਇਹ 'ਦੱਤੇ' ਵਰਗਿਆਂ ਦੀ ਸ਼ਹਿ ਤੇ ਜੋ ਬੋਲ ਰਹੀ ਹੈਂ। ਔਕੜ ਸਮੇਂ ਕਿਸੇ ਨੇ ਬਾਂਹ ਨਹੀਂ ਫੜਨੀ...

-ਮੈਂ ਕਿਸੇ ਦੀ ਸਹਿ ਤੇ ਕੁਝ ਨਹੀਂ ਕਹਿ ਰਹੀ। ਵੈਸੇ ਫਾਰ ਯੂਅਰ ਕਾਈਂਡ ਇਨਫਰਮੇਸ਼ਨ ਮੇਰੀ ਸਹਿਮਤੀ ਹੋਣ ਤੇ ਦੱਤਾ ਮੈਨੂੰ ਹਸ ਕੇ ਸਵੀਕਾਰ ਲਏਗਾ। ਸਗੋਂ ਆਪਣੀ ਖੁਸ਼ਕਿਸਮਤੀ ਸਮਝੇਗਾ... ਉਸ ਸਾਮ੍ਹਣੇ ਕੋਈ ਅੜਚਣ ਵੀ ਨਹੀਂ ਹੈ।

ਸਿੰਮੀ ਅੱਜ ਉਸਨੂੰ ਇਸ ਤਰ੍ਹਾਂ ਮਾਤ ਦੇਣ ਉੱਤੇ ਕਿਉਂ ਤੁਲੀ ਹੋਈ ਹੈ? ਦੱਤਾ ਕਿਸ ਕਦਰ ਅੱਗ ਲਗਾ ਗਿਆ ਹੈ ਉਸਦੇ ਘਰ ਵਿੱਚ! ਇਸ ਤਰ੍ਹਾਂ ਤਾਂ ਉਹ ਕਦੀ ਨਹੀਂ ਹਾਰਿਆ। ਉਹ ਹਾਰੇਗਾ ਵੀ ਨਹੀਂ।

-ਇਹ ਤੇਰੀ ਖੁਸ਼ਫਹਿਮੀ ਹੈ ਸਿੰਮੀ, ਦੱਤੇ ਵਿੱਚ ਏਨੀ ਡੇਅਰ ਨਹੀਂ ਹੈ।

ਸਿੰਮੀ ਮੁਸਕਰਾਈ-ਚਲੋ ਜੇ ਤੁਹਾਡੀ ਗੱਲ ਹੀ ਸਹੀ ਮੰਨ ਲਈ ਜਾਵੇ ਤਾਂ ਮੈਨੂੰ ਕੋਈ ਬਹੁਤੀ ਔਖ ਨਹੀਂ ਆਉਣ ਲੱਗੀ।

-ਭਾਵ?

-ਇਹ ਜਿਸ ਕੋਠੀ ਵਿੱਚ ਆਪਾਂ ਬੈਠੇ ਹਾਂ, ਇਹ ਮੇਰੇ ਨਾਂ ਹੈ ਪਤਾ ਹੈ ਤੁਹਾਨੂੰ?

-ਹਾਂ।

-ਬੈਂਕ ਦਾ ਲਾਕਰ ਵੀ ਮੇਰੇ ਨਾਂ ਹੈ।

-ਹਾਂ...

ਤੇ ਬੈਂਕ ਬੈਲੇਂਸ ਵੀ ਪੰਜ ਲੱਖ ਤੋਂ ਉੱਤੇ ਹੋ ਹੀ ਗਿਆ ਹੈ ਹੁਣ ਤੱਕ ਤਾਂ...

-ਕਹਿਣਾ ਕੀ ਚਾਹੁੰਦੀ ਹੈਂ ਤੂੰ...?

-ਕੁਝ ਨਹੀਂ... ਬਸ ਤੁਹਾਨੂੰ ਯਾਦ ਕਰਾਇਆ ਹੈ ਕਿ ਜ਼ਿੰਦਗੀ ਆਰਾਮ ਨਾਲ ਕੱਟ ਸਕਣ ਲਈ ਏਨੀ ਕੁ ਜਾਇਦਾਦ ਕਾਫੀ ਹੈ।

-ਇਹ ਸਭ ਤਾਂ ਮੇਰਾ ਹੈ।

-ਮੈਂ ਕਦੋਂ ਇਨਕਾਰ ਕਰਦੀ ਹਾਂ। ਪਰ ਲੋੜ ਸਮੇਂ ਲੀਗਲੀ ਤਾਂ ਇਸ ਸਭ ਉੱਪਰ ਮੇਰਾ ਹੀ ਅਧਿਕਾਰ ਹੋਵੇਗਾ।

ਜਮਨੇਜਾ ਘਬਰਾ ਉੱਠਿਆ। ਉਹ ਕਿਵੇਂ ਨਿਹੱਥਾ ਹੋ ਕੇ ਰਹਿ ਜਾਂਦਾ ਹੈ। ਸਿੰਮੀ ਸਾਮ੍ਹਣੇ! ਉਸਦੀ ਸਾਰੀ ਚਤੁਰਾਈ, ਸਾਰੀ ਕਾਰਾਗਰੀ ਕਿਵੇਂ ਧਰੀ ਧਰਾਈ ਰਹਿ ਜਾਂਦੀ ਹੈ? ਜੇ ਕਿਤੇ ਇਹ ਔਰਤ ਉਸਦੀ ਐਯਾਸ਼ੀ ਵਿੱਚ ਰੁਕਾਵਟ ਪਾਣ ਦੀ ਸੋਚ ਲਵੇ ਤਾਂ ਉਸਦੇ ਮਜਬੂਤ ਤੋਂ ਮਜਬੂਤ ਜਾਲ ਨੂੰ, ਮਿੰਟਾਂ ਵਿੱਚ ਤਹਿਸ ਨਹਿਸ ਕਰਕੇ ਰੱਖ ਦੇਵੇ। ਜੇ ਕਿਤੇ ਇਸਨੂੰ ਉਸ ਵਲੋਂ ਜੱਸੀ ਦੇ ਪਰਿਵਾਰ ਲਈ ਫੈਲਾਏ ਜਾ ਰਹੇ ਜਾਲ ਬਾਰੇ ਪਤਾ ਲੱਗ ਜਾਵੇ ਤਾਂ?

ਉਸਨੇ ਤਾਕਤ ਇਕੱਠੀ ਕੀਤੀ ਅਤੇ ਹੱਸ ਪਿਆ।

-ਤੂੰ ਐਵੇਂ ਗੁੱਸਾ ਕਰ ਗਈ, ਵੱਖ ਹੋਣ ਦੀ ਗੱਲ ਤਾਂ ਮੈਂ ਐਵੇਂ ਮਖੌਲ ਨਾਲ ਕਹੀ ਸੀ।

-ਮੈਂ ਵੀ ਤਾਂ ਹਾਸੇ ਵਿੱਚ ਹੀ ਕਹੀਆਂ ਨੇ ਸਾਰੀਆਂ ਗੱਲਾਂ। ਤਾਂ ਫਿਰ ਕਸ਼ਮੀਰ ਵਾਲਾ ਟੂਰ...?

ਜਮਨੇਜੇ ਨੇ ਹਥਿਆਰ ਸੁੱਟ ਦਿੱਤੇ-ਜਿਵੇਂ ਠੀਕ ਸਮਝੇਂ...

ਸਿੰਮੀ ਹਸ ਪਈ ਅਤੇ ਜਮਨੇਜੇ ਦੀ ਗੱਲ ਥਾਪੜ ਦਿੱਤੀ ਹੈ-ਨਾਈਸ ਚੈਪ।

ਉਹ ਲੰਮੇ ਪੈ ਗਏ। ਉਸਨੇ ਸਿੰਮੀ ਦੇ ਚਿਹਰੇ ਵਲ ਧਿਆਨ ਨਾਲ ਵੇਖਿਆ। ਚਿਹਰਾ ਕਿਵੇਂ ਨਿਖਾਰ ਉੱਤੇ ਆ ਗਿਆ ਹੈ। ਤਿੰਨ ਚਾਰ ਦਿਨਾਂ ਵਿੱਚ ਹੀ। ਜਿਵੇਂ ਮੀਂਹ ਪੈਣ ਪਿੱਛੋਂ ਪਹਾੜ ਦੀਆਂ ਚੋਟੀਆਂ ਨਿੱਖਰੀਆਂ ਲਗਦੀਆਂ ਨੇ। ਸੱਚਮੁਚ ਸਿੰਮੀ ਦੇ ਅੰਗਾਂ ਵਿੱਚ ਕਿੰਨੀ ਕਸ਼ਿਸ਼ ਹੈ! ਉਸਨੇ ਕਦੀ ਏਨਾ ਧਿਆਨ ਹੀ ਨਹੀਂ ਸੀ ਦਿੱਤਾ। ਪਹਿਲਾਂ ਵੀ ਏਨੀ ਹੀ ਕਸ਼ਿਸ਼ ਸੀ ਜਾਂ ਇਨ੍ਹਾਂ ਦਿਲਾਂ ਵਿੱਚ ਹੀ...? ਦੱਤੇ ਦੇ ਸਾਥ ਕਾਰਣ...?

-ਤੁਸੀਂ ਰਾਜਪੁਰੇ ਵਾਲਾ ਕੰਮ ਆਰੰਭਣ ਦੀ ਤਿਆਰੀ ਰਖੋ। ਕਹਿੰਦਾ ਸੀ ਕਸ਼ਮੀਰ ਜਾਣ ਤੋਂ ਪਹਿਲਾਂ ਹੀ ਆਰਡਰ ਦਏਗਾ।

ਜਮਨੇਜੇ ਦਾ ਵਪਾਰੀ ਮਨ ਹੁਲਾਸ ਵਿਚ ਆ ਗਿਆ-ਜਾਣ ਤੋਂ ਪਹਿਲਾਂ ਹੀ...?

-ਹਾਂ! ਨਾਲੇ ਕਹਿ ਰਿਹਾ ਸੀ 'ਓਵਰਸੀਰ ਅਤੇ ਐਸ. ਡੀ. ਓ. ਨੂੰ ਕਹਿ ਕੇ 'ਮਈਅਰਮੈਂਟਸ' ਵਿਚ ਵੀ ਮਦਦ ਕਰੇਗਾ... ਨਾਲੇ ਸੀਮਿੰਟ ਆਦਿ ਦੀ ਖਪਤ ਵਿਚ ਵੀ।

ਜਮਨੇਜਾ ਚਹਿਕ ਪਿਆ, ਉਸਦੀਆਂ ਨਜਰਾਂ ਸਾਹਵੇਂ ਹੋਰ ਦੋ ਲੱਖ ਦੇ ਕਰੀਬ ਉੱਪਰਲਾ ਮੁਨਾਫਾ ਘੁੰਮਣ ਲੱਗ ਗਿਆ।



-ਇਹ ਹੋ ਸਕਦੈ?

-ਹਾਂ, ਕਿਉਂ ਨਹੀਂ। ਸ਼ਰਤ ਉਹੀ ਹੈ ਕਿ ਮੈਂ ਸੰਬੰਧ ਬਣਾਈ ਰੱਖਾਂ।

-ਉਹ ਡਾਰਲਿੰਗ ਯੂ ਆਰ ਗਰੇਟ...।

ਜਮਨੇਜੇ ਨੇ ਉਸਨੂੰ ਬਾਹਵਾਂ ਵਿਚ ਭਰ ਲਿਆ। ਨਾਲ ਘੁੱਟਣ ਲਗਿਆ ਤਾਂ ਉਸਨੇ ਹੱਥ ਰੋਕ ਦਿੱਤਾ।

-ਨਹੀਂ ਅੱਜ ਨਹੀਂ।

-ਕਿਉਂ...?

-ਪੋਰ ਪੋਰ ਦਰਦ ਕਰ ਰਿਹਾ ਹੈ। ਇੰਝ ਲਗਦੈ ਜਿਵੇਂ ਜਿਸਮ ਆਟੇ ਵਾਂਗ ਗੁੰਨ੍ਹ ਦਿੱਤਾ ਗਿਆ ਹੋਵੇ। ਦੱਤਾ ਰਾਤ ਨੂੰ ਬਹੁਤ ਘਟ ਸੌਣ ਦੇਂਦਾ ਰਿਹਾ ਹੈ। ਪਤਾ ਨਹੀਂ ਉਸ ਵਿੱਚ ਕਿੰਨੀ ਕੁ ਪਸ਼ੂ-ਸ਼ਕਤੀ ਹੈ? ਰੀਅਲੀ ਹੀ ਇਜ ਏ ਮੈਨ ਆਫ ਆਇਰਨ...।

ਸਿੰਮੀ ਨੇ ਪਾਸਾ ਪਰਤ ਲਿਆ। ਛੇਤੀ ਹੀ ਸੌਂ ਗਈ। ਉਹ ਕਾਫੀ ਰਾਤ ਤੱਕ ਜਾਗਦਾ ਪਾਸੇ ਪਰਤਦਾ ਰਿਹਾ। ਬੇਚੈਨ ਹੁੰਦਾ ਰਿਹਾ। ਉਸਦੇ ਅੰਦਰਲਾ ਮਰਦ ਬੁਰੀ ਤਰ੍ਹਾਂ ਤੜਪਦਾ ਰਿਹਾ। ਉਸਨੂੰ ਵਾਰ ਵਾਰ ਭੁਚੱਕਾ ਪੈਂਦਾ ਰਿਹਾ ਜਿਵੇਂ ਦੱਤਾ ਸਿੰਮੀ ਦੇ ਜਿਸਮ ਨਾਲ ਚਿਪਕਿਆ ਪਿਆ ਹੈ।

ਬੱਤੀ ਬੁਝਾਣ ਤੋਂ ਪਹਿਲਾਂ ਉਸਨੇ ਸੌਂ ਰਹੀ ਸਿੰਮੀ ਵਲ ਵੇਖਿਆ। ਨੀਂਦ ਵਿੱਚ ਗੜੂੰਦ ਚਿਹਰੇ ਉੱਪਰ ਕਿੰਝ ਦੀ ਤ੍ਰਿਪਤੀ ਅਤੇ ਕੂਲਾਪਣ ਹੈ। ਅੱਜ ਉਹ ਇੰਝ ਸਿੰਮੀ ਵਲ ਨੀਝ ਕਿਉਂ ਲਗਾ ਰਿਹਾ ਹੈ? ਸ਼ਾਇਦ ਆਪਣੀ ਪਹੁੰਚ ਤੋਂ ਬਾਹਰ ਹੁੰਦੀ ਵੇਖ ਉਸਦੇ ਹੌਲ ਉੱਠਿਆ ਹੈ। ਅੱਜ ਤੋਂ ਪਹਿਲਾਂ ਉਸਨੂੰ ਸਿੰਮੀ ਕਦੇ ਆਪਣੀ ਪਹੁੰਚ ਤੋਂ ਇਸ ਤਰ੍ਹਾਂ ਬਾਹਰ ਨਹੀਂ ਸੀ ਲੱਗੀ। ਉਸਨੇ ਕਦੀ ਸਿੰਮੀ ਬਾਰੇ ਗੌਲਿਆ ਵੀ ਤਾਂ ਨਹੀਂ ਸੀ। ਅੱਜ ਦੀ ਰਾਤ ਉਸ ਨਾਲ ਸਰੀਰਕ ਸੰਬੰਧਾਂ ਤੋਂ ਇਨਕਾਰ ਕਰਕੇ ਤੇ ਦੱਤੇ ਦੀ ਸ਼ਰੀਰਕ ਸ਼ਕਤੀ ਦੀ ਗਲ ਕਰਕੇ ਸਿੰਮੀ ਨੇ ਉਸਦੀ ਗੱਲ੍ਹ ਉਤੇ ਜਿਵੇਂ ਇਕ ਜੋਰਦਾਰ ਚਪੇੜ ਕੱਢ ਮਾਰੀ ਹੈ।

ਉਸਦਾ ਹੱਥ ਅਚੇਤ ਹੀ ਗਲ੍ਹ ਉਤੇ ਚਲਾ ਗਿਆ ਅਤੇ ਉਹ ਹਨੇਰੇ ਵਿੱਚ ਕਿੰਨਾ ਹੀ ਚਿਰ ਗਲ੍ਹ ਪਲੋਸਦਾ ਰਿਹਾ।

## ਅੱਠ

ਜਮਨੇਜੇ ਨੇ ਮਹਿਸੂਸ ਕੀਤਾ ਕਿ ਇਨ੍ਹਾਂ ਦਿਨਾਂ ਵਿੱਚ ਉਸ ਕੋਲੋਂ ਪਿੰਡ ਬਹੁਤ ਘੱਟ ਜਾ ਹੋਇਆ ਹੈ। ਇਹ ਗਲ ਖਤਰੇ ਵਾਲੀ ਹੈ। ਇਸ ਤਰ੍ਹਾਂ ਕਿਤੇ ਜੱਸੀ ਹੋਰਾਂ ਨੂੰ ਸ਼ਕ ਨਾ ਪੈ ਜਾਵੇ ਅਤੇ ਉਹ ਨਾਭੇ ਨਿਗਰਾਨੀ ਸ਼ੁਰੂ ਕਰ ਦੇਣ। ਸੋ ਪਿੰਡ ਜ਼ਰੂਰ ਜਾਂਦੇ ਰਹਿਣਾ ਚਾਹੀਦਾ ਹੈ। ਉਂਝ ਉਸਨੂੰ ਵਿਹਲ ਵੀ ਘੱਟ ਮਿਲਦਾ ਰਿਹਾ ਹੈ। ਹਸਪਤਾਲ ਦੇ ਕੰਮ ਵੱਲ ਵੀ ਉਸੇ ਨੂੰ ਧਿਆਨ ਦੇਂਦੇ ਰਹਿਣਾ ਪਿਆ ਹੈ। ਜਿਹੜਾ ਥੋੜ੍ਹਾ ਬਹੁਤ ਸਮਾਂ ਬਚਦਾ ਵੀ ਹੈ। ਉਸ ਸਮੇਂ ਜਾ ਕੇ ਦੀਪਾਂ ਵਿਚ ਡੁਬ ਜਾਣ ਨੂੰ ਮਨ ਕਰਦਾ ਰਹਿੰਦਾ ਹੈ। ਨਾਭੇ ਜਾ ਕੇ ਤਾਂ ਦੀਪਾਂ ਵਿੱਚ ਤਬਦੀਲੀ ਵੀ ਬਹੁਤ ਆਈ ਹੈ। ਜਿਸਮ ਦੇ ਸਾਰੇ ਮੁੱਖ ਅੰਗ ਕਿਵੇਂ ਛਲਕ ਉਠੇ ਨੇ। ਸੰਤੁਸ਼ਟ ਔਰਤ ਵਾਲੀ ਪੂਰਨਤਾ ਸਾਰੇ ਵਜੂਦ ਉੱਤੇ ਛਾ ਗਈ ਹੈ।

ਫਿਰ ਵੀ ਪਿੰਡ ਤਾਂ ਜਾਂਦੇ ਹੀ ਰਹਿਣਾ ਚਾਹੀਦਾ ਹੈ। ਨਾਲੇ ਹੁਣ ਪਿੰਡ ਇਕ ਦਮ ਹੀ ਰੁੱਖਾ ਤਾਂ ਨਹੀਂ ਰਹਿ ਗਿਆ। ਮੀਤਾਂ ਵਿੱਚ ਬੜੀ ਤੇਜੀ ਨਾਲ ਤਬਦੀਲੀ ਆਈ ਹੈ। ਕਿਵੇਂ ਕੱਦ ਕੱਢ ਆਈ ਹੈ ਦਿਨਾਂ ਵਿੱਚ ਹੀ! ਉਸਦੇ ਵਰਤਾਉ ਵਿੱਚ ਇਕ ਅਜੀਬ ਮਿਠਾਸ ਹੈ। ਉਸ ਮਿਠਾਸ ਦਾ ਬਹੁਤਾ ਅਸਰ ਉਸਦੀਆਂ ਅੱਖਾਂ ਵਿੱਚ ਹੈ। ਹਸਦੀਆਂ ਹੋਈਆਂ ਅੱਖਾਂ ਦੀ ਮਿੱਠੀ ਤੱਕਣੀ ਜਿਵੇਂ ਸਾਮ੍ਹਣੇਂ ਵਾਲੇ ਦੇ ਅੰਦਰ ਵੀ ਮਿਠਾਸ ਘੋਰ ਦੇਂਦੀ ਹੈ।

ਮੀਤਾਂ ਦਾ ਵਰਤਾਓ ਜਿੰਨਾ ਮਿੱਠਾ ਹੈ। ਨੀਲੂ ਦਾ ਉਨਾਂ ਹੀ ਰੁਖਾ। ਰੁੱਖਾਪਣ ਜਿਵੇਂ ਉਸਦੇ ਸੁਭਾ ਦਾ ਅੰਗ ਬਣਕੇ ਰਹਿ ਗਿਆ ਹੈ। ਸਰੀਰ ਵੀ ਮੀਤਾਂ ਵਾਂਗ ਪ੍ਰਫੁਲਤ ਨਹੀਂ ਹੋਇਆ, ਬਸ ਹਿੱਕ ਉਭਾਰ ਬੜੀ ਤੇਜੀ ਨਾਲ ਪ੍ਰਫੁਲਤ ਹੋਏ ਨੇ। ਸਰੀਰ ਕਮਜੋਰ ਹੋਣ ਕਾਰਣ ਨਜਰਾਂ ਦਾ ਕੇਂਦਰ ਛੇਤੀ ਹੀ ਬਣ ਜਾਂਦੇ ਨੇ। ਪਰ

ਨੀਲੂ ਦਾ ਚਿੜਚਿੜਾਪਣ ਉਸਨੂੰ ਘਰ ਵਿਚ ਬਹੁਤੀ ਥਾਂ ਨਹੀਂ ਦਵਾ ਸਕਿਆ। ਜਮਨੇਜੇ ਨਾਲ ਵੀ ਇਕ ਦਮ ਨਹੀਂ ਰਚੀ ਮਿਚੀ। ਖ਼ੈਰ ਉਸਨੇ ਕੋਸ਼ਿਸ਼ ਵੀ ਤਾਂ ਨਹੀਂ ਕੀਤੀ। ਭਾਵੇਂ ਜੌੜੀਆਂ ਨੇ ਪਰ ਮੀਤਾਂ ਨੀਲੂ ਨਾਲੋਂ ਘੱਟੋ ਘੱਟ ਦੋ ਸਾਲ ਵੱਡੀ ਲਗਦੀ ਹੈ।

ਪਿੰਡ ਪਹੁੰਚਿਆ ਤਾਂ ਘਰ ਵਿਚ ਮੀਤਾਂ ਇਕੱਲੀ ਹੈ। ਅਜੇ ਦਿਨ ਵੀ ਕਾਫੀ ਖੜ੍ਹਾ ਹੈ। ਮੀਤਾਂ ਮੰਜੇ ਉਪਰ ਬੈਠੀਂ ਕੁਝ ਪੜ੍ਹ ਰਹੀ ਹੈ। ਉਸਨੂੰ ਵੇਖ ਉੱਠ ਖੜ੍ਹੀ ਹੋਈ।

-ਸਤਿ ਸ੍ਰੀ ਅਕਾਲ ਅੰਕਲ...।

-ਸਤਿ ਸ੍ਰੀ ਅਕਾਲ ਬਿਟੀਆ ਰਾਣੀ। ਉਸਨੇ ਇਕਲਤਾ ਦਾ ਫਾਇਦਾ ਲਿਆ। ਅੱਗੇ ਵੱਧ ਮੀਤਾਂ ਨੂੰ ਇਕ ਬਾਂਹ ਦੇ ਘੇਰੇ ਵਿੱਚ ਲੈ ਕੇ ਨਾਲ ਘੁੱਟ ਲਿਆ-ਕੀ ਕਰ ਰਹੀ ਸੀ ਮੀਤੇ?

-ਪੜ੍ਹ ਰਹੀ ਸੀ।

-ਘਰ ਵਿੱਚ ਹੋਰ ਕੋਈ ਨਹੀਂ ਦਿਸ ਰਿਹਾ? ਕਿਤੇ ਬਾਹਰ ਗਏ ਨੇ?

-ਨਹੀਂ ਪਿੰਡ 'ਚ ਹੀ ਨੇ...।

ਜਨਮੇਜੇ ਨੇ ਉਸੇ ਤਰ੍ਹਾਂ ਬਾਂਹ ਵਿੱਚ ਨਾਲ ਘੁੱਟੀ ਗੱਲਾਂ ਜਾਰੀ ਰਖਣ ਦੀ ਸੋਚੀ। ਕੰਨ ਦਰਵਾਜੇ ਵਲ ਲਗਾ ਲਏ, ਤਾਂ ਜੋ ਮਾੜੀ ਮੋਟੀ ਬਿੜਕ ਨਾਲ ਇਕ ਪਾਸੇ ਹੋ ਕੇ ਬੈਠ ਸਕੇ।

-ਜੱਸੀ ਕਿੱਥੇ ਹੈ?

ਨੀਲੂ ਨਾਲ ਨਹਿਰ ਤਕ ਗਏ ਨੇ।

-ਹੁਣ ਤਾਂ ਤੁਰ ਲੈਂਦਾ ਹੈ ਸਹਾਰੇ ਨਾਲ। ਇਸਦਾ ਮਤਲਬ ਹਾਲਤ ਠੀਕ ਹੋ ਰਹੀ ਹੈ।

-ਹਾਂ ਜੀ...

-ਤੇਰੀ ਬੀਬੀ? ਜਮਨੇਜੇ ਨੇ ਮੀਤਾਂ ਨੂੰ ਹੋਰ ਨਾਲ ਘੁਟਿਆ।

-ਦੂਜੇ ਪਾਸੇ ਗਈ ਆ, ਕਿਸੇ ਦੇ ਘਰ...।

ਉਹ ਮੀਤਾਂ ਨੂੰ ਪਾਸੇ ਨਾਲ ਘੁੱਟੀ ਹੀ ਮੰਜੇ ਉੱਤੇ ਬੈਠ ਗਿਆ। ਮੀਤਾਂ ਵੀ ਕੋਈ ਵਿਰੋਧ ਨਹੀਂ ਕਰ ਰਹੀ। ਇਸ ਨੂੰ ਕੁਦਰਤੀ ਸਨੇਹ ਸਮਝ ਰਹੀ ਹੋਣੀ ਹੈ। ਨਾਲੇ ਹੁਣ ਤਾਂ ਉਸਦੀ ਥਾਂ ਇਸ ਘਰ ਵਿੱਚ ਬਹੁਤ ਵਧ ਚੁੱਕੀ ਹੈ।

-ਤੂੰ ਮਿਹਨਤ ਵੀ ਕਰਦੀ ਹੁੰਦੀ ਹੈਂ।

-ਬਹੁਤ...।

-ਦੀਪਾਂ ਜਿੰਨੇ ਨੰਬਰ ਲੈ ਲਏਂਗੀ?

-ਦੇਖੋ।

-ਦੇਖੋ ਨੀਂ, ਜ਼ਰੂਰ ਲੈਣੇ ਨੇ ਉਨੇ ਨੰਬਰ...।

ਉਸਨੇ ਹੌਲੇ ਜਿਹੇ ਮੀਤਾਂ ਦਾ ਮੱਥਾ ਚੁੰਮ ਲਿਆ। ਮੀਤਾਂ ਨੇ ਕੋਈ ਵਿਰੋਧ ਨਹੀਂ ਕੀਤਾ। ਉਸਦਾ ਹੌਸਲਾ ਵਧਿਆ। ਹੌਲੇ ਜਿਹੇ ਗੱਲ੍ਹ ਉਤੇ ਚੁੰਮਣ ਦੇ ਦਿੱਤਾ। ਮੀਤਾਂ ਥੋੜ੍ਹਾ ਜਿਹਾ ਹਿਚਕਚਾਈ। ਉਸਨੇ ਅਚਾਨਕ ਹੀ ਕੁੜੀ ਦੇ ਹੋਂਠ ਚੁੰਮ ਲਏ।

-ਹਟੋ ਅੰਕਲ... ਛੱਡੋ...।

ਜਨਮੇਜੇ ਨੇ ਪਕੜ ਢਿੱਲੀ ਨਾ ਕੀਤੀ-ਕਿਉਂ...?

-ਹਟੋ ਕੋਈ ਆ ਜਾਊਗਾ...।

-ਦੋ ਮਿੰਟ ਤਾਂ ਬੈਠ, ਕੋਈ ਨੀਂ ਆਉਂਦਾ ਏਨੀ ਛੇਤੀ...।

-ਨਹੀਂ ਹਟੋ, ਮੈਂ ਚਾਹ ਬਣਾਉਂਦੀ ਹਾਂ...।

ਮੀਤਾਂ ਜੋਰ ਮਾਰ ਕੇ ਉੱਠ ਗਈ। ਉਸਨੇ ਵੀ ਬਹੁਤੀ ਜਬਰਦਸਤੀ ਨਹੀਂ ਕੀਤੀ।

ਜਮਨੇਜਾ ਹੈਰਾਨ ਰਹਿ ਗਿਆ। ਇਹ ਕੀ? ਮੀਤਾਂ ਨੇ ਏਨੀ ਖੁਲ੍ਹ ਕਿਵੇਂ ਦੇ ਦਿੱਤੀ? ਇਹ ਉਸਦੀ ਨਿਰੀ ਮਾਸੂਮੀਅਤ ਹੀ ਤਾਂ ਨਹੀਂ ਸਮਝੀ ਜਾ ਸਕਦੀ। ਤੇ 'ਕੋਈ ਆ ਜਾਊਗਾ' ਵਾਲਾ ਡਰ। ਹੱਦ ਹੋ ਗਈ। ਏਨੀ



ਘਟ ਮਿਹਨਤ ਲਗੇਗੀ ਇਹ ਤਾਂ ਉਸਨੇ ਕਦੀ ਸੋਚਿਆ ਵੀ ਨਹੀਂ ਸੀ। ਉਹ ਤਾਂ ਸੋਚਦਾ ਆਇਆ ਹੈ ਮੀਤਾਂ ਅਜੇ ਨਿਆਣੀ ਹੈ। ਅਜੇ ਹੋਰ ਜੁਆਨ ਹੋ ਜਾਵੇ। ਉਸਦਾ ਸ਼ਿਕਾਰ ਬਨਣ ਦੇ ਯੋਗ ਤਾਂ ਹੋ ਜਾਵੇ। ਅਜੇ ਤਾਂ ਦੀਪਾਂ ਦਾ ਨਸ਼ਾ ਹੀ ਉਸ ਉਤੇ ਬੁਰੀ ਤਰ੍ਹਾਂ ਸਵਾਰ ਹੈ। ਚਲੋ ਚੰਗਾ ਹੈ, ਪਿੰਡ ਆਉਂਦੇ ਰਹਿਣ ਲਈ ਖਿੱਚ ਤਾਂ ਪੈਦਾ ਹੋ ਗਈ ਹੈ, ਪਰ...

...ਅਜੇ ਕੀ ਪਤਾ ਮੀਤਾਂ ਨੇ ਏਨੀ ਖੁਲ੍ਹ ਸਿਰਫ ਸਨੇਹ ਵਸ ਹੀ ਦਿੱਤੀ ਹੋਵੇ। ਹੋਂਠ ਚੁੰਮਣ ਦੀ ਹਰਕਤ ਤੋਂ ਕਿਵੇਂ ਘਬਰਾ ਗਈ ਸੀ। ਕਿਤੇ ਬੁਰਾ ਹੀ ਨਾ ਮੰਨ ਗਈ ਹੋਵੇ।

ਉਸਨੂੰ ਯਾਦ ਆਇਆ ਉਸਦੇ ਅੰਦਰ ਆਉਂਦਿਆਂ ਹੀ ਮੀਤਾਂ ਨੇ ਕੋਈ ਕਿਤਾਬ ਕਾਹਲੀ ਨਾਲ ਦਰੀ ਹੇਠਾਂ ਛੁਪਾ ਦਿੱਤੀ ਸੀ। ਉਸਨੇ ਲੜ ਹਟਾ ਕੇ ਕਿਤਾਬ ਕੱਢ ਲਈ। ਮੁਢਲੇ ਸਫੇ ਫਟੇ ਹੋਏ ਨੇ? ਉਸਨੇ ਵਰਕੇ ਫਰੋਲੇ... ਮਸਤਰਾਮ ਦਾ ਕੋਈ ਲੱਚਰ ਨਾਵਲ ਹੈ। ਉਹ ਮੁਸਕਰਾਇਆ। ਤਾਂ ਇਨ੍ਹਾਂ ਕਿਤਾਬਾਂ ਦਾ ਅਸਰ ਹੈ। ਚੰਗਾ ਹੀ ਹੈ। ਇਸ ਤਰ੍ਹਾਂ ਉਤੇਜਨਾ ਭਰਪੂਰ ਨਾਵਲ ਮੀਤਾਂ ਨੂੰ ਲਿਆ ਲਿਆ ਕੇ ਦਿੱਤਿਆਂ ਰਾਹ ਛੇਤੀ ਖੁਲ੍ਹ ਸਕਦਾ ਹੈ। ਉਸਨੇ ਇਕ ਥਾਂ ਮਰੋੜਿਆ ਹੋਇਆ ਸਫਾ ਕਾਹਲੀ ਨਾਲ ਪੜ੍ਹਿਆ। ਬੜੀ ਕਾਮਕ ਸਥਿਤੀ ਹੈ। ਤਾਂ ਮੀਤਾਂ ਇਸ ਥਾਂ ਤੋਂ ਪੜ੍ਹਦੀ ਹਟੀ ਹੈ। ਇਸੇ ਲਈ ਕੁਝ ਹਫੀ ਹਫੀ ਲੱਗੀ ਸੀ ਅਤੇ ਘਬਰਾਈ ਹੋਈ ਵੀ। ਉਹ ਨਾਵਲ ਨੂੰ ਉਸੇ ਥਾਂ ਤੇ ਰਖਣ ਦੀ ਸੋਚ ਹੀ ਰਿਹਾ ਹੈ ਕਿ ਮੀਤਾਂ ਨੇ ਚਾਹ ਦਾ ਕੱਪ ਹੇਠਾਂ ਰੱਖ ਨਾਵਲ ਉਸਦੇ ਹੱਥੋਂ ਝਪਟ ਲਿਆ।

-ਇਹ ਨਾਵਲ ਤੁਸੀਂ ਕਿਉਂ ਚੁੱਕਿਆ ? ਮੇਰਾ ਮਤਲਬ...

-ਇਹ ਤੇਰਾ ਹੈ? ਜਮਨੇਜਾ ਮੁਸਕਰਾਇਆ।

-ਹਾਂ ਅੰਕਲ...। ਨਹੀਂ ਅੰਕਲ...। ਮੇਰਾ ਮਤਲਬ ਹੈ ਇਹ...

-ਤੂੰ ਘਬਰਾ ਕਿਉਂ ਰਹੀ ਹੈਂ? ਇਨ੍ਹਾਂ ਨੂੰ ਪੜ੍ਹਨਾ ਕੋਈ ਪਾਪ ਤਾਂ ਨਹੀਂ। ਆਖਰ ਪੜ੍ਹਨ ਲਈ ਹੀ ਲਿਖੇ ਗਏ ਨੇ। ਮੈਨੂੰ ਤਾਂ ਆਪ ਬਹੁਤ ਸ਼ੌਂਕ ਹੈ ਇਨ੍ਹਾਂ ਦਾ...।

ਉਹ ਹੱਸ ਪਿਆ।

-ਲਓ, ਚਾਹ ਲਓ ਅੰਕਲ...।

ਚਾਹ ਪੀਂਦੇ ਹੋਏ ਉਸਨੇ ਗੱਲ ਤੋਰੀ-ਦੂਜੇ ਰੁੱਖੇ ਜਿਹੇ ਨਾਵਲ ਤਾਂ ਉਂਈਂ ਚੰਗੇ ਨਹੀਂ ਲਗਦੇ। ਇਕ ਦਮ ਬੇ ਸੁਆਦੀ। ਪਰ ਇਕ ਗੱਲ ਦਾ ਖਿਆਲ ਰੱਖੀਂ, ਜੱਸੀ ਤੋਂ ਲੁਕਾ ਕੇ ਰੱਖੀਂ। ਉਹ ਪੁਰਾਣੇ ਖਿਆਲਾਂ ਦਾ ਹੈ। ਉਸਨੇ ਜੇ ਵੇਖ ਲਿਆ ਤਾਂ...

-ਨਹੀਂ ਅੰਕਲ, ਸਭ ਤੋਂ ਲੁਕਾ ਕੇ ਪੜ੍ਹਦੀ ਹਾਂ।

-ਹੋਰ ਵੀ ਹੈ ਤੇਰੇ ਕੋਲ?

-ਨਹੀਂ ਇਹੀ ਮਿਲਿਆ।

-ਮੇਰੇ ਕੋਲ ਬਹੁਤ ਪਏ ਨੇ। ਮੈਂ ਲਿਆ ਦਿਆਂ ਕਰਾਂਗਾ। ਪਰ ਰੱਖੀਂ ਲੁਕਾ ਕੇ, ਹੋਰ ਮੇਰੀ ਬਦਨਾਮੀ ਕਰਾਵੇਂ...। ਧਿਆਨ ਰਖੇਂਗੀ ਨ੍ਹਾਂ?

-ਹਾਂ ਜੀ।

ਉਹ ਨਾਵਲ ਫੜ ਫਰੋਲਣ ਲਗ ਪਿਆ-ਇੱਥੇ ਕੁ ਪੜ੍ਹ ਰਹੀ ਸੀ ਨ੍ਹਾਂ।

ਮੀਤਾਂ ਵੇਖ ਕੇ ਹੋਰ ਸੂਹੀ ਹੋ ਗਈ। ਕੁਝ ਬੋਲੀ ਨਹੀਂ।

-ਅਸਲ ਜ਼ਿੰਦਗੀ ਤਾਂ ਇਨ੍ਹਾਂ ਨਾਵਲਾਂ ਵਿਚਲੀ ਜ਼ਿੰਦਗੀ ਹੈ। ਇਹ ਕੀ ਬਈ ਜਿਹੜੇ ਚਾਰ ਦਿਨ ਜਿਉਣਾ ਹੈ ਉਹ ਵੀ ਘੁਟ-ਘੁਟ ਕੇ ਰੋਕਾਂ ਬੰਦਸ਼ਾਂ ਵਿੱਚ ਜਿਉਂਇਆ ਜਾਵੇ...।

ਆਪਣੀ ਗਲ ਖਤਮ ਕਰਕੇ ਉਸਨੇ ਚੋਰ ਅੱਖ ਨਾਲ ਮੀਤਾਂ ਦੇ ਚਿਹਰੇ ਵਲ ਵੇਖਿਆ ਅਤੇ ਉਹ ਸਫਾ ਪੜ੍ਹਨ ਲਗ ਪਿਆ।

ਮੀਤਾਂ ਨੇ ਝਪਟ ਮਾਰ ਕੇ ਨਾਵਲ ਖੋਹ ਲਿਆ।

-ਪਹਿਲਾਂ ਇਹ ਦੱਸੋ ਤੁਸੀਂ ਏਨੇ ਦਿਨ ਆਉਂਦੇ ਕਿਉਂ ਨੀ? ਜਦੋਂ ਦੀ ਦੀਪਾਂ ਨਾਭੇ ਲੱਗੀ ਆ ਤੁਸੀਂ ਵੀ

ਬਹੁਤ ਘੱਟ ਆਉਂਦੇ ਓ।

ਜਮਨੇਜੇ ਨੇ ਤ੍ਰਬਕ ਕੇ ਉਸ ਵੱਲ ਵੇਖਿਆ। ਪਰ ਨਹੀਂ, ਉੱਥੇ ਕਿਸੇ ਕਿਸਮ ਦੀ ਸ਼ੰਕਾ ਦੇ ਭਾਵ ਤਾਂ ਨਹੀਂ ਹਨ। ਤਾਂ ਰੁਸੇਵੇਂ ਤੇ ਨਹੋਰੇ ਦੇ ਭਾਵ ਅੱਖਾਂ ਵਿੱਚ ਜ਼ਰੂਰ ਨੇ...।

-ਸੱਚ ਦੱਸਾਂ ਮੀਤੇ! ਦੀਪਾਂ ਬਹੁਤ ਤਿਉਹ ਕਰਦੀ ਸੀ, ਇਸ ਲਈ ਛੇਤੀ ਆ ਜਾਂਦਾ ਸੀ। ਹੁਣ ਉਸਦੇ ਜਾਣ ਨਾਲ...।

-ਉਹ ਕੋਈ ਬਹੁਤੀ ਸੀ ਤਿਉਹ ਕਰਨ ਵਾਲੀ। ਤੁਸੀਂ ਕਦੇ ਧਿਆਨ ਈ ਨੀ ਦਿੱਤਾ। ਮੈਂ ਥੋੜ੍ਹਾ ਤਾਂ ਨੀ ਕਰਦੀ ਥੋਡਾ...।

-ਸੱਚ?

-ਹੋਰ ਨਾਂ ਵੀ ਕਿਤੇ... ਸੱਚੀ ਮੈਨੂੰ ਬਹੁਤ ਗੁੱਸਾ ਆਉਂਦਾ ਹੁੰਦਾ ਸੀ ਉਸ ਉੱਤੇ। ਥੋਡੇ ਤੇ ਕੱਲੀਓ ਹੱਕ ਮੰਨੀ ਫਿਰੀ ਜਾਂਦੀ ਸੀ, ਜਿਵੇਂ ਹੋਰ ਕੋਈ ਹੁੰਦਾ ਈ ਨੀ ਘਰ ਵਿੱਚ। ਹੁਣ ਤੁਸੀਂ ਨਾਭੇ ਜਾਂਦੇ ਹੁੰਨੇ ਓ...?

ਉਹ ਸੰਭਲਿਆ। ਇਥੇ ਝੂਠ ਬੋਲਣਾ ਜ਼ਰੂਰੀ ਹੈ। ਦੀਪਾਂ ਦੇ ਉਸ ਉੱਪਰ ਜਮਾਏ ਹੱਕ ਤੋਂ ਤਾਂ ਮੀਤਾਂ ਪਹਿਲਾਂ ਹੀ ਨਰਾਜ ਹੈ।

-ਜ਼ਰੂਰ ਜਾਂਦੇ ਹੋਏਂ ਗਿਓ...।

-ਕਿੱਥੇ ਮੀਤੇ... ਟਾਇਮ ਹੀ ਨਹੀਂ ਮਿਲਦਾ... ਤੇਰੀ ਸੌਂਹ...।

-ਇੱਥੇ ਤਾਂ ਛੇਤੀ ਆ ਜਿਆ ਕਰੋ। ਮੀਤਾਂ ਦੀ ਆਵਾਜ਼ ਵਿਚ ਹਲਕਾ ਜਿਹਾ ਤਰਲੇ ਦਾ ਭਾਵ ਹੈ...।

-ਹੁਣ ਜ਼ਰੂਰ ਛੇਤੀ ਆਇਆ ਕਰੂੰਗਾ ਮੀਤੇ...। ਤੇਰੇ ਕਰਕੇ ਛੇਤੀ ਆਇਆ ਕਰੂੰਗਾ।

****

ਤਿੰਨੇ ਤਕਰੀਬਨ ਇਕੱਠੇ ਹੀ ਘਰ ਆਏ। ਜੱਸੀ, ਭਾਬੀ, ਨੀਲੂ ਤਿੰਨੇ ਹੀ।

ਜੱਸੀ ਨੇ ਉਸਨੂੰ ਵੇਖ ਨਿਹੋਰਾ ਮਾਰਿਆ-ਅੱਜ ਸਵੇਰੇ ਦੇਰ ਨਾਲ ਜਾਗਿਆ ਸੀ ਮੈਂ। ਪਤਾ ਨਹੀਂ ਲੱਗ ਸਕਿਆ ਸੂਰਜ ਕਿਹੜੇ ਪਾਸੇ ਤੋਂ ਚੜ੍ਹਿਆ ਹੈ?

ਉਸਨੇ ਉੱਠ ਕੇ ਹੱਥ ਮਿਲਾਇਆ-ਐਸੀ ਤਾਂ ਕੋਈ ਗੱਲ ਨਹੀਂ...।

-ਗੱਲ ਕਿਉਂ ਨੀ? ਪਤਾ ਹੈ ਵੀਹ ਦਿਨਾਂ ਪਿਛੋਂ ਆਇਆਂ ਹੈਂ। ਭਾਬੀ ਤੇਰੀ ਉਂ ਫਿਕਰ ਕਰੀ ਜਾਂਦੀ ਸੀ ਬਈ ਗੱਲ ਕੀ ਹੋ ਗਈ? ਕਿਤੇ ਢਿੱਲਾ ਹੀ ਨਾ ਹੋ ਗਿਆ ਹੋਵੇ।

-ਭਾਬੀ ਨੂੰ ਪਿਆਰ ਹੀ ਏਨਾ ਹੈ ਮੇਰੇ ਨਾਲ। ਬੇਚਾਰੀ ਦਿਉਰ ਦੇ ਵਿਯੋਗ ਵਿੱਚ ਸੁੱਕ ਕੇ ਕਿਵੇਂ ਤੀਲਾ ਹੋ ਗਈ ਹੈ?

ਜਮਨੇਜਾ ਜੋਰ ਨਾਲ ਹੱਸ ਪਿਆ। ਜੱਸੀ ਵੀ।

-ਵੇ ਨਿਆਣਿਆਂ ਦੀ ਤਾਂ ਸ਼ਰਮ ਕਰ ਲਿਆ ਕਰ ਭੋਰਾ...। ਭਾਬੀ ਨੇ ਨਕਲੀ ਜਿਹੇ ਗੁੱਸੇ ਨਾਲ ਕਿਹਾ। ਪਰ ਹੱਸਣ ਵਿੱਚ ਸਾਥ ਉਸਨੇ ਵੀ ਦਿੱਤਾ।

-ਕਿਉਂ ਭਾਬੋ ਹੈ ਨੀ ਫਿਕਰ ਤੈਨੂੰ? ਓਨਾ ਤਾਂ ਜੱਸੀ ਦਾ ਨੀ ਹੋਣਾ ਜਿੰਨਾ ਮੇਰਾ ਹੈ...।

-ਤੂੰ ਟਲਦਾ ਨੀਂ...

-ਭਾਬੀ ਵੇਖੀ ਤਾਂ ਸਹੀ ਕੇਰਾਂ, ਕਿਤੇ ਮੇਰੀ ਗੱਲ ਨਾਲ ਵੱਡੇ ਭਰਾ ਦੇ ਹੌਲ ਤਾਂ ਨਹੀਂ ਪੈਣ ਲੱਗ ਪਿਆ...! ਦਿਲ ਤੇ ਹੱਥ ਰੱਖੀਂ ਕੇਰਾ...

ਜੱਸੀ ਨੇ ਮੂੰਹ ਦੀ ਬੇਚਾਰਕੀ ਵੇਖ ਜਮਨੇਜੇ ਦਾ ਹਾਸਾ ਨਿੱਕਲ ਗਿਆ। ਜੱਸੀ ਵੀ ਹੱਸ ਪਿਆ। ਭਾਬੀ ਘੂਰਕ ਕੇ ਪਈ।

-ਤੁਹਾਨੂੰ ਦੋਨਾਂ ਨੂੰ ਅੱਜ ਕੀ ਭੂਤੀ ਪੰਗਾ ਚੜ੍ਹ ਗਿਆ? ਜੁਆਕਾਂ ਦੀ ਵੀ ਸ਼ਰਮ ਲਾਹ ਤੀ। ਕਾਹਦੀ ਖੁਸ਼ੀ ਆ...?

-ਸੱਚ ਦੱਸਾਂ ਭਾਬੀ ਕਾਹਦੀ ਖੁਸ਼ੀ ਹੈ? ਜੱਸੀ ਨੂੰ ਤੁਰਦਾ ਫਿਰਦਾ ਦੇਖ ਮੈਨੂੰ ਤਾਂ ਦੂਣਾ ਹੌਸਲਾ ਹੋ ਗਿਆ...।



-ਹਾਂ ਵੇ...। ਬਹੁਤ ਮੋੜ ਹੈ ਬਿਮਾਰੀ ਤੋਂ ਹੁਣ ਤਾਂ...। ਤੇਰੀ ਮਿਹਰ ਨਾਲ...

ਜਮਨੇਜੇ ਨੇ ਆਵਾਜ਼ ਵਿਚ ਹਰਖ ਭਰਦੇ ਹੋਏ ਗਲ ਵਿੱਚ ਹੀ ਟੁੱਕ ਦਿੱਤੀ-ਕੀ ਹਰ ਸਮੇਂ ਅਹਿਸਾਨ ਜਿਹੇ ਦੀ ਗੱਲ ਲੈ ਬੈਠਦੀ ਹੈਂ! ਮੈਨੂੰ ਵਾਰ ਵਾਰ ਸ਼ਰਮਿੰਦਾ ਕਰਨ ਲੱਗ ਪੈਂਦੀ ਹੈਂ। ਮੈਂ ਕੋਈ ਅਹਿਸਾਨ ਨਹੀਂ ਕੀਤਾ। ਜੱਸੀ ਮੇਰਾ ਜਾਨ ਤੋਂ ਵੱਧ ਪਿਆਰਾ ਦੋਸਤ ਹੈ... ਤੇ ਇੱਕ ਦੋਸਤ ਲਈ...

-ਇਹ ਗਲ ਤਾਂ ਠੀਕ ਹੈ ਜਮਨੇਜੇ...। ਪਰ ਤੇਰੇ ਅਹਿਸਾਨਾਂ ਨੂੰ ਅਸੀਂ ਭੁਲਾ ਵੀ ਤਾਂ ਨਹੀਂ ਸਕਦੇ...

-ਹੁਣ ਤੂੰ ਵੀ ਜੱਸੀ...। ਬਸ ਰਹਿਣ ਦਿਆ ਕਰ ਗੱਲ ਨੂੰ...। ਕਿਉਂ ਭਾਬੀ। ਜੱਸੀ ਨੂੰ ਇਕ ਵਾਰ ਫਿਰ ਨਾ ਪਟਿਆਲੇ ਵਿਖਾ ਲਈਏ? ਚੰਗਾ ਮੋੜਾ ਪਿਆ ਹੈ। ਲਗਦੈ ਡਾਕਟਰ ਦੀ ਬਦਲੀ ਦਵਾਈ ਨੇ ਅਸਰ ਕੀਤਾ ਹੈ...।

-ਹਾਂ, ਡਾਕਟਰ ਤਾਂ ਬਹੁਤ ਸਿਆਣਾ ਲਗਦਾ ਹੈ। ਨਾਲੇ ਹੁਣ ਤਾਂ ਚਿਰ ਵੀ ਬਹੁਤ ਹੋ ਗਿਆ ਵਿਖਾਇਆਂ। ਡਾਕਟਰ ਨੇ ਤਾਂ ਚਾਰ ਮਹੀਨੇ ਬਾਅਦ ਦਿਖਾਉਣ ਲਈ ਕਿਹਾ ਸੀ।

ਉਸਨੇ ਹਿਸਾਬ ਲਗਾਇਆ ਸਿੰਮੀ ਦੇ ਜਾਣ ਵਿਚ ਅਜੇ ਚਾਰ ਦਿਨ ਬਾਕੀ ਨੇ। ਉਸਦੇ ਕਸ਼ਮੀਰ ਜਾਣ ਪਿੱਛੋਂ ਹੀ ਜਾਣਾ ਠੀਕ ਰਹੇਗਾ।

-ਆਹ ਦੋ ਤਿੰਨ ਦਿਨ ਤਾਂ ਕੰਮ ਦਾ ਬਹੁਤ ਜ਼ੋਰ ਹੈ ਮੈਨੂੰ...। ਮੇਰਾ ਖਿਆਲ ਹੈ ਸ਼ੁਕਰਵਾਰ ਨੂੰ ਚਲੇ ਚੱਲੀਏ...। ਠੀਕ ਹੈ?

-ਜਿਵੇਂ ਤੈਨੂੰ ਠੀਕ ਲੱਗੇ।

-ਨਾਲੇ ਮੇਰੀ ਘਰ ਵਾਲੀ ਵੀ ਦਸ ਦਿਨ ਲਈ ਆਪਣੀ ਭੈਣ ਕੋਲ ਜਾ ਰਹੀ ਹੈ। ਉਸਨੇ ਕਿਸੇ ਸੋਚ ਅਧੀਨ ਪਤਨੀ ਦੇ ਜਾਣ ਦੀ ਗੱਲ ਆਖ ਦਿੱਤੀ।

ਜੱਸੀ ਕੁੱਝ ਗੰਭੀਰ ਹੋ ਗਿਆ-ਜਮਨੇਜੇ ਤੂੰ ਘਰ ਵਾਲੀ ਦੀ ਗੈਰ ਹਾਜ਼ਰੀ ਵਿੱਚ ਹੀ ਸਾਨੂੰ ਪਟਿਆਲੇ ਕਿਉਂ ਲਿਜਾ ਕੇ ਰਾਜੀ ਹੈਂ? ਸੱਚ ਸੱਚ ਦਸੇਂਗਾ?

ਜਮਨੇਜੇ ਨੇ ਚਿਹਰਾ ਬਹੁਤ ਗੰਭੀਰ ਬਣਾ ਲਿਆ। ਆਵਾਜ਼ ਵਿੱਚ ਵੀ ਅੰਤਾਂ ਦੀ ਉਦਾਸੀ ਭਰ ਲਈ-ਇਸ ਜ਼ਖ਼ਮ ਨੂੰ ਤਾਂ ਨਾਂ ਹੀ ਉਖਾੜਿਆ ਕਰ ਜੱਸੀ। ਉਸਨੇ ਤੁਸੀਂ ਲੋਕਾਂ ਨੂੰ ਇਕ ਦਮ ਮਾਣ ਨਹੀਂ ਦੇ ਸਕਣਾ। ਜਦੋਂ ਮੈਨੂੰ ਹੀ ਮਾਣ ਨਹੀਂ ਦੇ ਸਕੀ ਤਾਂ ਤੈਨੂੰ ਕੀ ਦਊਗੀ? ਇਸ ਪੱਖੋਂ ਮੇਰੀ ਜ਼ਿੰਦਗੀ ਊਣੀ ਹੈ, ਸੋ ਇਸ ਪੱਖ ਨੂੰ ਨਾ ਹੀ ਉਧੇੜਿਆ ਕਰ।

-ਸੌਰੀ ਯਾਰ... ਅੱਗੇ ਤੋਂ ਕਦੀ ਨਹੀਂ...।

ਬੱਤੀ ਬੁਝਣ ਤੋਂ ਪਿੱਛੋਂ ਕਿੰਨਾ ਹੀ ਚਿਰ ਤੱਕ ਉਹ ਜਾਗਦਾ ਰਿਹਾ। ਜਦੋਂ ਮੀਤਾਂ ਅਤੇ ਨੀਲੂ ਦੇ ਸੌਂ ਜਾਣ ਦਾ ਯਕੀਨ ਹੋ ਗਿਆ ਤਾਂ ਆਵਾਜ਼ ਦਿੱਤੀ-ਮੀਤਾਂ...! ਨੀਲੂ...।

ਦੋਵਾਂ ਵਿੱਚੋਂ ਕੋਈ ਨਾ ਬੋਲੀ। ਭਾਬੀ ਦੀ ਆਵਾਜ਼ ਆਈ-ਕੀ ਗੱਲ ਹੈ...?

-ਵੇਖ ਰਿਹਾ ਸੀ ਦੋਵੇਂ ਸੌਂ ਵੀ ਗਈਆਂ ਨੇ? ਸੌਂ ਹੀ ਗਈਆਂ ਲਗਦੀਆਂ ਨੇ...।

-ਹਾਂ ਕਿਉਂ ਕੋਈ ਗਲ ਕਰਨੀ ਸੀ?

-ਹਾਂ ਭਾਬੀ... ਵੀਰੋ ਦੀ ਕੋਈ ਖ਼ਬਰ ਸਾਰ ਪਤਾ ਲੱਗੀ?

-ਆਈ ਸੀ ਹਫਤਾ ਕੁ ਪਹਿਲਾਂ, ਅਜੇ ਤਾਂ ਕੋਈ ਉਮੀਦ ਨਹੀਂ।

-ਫੇਰ ਕੀ ਬਣੂ ਹੁਣ?

-ਕੀ ਦੱਸਾਂ? ਮੈਨੂੰ ਤਾਂ ਉਸੇ ਦਾ ਝੋਰਾ ਖਾਈ ਜਾ ਰਿਹਾ।

ਹਨੇਰੇ ਕਾਰਣ ਇਕ ਦੂਸਰੇ ਦਾ ਮੂੰਹ ਨਹੀਂ ਦਿਖ ਰਿਹਾ। ਬੱਸ ਅਵਾਜ਼ਾਂ ਨੇ। ਆਵਾਜ਼ ਤੋਂ ਹੀ ਅੰਦਰਲੇ ਉਤਰਾ ਚੜ੍ਹਾ ਬਾਰੇ ਉਹ ਪੜ੍ਹ ਰਿਹਾ ਹੈ।

-ਵੀਰੋ ਦਾ ਚੰਗੀ ਤਰ੍ਹਾਂ ਚੈੱਕ ਅਪ ਵੀ ਕਰਾਇਆ ਸੀ?

-ਦੋ ਦਿਨ ਜਾਂਦੇ ਰਹੇ ਸੀ ਸਮਰਾਲੇ।

-ਤੂੰ ਜਾਂਦੀ ਰਹੀ ਸੀ ਨਾਲ...?

–ਨਹੀਂ, ਦੇਵ ਜਾਂਦਾ ਰਿਹਾ ਸੀ।

– ਦੋ ਦਿਨਾਂ ਵਿੱਚ ਕੀ ਚੈੱਕ-ਅਪ ਕੀਤਾ ਹੋਊ? ਸੋਚਦਾਂ ਕਿਤੇ ਕੋਈ ਮਾੜਾ ਮੋਟਾ ਨੁਕਸ ਨਾ ਹੋਵੇ। ਕਿਤੇ ਮਾੜੀ ਜਿਹੀ ਗੱਲ ਪਿੱਛੇ ਕੁੜੀ ਦੀ ਜ਼ਿੰਦਗੀ ਨਾ ਰੁਲ ਜਾਵੇ।

ਭਾਬੀ ਨੇ ਕੋਈ ਉੱਤਰ ਨਹੀਂ ਦਿੱਤਾ। ਬੱਸ ਇਕ ਹੌਕਾ ਕਮਰੇ ਦੇ ਹਨੇਰੇ ਨੂੰ ਦਾਗ਼ ਗਿਆ। ਹੌਕੇ ਦੀ ਆਵਾਜ਼ ਸੁਣ ਕੇ ਜਮਨੇਜਾ ਹੌਲੇ ਜਿਹੇ ਮੁਸਕਰਾਇਆ।

–ਭਾਬੀ ਆਪਾਂ ਫੇਰ ਨਾ ਵਿਖਾ ਲਈਏ ਕੁੜੀ ਨੂੰ?

–ਕਿੱਥੇ?

–ਪਟਿਆਲੇ। ਦੋ ਤਿੰਨ ਬਹੁਤ ਚੰਗੀਆਂ ਲੇਡੀ ਡਾਕਟਰ ਨੇ। ਇਸੇ ਤਰ੍ਹਾਂ ਮੇਰੇ ਇਕ ਦੋਸਤ ਦਾ ਕੇਸ ਸੀ। ਵਿਆਹ ਦੇ ਚੌਦਾਂ ਸਾਲਾਂ ਪਿਛੋਂ ਹੁਣ ਦੋ ਸਾਲਾਂ ਵਿੱਚ ਲਗਾਤਾਰ ਦੋ ਬੱਚੇ ਹੋ ਗਏ ਨੇ। ਉਸੇ ਦੀ ਘਰ ਵਾਲੀ ਨੂੰ ਭੇਜ ਦਿਆਂਗੇ। ਵੀਰੋ ਦੇ ਸਹੁਰੇ ਤਾਂ ਮੰਨ ਜਾਣਗੇ, ਇਲਾਜ ਲਈ ਦੋ ਚਾਰ ਦਿਨ ਛੱਡਣ ਖਾਤਰ?

–ਇਲਾਜ ਲਈ ਤਾਂ ਭਾਵੇਂ ਮਹੀਨਾ ਕਹੋ ਤਾਂ ਛੱਡੀ ਰੱਖੂ। ਆਪ ਪੈਸਾ ਖਰਚ ਕੇ ਰਾਜੀ ਨਹੀਂ।

–ਤਾਂ ਫਿਰ ਵੇਖ ਲਈਏ ਇਕ ਵਾਰ ਹੋਰ ਕੋਸ਼ਿਸ਼ ਕਰਕੇ? ਜੱਸੀ ਦੇ ਨਾਲ ਹੀ ਚਲੀ ਚੱਲੂ।

–ਚੰਗਾ ਹੀ ਹੈ ਜੇ ਬੇਚਾਰੀ ਦਾ ਕੁਝ ਬਣ ਜਾਏ। ਆਪਣੇ ਵੀਰ ਨਾਲ ਸਲਾਹ ਕਰ ਲਈ।

–ਸਵੇਰੇ ਗੱਲ ਕਰਾਂਗੇ। ਹੁਣ ਸੁੱਤੇ ਪਏ ਨੂੰ ਕਾਹਨੂੰ ਜਗਾਉਣਾ ...ਹੈ।

–ਨਹੀਂ, ਮੈਂ ਸੁੱਤਾ ਨੀ ਜਮਨੇਜੇ।

–ਅੱਛਾ ਤਾਂ ਮਚਲਾ ਬਣਿਆ ਪਿਆ ਸੀ। ਸੋਚਦਾ ਹੋਏਂਗਾ, ਦੇਖਾਂ ਕਿਤੇ ਭਾਬੀ ਨਾਲ ਠਰਕ ਤਾਂ ਨੀ ਭੋਰਦਾ...।

ਜਮਨੇਜਾ ਖੁਲ੍ਹ ਕੇ ਹੱਸ ਪਿਆ, ਪਰ ਜੱਸੀ ਨਹੀਂ ਹੱਸਿਆ।

–ਤੇਰੀਆਂ ਗੱਲਾਂ ਸੁਣ ਰਿਹਾ ਸੀ ਜਮਨੇਜੇ ਪਿਛਲੇ ਜਨਮ ਵਿੱਚ ਤੂੰ ਜ਼ਰੂਰ ਮੇਰਾ ਸਕਾ ਹੋਏਂਗਾ। ਯਾਰ ਸਾਡੇ ਆਪਣਿਆਂ ਨੇ ਤਾਂ ਕਦੀ ਸਾਡੀ ਸਾਰ ਨੀਂ ਪੁੱਛੀ।

ਜੱਸੀ ਦੀ ਆਵਾਜ਼ ਭਾਵਕ ਹੋ ਉੱਠੀ ਹੈ। ਉਹ ਹੱਥ ਵਧਾ ਕੇ ਜੱਸੀ ਦੇ ਚਿਹਰੇ ਨੂੰ ਕਾਫੀ ਦੇਰ ਥਾਪੜਦਾ ਰਿਹਾ। ਉਸਨੇ ਮਹਿਸੂਸ ਕੀਤਾ ਜੱਸੀ ਦੀਆਂ ਅੱਖਾਂ ਵਿਚ ਹੰਝੂ ਭਰ ਆਏ ਨੇ। ਉਸਨੇ ਪੋਟਿਆਂ ਨਾਲ ਹੰਝੂ ਪੂੰਝ ਦਿੱਤੇ।

ਉਹ ਜੱਸੀ ਦੀ ਭਾਵਕ ਅਵਸਥਾ ਉਤੇ ਖੁਸ਼ ਹੈ ਅਤੇ ਪਟਿਆਲੇ ਜਾ ਦੇ ਬੁਣੇ ਜਾਣ ਵਾਲੇ ਤਾਣੇ ਬਾਣੇ ਬਾਰੇ ਕਿਨਾ ਹੀ ਚਿਰ ਪਿਆ ਸੋਚਦਾ ਰਿਹਾ।

## ਨੌਂ

ਸਿੰਮੀ ਟਲੀ ਨਹੀਂ। ਦੱਤੇ ਨਾਲ ਕਸ਼ਮੀਰ ਦਾ ਪ੍ਰੋਗ੍ਰਾਮ ਬਣਾ ਕੇ ਹੀ ਹਟੀ ਸੀ। ਜਾਂ ਦੱਤੇ ਨੇ ਹੀ ਇਹ ਪ੍ਰੋਗ੍ਰਾਮ ਜੋਰ ਦੇ ਕੇ ਬਣਾ ਲਿਆ। ਉਂਝ ਆਪਣੇ ਵਾਅਦੇ ਦਾ ਪੱਕਾ ਨਿਕਲਿਆ। ਜਾਣ ਤੋਂ ਪਹਿਲਾਂ ਰਾਜਪੁਰੇ ਵਾਲਾ ਕੰਮ ਉਨ੍ਹਾਂ ਦੀ ਕੰਪਨੀ ਨੂੰ ਅਲਾਟ ਕਰ ਗਿਆ। ਕੰਮ ਮਿਲਣ ਪਿੱਛੋਂ ਇੱਕ ਵਾਰ ਤਾਂ ਉਸਦੇ ਮਨ ਵਿਚ ਆਈ ਕਿ ਸਿੰਮੀ ਨੂੰ ਕਸ਼ਮੀਰ ਜਾਣ ਤੋਂ ਰੋਕ ਦੇਵੇ ਪਰ ਆਪਣਾ ਇਹ ਵਿਚਾਰ ਉਸਨੂੰ ਅੰਦਰ ਹੀ ਦੱਬ ਦੇਣਾ ਪਿਆ। ਇਸ ਤਰ੍ਹਾਂ ਰਾਜਪੁਰੇ ਵਾਲਾ ਕੰਮ ਸਿਰੇ ਨਹੀਂ ਚੜ੍ਹਾ ਹੋਣਾ। ਦੂਸਰਾ ਜ਼ਰੂਰੀ ਤਾਂ ਨਹੀਂ ਕਿ ਸਿੰਮੀ ਉਸਦੀ ਗੱਲ ਨੂੰ ਮੰਨ ਹੀ ਜਾਵੇ।

ਸਿੰਮੀ ਦੇ ਜਾਣ ਤੋਂ ਅਗਲੇ ਦਿਨ ਹੀ ਉਹ ਜੱਸੀ ਨੂੰ ਪਟਿਆਲੇ ਲੈ ਆਇਆ। ਵੀਰੋ ਵੀ ਨਾਲ ਆ ਗਈ। ਪਿੰਡੋਂ ਚੱਲਣ ਤੋਂ ਪਹਿਲਾਂ ਉਸਨੇ ਬੜੀ ਸੰਭਾਲ ਨਾਲ ਚਾਰ ਪੰਜ ਨਾਵਲ ਮੀਤਾਂ ਦੇ ਹਵਾਲੇ ਕਰ ਦਿੱਤੇ। ਉਨ੍ਹਾਂ ਨੂੰ ਛੁਪਾ ਕੇ ਪੜ੍ਹਨ ਦੀ ਹਿਦਾਇਤ ਵੀ ਪੱਕੀ ਕਰ ਦਿੱਤੀ।

ਜਮਨੇਜੇ ਨੇ ਡਾਕਟਰ ਬੱਤਰਾ ਨੂੰ ਕਹਿ ਕੇ ਜੱਸੀ ਨੂੰ ਤਾਂ ਐਕਸਰੇ, ਟੈਸਟਾਂ ਦੇ ਤਿੰਨ ਚਾਰ ਦਿਨਾਂ ਦੇ ਚੱਕਰ ਵਿੱਚ ਫਸਾ ਦਿੱਤਾ। ਵੈਸੇ ਵੀ ਸੁਧਰਦੀ ਹਾਲਤ ਵੇਖਕੇ ਡਾਕਟਰ ਆਸਵੰਦ ਹੈ ਅਤੇ ਸਕਲਾਜੀਕਲ ਟਰੀਟਮੈਂਟ ਦੇਣ ਦੇ ਹੱਕ ਵਿਚ ਹੈ।

ਪਹਿਲੇ ਦਿਨ ਟੈਸਟ ਆਦਿ ਦਾ ਸਮਾਂ ਨੀਅਤ ਕਰਕੇ ਉਹ ਦੋ ਵਜੇ ਤਕ ਘਰ ਪਰਤ ਆਏ। ਜਮਨੇਜਾ ਘਰ ਆਉਂਦਾ ਹੀ ਪਰਤ ਗਿਆ। ਵਾਪਸ ਆ ਕੇ ਜੱਸੀ ਨੂੰ ਸੂਚਿਤ ਕੀਤਾ ਕਿ ਉਸਦਾ ਉਹ ਦੋਸਤ ਤਾਂ ਹਫਤੇ ਤੋਂ ਦਿੱਲੀ ਗਿਆ ਹੋਇਆ ਹੈ। ਜਿਸਦੀ ਘਰ ਵਾਲੀ ਨਾਲ ਵੀਰੋ ਨੂੰ ਲੇਡੀ ਡਾਕਟਰ ਵੱਲ ਭੇਜਣਾ ਸੀ। ਲੇਡੀ ਡਾਕਟਰ ਵਿਮਲਾ ਤੋਂ ਸਾਢੇ ਤਿੰਨ ਦਾ ਸਮਾਂ ਪਹਿਲਾਂ ਤੋਂ ਹੀ ਲੈ ਰੱਖਿਆ ਹੈ। ਜੱਸੀ ਨੇ ਰਾਏ ਪ੍ਰਗਟ ਕੀਤੀ ਕਿ ਜਮਨੇਜਾ ਹੀ ਵੀਰੋ ਨੂੰ ਡਾਕਟਰ ਕੋਲ ਲੈ ਜਾਵੇ। ਜਮਨੇਜੇ ਨੇ ਜੱਸੀ ਨੂੰ ਵੀ ਨਾਲ ਚੱਲਣ ਲਈ ਕਿਹਾ ਪਰ ਉਹ ਥਕਾਵਟ ਮਹਿਸੂਸ ਕਰਨ ਕਰਕੇ ਨਾਂਹ ਨੁੱਕਰ ਕਰ ਗਿਆ। ਚਾਹੁੰਦਾ ਤਾਂ ਜਮਨੇਜਾ ਵੀ ਇਹੀ ਸੀ ਉਹ ਨਾ ਜਾਵੇ ਪਰ ਉਸਦੇ ਮੂੰਹੋਂ ਹੀ ਨ੍ਹਾਂ ਕਰਾਉਣੀ ਚਾਹੁੰਦਾ ਸੀ।

ਇੱਕ ਘੰਟੇ ਪਿਛੋਂ ਡਾਕਟਰ ਜਦੋਂ ਵੀਰੋ ਨੂੰ ਚੈਕ ਕਰਕੇ ਕੈਬਨ 'ਚੋਂ ਬਾਹਰ ਆਈ ਤਾਂ ਉਸਦੀ ਰਾਏ ਸੀ ਕਿ ਵੀਰੋ ਇਕ ਦਮ ਠੀਕ ਹੈ। ਕਿਸੇ ਕਿਸਮ ਦੇ ਨੁਕਸ ਦੀ ਆਸ ਨਹੀਂ। ਫਿਰ ਵੀ ਤਸੱਲੀ ਲਈ ਇਕ ਦੋ ਜ਼ਰੂਰੀ ਟੈਸਟ ਅਗਲੇ ਦਿਨ ਲਏ ਜਾਣਗੇ। ਕਮਰੇ ਵਿੱਚ ਡਾਕਟਰ, ਵੀਰੋ ਅਤੇ ਉਸਦੇ ਆਪਣੇ ਆਪ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਇਹੀ ਮੌਕਾ ਹੈ। ਜਮਨੇਜੇ ਦੀਆਂ ਅੱਖਾਂ ਵਿਚ ਕਾਫੀ ਤੇਜ ਚਮਕ ਉੱਭਰੀ। ਉਸਨੇ ਕੱਛੂ ਵਾਂਗ ਆਪਣੀ ਸ਼ਿਰੀ ਬਾਹਰ ਵੱਲ ਸਰਕਾਈ।

–ਡਾਕਟਰ ਜੇ ਦੋਵੇਂ ਧਿਰਾਂ ਠੀਕ ਹੋਣ ਤਾਂ ਸੱਤ ਅੱਠ ਸਾਲ ਤੱਕ ਬੱਚਾ ਨਾ ਹੋਣ ਦਾ ਹੋਰ ਕੀ ਕਾਰਨ ਹੋ ਸਕਦਾ ਹੈ?

–ਬਸ ਇਤਫਾਕ ਹੀ ਸਮਝੋ।

–ਮਰਦ ਦੇ ਵੀਰਜ ਵਿੱਚ ਨੁਕਸ ਹੋਣ ਦੀ ਹਾਲਤ ਵਿੱਚ ਠੀਕ ਹੋਣ ਦੀ ਸੰਭਾਵਨਾ ਹੋ ਸਕਦੀ ਹੈ?

–ਇਹ ਬਿਮਾਰੀ ਦੀ ਹਾਲਤ ਉੱਤੇ ਨਿਰਭਰ ਕਰਦਾ ਹੈ। ਕਈ ਵਾਰ ਸਪਰਮਜ ਘੱਟ ਗਿਣਤੀ ਵਿੱਚ ਹੁੰਦੇ ਹਨ। ਉਥੇ ਸੰਭਾਵਨਾ ਹੈ। ਪਰ ਜੇ ਸਪਰਮਜ ਹੋਣ ਹੀ ਨਾ ਤਾਂ ਕੋਈ ਸੰਭਾਵਨਾ ਨਹੀਂ ਹੁੰਦੀ।

–ਉਹ ਮਾਈ ਗੁਡਨੈਸ...।

ਜਮਨੇਜੇ ਦੇ ਮੂੰਹੋਂ ਨਿਕਲਿਆ। ਵੀਰੋ ਤੇ ਡਾਕਟਰ ਦੋਵਾਂ ਨੇ ਉਸ ਵੱਲ ਵੇਖਿਆ।

–ਕੀ ਗੱਲ? ਤੁਸੀਂ ਇਨ੍ਹਾਂ ਦੇ ਹਸਬੈਂਡ ਨੂੰ ਟੈਸਟ ਕਰਾਇਆ ਹੈ?

–ਜੀ ਹਾਂ...

–ਰਿਪੋਰਟ?

ਜਮਨੇਜੇ ਨੇ ਰਿਪੋਰਟ ਕੱਢ ਕੇ ਡਾਕਟਰ ਦੇ ਹੱਥਾਂ ਵਿਚ ਫੜਾ ਦਿੱਤੀ। ਇਹ ਉਹੀ ਰਿਪੋਰਟ ਹੈ, ਜਿਹੜੀ ਜਮਨੇਜੇ ਦੇ ਨਾਮਰਦ ਦੋਸਤ ਦੀ ਹੈ ਪਰ ਉਪਰ ਨਾਂ ਵੀਰੋ ਦੇ ਪਤੀ ਦਾ ਹੈ। ਰਿਪੋਰਟ ਪੜ੍ਹਕੇ ਡਾਕਟਰ ਦੇ ਚਿਹਰੇ ਦਾ ਰੰਗ ਇੱਕ ਦਮ ਬਦਲ ਗਿਆ ਹੈ। ਡਾਕਟਰ ਨੇ ਇਕ ਨਜ਼ਰ ਜਮਨੇਜੇ ਉੱਤੇ ਮਾਰ ਵੀਰੋ ਨੂੰ ਧਿਆਨ ਨਾਲ ਵੇਖਿਆ। ਉਸਦੇ ਬੁੱਲ੍ਹ ਬੇ ਮਾਲੂਮ ਹਿੱਲੇ-ਪੂਅਰ ਗਰਲ...।

ਵੀਰੋ ਘਬਰਾ ਗਈ। ਡਾਕਟਰ ਦੇ ਮੂੰਹ ਵਲ ਵੇਖਣ ਲਗ ਪਈ।

–ਕੀ ਗੱਲ ਹੈ ਡਾਕਟਰ ਜੀ?

ਵੀਰੋ ਨੂੰ ਉੱਤਰ ਦੇਣ ਦੀ ਥਾਂ ਡਾਕਟਰ ਉਸ ਨੂੰ ਸੰਬੋਧਤ ਹੋਈ-ਤੁਹਾਨੂੰ ਇਸ ਰਿਪੋਰਟ ਦੇ ਨਤੀਜੇ ਦਾ ਪਤਾ ਹੈ?

–ਜੈਸ ਡਾਕਟਰ...।

–ਅਜੇ ਵੀ ਤੁਸੀਂ ਬੱਚੇ ਦੀ ਉਮੀਦ ਰਖਦੇ ਹੋ...?

–ਕੀ ਕੋਈ ਇਲਾਜ ਨਹੀਂ ਹੈ ਡਾਕਟਰ? ਐਨੀ ਹੋਪ...?

–ਆਈ ਐਮ ਸੌਰੀ...। ਡਾਕਟਰ ਨੇ ਵੀਰੋ ਵਲ ਵੇਖ ਇਕ ਵਾਰ ਫਿਰ ਡੂੰਘਾ ਸਾਹ ਲਿਆ।

ਵੀਰੋ ਇਕ ਦਮ ਹੀ ਘਬਰਾ ਗਈ। ਰੰਗ ਫੱਕ ਹੋ ਗਿਆ-ਕੀ ਗੱਲ ਹੈ ਡਾਕਟਰ ਜੀ? ਅੰਕਲ, ਕੀ ਗੱਲ

ਹੈ? ਤੁਸੀਂ ਤਾਂ ਕਹਿੰਦੇ ਸੀ...

–ਮੈਂ ਸਭ ਨੂੰ ਹਨੇਰੇ ਵਿੱਚ ਰੱਖਿਆ ਹੈ ਵੀਰੋ। ਰਾਜਵੰਤ ਔਲਾਦ ਦੇ ਇੱਕ ਦਮ ਹੀ ਯੋਗ ਨਹੀਂ ਹੈ। ਪਰ ਮੈਨੂੰ ਆਸ ਸੀ ਇਸਦਾ ਕੋਈ ਇਲਾਜ ਤਾਂ ਹੋਏਗਾ ਹੀ। ਫਿਰ ਉਸਨੇ ਡਾਕਟਰ ਵੱਲ ਰੁਖ ਕੀਤਾ–ਡਾਕਟਰ ਕੋਈ ਇਲਾਜ ਦੱਸੋ। ਭਾਵੇਂ ਮੇਰਾ ਕਿੰਨਾ ਵੀ ਪੈਸਾ ਕਿਉਂ ਨਾ ਲੱਗ ਜਾਵੇ।

–ਸੌਰੀ, ਦੇਖੋ ਹਰ ਚੀਜ ਪੈਸੇ ਨਾਲ ਪ੍ਰਾਪਤ ਕਰਨੀ ਸੰਭਵ ਨਹੀਂ ਹੁੰਦੀ। ਮੇਰੀ ਮੰਨੋ ਤਾਂ ਹੋਰ ਜਿਆਦਾ ਭਟਕਣ ਅਤੇ ਪੈਸਾ ਖਰਾਬ ਕਰਨ ਨਾਲੋਂ ਕਿਸੇ ਬੱਚੇ ਨੂੰ ਗੋਦ ਲੈ ਲਓ।

ਕਾਰ ਤੱਕ ਪਹੁੰਚਣ ਲਈ ਉਸਨੂੰ ਬਾਹਵਾਂ ਦਾ ਸਹਾਰਾ ਦੇਣਾ ਪਿਆ ਹੈ। ਵੀਰੋ ਦਾ ਚਿਹਰਾ ਫੱਕ ਹੋਇਆ ਪਿਆ ਹੈ ਅਤੇ ਅੱਖਾਂ ਵਿੱਚ ਹੋਰ ਹੀ ਤਰ੍ਹਾਂ ਦਾ ਡਰਾਉਣਾ ਭਾਵ ਪੈਦਾ ਹੋ ਗਿਆ ਹੈ। ਲੱਤਾਂ ਬੁਰੀ ਤਰ੍ਹਾਂ ਡਗਮਗਾ ਰਹੀਆਂ ਨੇ। ਦੂਸਰੇ ਪਾਸੇ ਦੀ ਬਾਰੀ ਖੋਲ੍ਹ ਉਸਨੇ ਵੀਰੋ ਨੂੰ ਅਗਲੀ ਸੀਟ ਉੱਪਰ ਹੀ ਬਿਠਾ ਲਿਆ ਹੈ। ਉਪਰੋਂ ਜਮਨੇਜੇ ਦੇ ਚਿਹਰੇ ਉਤੇ ਦੁੱਖ ਅਤੇ ਗਮਾਂ ਦੇ ਪਹਾੜ ਟੁੱਟਣ ਜਿਹੇ ਭਾਵ ਨੇ ਪਰ ਅੰਦਰੋਂ ਉਹ ਖ਼ੁਸ਼ ਸੀ। ਬੜੀ ਤੇਜੀ ਨਾਲ ਆਪਣੇ ਅਗਲੇ ਕਦਮ ਬਾਰੇ ਸੋਚ ਵਿਚਾਰ ਰਿਹਾ ਹੈ। ਵੀਰੋ ਨੇ ਸਿਰ ਸੀਟ ਦੀ ਪਿੱਠ ਨਾਲ ਟੇਕ ਕੇ ਅੱਖਾਂ ਮੀਚ ਲਈਆਂ। ਉਹ ਵੀਰੋ ਦੇ ਚਿਹਰੇ ਤੋਂ ਅੰਦਰਲੇ ਤੁਫਾਨ ਬਾਰੇ ਬੜੀ ਬਾਰੀਕੀ ਨਾਲ ਜਾਇਜਾ ਲੈ ਰਿਹਾ ਹੈ।

ਉਸਨੇ ਇੰਜਨ ਸਟਾਰਟ ਕੀਤਾ ਤਾਂ ਵੀਰੋ ਨੇ ਅੱਖਾਂ ਖੋਲ੍ਹ ਦਿੱਤੀਆਂ। ਮਰੀਆਂ ਜਿਹੀਆਂ ਨਿਗਾਹਾਂ ਨਾਲ ਉਸ ਵੱਲ ਵੇਖਿਆ–ਹੁਣ ਘਰ ਚਲਣਾ ਹੈ ਅੰਕਲ...?

ਵੀਰੋ ਦੀ ਆਵਾਜ਼ ਕਿਵੇਂ ਕਮਜ਼ੋਰ ਹੋ ਗਈ ਹੈ !

–ਹਾਂ...

–ਕੁਝ ਚਿਰ ਕਿਤੇ ਬਾਹਰ ਨਹੀਂ ਬੈਠ ਸਕਦੇ...?

–ਬੈਠ ਜਾਂਦੇ ਹਾਂ। ਪਰ ਕਿਉਂ?

–ਮਨ ਨੂੰ ਥੋੜ੍ਹਾ ਜਿਹਾ ਟਿਕਾ ਆ ਜਾਵੇ। ਬਾਪੂ ਨੇ ਇਸ ਹਾਲਤ ਵਿੱਚ ਵੇਖਿਆ ਤਾਂ।

ਉਹ ਅੰਦਰੋਂ ਖੁਸ਼ ਹੋ ਉੱਠਿਆ। ਇਹੀ ਤਾਂ ਉਹ ਚਾਹੁੰਦਾ ਹੈ। ਉਹ ਤਾਂ ਖੁਦ ਕੋਈ ਬਹਾਨਾ ਬਨਾਣ ਬਾਰੇ ਸੋਚ ਹੀ ਰਿਹਾ ਸੀ ਕਿ ਵੀਰੋ ਨੇ ਖੁਦ ਹੀ ਕਹਿ ਦਿੱਤਾ ਹੈ।

ਕਾਰ ਉਸਨੇ ਭਾਦਸੋਂ ਰੋਡ ਉਤੇ ਪਾ ਲਈ। ਪੱਕੀ ਨਹਿਰ ਆਉਣ ਉਤੇ ਉਸਦੀ ਪਟੜੀ ਉੱਤੇ ਮੋੜ ਲਈ। ਕਾਫੀ ਅੱਗੇ ਲੰਘ ਗਿਆ। ਟਾਲ੍ਹੀਆਂ ਦੀ ਸੰਘਣੀ ਛਾਂ ਕੋਲ ਕਾਰ ਰੋਕ ਲਈ ਅਤੇ ਗੇਟ ਖੋਲ੍ਹ ਹੇਠ ਉੱਤਰ ਆਇਆ।

–ਹੇਠਾਂ ਆ ਜਾ ਵੀਰਾਂ। ਠੰਢੀ ਹਵਾ ਨਾਲ ਮਨ ਨੂੰ ਕੁਝ ਧਰਵਾਸ ਮਿਲ ਜਾਏਗਾ।

ਵੀਰੋ ਉੱਤਰੀ ਨਹੀਂ, ਅਹਿਲ ਬੈਠੀ ਵੇਖਣ ਲੱਗ ਪਈ। ਇਕ ਠੰਢਾ ਸਾਹ ਬਹੁਤ ਗਹਿਰਾਈ ਵਿੱਚੋਂ ਉੱਠਿਆ ਅਤੇ ਸਾਰੇ ਸ਼ਰੀਰ ਨੂੰ ਝੰਜੋੜ ਗਿਆ। ਜਮਨੇਜਾ ਬੜੇ ਧਿਆਨ ਨਾਲ ਉਸਦੇ ਚਿਹਰੇ ਦੇ ਭਾਵਾਂ ਨੂੰ ਪੜ੍ਹ ਰਿਹਾ ਹੈ। ਕੁਝ ਚਿਰ ਉਪਰੰਤ ਖੁਦ ਵੀ ਗੇਟ ਖੋਲ੍ਹ ਅੰਦਰ ਆ ਬੈਠਿਆ। ਦੂਰ ਦੂਰ ਤੱਕ ਨਹਿਰ ਦੀ ਪਟੜੀ ਉੱਤੇ ਕੋਈ ਵਿਖਾਈ ਨਹੀਂ ਦੇ ਰਿਹਾ। ਨੀਲਾ ਪਾਣੀ ਹੈ ਜੋ ਤੇਜ ਵਗੀ ਜਾ ਰਿਹਾ ਹੈ।

ਜਮਨੇਜੇ ਨੇ ਉਸਦੇ ਮੋਢੇ ਉੱਪਰ ਹੌਲੇ ਜਿਹੇ ਹੱਥ ਰਖ ਦਿੱਤਾ–ਇੰਝ ਡੋਲ ਨਾਂ, ਹੌਸਲਾ ਰੱਖ ਵੀਰਾਂ।

ਵੀਰੋ ਦੇ ਚਿਹਰੇ ਉਪਰਲੇ ਭਾਵ ਅਚਾਨਕ ਪੰਘਰ ਆਏ। ਗੱਲ੍ਹਾਂ ਢਲਕਣ ਲੱਗ ਪਈਆਂ। ਜਮਨੇਜੇ ਦੇ ਮੋਢੇ ਨਾਲ ਸਿਰ ਟੇਕ ਕੇ ਰੋ ਪਈ। ਉਸਨੇ ਸਿਰ ਆਪਣੀ ਝੋਲੀ ਵਿਚ ਲੈ ਲਿਆ। ਕੁਝ ਚਿਰ ਮੱਥੇ ਅਤੇ ਵਾਲਾਂ ਉੱਪਰ ਹੱਥ ਫੇਰਦਾ ਰਿਹਾ। ਇਕ ਬਾਂਹ ਮੋਢਿਆਂ ਹੇਠਾਂ ਦੀ ਵਲ ਰੱਖੀ ਹੈ। ਜਿਸਮ ਦਾ ਤਣਾਓ ਬਾਹਵਾਂ ਨੂੰ ਧੜਕਾ ਰਿਹਾ ਹੈ। ਇੰਝ ਵੀ ਕੋਈ ਸੇਹਤ ਨੂੰ ਸਾਂਭੀ ਰੱਖ ਸਕਦਾ ਹੈ? ਔਲਾਦ ਦੀ ਅਣਹੋਂਦ ਨੇ ਵੀ ਜਿਸਮ ਟੁੱਟਣ ਨਹੀਂ ਦਿੱਤਾ। ਭਾਬੋ ਨੇ ਸੱਚੀਂ ਕੇਹੋ ਜਿਹੇ ਬੁਤ ਸਿਰਜੇ ਨੇ ਕਮਾਲ ਦੇ...।

ਹੰਝੂਆਂ ਨਾਲ ਵੀਰੋ ਦਾ ਚਿਹਰਾ ਭਿੱਜ ਗਿਆ ਹੈ। ਉਸਨੇ ਹੱਥ ਨਾਲ ਗੱਲ੍ਹਾਂ ਤੋਂ ਹੰਝੂ ਪੂੰਝ ਦਿੱਤੇ। ਚੰਗੀ ਤਰ੍ਹਾਂ ਪੂੰਝੇ। ਕਿੰਝ ਦਾ ਅਕੜਾ ਹੈ ਅਜੇ ਵੀ ਗੱਲ੍ਹਾਂ ਵਿੱਚ ! ਫਿਰ ਅੱਖਾਂ ਵੀ ਪੂੰਝ ਦਿੱਤੀਆਂ।



–ਬੱਸ ਵੀਰਾਂ, ਮਨ ਨੂੰ ਸਾਂਭ ਕੁਝ। ਉਸਨੇ ਵੀਰਾਂ ਨੂੰ ਨਾਲ ਘੁੱਟ ਲਿਆ। ਉਸਦਾ ਚਿਹਰਾ ਉੱਪਰ ਚੁੱਕਿਆ ਅਤੇ ਮੱਥਾ ਚੁੰਮ ਲਿਆ–ਬੱਸ ਹੁਣ। ਇਸ ਤਰ੍ਹਾਂ ਤਾਂ ਆਪਣੇ ਆਪ ਨੂੰ ਰੋਗ ਲਾ ਬੈਠੇਂਗੀ।

ਵੀਰੋ ਦਾ ਰੋਣ ਰੁਕ ਗਿਆ। ਜਮਨੇਜੇ ਨੂੰ ਵੀ ਲਗਾਤਾਰ ਰੋਣ ਤੋਂ ਅਕੇਵਾਂ ਜਿਹਾ ਮਹਿਸੂਸ ਹੋਣ ਲਗ ਪਿਆ ਸੀ। ਵੀਰੋ ਠੀਕ ਹੋ ਕੇ ਬੈਠ ਗਈ। ਕੁਝ ਚਿਰ ਬਾਹਰ ਵੇਖਦੀ ਰਹੀ।

–ਤੁਸੀਂ ਏਨਾ ਲੁਕਾ ਕਿਉਂ ਰੱਖਿਆ?

–ਕੀ ਕਰਦਾ ਵੀਰਾਂ? ਘਰ ਦਿਆਂ ਨੂੰ ਤਾਂ ਅੱਗੇ ਹੀ ਤੇਰਾ ਦੁੱਖ ਘੁਣ ਵਾਂਗ ਖਾਈ ਜਾ ਰਿਹਾ ਸੀ। ਉਨ੍ਹਾਂ ਨੂੰ ਜਮਾਂ ਈ ਮਿੱਟੀ ਕਰ ਦੇਂਦਾ। ਨਾਲੇ ਮੈਨੂੰ ਪੂਰੀ ਆਸ ਸੀ ਕਿ ਰਾਜਵੰਤ ਨੂੰ ਇਲਾਜ ਨਾਲ ਠੀਕ ਕੀਤਾ ਜਾ ਸਕਦਾ ਹੈ। ਪਰ ਅੱਜ ਤਾਂ ਮੇਰਾ ਵੀ ਮਨ ਡੋਲ ਗਿਆ ਹੈ।

ਵੀਰੋਂ ਕੁਝ ਚਿਰ ਤੇਜ ਵਹਿੰਦੇ ਪਾਣੀ ਵਲ ਵੇਖਦੀ ਰਹੀ।

–ਅੰਕਲ, ਸੁਣਿਆ ਇਸ ਨਹਿਰ ਵਿੱਚ ਡਿਗਕੇ ਬੰਦਾ ਬਚਾਦ ਨਹੀਂ ਹੈ?

ਉਹ ਅੰਦਰੋਂ ਮੁਸਕਰਾਇਆ, ਪਰ ਉਪਰੋਂ ਇਕ ਦਮ ਭਾਵੁਕ ਹੋ ਗਿਆ। ਬਾਂਹ ਵੀਰੋ ਦੇ ਮੋਢੇ ਦੁਆਲੇ ਵਲ ਲਈ–ਨਹੀਂ ਵੀਰੋ, ਨਹੀਂ। ਇਸ ਤਰ੍ਹਾਂ ਦਾ ਭੈੜਾ ਖਿਆਲ ਕਦੀ ਦਿਲ ਵਿੱਚ ਲਿਆਈ ਵੀ ਨਾਂ। ਜਿਉਂਦੇ ਰਹਿਣ ਨਾਲ ਕੋਈ ਨਾ ਕੋਈ ਹੀਲਾ ਜ਼ਰੂਰ ਬਣ ਜਾਂਦਾ ਹੈ।

–ਹੁਣ ਕੀ ਹੀਲਾ ਬਣ ਸਕਦਾ ਹੈ? ਮੇਰੀ ਤਾਂ ਕਿਸਮਤ ਹੀ ਜਲ ਗਈ ਹੈ ਨਿਕਰਮੀ ਦੀ।

ਜਮਨੇਜੇ ਨੇ ਕੋਈ ਉੱਤਰ ਨਹੀਂ ਦਿੱਤਾ। ਵੀਰੋ ਵੀ ਚੁੱਪ ਹੋ ਗਈ। ਬਾਹਰ ਵੇਖਦੀ ਰਹੀ। ਸੂਰਜ ਪੱਛਮ ਵੱਲ ਕਾਫੀ ਹੇਠਾਂ ਸਰਕ ਗਿਆ ਹੈ।

–ਵੀਰੋ, ਇਸਦਾ ਮਤਲਬ ਤੇਰੇ ਸਹੁਰੇ ਰਾਜਵੰਤ ਦਾ ਦੂਜਾ ਵਿਆਹ ਕਰ ਹੀ ਦੇਣਗੇ?

–ਕਰਨਗੇ ਹੀ ਘਰਦਿਆਂ ਨੂੰ ਕਿਹੜਾ ਪਤਾ ਹੈ।

–ਪਰ ਨਤੀਜਾ ਤਾਂ ਫੇਰ ਵੀ ਕੋਈ ਨਹੀਂ ਨਿਕਲਦਾ। ਤੂੰ ਆਪਣੇ ਪਤੀ ਨੂੰ ਸਚਾਈ ਤੋਂ ਜਾਣੂ ਕਿਉਂ ਨਹੀਂ ਕਰਾ ਦੇਂਦੀ?

–ਨਹੀਂ ! ਵੀਰੋ ਬੜੀ ਤਿੱਖੀ ਆਵਾਜ਼ ਵਿੱਚ ਕਹਿ ਗਈ–ਤੁਸੀਂ ਨਹੀਂ ਜਾਣਦੇ, ਉਹ ਬਹੁਤ ਭਾਵੁਕ ਨੇ। ਔਲਾਦ ਨਾ ਹੋਣ ਦੇ ਦੁੱਖ ਵਿੱਚ ਅੰਦਰ ਹੀ ਅੰਦਲ ਘੁਲ ਘੁਲ ਕੇ ਅੱਧੇ ਰਹਿ ਗਏ ਨੇ। ਜੇ ਉਨ੍ਹਾਂ ਨੂੰ ਆਪਣੀ ਇਸ ਕਮਜੋਰੀ ਦਾ ਪਤਾ ਲੱਗ ਗਿਆ ਤਾਂ ਉਹ ਜਿਉਂਦੇ ਨਹੀਂ ਰਹਿ ਸਕਣਗੇ। ਉਨ੍ਹਾਂ ਦੇ ਮਨ ਦਾ ਮੈਨੂੰ ਪਤਾ ਹੈ। ਦੇਖੋ, ਤੁਸੀਂ ਦਸਣਾ ਵੀ ਨਹੀਂ ਕਿਸੇ ਨੂੰ...। ਤੁਹਾਨੂੰ ਮੇਰੀ ਸੌਂਹ...।

–ਲਗਦਾ ਹੈ ਬਹੁਤ ਚਾਹੁੰਦੀ ਹੈਂ ਰਾਜਵੰਤ ਨੂੰ? ਫਿਰ ਦੂਸਰੀ ਔਰਤ ਨਾਲ ਉਸਨੂੰ ਵੇਖਕੇ ਕਿਵੇਂ ਜਰੇਂਗੀ? ਤੈਨੂੰ ਪਤਾ ਹੈ ਤੇਰੀ ਕਾਣੀ ਕੌਡੀ ਕੀਮਤ ਨਹੀਂ ਰਹਿ ਜਾਣੀ ਉਸ ਘਰ ਵਿੱਚ।

ਵੀਰੋ ਦੀਆਂ ਅੱਖਾਂ ਛਲਕ ਆਈਆਂ–ਮੈਂ ਮਰ ਜਾਊਂਗੀ ਅੰਕਲ...। ਉਹਨਾਂ ਤੋਂ ਬਿਨਾਂ ਮੇਰੇ ਕੋਲੋਂ ਨਹੀਂ ਰਹਿ ਹੋਣਾ।

ਜਮਨੇਜਾ ਅਸਲੀ ਗਲ ਉੱਤੇ ਆਉਣ ਲਈ ਤਤਪਰ ਹੋ ਗਿਆ ਹੈ। ਉਸਨੂੰ ਲੱਗਿਆ ਲੋੜ ਮੁਤਾਬਕ ਲੋਹਾ ਉਹ ਗਰਮ ਕਰ ਚੁੱਕਿਆ ਹੈ। ਹੁਣ ਸੱਟ ਮਾਰ ਹੀ ਦੇਣੀ ਚਾਹੀਦੀ ਹੈ।

–ਇਕ ਗੱਲ ਪੁੱਛਾਂ ਵੀਰਾਂ?

ਵੀਰੋ ਨੇ ਨਜ਼ਰਾਂ ਚੁੱਕੀਆਂ।

–ਰਾਜਵੰਤ ਇਕੱਲਾ ਹੀ ਭਰਾ ਹੈ?

–ਹਾਂ...।

–ਘਰ ਵਿੱਚ ਕੋਈ ਹੋਰ ਦਿਉਰ ਨਹੀਂ ਤੇਰਾ?

–ਇਨ੍ਹਾਂ ਦੇ ਚਾਚੇ ਦੇ ਤਿੰਨ ਮੁੰਡੇ ਨੇ। ਪਰ ਕਿਉਂ? ਤੁਸੀਂ ਇਸ ਸਭ ਕਿਉਂ ਪੁੱਛ ਰਹੇ ਹੋ?

–ਸੋਚਦਾਂ ਜੇ ਤੂੰ ਔਲਾਦ ਖਾਤਰ ਕੁਝ ਚਿਰ ਲਈ ਕਿਸੇ ਹੋਰ ਨਾਲ ਲੁਕਵੇਂ ਸੰਬੰਧ ਬਣਾ ਲਵੇਂ।

ਵੀਰੋ ਕੰਬ ਗਈ–ਅੰਕਲ, ਕੀ ਕਹਿ ਰਹੇ ਹੋ ਤੁਸੀਂ?

ਵੀਰੋ ਦੇ ਇਸ ਅਵਸਥਾ ਵਿੱਚ ਆ ਜਾਣ ਤੋਂ ਉਹ ਅਣਜਾਣ ਨਹੀਂ ਹੈ। ਇਸ ਦੀ ਉਮੀਦ ਪਹਿਲਾਂ ਤੋਂ ਹੀ ਕਰੀ ਬੈਠਾ ਹੈ। ਜਾਣਦਾ ਹੈ ਮਧ ਵਰਗੀ ਔਰਤਾਂ ਸੰਸਕਾਰਾਂ ਨਾਲ ਕੁਝ ਜਿਆਦਾ ਹੀ ਜੁੜੀਆਂ ਹੁੰਦੀਆਂ ਨੇ। ਆਚਰਣ ਸੰਬੰਧੀ ਗੱਲਾਂ ਵਿਚ ਤਾਂ ਕੁਝ ਜ਼ਿਆਦ ਹੀ ਭਾਵਕ ਹੁੰਦੀਆਂ ਨੇ। ਵੀਰੋ ਤਾਂ ਔਲਾਦ ਦੀ ਘਾਟ ਕਾਰਣ ਆਪਣੇ ਪਤੀ ਨਾਲ ਅੰਦਰੋਂ ਹੋਰ ਵੀ ਜ਼ਿਆਦਾ ਜੁੜੀ ਹੋਈ ਹੈ।

–ਜਾਣਦਾਂ ਵੀਰੋ, ਇਸ ਸਭ ਠੀਕ ਨਹੀਂ ਹੈ। ਮੈਂ ਖੁਦ ਵੀ ਇਸਦੇ ਹੱਕ ਵਿੱਚ ਸ਼ਾਇਦ ਕਦੀ ਨਾ ਹੁੰਦਾ ਪਰ ਤੇਰੀ ਹਾਲਤ ਵੇਖਕੇ ਸੋਚ ਰਿਹਾਂ ਇਹ ਹੀ ਠੀਕ ਹੋਵੇਗਾ? ਰਾਜਵੰਤ ਤੋਂ ਬਿਨਾਂ ਤੇਰੇ ਕੋਲੋਂ ਜੀ ਨਹੀਂ ਹੋਣਾ ਅਤੇ ਔਲਾਦ ਤੋਂ ਬਿਨਾਂ ਉਹ ਤੇਰੇ ਹੱਥ ਨਹੀਂ ਰਹਿਣਾ। ਹੋਰ ਛੇ ਮਹੀਨੇ ਨੂੰ ਘਰ ਦੇ ਦੂਜਾ ਵਿਆਹ ਕਰ ਦੇਣਗੇ। ਫਿਰ ਤੇਰੀ ਜ਼ਿੰਦਗੀ ਦਾ ਕੀ ਰੂਪ ਹੋਏਗਾ? ਪ੍ਰਮਾਤਮਾ ਕਿਸੇ ਦੁਸ਼ਮਣ ਨੂੰ ਵੀ ਇਹੋ ਜਿਹਾ ਨਰਕ ਨਾ ਦੇਵੇ। ਜੇ ਚੁੱਪ ਚੁਪੀਤੇ ਕੋਈ ਹੀਲਾ ਹੋ ਜਾਵੇ ਤਾਂ ਸਾਰੇ ਬਚ ਜਾਂਦੇ ਨੇ ਵੀਰਾਂ। ਨਹੀਂ ਫਿਰ ਤੇਰੀ ਹਾਲਤ ਵੇਖਕੇ ਕਿਤੇ ਜੱਸੀ ਦੀ ਸੁਧਰ ਰਹੀ ਹਾਲਤ ਫਿਰ ਨਾ ਵਿਗੜ ਜਾਵੇ। ਉਸ ਬੰਦੇ ਦਾ ਮਨ ਬਿਮਾਰੀ ਨੇ ਹੀ ਬਹੁਤ ਕਮਜੋਰ ਕੀਤਾ ਪਿਆ ਹੈ। ਤੇਰੇ ਦੁੱਖ ਵਿੱਚ ਪਤਾ ਨਹੀਂ ਉਸਦਾ ਕੀ ਹਾਲ ਹੋ ਜਾਵੇ? ਅਜੇ ਤੇਰੇ ਸਾਰੇ ਭੈਣ ਭਰਾ ਵਿਆਹੁਣ ਵਾਲੇ ਪਏ ਨੇ। ਜੇ ਜੱਸੀ ਨੂੰ ਕੁਝ ਹੋ ਗਿਆ ਤਾਂ ਸਾਰਾ ਪਰਿਵਾਰ ਰੁਲ ਜਾਏਗਾ ਵੀਰਾਂ...।

–ਮੈਂ... ਮੈਂ ... ਅੰਕਲ....ਮੈਂ...

–ਸਮਝਦਾ ਹਾਂ ਵੀਰਾਂ... ਤੇਰੇ ਦੁੱਖ ਨੂੰ ਸਮਝਦਾ ਹਾਂ।

–ਮੈਂ ਕੀ ਕਰਾਂ...? ਸਮਝ ਨਹੀਂ ਪੈਂਦੀ...?

–ਮੇਰੀ ਗਲ ਨੂੰ ਡੂੰਘੀ ਤਰਾਂ ਸੋਚ...। ਇਹ ਪੱਥਰ ਦਿਲ ਤੇ ਰੱਖ ਲੈ।

–ਪਰ ਅੰਕਲ–ਚਾਚੇ ਦੇ ਘਰਦਿਆਂ ਨਾਲ ਤਾਂ ਇਨਾਂ ਦੀ ਦੁਸ਼ਮਣੀ।

–ਖੈਰ ਕੋਈ ਹੋਰ ਹੀਲਾ ਸੋਚੀਂ। ਦੋਹ ਘਰਾਂ ਨੂੰ ਬਚਾਉਣਾ ਡੋਬਣਾ ਤੇਰੇ ਹੱਥ ਵਿੱਚ ਹੈ ਹੁਣ।

ਸੂਰਜ ਡੁਬਣ ਦੇ ਨੇੜੇ ਪਹੁੰਚ ਗਿਆ।

–ਚੱਲੀਏ ਹੁਣ। ਸੱਚ ਜੱਸੀ ਨੂੰ ਕੀ ਦਸਣਾ ਹੈ?

–ਬਾਪੂ ਨੂੰ ਕੁਝ ਨਹੀਂ ਦੱਸਣਾ ਅੰਕਲ... ਬਾਪੂ ਦੀ ਹਾਲਤ...

ਇੱਕ ਨਲਕੇ ਕੋਲ ਉਸਨੇ ਕਾਰ ਰੋਕ ਲਈ–ਮੂੰਹ ਉਪਰ ਪਾਣੀ ਦੇ ਛਿੱਟੇ ਮਾਰ ਲੈ ਵੀਰੋ। ਦੇਖ ਚਿਹਰੇ ਦੀ ਕੀ ਹਾਲਤ ਬਣ ਗਈ ਆ। ਇਸ ਤਰ੍ਹਾਂ ਤਾਂ ਜੱਸੀ ਨੂੰ ਬਿਨਾ ਕੁਝ ਦੱਸਣ ਤੇ ਵੀ, ਜਸ ਅੰਦਾਜਾ ਲਗ ਜਾਊ...।

***

ਘਰ ਪਹੁੰਚ ਵੇਖਿਆ ਜੱਸੀ ਬੜੀ ਬੇਸਵਰੀ ਨਾਲ ਉਨ੍ਹਾਂ ਦੀ ਉਡੀਕ ਕਰ ਰਿਹਾ ਹੈ। ਕਾਰ ਵਿੱਚੋਂ ਉਤਰਨ ਤੋਂ ਪਹਿਲਾਂ ਵੀ ਜਮਨੇਜੇ ਨੇ ਵੀਰੋ ਨੂੰ ਚਿਹਰੇ ਦੇ ਭਾਵ ਸਾਵੇਂ ਕਰ ਲੈਣ ਲਈ ਕਿਹਾ।

–ਬਹੁਤ ਦੇਰ ਲਗਾ ਦਿੱਤੀ? ਮੈਨੂੰ ਫਿਕਰ ਹੋ ਰਿਹਾ ਸੀ।

–ਭੀੜ ਹੀ ਬਹੁਤ ਸੀ ਡਾਕਟਰ ਦੇ। ਛੇ ਵਜੇ ਤਾਂ ਵਾਰੀ ਆਈ...।

–ਕੀ ਦੱਸਦੀ ਹੈ?

–ਅਜੇ ਤਾਂ ਦੋ ਤਿੰਨ ਦਿਨਾਂ ਵਿਚ ਠੀਕ ਪਤਾ ਲਗੇਗਾ। ਇਕ ਦੋ ਟੈਸਟ ਵੀ ਬਾਕੀ ਨੇ।

ਵੀਰੋ ਅੰਦਰਲੇ ਕਮਰੇ ਵਿੱਚ ਚਲੀ ਗਈ। ਜਮਨੇਜੇ ਦਾ ਧਿਆਨ ਸਟੂਲ ਉਤੇ ਪਈ ਬੋਤਲ ਗਿਲਾਸ ਦੇ ਖਿੱਚਿਆ–ਚਾਲੂ ਵੀ ਕਰ ਦਿੱਤੀ?

–ਮਨ ਟਿਕ ਜਿਹਾ ਨਹੀਂ ਸੀ ਰਿਹਾ। ਨਾਲੇ ਸੋਚਿਆ ਪੁੱਛਣਾ ਜ਼ਰੂਰੀ ਤਾਂ ਨਹੀਂ। ਏਨਾ ਕੁ ਤਾਂ ਮੇਰਾ ਹੱਕ ਬਣਦਾ ਹੀ ਹੈ।

–ਲੈ ਹੱਦ ਕਰ ਦਿੱਤੀ ਯਾਰ! ਸਾਰਾ ਘਰ ਤੇਰਾ ਹੈ, ਜੋ ਮਰਜੀ ਵਰਤ। ਫਿਰ ਉਸਨੇ ਨੌਕਰ ਨੂੰ ਹਾਕ ਮਾਰ ਕੇ ਮੱਛੀ ਤਲ ਲਿਆਣ ਲਈ ਕਿਹਾ।



ਜੱਸੀ ਸ਼ਰਾਬ ਵਿੱਚ ਰੁਝ ਗਿਆ। ਨੌਕਰ ਨੂੰ ਰੋਟੀ ਆਦਿ ਦਾ ਕੰਮ ਮੁਕਾ ਛੁੱਟੀ ਕਰਨ ਲਈ ਕਹਿ ਦਿੱਤਾ। ਵੀਰੋ ਨੂੰ ਰੋਟੀ ਲਈ ਕਹਿਣ ਗਿਆ ਤਾਂ ਵੇਖਿਆ ਰੋ ਰਹੀ ਹੈ। ਅੱਖਾਂ ਕਿਵੇਂ ਸੁਜਾ ਲਈਆਂ ਨੇ ਪਰ ਰੋਂਦੀ ਹੋਈ ਦਾ ਚਿਹਰਾ ਹੋਰ ਵੀ ਖਿੱਚ ਭਰਿਆ ਲੱਗ ਰਿਹਾ ਹੈ। ਵੀਰੋ ਨੇ ਰੋਟੀ ਖਾਣ ਤੋਂ ਨਾਂਹ ਕਰ ਦਿੱਤੀ, ਭੁੱਖ ਨਹੀਂ ਹੈ। ਜਮਨੇਜਾ ਪਲੇਟ ਵਿੱਚ ਕਾਫੀ ਕੁਝ ਪਾ ਕੇ ਉਥੇ ਹੀ ਦੇ ਆਇਆ। ਹੱਥੀਂ ਤੋੜ ਕੇ ਨਾਂ ਨਾਂ ਕਰਦੀ ਦੇ ਮੂੰਹ ਵਿੱਚ ਇਕ ਦੋ ਗਰਾਹੀਆਂ ਪਾ ਆਇਆ। ਆਉਂਦੇ ਹੋਏ ਨੇ ਆਪਣੇ ਸਿਰ ਦੀ ਸੌਂਹ ਪਾ ਦਿੱਤੀ ਜੇ ਰੋਟੀ ਨਾ ਖਾਵੇ ਤਾਂ...।

ਜੱਸੀ ਨੇ ਰੋਟੀ ਨਹੀਂ ਖਾਧੀ। ਛੇਤੀ ਹੀ ਚਿੱਤ ਹੋ ਗਿਆ। ਜਮਨੇਜੇ ਨੇ ਆਖਰੀ ਪੈੱਗ ਹੱਥੀਂ ਪਲਾਇਆ। ਆਖਰੀ ਪੈੱਗ ਪਿਲਾਣਾ ਜ਼ਰੂਰੀ ਵੀ ਤਾਂ ਹੁੰਦਾ ਹੈ। ਨਹੀਂ ਤਾਂ ਰਾਤ ਨੂੰ ਜਾਗ ਪੈਣ ਦਾ ਡਰ ਹੈ।

ਵੀਰੋ ਦੇ ਕਮਰੇ ਵਿੱਚ ਪਹੁੰਚਿਆ ਤਾਂ ਉਹ ਸਰਹਾਣੇ ਦਾ ਢਾਸਣਾ ਲਗਾਈ ਅੱਖਾਂ ਮੀਟੀ ਬੈਠੀ ਹੈ। ਸਰੀਰ ਨਿਢਾਲ ਲੱਗ ਰਿਹਾ ਹੈ। ਚਿਹਰਾ ਵੀ ਮੁਰਝਾਇਆ ਹੋਇਆ। ਇਹ ਹੈ ਵੀ ਸੁਭਾਵਕ। ਅੰਦਰਲੀ ਟੁੱਟਣ ਦੇ ਨਾਲ ਸਰੀਰ ਨਿਢਾਲ ਹੋ ਹੀ ਜਾਂਦਾ ਹੈ। ਜਮਨੇਜਾ ਧਿਆਨ ਦੇਂਦਾ ਹੈ। ਕਿੰਨਾ ਲੰਮਾ ਲੰਝਾ ਕੱਦ ਹੈ। ਸਾਢੇ ਪੰਜ ਫੁੱਟ ਤੋਂ ਉੱਪਰ ਹੀ ਹੋਏਗਾ। ਸਰੀਰ ਕਿਵੇਂ ਗੱਠਿਆ ਹੋਇਆ ਹੈ। ਆਮ ਤੌਰ ਤੇ ਮੱਧ ਵਰਗੀ ਔਰਤਾਂ ਵਿਆਹ ਤੋਂ ਪਿੱਛੋਂ ਇੰਝ ਕਾਇਮ ਨਹੀਂ ਰਹਿੰਦੀਆਂ। ਥੁੜ੍ਹਾਂ, ਸਰਫਿਆਂ, ਪਰਿਵਾਰ ਦਾ ਬੋਝ ਬੋਦਿਆਂ ਕਰਕੇ ਰੱਖ ਦੇਂਦਾ ਹੈ। ਔਰਤ ਨੂੰ। ਪਰ ਵੀਰੋ...?

ਖਾਲੀ ਪਲੇਟ ਇਕ ਪਾਸੇ ਸਟੂਲ ਉੱਪਰ ਪਈ ਹੈ। ਤਾਂ ਉਸਦੀ ਸੌਂਹ ਦਾ ਅਸਰ ਹੋਇਆ ਹੈ। ਉਹ ਵੀਰੋ ਦੇ ਨੇੜੇ ਹੋ ਕੇ ਬੈਠ ਗਿਆ। ਮੱਥੇ ਉੱਪਰ ਹੱਥ ਰੱਖਿਆ। ਵੀਰੋ ਨੇ ਅੱਖਾਂ ਇੱਕ ਪਲ ਲਈ ਖੋਲ੍ਹ ਕੇ ਉਸ ਵੱਲ ਵੇਖਿਆ, ਫਿਰ ਅੱਖਾਂ ਮੀਚ ਕੇ ਸਿਰ ਉਸਦੇ ਮੋਢੇ ਨਾਲ ਟੇਕ ਦਿੱਤਾ। ਜਮਨੇਜੇ ਨੇ ਬਾਂਹ ਮੋਢੇ ਹੇਠਾਂ ਦੀ ਕੱਢਕੇ ਉਸਨੂੰ ਜਰਾ ਕੁ ਨਾਲ ਘੁੱਟ ਲਿਆ।

–ਕੀ ਸੋਚ ਰਹੀ ਹੈਂ ਵੀਰਾਂ?

ਇੱਕ ਡੂੰਘਾ ਸਾਹ ਵੀਰੋ ਦੇ ਅੰਦਰੋਂ ਨਿਕਲ ਗਿਆ–ਹੁਣ ਸੋਚਣ ਲਈ ਬਾਕੀ ਵੀ ਕੀ ਹੈ?

ਜਮਨੇਜੇ ਨੇ ਉਸਨੂੰ ਹੋਰ ਨਾਲ ਘੁੱਟਿਆ–ਤੂੰ ਏਨੀ ਨਿਰਾਸ ਕਿਉਂ ਹੋਈ ਪਈ ਹੈ?

–ਹੁਣ ਵੀ ਨਿਰਾਸ ਨਾ ਹੋਵਾਂ ਤਾਂ ਹੋਰ ਕੀ ਕਰਾਂ?

–ਤੈਨੂੰ ਮੈਂ ਕਿਹਾ ਸੀ...

–ਨਹੀਂ ਅੰਕਲ...। ਸਾਡੇ ਘਰਾਂ ਵਿੱਚ ਸ਼ਰੀਕੇ ਬਾਜੀ ਬਹੁਤ ਹੈ। ਪਤਾ ਹੈ ਕਿੰਨੀ ਬਦਨਾਮੀ ਹੋਊ? ਉਨ੍ਹਾਂ ਨੂੰ ਪਤਾ ਲੱਗ ਗਿਆ ਤਾਂ ਮਰ ਜਾਣਗੇ ਉਹ ਤਾਂ...।

–ਇਸ ਤਰ੍ਹਾਂ ਤਾਂ ਤੂੰ ਮਰ ਜਾਏਂਗੀ। ਜੱਸੀ ਹੋਰਾਂ ਦੇ ਜੀਣ ਦਾ ਵੀ ਕੀ ਹੱਜ ਹੈ। ਕੋਈ ਵੱਡੀ ਗੱਲ ਨਹੀਂ ਕਿ ਤੈਨੂੰ ਘਰ ਹੀ ਬਿਠਾ ਦੇਣ। ਕੋਈ ਤਾਂ ਰਾਹ ਕੱਢਣਾ ਹੀ ਚਾਹੀਦਾ ਹੈ।

–ਕੀ ਕਰਾਂ ਅੰਕਲ? ਮੇਰਾ ਤਾਂ ਦਿਮਾਗ ਹੀ ਸੁੰਨ ਹੋਇਆ ਪਿਆ ਹੈ। ਸੁਝ ਸਮਝ ਨਹੀਂ ਆ ਰਿਹਾ। ਨ੍ਹੇਰਾ ਹੀ ਨ੍ਹੇਰਾ ਦਿਖ ਰਿਹਾ ਹੈ ਦੂਰ ਤੱਕ। ਏਦੋਂ ਤਾਂ ਆਪਣੇ ਆਪ ਨੂੰ ਖਤਮ ਕਰ ਲਾਂ। ਆਪੇ ਦੋ ਚਾਰ ਦਿਨ ਰੋ ਰੂ ਕੇ ਸਬਰ ਕਰ ਲੈਣਗੇ।

–ਨਹੀਂ ਵੀਰਾਂ, ਇਸ ਤਰ੍ਹਾਂ ਤਾਂ ਸੋਚਣਾ ਹੀ ਨਹੀਂ। ਜ਼ਿੰਦਗੀ ਏਨੀ ਸਸਤੀ ਚੀਜ਼ ਨਹੀਂ ਹੈ।

–ਤਾਂ ਫਿਰ ਮੈਂ ਕੀ ਕਰ੍ਹਾਂ?

ਜਮਨੇਜੇ ਨੇ ਕੋਈ ਉੱਤਰ ਨਹੀਂ ਦਿੱਤਾ। ਉਸਨੂੰ ਨਾਲ ਘੁੱਟੀ ਬੈਠਾ ਰਿਹਾ। ਆਪਣੇ ਮਨ ਨੂੰ ਹਮਲਾ ਕਰਨ ਲਈ ਤਿਆਰ ਕਰਦਾ ਰਿਹਾ।

–ਵੀਰਾਂ...!

–ਹਾਂ...।

–ਇਕ ਗਲ ਕਹਾਂ ਵੀਰਾਂ?

–ਹਾਂ ਦੱਸੋ...

ਕੁਝ ਪਲ ਚੁਪ ਰਹਿ ਜਮਨੇਜੇ ਨੇ ਕਿਹਾ-ਜੇ ਹੋਰ ਕੋਈ ਚਾਰਾ ਨਹੀਂ ਤਾਂ ਤੇਰੀ ਇਹ ਲੋੜ ਮੈਂ ਨਾ ਪੂਰੀ ਕਰ ਦਿਆਂ...?

ਵੀਰੋ ਨੂੰ ਜਿਵੇਂ ਸੱਪ ਦਿਸ ਗਿਆ ਹੋਵੇ-ਤੁਸੀਂ?

-ਹਾਂ ਵੀਰੋ। ਮੈਂ ਕਦੀ ਇਸ ਤਰ੍ਹਾਂ ਦੀ ਕਲਪਣਾ ਵੀ ਨਹੀਂ ਕੀਤੀ ਹੋਣੀ। ਤੇਰੇ ਬਾਰੇ ਕਦੀ ਭੈੜਾ ਖਿਆਲ ਤੱਕ ਨਹੀਂ ਜਾਗਿਆ ਮਨ ਵਿੱਚ...। ਤੈਂ ਤਾਂ ਕੀ ਕਿਸੇ ਨੇ ਵੀ ਕਦੀ ਮੇਰੀ ਅੱਖ ਵਿੱਚ ਮੈਲ ਨਹੀਂ ਵੇਖੀ ਹੋਣੀ। ਜੱਸੀ ਨੂੰ ਮੈਂ ਕਿੰਨਾ ਪਿਆਰ ਕਰਦਾਂ ਵੀਰੋ..., ਤੂੰ ਇਸ ਦਾ ਅੰਦਾਜਾ ਵੀ ਨਹੀਂ ਲਗਾ ਸਕਦੀ। ਸਦਾ ਇਸ ਘਰ ਦਾ ਹਿਤ ਵੇਖਿਆ ਹੈ। ਹੁਣ ਤੇਰਾ ਦੁੱਖ ਨਹੀਂ ਵੇਖਿਆ ਜਾ ਰਿਹਾ। ਤੇਰੇ ਕਰਕੇ ਜੱਸੀ ਅਤੇ ਸਾਰਾ ਪਰਿਵਾਰ ਹੀ ਢੇਰੀ ਹੋ ਜਾਏਗਾ। ਸੋਚਦਾਂ ਇਹੀ ਠੀਕ ਰਹੇਗਾ। ਮੈਂ ਮਨ ਨੂੰ ਮਾਰ ਲਵਾਂਗਾ...

ਵੀਰੋ ਤੜਫ ਗਈ-ਨਹੀਂ ਅੰਕਲ..., ਇਹ ਠੀਕ ਨਹੀਂ..., ਇਹ ਪਾਪ ਹੈ।

-ਜਾਣਦਾਂ ਵੀਰੋ ਇਹ ਪਾਪ ਹੈ, ਪਰ ਜਿਸ ਨਾਲ ਕਈ ਜੀਵਨ ਟੁੱਟਣੋਂ ਬਚ ਜਾਣ ਉਹ ਪਾਪ, ਪਾਪ ਨਹੀਂ ਹੁੰਦਾ...।

ਵੀਰੋ ਨੇ ਆਪਣੇ ਆਪ ਨੂੰ ਉਸਦੀ ਪਕੜ 'ਚੋਂ ਛੁਡਾਣ ਦੀ ਕੋਸ਼ਿਸ਼ ਕੀਤੀ।

-ਨਹੀਂ ... ਤੁਸੀਂ ਚਲੇ ਜਾਓ...।

-ਵੀਰਾਂ, ਮੈਂ ਜਾਣਦਾ ਹਾਂ ਜਾਂ ਮੇਰਾ ਪ੍ਰਮਾਤਮਾ, ਮੇਰੇ ਮਨ ਵਿਚ ਹਵਸ਼ ਨਾਂ ਮਾਤਰ ਵੀ ਨਹੀਂ ਹੈ।

ਵੀਰੋ ਦਾ ਵਿਰੋਧ ਜਾਰੀ ਹੈ। ਪਰ ਜਮਨੇਜੇ ਨੇ ਆਪਣੀ ਪਕੜ ਢਿੱਲੀ ਨਹੀਂ ਹੋਣ ਦਿੱਤੀ। ਸਮਝ ਰਿਹਾ ਹੈ ਵੀਰੋ ਨੂੰ ਦੂਹਰਾ ਸੰਘਰਸ਼ ਕਰਨਾ ਪੈ ਰਿਹਾ ਹੈ। ਇੱਕ ਉਸ ਕੋਲੋਂ ਬਚਣਾ ਤੇ ਦੂਜੇ ਪਾਸੇ ਉਸਦੇ ਅੰਦਰ ਬੈਠੀਂ 'ਮਾਂ' ਬਣਨ ਲਈ ਤੜਪਤੀ ਔਰਤ' ਆਪਣੇ ਸੰਸਕਾਰਾਂ ਨਾਲ ਲੜ ਰਹੀ ਹੈ। ਉਸਨੂੰ ਕੁਝ ਕੁ ਜਬਰਦਸਤੀ ਤਾਂ ਕਰਨੀ ਹੀ ਪੈਣੀ ਹੈ, ਤਾਂ ਜੋ ਉਸਦੇ ਅੰਦਰਲੀ ਔਰਤ ਸੰਸਕਾਰਾਂ ਨਾਲ ਚਲਦੀ ਲੜਾਈ ਵਿੱਚ ਹਾਰ ਨਾ ਜਾਵੇ...।

-ਨਹੀਂ ਅੰਕਲ..., ਇਹ ਠੀਕ ਨਹੀਂ ਹੈ।

-ਵੀਰਾਂ, ਜ਼ਿੰਦਗੀ ਦੇ ਸਾਰੇ ਹਨੇਰੇ ਦੂਰ ਹੋ ਜਾਣਗੇ...।

ਹਰਕਤ ਵਿੱਚ ਪਏ ਜਮਨੇਜੇ ਨੇ ਹੱਥਾਂ ਨੂੰ ਵੀਰਾਂ ਰੋਕਣ ਦੀ ਕੋਸ਼ਿਸ਼ ਕਰ ਰਹੀ ਆਪਣੇ ਜਿਸਮ ਉੱਤੇ ਫਿਰਨ ਤੋਂ ਵਰਜ ਰਹੀ ਹੈ।

-ਨਹੀਂ... ਨਹੀਂ...

-ਤੂੰ ਸਾਰੀ ਉਮਰ ਲਈ ਰਾਜਵੰਤ ਦਾ ਸਾਥ ਨਹੀਂ ਚਾਹੁੰਦੀ...? ਪਤੀ ਦਾ ਪਿਆਰ...? ਇਹੀ ਇੱਕ ਢੰਗ...।

ਵੀਰਾਂ ਦੇ ਹੱਥ ਉਸਦੇ ਹੱਥਾਂ ਨੂੰ ਰੋਕ ਰਹੇ ਨੇ...। ਪਰ ਵੀਰਾਂ ਵਿੱਚ ਏਨਾ ਘੱਟ ਜੋਰ ਤਾਂ ਨਹੀਂ ਹੈ। ਫਿਰ ਇਹ ਵਿਰੋਧ ਕਮਜੋਰ ਕਿਉਂ ਹੋ ਰਿਹਾ ਹੈ? ਜਿਸਮ ਵਿੱਚ ਅਜੀਬ ਕਾਂਬਾ ਕਿਉਂ ਭਰ ਰਿਹਾ ਹੈ? ਸਰੀਰ ਭੱਖਣ ਕਿਉਂ ਲਗ ਰਿਹਾ ਹੈ? ਕਿਤੇ ਬੁਖਾਰ ਤਾਂ ਨਹੀਂ ਚੜ੍ਹ ਰਿਹਾ?

-ਨਹੀਂ ... ਇਹ ਠੀਕ ਨਹੀਂ ਹੈ ਅੰਕਲ... ਇਹ ਸਭ...

-ਤੇਰੇ ਸੁਖ ਲਈ ਕਰ ਰਿਹਾ ਵੀਰਾਂ... ਸਿਰਫ ਤੇਰੇ ਸੁਖ ਲਈ...

ਉਸਦੇ ਹੱਥਾਂ ਨੂੰ ਰੋਕਦੇ ਵੀਰੋ ਦੇ ਹੱਥ ਕੀ ਕਰ ਰਹੇ ਨੇ? ਉਸਦੇ ਹੱਥਾਂ ਨੂੰ ਰੋਕ ਰਹੇ ਨੇ ਜਾਂ ਉਨ੍ਹਾਂ ਦੇ ਨਾਲ-ਨਾਲ ਸਰਕ ਰਹੇ ਨੇ...? ਜਿਸਮ ਕਿਵੇਂ ਪੰਘਰ ਰਿਹਾ ਹੈ? ਜਨਮੇਜਾ ਵੀਰੋ ਦੇ ਚਿਹਰੇ ਉਤੇ ਚੁੰਮਣਾ ਦੀ ਬੁਛਾੜ ਕਰ ਦੇਂਦਾ ਹੈ। ਸਮਝ ਰਿਹਾ ਹੈ, ਵੀਰੋ ਦੇ ਅੰਦਰਲੀ ਔਰਤ ਹੌਲੀ-ਹੌਲੀ ਸੰਸਕਾਰਾਂ ਉੱਤੇ ਭਾਰੂ ਹੁੰਦੀ ਜਾ ਰਹੀ ਹੈ। ਜਿਸਮ ਕਿਵੇਂ ਰਿਸਪੌਂਸ ਦੇਣ-ਦੇਣ ਕਰ ਰਿਹਾ ਹੈ...?

-ਨਹੀਂ ਅੰਕਲ... ਇਹ...

ਜਮਨੇਜਾ ਮੱਥਾ, ਗੱਲ੍ਹਾਂ, ਅੱਖਾਂ ਨੂੰ ਲਗਾਤਾਰ ਚੁੰਮ ਰਿਹਾ ਹੈ। ਅਚਾਨਕ ਵੀਰੋ ਦੇ ਬੁੱਲ੍ਹ ਮਲਾਈ ਵਾਂਗ ਮੁਲਾਇਮ ਹੋ ਉੱਠਦੇ ਨੇ। ਉਸਦਾ ਸਾਰਾ ਸਰੀਰ ਤਣ ਗਿਆ ਹੈ, ਇਕ ਤੀਰ ਕਮਾਨ ਵਾਂਗ... ਤੇ ਉਹ ਬੇਵਸ



ਹੋ ਕੇ ਜਮਨੇਜੇ ਦੇ ਨਾਲ ਚੁੰਬੜ ਜਾਂਦੀ ਹੈ-ਨਹੀਂ...ਅੰ...

***

ਪਟਿਆਲੇ ਜੱਸੀ ਹੋਰਾਂ ਨੂੰ ਤਿੰਨ ਦੀ ਥਾਂ ਪੰਜ ਦਿਨ ਲੱਗ ਗਏ। ਜੱਸੀ ਤਾਂ ਰਹਿ ਕੇ ਖੁਸ਼ ਹੈ ਹੀ ਸ਼ਰਾਬ ਦਾ ਠਰਕ ਜੁ ਪੂਰਾ ਹੋ ਜਾਂਦਾ ਹੈ। ਪਿੰਡ ਤਾਂ ਪੀ ਨਹੀਂ ਸਕਦਾ ਕਦੇ।

ਪਹਿਲੀ ਰਾਤ ਦੀ ਜਕ ਜਕਾਈ ਪਿੱਛੋਂ ਵੀਰੋ ਸਹਿਜ ਹੋ ਗਈ। ਦਿਨ ਵਿੱਚ ਵੀਰੋ ਉਸ ਨਾਲ ਪਹਿਲਾਂ ਵਾਂਗ ਖੁਲ੍ਹਦੀ ਨਹੀਂ। ਅੱਖ ਵੀ ਵਾਹ ਲਗਦੀ ਨਹੀਂ ਮਿਲਾਉਂਦੀ। ਰਾਤ ਨੂੰ ਵੀਰੋ ਕੋਲ ਜਾਣ ਉਤੇ ਉਸਨੂੰ ਹਰ ਵਾਰ ਮਹਿਸੂਸ ਹੋਇਆ ਹੈ ਜਿਵੇਂ ਵੀਰੋ ਦਾ ਜਿਸਮ ਬੜੀ ਬੇਸਵਰੀ ਨਾਲ ਉਸਦੀ ਉਡੀਕ ਕਰ ਰਿਹਾ ਹੁੰਦਾ ਹੈ। ਵੀਰੋ ਵਿੱਚ ਇਕ ਅਜੀਬ ਜਿਹੀ ਹਾਬੜੀ ਹੋਈ ਭੁੱਖ ਜਾਗ ਪਈ ਹੈ। ਹਰ ਰਾਤ ਵੱਧ ਤੋਂ ਵਧ ਵਾਰ ਜਮਨੇਜੇ ਦੇ ਨੇੜੇ ਹੋਣ ਦੀ ਕੋਸ਼ਿਸ਼ ਕਰਦੀ ਹੈ। ਕਈ ਵਾਰ ਤਾਂ ਸੁੱਤੇ ਪਏ ਨੂੰ ਵੀ ਜਗਾ ਲੈਂਦੀ ਰਹੀ ਹੈ...।

ਉਹ ਇਸਦਾ ਮਨੋਵਿਗਿਆਨਕ ਕਾਰਣ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਵੀਰੋ ਦੇ ਅੰਦਰ ਸ਼ਾਇਦ ਇਕ ਹੀ ਭੁੱਖ ਹੈ ਕਿ ਉਹ ਕਿਵੇਂ ਨਾ ਕਿਵੇਂ ਮਾਂ ਬਨਣ ਵਾਲੀ ਅਵਸਥਾ ਵਿਚ ਆ ਜਾਵੇ। ਇਹ ਪਾਪ ਵੀ ਕੀਤਾ ਹੈ ਫਿਰ ਵੀ ਕਿਤੇ ਬਾਂਝ ਨਾ ਰਹਿ ਜਾਵੇ...। ਇਹੀ ਲਾਲਸਾ ਸ਼ਾਇਦ ਵਾਰ-ਵਾਰ ਉਸਦੇ ਅੰਦਰ ਹਾਬੜੀ ਹੋਈ ਭੁਖ ਜਗਾਉਂਦੀ ਹੈ। ਉਹ ਵਾਰ-ਵਾਰ ਸ਼ਰੀਰਕ ਸੰਬੰਧਾਂ ਵੱਲ ਉੱਲਰਦੀ ਹੈ। ਇਕ ਊਠ ਵਾਂਗ, ਜ਼ਿੰਦਗੀ ਦੇ ਲੰਮੇ ਰੇਗਿਸਤਾਨ ਨੂੰ ਤਹਿ ਕਰਨ ਲਈ ਇਕ ਪਿਆਸ ਦੀ ਤ੍ਰਿਪਤੀ ਲਈ ਵਧ ਤੋਂ ਵਧ ਯਤਨਸ਼ੀਲ ਰਹੀ ਹੈ।

## ਦਸ

ਮਹੀਨਾ ਭਰ ਉਹ ਜੱਸੀ ਦੇ ਪਿੰਡ ਨਹੀਂ ਜਾ ਸਕਿਆ, ਰਾਜਪੁਰੇ ਵਾਲੀ ਇਮਾਰਤ ਦਾ ਕੰਮ ਆਰੰਭ ਕੀਤਾ ਹੈ। ਕੰਮ ਦਾ ਜਿਆਦਾ ਜੋਰ ਮੁੱਢ ਵਿੱਚ ਹੀ ਹੁੰਦਾ ਹੈ। ਰੋੜੇ, ਇੱਟਾਂ, ਰੇਤ, ਸੀਮਿੰਟ, ਲੋਹਾ ਆਦਿ ਕਿੰਨੀਆਂ ਹੀ ਚੀਜਾਂ ਦਾ ਜੁਗਾੜ ਕਰਨਾ ਹੁੰਦਾ ਹੈ। ਫਿਰ ਨਕਸ਼ਿਆਂ ਨਾਲ ਮੱਥਾ ਮਾਰ ਕੇ ਨੀਹਾਂ ਆਦਿ ਪੁੱਟਣ ਦਾ ਕੰਮ ਵੀ ਕਾਫੀ ਧਿਆਨ ਮੰਗਦਾ ਹੈ। ਹਰ ਰੋਜ ਘੱਟੋ ਘੱਟ ਅੱਧਾ ਦਿਨ ਉਸਨੂੰ ਖੁਦ ਹਾਜਰ ਰਹਿਣਾ ਪੈਂਦਾ ਹੈ।

ਹਸਪਤਾਲ ਦਾ ਕੰਮ ਸਮੇਂ ਸਿਰ ਉਹ ਪੂਰਾ ਕਰਕੇ ਦੇ ਚੁੱਕੇ ਨੇ। ਦੇਵ ਵੀ ਰਾਜਪੁਰੇ ਹੀ ਬੁਲਾ ਲਿਆ ਹੈ। ਜਮਨੇਜੇ ਦਾ ਪਾਰਟਰਨਰ ਵੀ ਕਦੀ ਕਦਾਈਂ ਕੰਮ ਉਤੇ ਆ ਜਾਂਦਾ ਹੈ, ਪਰ ਨੱਠ ਭਜ ਕਰਨ ਦੇ ਯੋਗ ਅਜੇ ਨਹੀਂ ਹੋਇਆ।

ਇਸ ਅਰਸੇ ਵਿੱਚ ਉਹ ਜੱਸੀ ਕੋਲ ਇਕ ਵਾਰ ਪਿੰਡ ਹੋ ਆਇਆ ਹੈ, ਪਰ ਰਾਤ ਨਹੀਂ ਰਹਿ ਸਕਿਆ।

ਨਾਭੇ ਦਾ ਚੱਕਰ ਅਕਸਰ ਲੱਗ ਹੀ ਜਾਂਦਾ ਹੈ। ਜਦੋਂ ਵੀ ਦੂਜੇ ਚੌਥੇ ਲੁਧਿਆਣੇ ਕੰਮ ਉੱਤੇ ਜਾਂਦਾ ਹੈ ਤਾਂ ਵਾਪਸ ਮੁੜਨ ਸਮੇਂ ਵਾਇਆ ਨਾਭਾ ਹੀ ਮੁੜਦਾ ਹੈ ਭਾਵੇਂ ਘੰਟਾ ਦੋ ਘੰਟੇ ਹੀ ਠਹਿਰਨ ਦਾ ਵਕਤ ਮਿਲਦਾ ਹੈ। ਨਾਭੇ ਲਈ ਤਾਂ ਇੱਕ ਘੰਟਾ ਵੀ ਕਾਫੀ ਹੁੰਦਾ ਹੈ। ਕਿਹੜਾ ਕਿਸੇ ਕਿਸਮ ਦਾ ਡਰ ਜਾਂ ਰੁਕਾਵਟ ਹੈ।

ਪਰਮ ਦੇ ਪਤੀ ਦੀ ਬਦਲੀ ਅਬੋਹਰ ਦੀ ਹੋ ਗਈ ਹੈ। ਘੱਟੋ ਘਟ ਉਹ ਇਹ ਨਹੀਂ ਜਾਣਦਾ ਕਿ ਇਸ ਬਦਲੀ ਦੇ ਪਿੱਛੇ ਜਮਨੇਜਾ ਦਾ ਗੁੱਝਾ ਹੱਥ ਹੈ। ਸੋ ਖਤਰੇ ਦੀ ਕੋਈ ਸੰਭਾਵਨਾ ਨਹੀਂ ਰਹੀ। ਪਰਮ ਤੋਂ ਤਾਂ ਕਿਸੇ ਕਿਸਮ ਦਾ ਖਤਰਾ ਹੈ ਹੀ ਨਹੀਂ। ਉਂਝ ਵੀ ਪਰਮ ਨਾਲ ਉਸਨੇ ਰਵਈਆ ਬਹੁਤ ਨਰਮ ਕਰ ਦਿੱਤਾ ਹੈ। ਸੋਨੇ ਦੇ ਰਿੰਗ ਲਿਆ ਦਿੱਤੇ ਨੇ। ਏਨੇ ਵਿੱਚ ਹੀ ਖੁਸ਼ ਹੋ ਗਈ ਹੈ। ਇੱਕ ਦਿਨ ਪਰਖਣ ਹਿੱਤ ਟੋਹ ਕੇ ਵੇਖਿਆ ਤਾਂ ਥੋੜ੍ਹੀ ਜਿਹੀ ਨ੍ਹਾਂ ਨੁੱਕਰ ਉਪਰੰਤ ਖਿੱਚੀ ਚਲੀ ਆਈ। ਸੋ ਕਿਸੇ ਕਿਸਮ ਦਾ ਖਤਰਾ ਹੀ ਨਹੀਂ ਹੈ।

ਦੀਪਾਂ ਵਿੱਚ ਕਿੰਨੀ ਤੇਜੀ ਨਾਲ ਨਿਖਾਰ ਆਇਆ ਹੈ, ਚਿਹਰੇ ਉੱਤੇ ਲਾਲੀ ਦੀ ਭਾਅ ਕਿਵੇਂ ਗੂਹੜੀ ਹੋ ਗਈ ਹੈ? ਜਿਸਮ ਵੀ ਕਿਵੇਂ ਭਰਿਆ ਭਰਿਆ ਹੋ ਚੱਲਿਆ ਹੈ। ਦੀਪਾਂ ਦੀ ਜਕ ਵੀ ਹੁਣ ਤਾਂ ਖੁਲ੍ਹਦੀ ਜਾ ਰਹੀ ਹੈ। ਇੱਕ ਦੋ ਵਾਰ ਉਸਦੇ ਨਾਲ ਪਟਿਆਲੇ ਜਾ ਕੇ ਫਿਲਮ ਵੇਖਣ ਦਾ ਜਿਗਰਾ ਵੀ ਕੱਢ ਚੁੱਕੀ ਹੈ।

ਜਮਨੇਜੇ ਵੱਲੋਂ ਦਿਤੀ ਜੀਨ ਦੀ ਪੈਂਟ ਨਾਲ ਸ਼ਰਟ ਜਦੋਂ ਪਾਉਂਦੀ ਹੈ ਤਾਂ ਨਿਗਾਹਾਂ ਅਲੁਝ ਕੇ ਰਹਿ ਜਾਂਦੀਆਂ ਨੇ। ਕਈ ਵਾਰ ਉਸਨੂੰ ਆਪਣੇ ਉਤੇ ਰਸ਼ਕ ਹੋਣ ਲੱਗ ਪੈਂਦਾ ਹੈ। ਨਾਲ ਹੀ ਇਕ ਡਰ ਵੀ ਅੰਦਰ ਹੀ ਅੰਦਰ ਘਰ ਕਰਨ ਲੱਗ ਪੈਂਦਾ ਹੈ। ਦੀਪਾਂ ਦੇ ਖੁੱਸ ਜਾਣ ਦਾ ਡਰ। ਭਾਵੇਂ ਉਸਦਾ ਜਾਲ ਬਹੁਤ ਮਜਬੂਤ ਹੈ ਫਿਰ ਵੀ ਕੀ ਪਤਾ ਹੁੰਦਾ ਹੈ? ਇਹੋ ਜਿਹੇ ਡਰ ਦੇ ਮੌਕੇ ਦੀਪਾਂ ਦੀ ਭੁੱਖ ਉਸਦੇ ਅੰਦਰ ਹੋਰ ਵੀ ਤੀਬਰਤਾ ਨਾਲ ਫੈਲਣ ਲੱਗ ਪੈਂਦੀ ਹੈ।

–ਤੂੰ ਤਾਂ ਕਹਿੰਦਾ ਸੀ ਰਾਜੇ, ਛੇਤੀ ਹੀ ਤਲਾਕ ਲਈ ਕੇਸ ਦਰਜ ਕਰੇਂਗਾ।

ਜਮਨੇਜਾ ਸੰਭਲਿਆ। ਗਲ ਵਿਚ ਪਈਆਂ ਦੀਪਾਂ ਦੀਆਂ ਬਾਹਵਾਂ ਨੂੰ ਪਿਆਰ ਨਾਲ ਥਾਪੜਿਆ–ਦਰਜ ਤਾਂ ਕੀ, ਕੇਸ ਦਾ ਨਿਪਟਾਰਾ ਵੀ ਹੋ ਚੁੱਕਿਆ ਹੁੰਦਾ। ਪਰ ਇਕ ਦੋ ਅੜਿਚਣਾਂ ਪੈ ਗਈਆਂ।

–ਉਹ ਕੀ?

–ਇੱਕ ਤਾਂ ਲਾਕਰ ਉਸਦੇ ਨਾਂ ਲਗਵਾ ਬੈਠਾ...। ਘੱਟੋ-ਘੱਟ ਪੰਜ ਲੱਖ ਤੋਂ ਉਪਰਦੇ ਤਾਂ ਗਹਿਣੇ ਹੀ ਨੇ। ਡੇਢ ਲੱਖ ਦਾ ਤਾਂ ਡਾਇਮੰਡ ਸੈਟ ਹੀ ਹੋਏਗਾ। ਦੂਜੇ ਮਕਾਨ ਵੀ ਉਸੇ ਦੇ ਨਾਂ ਹੈ। ਵਕੀਲ ਨਾਲ ਮਸ਼ਵਰਾ ਕੀਤਾ ਹੈ। ਤੁੜਾਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਬੱਸ ਕੁਝ ਮਹੀਨੇ ਤਕ ਕੇਸ ਦਰਜ ਕਰ ਹੀ ਦੇਣਾ ਹੈ। ਜੇ ਹੁਣੇ ਕੀਤਾ ਤਾਂ ਇਹ ਸਭ ਹੱਥੋਂ ਚਲਾ ਜਾਏਗਾ। ਏਨਾ ਕੁ ਤਾਂ ਉਡੀਕ ਲਏਂਗੀ ਨ੍ਹਾਂ?

ਦੀਪਾਂ ਨੇ ਹਾਂ ਵਿੱਚ ਹਾਮੀ ਭਰ ਦਿੱਤੀ।

–ਜੇ ਇਹ ਸਭ ਹੱਥੋਂ ਚਲਾ ਗਿਆ ਦੀਪੇ... ਫਿਰ ਵੀ ਤਿਆਰ ਹੈਂ ਨਾ ਮੇਰੇ ਨਾਲ ਵਿਆਹ ਕਰਾਣ ਨੂੰ?

–ਕੇਹੋ ਜਿਹੀਆਂ ਗਲਾਂ ਕਰਦਾ ਹੈਂ ਰਾਜੇ...। ਮੈਨੂੰ ਤੇਰੇ ਨਾਲ ਪਿਆਰ ਹੈ।

ਜਮਨੇਜੇ ਨੇ ਦੀਪਾਂ ਨੂੰ ਬਾਹਾਂ ਵਿੱਚ ਸਮੇਟ ਲਿਆ। ਉਹ ਦੀਪਾਂ ਨੂੰ ਮਾਨਸਿਕ ਤੌਰ ਤੇ ਆਪਣੇ ਨਾਲ ਇਸੇ ਗਹਿਰਾਈ ਤੱਕ ਤਾਂ ਜੁੜੀ ਵੇਖਣਾ ਚਾਹੁੰਦਾ ਹੈ।

****

ਇੱਕ ਗੱਲ ਜਮਨੇਜੇ ਨੇ ਨੋਟ ਕੀਤੀ ਕਿ ਹੁਣ ਸਿੰਮੀ ਰਾਤ ਦੀ ਰੋਟੀ ਲਈ ਉਸਦੀ ਉਡੀਕ ਨਹੀਂ ਕਰਦੀ। ਇਹ ਤਬਦੀਲੀ ਕਸ਼ਮੀਰ ਤੋਂ ਮੁੜਨ ਪਿਛੋਂ ਹੀ ਆਈ ਹੈ। ਪਹਿਲਾਂ ਉਹ ਘਰ ਵਿੱਚ ਕਈ ਵਾਰ ਬੋਲ-ਬੁਲਾਰ ਤੱਕ ਉੱਤਰ ਆਉਂਦੇ ਰਹੇ ਸੀ। ਪਰ ਸਿੰਮੀ ਉਸਨੂੰ ਉਡੀਕ ਕੇ ਹੀ ਰੋਟੀ ਖਾਂਦੀ ਸੀ। ਉਨ੍ਹਾਂ ਦੀ ਰਾਤ ਦੀ ਰੋਟੀ ਦਾ ਸਮਾਂ ਸਿਆਲਾਂ ਵਿਚ ਕਰੀਬ ਅੱਠ ਸਾਢੇ ਅੱਠ ਦੇ ਵਿਚਕਾਰ ਅਤੇ ਗਰਮੀਆਂ ਵਿੱਚ ਸਾਢੇ ਨੌਂ ਦੇ ਨੇੜੇ ਤੇੜੇ ਦਾ ਹੁੰਦਾ ਹੈ। ਪਹਿਲਾਂ ਅਕਸਰ ਸਿੰਮੀ ਇਸ ਸਮੇਂ ਦੇ ਲੰਘ ਜਾਣ ਤੋਂ ਅੱਧਾ ਘੰਟਾ ਪਿਛੋਂ ਤੱਕ ਉਡੀਕ ਕੇ ਹੀ ਰੋਟੀ ਖਾਂਦੀ।

ਪਰ ਹੁਣ ਉਹ ਗੱਲ ਨਹੀਂ ਰਹੀ।

ਜਦੋਂ ਵੀ ਉਹ ਨਾਭੇ ਹੋ ਕੇ ਆਉਂਦਾ ਹੈ, ਤਾਂ ਅਕਸਰ ਲੇਟ ਹੀ ਹੋ ਜਾਂਦਾ ਹੈ। ਕਈ ਵਾਰ ਖਾਣ ਉਪਰੰਤ ਮੇਜ ਉਪਰੋਂ ਭਾਂਡੇ ਸਮੇਟ ਲਏ ਹੁੰਦੇ ਨੇ, ਪਰ ਕਈ ਵਾਰ ਅਜੇ ਪਏ ਵੀ ਹੁੰਦੇ ਨੇ। ਭਾਂਡੇ ਕਈ ਵਾਰ ਸਾਫ ਗਵਾਹੀ ਭਰ ਰਹੇ ਹੁੰਦੇ ਕਿ ਦੋਹਾਂ ਬੰਦਿਆਂ ਨੇ ਬੈਠ ਕੇ ਖਾਣਾ ਖਾਧਾ ਹੈ।

ਉਸ ਦਿਨ ਜੰਮੂ ਲਕੜ ਲੈਣ ਜਾਣ ਦਾ ਦੋ ਦਿਨ ਦਾ ਪ੍ਰੋਗ੍ਰਾਮ ਸੀ ਪਰ ਉਹ ਗਿਆ ਨਹੀਂ। ਲੁਧਿਆਣੇ ਹੀ ਜੰਮੂ ਵਿਖੇ ਟਰੱਕ ਹੜਤਾਲ ਦੀ ਖਬਰ ਮਿਲ ਗਈ। ਮੁੜਦਾ ਹੋਇਆ ਉਹ ਨਾਭੇ ਹੋ ਕੇ ਮੁੜਿਆ। ਦਸ ਕੁ ਵਜੇ ਦੇ ਕਰੀਬ ਪਟਿਆਲੇ ਪਹੁੰਚਿਆ ਤਾਂ ਵੇਖਿਆ ਘਰ ਦੀਆਂ ਅੰਦਰਲੀਆਂ ਬੱਤੀਆਂ ਗੁਲ ਨੇ। ਕਾਰ ਮੇਨ ਰੋਡ ਤੇ ਹੀ ਰੋਕ ਦਿੱਤੀ। ਸ਼ੱਕ ਮਜਬ ਹੀ ਉਹ ਨਾਭੇ ਤੋਂ ਖਿਚਿਆ ਚਲਿਆ ਆਇਆ ਸੀ। ਬੈੱਲ ਦਾ ਬਟਣ ਦਬਾਣ ਹੀ ਲੱਗਿਆ ਸੀ ਕਿ ਲਾਨ ਵਿਚ ਖੜ੍ਹੇ ਦੱਤੇ ਦੇ ਸਕੂਟਰ ਨੂੰ ਉਹ ਹਨੇਰੇ ਵਿੱਚ ਹੀ ਪਛਾਣ ਗਿਆ।

ਉਸ ਦੇ ਅੰਦਰ ਇਕ ਦਮ ਗੁੱਸਾ ਭਰ ਆਇਆ। ਸੋਚਿਆ ਅੱਜ ਦੱਤੇ ਨੂੰ ਸਬਕ ਸਿਖਾ ਹੀ ਦੇਵੇ। ਪਰ ਉਸਨੂੰ ਲੱਗਿਆ ਅਚਾਨਕ ਹੀ ਉਸਦਾ ਅੰਦਰ ਨਿੱਸਲ ਹੋਣ ਲੱਗ ਪਿਆ ਹੈ। ਅਜੇ ਪਿਛਲੇ ਹਫਤੇ ਰਾਜਪੁਰੇ ਵਾਲੇ ਕੰਮ ਦੀ ਡੀ. ਪੀ. ਸੀ. ਲੈਵਲ ਦੀ ਪੇਮੈਂਟ ਲੈਣ ਸਮੇਂ ਉਸਨੂੰ ਦਫਤਰ ਦਾ ਖਰਚ ਸਿਰਫ ਛੇ ਪ੍ਰਤੀਸ਼ਤ



ਹੀ ਦੇਣਾ ਪਿਆ ਹੈ। ਦੱਤੇ ਨੇ ਆਪਣਾ ਹਿੱਸਾ 'ਦੋ ਪ੍ਰਤੀਸ਼ਤ' ਛੱਡ ਦਿੱਤਾ ਹੈ।

ਜਮਨੇਜਾ ਮਰੇ ਹੋਏ ਕਦਮੀ ਕਾਰ ਤੱਕ ਪਰਤ ਆਇਆ। ਅੱਧੇ ਘੰਟੇ ਪਿੱਛੋਂ ਨਾਭੇ ਪਹੁੰਚ ਗਿਆ ਦੀਪਾਂ ਕੋਲ। ਸਾਰੀ ਰਾਤ ਉਹ ਬੇਚੈਨ ਰਿਹਾ। ਦੀਪਾਂ ਨੂੰ ਚੱਜ ਨਾਲ ਮਾਣ ਨਾ ਸਕਿਆ।

ਅਗਲੀ ਸ਼ਾਮ ਉਸਨੇ ਰੋਟੀ ਖਾਂਦਿਆਂ ਗੱਲ ਤੋਰ ਲਈ।

–ਮੇਰੀ ਗੈਰ ਹਾਜ਼ਰੀ ਵਿਚ ਦੱਤਾ ਘਰ ਆਉਂਦਾ ਹੈ?

ਸਿੰਮੀ ਨੇ ਨਜ਼ਰ ਚੁੱਕ ਕੇ ਉਸ ਵੱਲ ਵੇਖਿਆ। ਬੋਲੀ ਨਹੀਂ, ਸਹਿਜ ਭਾਅ ਬੈਠੀ ਰੋਟੀ ਖਾਂਦੀ ਰਹੀ।

–ਕੀ ਪੁੱਛ ਰਿਹਾ ਹਾਂ ਮੈਂ...?

–ਤੁਹਾਡੇ ਕੋਲੋਂ ਰਾਜਪੁਰੇ ਦੇ ਕੰਮ ਦੇ ਬਿਲ ਸਮੇਂ ਦੱਤੇ ਨੇ ਆਪਣਾ ਕਮਿਸ਼ਨ ਛੱਡ ਦਿੱਤਾ ਹੈ ਨ੍ਹਾਂ?

ਜਮਨੇਜਾ ਤਿਲਮਿਲਾ ਉੱਠਿਆ–ਇਹ ਮੇਰੀ ਗੱਲ ਦਾ ਉੱਤਰ ਨਹੀਂ ਹੈ।

–ਇਹ ਤੁਹਾਡੀ ਹੀ ਗੱਲ ਦਾ ਉੱਤਰ ਹੈ। ਕਮਿਸ਼ਨ ਦੀ ਦਰ ਅੱਠ ਦੀ ਥਾਂ ਛੇ ਪ੍ਰਸੈਂਟ ਕੀਤੇ ਜਾਣ ਲਈ ਜਿਹੜੀ ਸ਼ਰਤ ਤਹਿ ਸੀ ਉਸਦੀ ਰਜਾਮੰਦੀ ਤੁਸੀਂ ਖੁਦ ਦੇ ਚੁੱਕੇ ਹੋ।

–ਇਸ ਦਾ ਮਤਲਬ ਇਹ ਤਾਂ ਨਹੀਂ ਕਿ ਉਹ ਰਾਤਾਂ ਇੱਥੇ ਕੱਟਦਾ ਫਿਰੇ...।

–ਰਾਤਾਂ? ਚੌਲਾਂ ਦਾ ਚਮਚ ਰਾਹ ਵਿੱਚ ਰੋਕ ਕੇ ਸਿੰਮੀ ਨੇ ਪੁੱਛਿਆ...

–ਕਿਉਂ ਪਿਛਲੀ ਰਾਤ ਉਹ ਇੱਥੇ ਨਹੀਂ ਸੀ?

–ਤੁਹਾਨੂੰ ਕਿਸਨੇ ਕਿਹਾ...?

–ਮੈਂ ਖੁਦ ਆਇਆ ਸੀ...

–ਉਹ...। ਸਿੰਮੀ ਦੇ ਚਿਹਰੇ ਉੱਤੇ ਅਫਸੋਸ ਦੇ ਭਾਵ ਆ ਗਏ–ਤੁਸੀਂ ਬੈਲ ਕਰ ਦੇਣੀ ਸੀ। ਦੱਤੇ ਨੂੰ ਵਾਪਸ ਭੇਜ ਦੇਂਦੇ–ਇਹ ਘਰ ਤੁਹਾਡਾ ਹੈ ਦੱਤੇ ਦਾ ਨਹੀਂ।

ਉਹ ਤੜਫ ਗਿਆ। ਇਸ ਔਰਤ ਉੱਤੇ ਕੋਈ ਅਸਰ ਹੀ ਨਹੀਂ। ਹਰ ਗਲ ਸਹਿਜਤਾ ਨਾਲ ਕਰੀ ਜਾ ਰਹੀ ਹੈ।

ਤਾਂ ਤੇ ਤੁਹਾਨੂੰ ਬਹੁਤ ਔਖ ਹੋਈ ਹੋਣੀ ਹੈ? ਆਈ ਐਮ ਸਾਰੀ ਫਾਰ ਦੈਟ... ਬਾਈ ਦੀ ਵੇ, ਤੁਸੀਂ ਫਿਰ ਰਾਤ ਕਿੱਥੇ ਕੱਟੀ...?

–ਤੈਨੂੰ ਇਸ ਨਾਲ ਮਤਲਬ? ਤੂੰ ਇਹ ਦੱਸ ਤੈਂ ਘਰ ਨੂੰ ਸਰਾਂ ਸਮਝ ਰੱਖਿਆ ਹੈ?

ਉਹ ਗੁਸੇ ਨਾਲ ਭਖ ਪਿਆ। ਵਾਸ਼ ਵੇਸਨ ਤੋਂ ਪਰਤਦਿਆਂ ਤੌਲੀਏ ਨਾਲ ਹੱਥ ਸਾਫ ਕਰਦਿਆਂ ਸਿੰਮੀ ਮੁਸਕਰਾਈ–ਸ਼ਾਂਤੀ ਨਾਲ ਗੱਲ ਨਹੀਂ ਕਰ ਸਕਦੇ? ਤੁਹਾਡੇ ਆਵਾਜ਼ ਉੱਚੀ ਕਰਨ ਨਾਲ ਮੇਰੇ ਉੱਤੇ ਕੋਈ ਅਸਰ ਨਹੀਂ ਹੋਣ ਲੱਗਿਆ। ਤੌਲੀਏ ਨੂੰ ਸਟੈਂਡ ਉੱਪਰ ਰੱਖਦਿਆਂ ਸਿੰਮੀ ਨੇ ਫਿਰ ਕਿਹਾ–ਹੁਣ ਇੱਕ ਗੱਲ ਮੈਂ ਪੁੱਛਾਂ? ਤੁਸੀਂ ਇਸ ਘਰ ਨੂੰ ਘਰ ਕਦੋਂ ਤੋਂ ਸਮਝਣ ਦਾ ਦਾਅਵਾ ਕਰਨ ਲੱਗ ਪਏ? ਇਕ ਸਰਾਂ ਤੋਂ ਵੱਧ ਕਦੀ ਅਹਿਮੀਅਤ ਦਿੱਤੀ ਵੀ ਹੈ ਇਸਨੂੰ?

–ਮਤਲਬ?

–ਅੱਧੀ ਅੱਧੀ ਰਾਤ ਘਰ ਆਉਣਾ। ਖਾ ਪੀ ਕੇ ਸੌਂ ਜਾਣਾ। ਸਵੇਰੇ ਉੱਠਦੇ ਹੀ ਫਿਰ ਰਵਾਨਾ। ਕਦੀ ਧਿਆਨ ਦਿੱਤਾ ਹੈ ਘਰ ਵੱਲ? ਕਦੀ ਸੋਚਿਆ ਹੈ ਕਿ ਘਰ ਵਿੱਚ ਕੋਈ ਹੋਰ ਵੀ ਹੈ?

–ਤੂੰ ਆਪਣੇ ਆਪ ਨੂੰ ਇਸ ਯੋਗ ਸਮਝਦੀ ਹੈਂ ਕਿ ਤੇਰੇ ਵੱਲ ਧਿਆਨ ਦਿੱਤਾ ਜਾਵੇ? ਤੇਰੇ ਨਾਲ ਰਹਿਣਾ ਦੁੱਭਰ ਹੁੰਦਾ ਜਾ ਰਿਹਾ ਹੈ।

–ਕੌਣ ਧਿਆਨ ਦੇਣ ਦੇ ਯੋਗ ਹੈ ਕੌਣ ਨਹੀਂ? ਮੇਰਾ ਖਿਆਲ ਹੈ ਇਸ ਗੱਲ ਨੂੰ ਢਕੀ ਹੀ ਰਹਿਣ ਦੇਈਏ। ਬਾਕੀ ਰਹੀ ਨਾਲ ਰਹਿਣ ਦੀ ਗੱਲ। ਮੈਂ ਤੁਹਾਨੂੰ ਪਹਿਲਾਂ ਸਾਫ ਕਰ ਚੁੱਕੀ ਹਾਂ ਕਿ ਐਸੀ ਕੋਈ ਮਜਬੂਰੀ ਨਹੀਂ ਹੋਣੀ ਚਾਹੀਦੀ। ਵੈਸੇ ਇੱਕਠਿਆਂ ਰਹਿਣਾ ਅਜੇ ਆਪਣੇ ਦੋਵਾਂ ਦੇ ਫਾਇਦੇ ਵਿੱਚ ਹੈ...।

–ਉਹ ਕਿਵੇਂ...?

–ਤੁਹਾਡੀਆਂ ਕਰਤੂਤਾਂ ਨੂੰ ਮੈਂ ਬਹੁਤ ਚਿਰ ਤੋਂ ਵੇਖਦੀ ਝੱਲਦੀ ਆ ਰਹੀ ਹਾਂ। ਪਹਿਲਾਂ ਪਹਿਲਾਂ

ਰੋਕਿਆ ਸੀ। ਪਰ ਜਦੋਂ ਵੇਖਿਆ ਤੁਸੀਂ ਸੁਧਰ ਸਕਦੇ ਹੀ ਨਹੀਂ, ਤਾਂ ਖਹਿੜਾ ਹੀ ਛੱਡ ਦਿੱਤਾ। ਹੁਣ ਮੇਰੀ ਪਹਿਲੀ ਵਾਰ ਇੱਕ 'ਨਿਜੀ ਦੁਨੀਆਂ' ਬਣੀ ਹੈ। ਉਸਨੂੰ ਕਾਇਮ ਰੱਖਦੇ ਹੋਏ, ਸੁਸਾਇਟੀ ਵਿੱਚ ਵਿਚਰਨ ਲਈ ਮੈਨੂੰ ਵੀ ਇਕ ਨਾਂ ਦੀ ਓਟ ਚਾਹੀਦੀ ਹੈ। ਅਤੇ ਉਹ ਨਾਂ ਹੈ ਮਿਸਟਰ ਜਨਮੇਜਾ। ਅਲੱਗ ਹੋਣ ਨਾਲ ਦੋਵੇਂ ਬਦਨਾਮੀ ਦੀ ਲਪੇਟ ਵਿੱਚ ਆ ਜਾਵਾਂਗੇ। ਤੁਹਾਡਾ ਸੁਸਾਇਟੀ ਵਿਚ ਕਾਫੀ ਸਨਮਾਨ ਹੈ। ਮੈਂ ਨਹੀਂ ਚਾਹੁੰਦੀ ਤੁਹਾਡੇ ਸਨਮਾਨ ਨੂੰ ਕੋਈ ਠੇਸ ਲੱਗੇ। ਇਹ ਤਾਂ ਹੀ ਸੰਭਵ ਹੈ ਜੇ ਮੇਰੀ ਦੁਨੀਆਂ ਵਿੱਚ ਦਖਲ ਨਾ ਦੇਵੋਂ। ਤੁਸੀਂ ਜੋ ਕੁਝ ਕਰ ਰਹੇ ਹੋ-ਮੈਂ ਜਾਣਦੀ ਹਾਂ, ਕਰੀ ਚਲੋ...।

-ਤੂੰ ਸਰਾਸਰ ਝੂਠੇ ਇਜਲਾਮ ਲਗਾ ਰਹੀ ਹੈਂ ਮੇਰੇ ਉੱਤੇ। ਆਪਣੀ ਕਮਜ਼ੋਰੀ ਢਕਣ ਲਈ ਤੂੰ...

-ਵੇਖੋ ਤਲਖ ਹੋਣ ਦਾ ਕੋਈ ਫਾਇਦਾ ਨਹੀਂ। ਮੈਂ ਅਣਜਾਣ ਨਹੀਂ ਕਿ ਰਾਤ ਨੂੰ ਗਿਆਰਾਂ ਵਜੇ ਤੱਕ ਤੁਹਾਡੀ ਕਿਹੜੀ ਲੇਵਰ ਕੰਮ ਤੇ ਲੱਗੀ ਹੁੰਦੀ ਹੋਣੀ ਹੈ! ਜਰਾ ਦੱਸਿਓ, ਰਾਹ ਵਿੱਚ ਕਿਹੜਾ ਠਾਹਰ ਬਣਾਇਆ ਹੈ ਜਿਸ ਕੋਲੋਂ ਅੱਧੀ ਰਾਤ ਨੂੰ...?

-ਸਿੰਮੀ...

-ਦੇਖੋ ਫਿਰ ਗੁੱਸਾ...। ਸਿੰਮੀ ਮੁਸਕਰਾਈ ਗੁੱਸਾ ਸਿਹਤ ਲਈ ਠੀਕ ਨਹੀਂ ਹੁੰਦਾ। ਸੁਣਿਆਂ, ਮੇਰੀ ਗੈਰ ਹਾਜਰੀ ਵਿੱਚ ਕੋਈ ਬੰਦਾ ਦੋ ਵਾਰ ਆ ਕੇ ਚਾਰ ਚਾਰ ਪੰਜ ਪੰਜ ਦਿਨ ਰਹਿ ਕੇ ਗਿਆ ਹੈ। ਦੋਵੇਂ ਵਾਰ ਉਸਦੇ ਨਾਲ ਜੁਆਨ ਉਮਰ ਦੀ ਵੱਖ ਵੱਖ ਕੁੜੀ ਸੀ।

-ਸ਼ਰਮ ਕਰ ਕੁਝ, ਉਹ ਮੇਰਾ ਦੋਸਤ ਹੈ। ਅਤੇ ਉਹ ਦੋਵੇਂ ਉਸਦੀਆਂ ਸਕੀਆਂ ਕੁੜੀਆਂ ਸੀ। ਅਤੇ ਉਹ ਲੱਤਾਂ ਦਾ ਇਲਾਜ ਕਰਾਣ ਲਈ ਆਉਂਦਾ ਰਿਹਾ ਹੈ।

-ਦੋਸਤੀ ਦੇ ਅਰਥ ਤੁਹਾਡੇ ਲਈ ਕੀ ਨੇ? ਇਹ ਤਾਂ ਮੈਂ ਪਹਿਲਾਂ ਹੀ ਜਾਣਦੀ ਸੀ। ਪਰ ਇਸ ਹੱਦ ਤੱਕ ਨੀਵਾਂ ਡਿਗਣ ਦੀ ਉਮੀਦ ਨਹੀਂ ਸੀ ਕੀਤੀ ਕਿ ਕਿਸੇ ਦੇ ਅਪਾਹਜ ਪਣ ਅਤੇ ਗਰੀਬੀ ਦਾ ਇਸ ਹੱਦ ਤੱਕ ਫਾਇਦਾ ਉਠਾਓਗੇ...?

-ਸਿੰਮੀ...

-ਮੈਂ ਜਾਣਦੀ ਹਾਂ ਤੁਹਾਡੇ ਵਿੱਚ ਹਾਲਾਤਾਂ ਦਾ ਜਾਇਜਾ ਲੈਣ ਦੀ ਅਤੇ ਅਗਲੇ ਦੇ ਮਨੋਵਿਗਿਆਨ ਨੂੰ ਸਮਝਣ ਦੀ ਏਨੀ ਤਿਖੀ ਸੂਝ ਹੈ ਕਿ ਤੁਸੀਂ ਚੌਦਾਂ, ਪੰਦਰਾਂ ਸਾਲ ਦੀਆਂ ਜੁਆਕੜੀਆਂ ਨੂੰ ਵੀ ਵਰਗਲਾ ਸਕਦੇ ਹੋ ਪਰ...

-ਜੁਬਾਨ ਬੰਦ ਰਖ ਸਿੰਮੀ, ਇਹ ਇਲਜਾਮ ਹੈ ਸਰਾਸਰ...

-ਜੇ ਇਹ ਇਲਜਾਮ ਹੈ ਤਾਂ ਦਸੋਗੇ ਤੁਸੀਂ ਸਾਰੇ ਦੇ ਸਾਰੇ ਦਿਨ ਉਸਨੂੰ ਸ਼ਰਾਬ ਨਾਲ ਗੁੱਟ ਕਿਉਂ ਕਰ ਦੇਂਦੇ ਰਹੇ? ਖੁਦ ਸ਼ਰਾਬ ਦੇ ਏਡੇ ਸ਼ੁਕੀਨ ਹੋਣ ਦੇ ਬਾਵਜੂਦ, ਉਨ੍ਹਾਂ ਦਿਨਾਂ ਵਿੱਚ ਖੁਦ ਇਕ ਘੁੱਟ ਵੀ ਨਹੀਂ ਪੀਤੀ...! ਕਿਉਂ?

-ਸਿੰਮੀ ਤੂੰ...

-ਆਪਣੀ ਅਲਮਾਰੀ ਵਿੱਚੋਂ ਨੀਂਦ ਦੀਆਂ ਗੋਲੀਆਂ ਦੀ ਡੱਬੀ ਅਤੇ ਕਲੋਰੋਫਾਰਮ ਦੀ ਸ਼ੀਸ਼ੀ ਤਾਂ ਪਰ੍ਹਾਂ ਹਟਾ ਦੇਣੀ ਸੀ। ਨਾਲੇ ਉਨ੍ਹਾਂ ਵਿੱਚੋਂ ਇਕ ਕੁੜੀ ਨੂੰ ਕੁਝ ਦਿਨ ਪਹਿਲਾਂ ਤੁਹਾਡੇ ਨਾਲ ਸਿਨਮੇ ਹਾਲ ਵਿੱਚ ਨੌਕਰ ਨੇ ਖੁਦ ਵੇਖਿਆ ਹੈ। ਜੇ ਉਸ ਨਾਲ ਸਿਰਫ ਦੋਸਤ ਦੀ ਧੀ ਵਾਲਾ ਰਿਸ਼ਤਾ ਹੈ ਤਾਂ ਇਸ ਤਰ੍ਹਾਂ...?

-ਹਰਾਮਜਾਦਾ...। ਪਹਿਲਾਂ ਤਾਂ ਮੈਂ ਨੌਕਰ ਦੀ ਛੁੱਟੀ ਕਰਦਾ ਹਾਂ ਅੱਜ ਹੀ...

-ਸ਼ਾਂਤੀ, ਸ਼ਾਂਤੀ ਸਿੰਮੀ ਮੁਸਕਰਾਈ-ਅਜੇ ਵੀ ਕਿਸੇ ਸਬੂਤ ਦੀ ਲੋੜ ਹੈ? ਬਾਕੀ ਨੌਕਰ ਨੂੰ ਕੁਝ ਵੀ ਕਹਿਣ ਦੀ ਲੋੜ ਨਹੀਂ। ਉਹ ਮੇਰਾ ਨੌਕਰ ਹੈ ਅਤੇ ਮੇਰੇ ਘਰ ਵਿੱਚ ਹੈ।

ਜਮਨੇਜੇ ਨੂੰ ਲੱਗਿਆ ਕਿਸੇ ਅਦਿੱਖ ਸ਼ਕਤੀ ਨੇ ਉਸ ਸਾਰਾ ਵਜੂਦ ਨੀਂਬੂ ਵਾਂਗ ਨਚੋੜ ਦੇ ਰੱਖ ਦਿੱਤਾ ਹੈ। ਉਸਦਾ ਅੰਦਰ ਅਜੀਬ ਢੰਗ ਨਾਲ ਨਿੱਸਲ ਹੁੰਦਾ ਜਾ ਰਿਹਾ ਹੈ। ਉਹਰ ਨਿਢਾਲ ਹੋ ਕੇ ਸੋਫੇ ਉੱਪਰ ਬੈਠ ਗਿਆ। ਬੈਠਿਆ ਨਹੀਂ ਡਿੱਗ ਜਿਹਾ ਪਿਆ। ਲੱਤਾਂ ਬਾਹਵਾਂ ਵਿੱਚ ਜਿਵੇਂ ਸਾਹ ਸਤ ਹੀ ਨਾ ਰਿਹਾ ਹੋਵੇ। ਪਛਾੜ ਦੇ ਗਈ ਹੈ ਉਸਨੂੰ।



ਸਿੰਮੀ ਠੰਢੇ ਪਾਣੀ ਦਾ ਗਿਲਾਸ ਲੈ ਕੇ ਉਸਦੇ ਕੋਲ ਆ ਖੜ੍ਹੀ ਹੋਈ ਹੈ।

-ਲਓ ਪਾਣੀ ਪੀ ਲਓ।

ਉਹ ਮਸੀਨੀ ਮਾਨਵ ਵਾਂਗ ਹੱਥ ਵਧਾ ਕੇ ਪਾਣੀ ਦਾ ਗਿਲਾਸ ਫੜ ਲੈਂਦਾ ਹੈ। ਹਾਂ ਪਾਣੀ ਦੀ ਤਾਂ ਉਸਨੂੰ ਸਖਤ-ਲੋੜ ਹੈ। ਗਲਾ ਕਿਵੇਂ ਸੁੱਕ ਰਿਹਾ ਹੈ? ਉਹ ਗਟ ਗਟ ਕਰਕੇ ਗਿਲਾਸ ਖਾਲੀ ਕਰ ਜਾਂਦਾ ਹੈ-ਇਕ ਗਿਲਾਸ ਹੋਰ...।

-ਦੇਖੋ ਮੈਨੂੰ ਤੁਹਾਡੇ ਇਸ ਸਭ ਕੁਝ ਨਾਲ ਕੋਈ ਮਤਲਬ ਨਹੀਂ ਹੈ। ਨਾ ਮੈਂ ਕਿਸੇ ਕਿਸਮ ਦਾ ਦਖਲ ਹੀ ਦੇਣਾ ਚਾਹੁੰਦੀ ਹਾਂ। ਕਿਉਂਕਿ ਜਾਣਦੀ ਹਾਂ ਤੁਹਾਡੇ ਤੇ ਕੋਈ ਅਸਰ ਤਾਂ ਹੋਣਾ ਹੀ ਨਹੀਂ। ਮੈਨੂੰ ਤਾਂ ਇੱਕ ਹੀ ਗੱਲ ਦਾ ਫਿਕਰ ਹੋ ਰਿਹਾ ਹੈ ਕਿ ਕਿਤੇ ਤੁਹਾਡਾ ਅਹਿੱਤ ਨਾ ਹੋ ਜਾਵੇ...।

-ਅਹਿੱਤ ਕਿਵੇਂ?

-ਨੌਕਰ ਤੋਂ ਪਤਾ ਲੱਗਿਆ ਸੀ ਕਿ ਪਹਿਰਾਵੇ ਆਦਿ ਤੋਂ ਉਹ ਪੇਂਡੂ ਲਗਦੇ ਸੀ। ਪੇਂਡੂ ਲੋਕ ਕੁੜੀਆਂ ਕੱਤਰੀਆਂ ਦੀ ਇੱਜਤ ਦੇ ਮਾਮਲੇ ਵਿਚ ਜਿਆਦਾ ਭਾਵਕ ਹੁੰਦੇ ਨੇ। ਸ਼ਹਿਰੀਆਂ ਵਾਂਗ ਬਹੁਤੀ ਦੂਰ ਤੱਕ ਬਰਦਾਸ਼ਤ ਨਹੀਂ ਕਰਦੇ। ਜਦੋਂ ਵੀ ਉਨ੍ਹਾਂ ਨੂੰ ਪਤਾ ਲੱਗ ਗਿਆ। ਭਾਵੇਂ ਤੁਸੀਂ ਲੱਖ ਅਹਿਸਾਨ ਕੀਤੇ ਹੋਣ। ਸਭ ਬੇਮਾਨੇ ਹੋ ਕੇ ਰਹਿ ਜਾਣਾ ਹੈ। ਮੈਨੂੰ ਤਾਂ ਡਰ ਹੈ, ਪਤਾ ਲੱਗਣ ਤੇ ਕਿਤੇ ਤੁਹਾਡੀਆਂ ਲੱਤਾਂ ਬਾਹਵਾਂ ਤੋੜ ਕੇ ਕਾਰ ਵਿੱਚ ਨਾ ਪਾ ਦੇਣ।

ਜਮਨੇਜੇ ਦੇ ਅੰਦਰ ਡਰ ਦੀ ਇਕ ਧੁੜਧੁੜੀ ਜਿਹੀ ਲੰਘ ਗਈ। ਪਰ ਉਸਨੇ ਅੰਦਰਲਾ ਡਰ ਸਿੰਮੀ ਸਾਹਵੇਂ ਪ੍ਰਗਟ ਨਹੀਂ ਹੋਣ ਦਿੱਤਾ। ਬਿਨਾਂ ਇਕ ਵੀ ਸ਼ਬਦ ਕਹੇ ਸੌਣ ਲਈ ਬੈੱਡ ਰੂਮ ਵੱਲ ਵੱਧ ਗਿਆ।

## ਗਿਆਰਾਂ

ਉਸ ਡਰ ਭਰੀ ਅਵਸਥਾ ਵਿੱਚੋਂ ਉਹ ਬਹੁਤ ਛੇਤੀ ਉੱਭਰ ਆਇਆ।

ਅਸਲ ਵਿੱਚ ਉਹ ਆਪਣੇ ਉੱਪਰ ਬਹੁਤ ਛੇਤੀ ਕਾਬੂ ਪਾ ਲੈਣ ਦੀ ਸਮਰੱਥਾ ਰੱਖਦਾ ਹੈ। ਹਾਲਾਤ ਦਾ ਜਾਇਜਾ ਵੀ ਬਹੁਤ ਛੇਤੀ ਲੈ ਲੈਂਦਾ ਹੈ। ਡਰਨ ਵਾਲੀ ਗੱਲ ਵੀ ਕਿਹੜੀ ਹੈ? ਜੱਸੀ ਦੇ ਘਰ ਵਿੱਚ ਕੌਣ ਹੈ, ਹੱਥ ਚੁੱਕਣ ਵਾਲਾ। ਉਸਦੇ ਅਹਿਸਾਨਾਂ ਨੂੰ ਏਨਾ ਛੇਤੀ ਕਿਵੇਂ ਨਕਾਰ ਸਕਦੇ ਨੇ? ਜੇ ਉਹ ਅੱਜ ਵੀ ਹੱਥ ਖਿੱਚ ਲਵੇ। ਦੇਵ ਨੂੰ ਘਰ ਬਿਠਾ ਦੇਵੇ ਤਾਂ ਉਨ੍ਹਾਂ ਦੇ ਘਰ ਦੀ ਹਾਲਤ ਕੀ ਹੋ ਜਾਏਗੀ? ਬਾਕੀ ਰਹੀ ਪਿੰਡ ਵਾਲੇ। ਉਹ ਤਾਂ ਉਸਦੇ ਅਸਰ ਹੇਠਾਂ ਹਨ ਹੀ। ਉਸਨੂੰ ਵੇਖਦੇ ਸਾਰ ਕਿਵੇਂ ਹੱਥ ਜੋੜ ਕੇ ਖੜ੍ਹੇ ਹੋ ਜਾਂਦੇ ਨੇ। ਪਿੰਡ ਦਾ ਇਕ ਅੱਧ ਕੰਮ ਹੋਰ ਕਰਾ ਦਏਗਾ। ਸਰਕਾਰੀ ਹੋਮਿਓਪੈਥਿਕ ਡਿਸਪੈਂਸਰੀ ਤਾਂ ਖੁਲ੍ਹਵਾ ਹੀ ਸਕਦਾ ਹੈ। ਸਿਆਣਪ ਵੀ ਇਸੇ ਵਿੱਚ ਹੈ ਕਿ ਇੱਕ ਅੱਧ ਕੰਮ ਹੋਰ ਕਰਾ ਕੇ ਅਸਰ ਤਾਜਾ ਕੀਤਾ ਜਾਵੇ। ਉਂਝ ਪਿਛਲੇ ਦਿਨਾਂ ਵਿੱਚ ਉਸਦੇ ਅਸਰ ਰਸੂਖ ਨਾਲ ਦੋ ਮੁੰਡੇ ਕਲਰਕ ਤਾਂ ਲੱਗੇ ਹੀ ਨੇ। ਫਿਰ ਵੀ ਇਕ ਅੱਧ ਕੰਮ ਤਾਂ ਕਰਾ ਹੀ ਦੇਣਾ ਚਾਹੀਦਾ ਹੈ। ਨਾਂ ਜਾਣੀਏ ਗੜਬੜ ਖੜ੍ਹੀ ਹੀ ਹੋ ਜਾਵੇ। ਪਿੰਡ ਵਾਲੇ ਤਾਂ ਉਸਦੇ ਖਿਲਾਫ ਬਹੁਤਾ ਨਹੀਂ ਹੋਣਗੇ।

ਫਿਰ ਵੀ ਸੰਭਲਕੇ ਤਾਂ ਚਲਣਾ ਹੀ ਹੈ।

ਇੱਕੋ ਕਿਸਮ ਦੀਆਂ ਦੋ ਖਬਰਾਂ ਉਸਨੂੰ ਅੱਗੜ ਪਿੱਛੜ ਦੋ ਦਿਨਾਂ ਵਿੱਚ ਮਿਲੀਆਂ। ਪਹਿਲੇ ਦਿਨ ਦੇ ਸੁਨੇਹੇ ਨਾਲ ਉਹ ਹੁਲਾਸ ਨਾਲ ਭਰ ਗਿਆ। ਉਸ ਦਿਨ ਪਿੰਡ ਪਹੁੰਚਿਆ ਤਾਂ ਇਕ ਅੰਤਰ ਉਸਨੂੰ ਮਹਿਸੂਸ ਹੋਇਆ। ਜਿਵੇਂ ਕੁਝ ਖਿੜਿਆ ਪਿਆ ਹੈ ਘਰ ਅੰਦਰ। ਘਰ ਦੇ ਮਹੌਲ ਵਿੱਚ ਸੁਖਾਵੇਂਪਣ ਦੀ ਮਹਿਕ ਜਿਹੀ ਦਾ ਬੁਲ੍ਹਾ ਆਇਆ।

ਚਾਹ ਦਾ ਕੱਪ ਉਸਦੇ ਹੱਥ ਵਿੱਚ ਫੜਾਉਂਦਿਆਂ ਭਾਬੀ ਨੇ ਖਬਰ ਦੇ ਦਿੱਤੀ। ਉਸਨੂੰ ਜਾਪਿਆ ਜਿਵੇਂ ਏਨਾ ਕੁ ਸਮਾਂ ਵੀ ਇਹ ਗਲ ਭਾਬੀ ਨੇ ਅੰਦਰ ਮਸਾਂ ਸਾਂਭ ਕੇ ਰੱਖੀ ਹੋਏਗੀ।

-ਵਧਾਈਆਂ ਵੇ ਤੈਨੂੰ, ਦਿਓਰਾ।

-ਕਾਹਦੀਆਂ ਭਾਬੀ?

-ਬੁੱਝ ਲੈ...।

ਉਸਨੇ ਵੇਖਿਆ ਜੱਸੀ ਵੀ ਆਮ ਨਾਲੋਂ ਜ਼ਿਆਦਾ ਖੁਸ਼ ਹੈ। ਭਾਬੀ ਦਾ ਹੁਲਾਸ ਤਾਂ ਝੱਲ ਨਹੀਂ ਹੋ ਰਿਹਾ। ਉਸਨੇ ਦਿਮਾਗ ਉੱਤੇ ਜ਼ੋਰ ਦਿੱਤਾ। ਕੀ ਹੋ ਸਕਦੀ ਹੈ, ਖੁਸ਼ਖਬਰੀ? ਕਿਸ ਤੋਂ ਪੁੱਛੇ...? ਮੀਤਾਂ, ਨੀਲੂ ਵੀ ਤਾਂ ਘਰ ਨਹੀਂ ਵਿਖਾਈ ਦੇ ਰਹੀਆਂ। ਕਿਤੇ...? ਕਿਤੇ...?

-ਭਾਬੀ, ਕਿਤੇ ਵੀਰੋ ਬਾਰੇ ਤਾਂ ਨਹੀਂ...।

-ਹਾਂ...।

-ਕਦੋਂ ਤੋਂ ਭਾਬੀ?

-ਢਾਈ ਤਿੰਨ ਮਹੀਨੇ ਤੋਂ। ਅਸੀਂ ਤਾਂ ਵਸਦਿਆਂ ਵਿੱਚ ਰਹਿ ਗਏ ਹਾਂ ਜਿਵੇਂ। ਤੇਰੀ ਹਿੰਮਤ ਦੇ ਸਦਕੇ ਹੀ।

ਜਮਨੇਜੇ ਨੇ ਹਿਸਾਬ ਲਗਾਇਆ, ਮਸੀ ਤਿੰਨ ਕੁ ਮਹੀਨੇ ਤਾਂ ਹੋਏ ਨੇ ਵੀਰੋ ਨੂੰ ਪਟਿਆਲੇ ਤੋਂ ਆਇਆਂ। ਤਾਂ ਕਿਤੇ...? ਕਿਤੇ...?

ਉਹ ਅਚਾਨਕ ਅੰਦਰੋਂ ਭਾਵਕ ਹੋ ਉੱਠਿਆ।

-ਕਿਸ ਤੋਂ ਪਤਾ ਲੱਗਿਆ ਭਾਬੀ?

-ਵੀਰੋ ਆਈ ਹੋਈ ਹੈ।

-ਕਿੱਥੇ ਹੈ ਹੁਣ...।

-ਉੱਪਰ ਬੈਠੀ ਹੈ...।

-ਮੈਂ ਆਇਆ ਹੁਣੇ...।

ਉਹ ਕਾਹਲੀ ਨਾਲ ਪੌੜੀਆਂ ਵੱਲ ਵੱਧ ਗਿਆ। ਉਸਨੂੰ ਮਹਿਸੂਸ ਹੋਇਆ ਉਸਦੇ ਅੰਦਰ ਅਚਾਨਕ ਕਾਹਲ ਵਧ ਗਈ ਹੈ। ਉਸਨੂੰ ਇਕ ਦਮ ਨਹੀਂ ਸੀ ਉੱਠ ਆਉਣਾ ਚਾਹੀਦਾ। ਭਾਬੀ, ਜੱਸੀ ਕੀ ਸੋਚਣਗੇ? ਕੁਝ ਨਹੀਂ ਸੋਚਦੇ। ਇਸ ਖੁਸ਼ੀ ਦੇ ਮੌਕੇ, ਕੋਈ ਫਾਲਤੂ ਸੋਚ ਦਿਮਾਗ ਵਿੱਚ ਬਹੁਤਾ ਚਿਰ ਨਹੀਂ ਟਿਕਣ ਲੱਗੀ।

ਉਸਨੂੰ ਵੇਖਕੇ ਵੀਰੋ ਹੱਥ ਜੋੜ ਕੇ ਖੜ੍ਹੀ ਹੋ ਗਈ। ਕਿੰਨੀ ਸੁਹਣੀ ਲੱਗ ਰਹੀ ਹੈ? ਸਰੀਰ ਵੀ ਭਾਰਾ ਹੋ ਗਿਆ ਲਗਦਾ ਹੈ। ਉਸਨੇ ਅੱਗੇ ਵੱਧ ਇਕ ਬਾਂਹ ਵੀਰੋ ਦੇ ਮੋਢੇ ਦੁਆਲੇ ਵਲ ਲਈ।

-ਜੋ ਹੇਠਾਂ ਸੁਣਿਆ, ਉਹ ਸੱਚ ਹੈ ਵੀਰੋ।

ਵੀਰੋ ਨੇ ਨੀਵੀਂ ਪਾ ਲਈ। ਚਿਹਰਾ ਸੰਗ ਦੇ ਰੰਗ ਵਿੱਚ ਰੰਗਿਆ ਗਿਆ। 'ਹਾਂ' ਵਿੱਚ ਸਿਰ ਹਿਲਾ ਦਿੱਤਾ। ਜਮਨੇਜੇ ਨੇ ਉਸਨੂੰ ਨਾਲ ਘੁੱਟ ਲਿਆ। ਇਕ ਹੱਥ ਨਾਲ ਉਸਦੀ ਠੋਡੀ ਫੜ ਉਤਾਂਹ ਚੁੱਕੀ।

-ਹੁਣ ਤਾਂ ਖੁਸ਼ ਹੈਂ?

ਵੀਰੋ ਨੇ ਨਜ਼ਰ ਮਿਲਾ ਕੇ ਝੁਕਾ ਲਈ। ਫਿਰ ਹਾਂ ਵਿੱਚ ਸਿਰ ਹਿਲਾ ਦਿੱਤਾ। ਚਿਹਰਾ ਹੋਰ ਸੂਹਾ ਹੋ ਗਿਆ।

ਜਮਨੇਜੇ ਨੇ ਅੰਦਰ ਅਚਾਨਕ ਖੋਹ ਜਿਹੀ ਪੈਣ ਲੱਗ ਪਈ। ਗੁਬਾਰ ਬਣ ਕੇ ਇੱਕ ਹੌਲ ਜਿਹਾ ਉੱਠਿਆ। ਇਕ ਕੁੜੀ ਉਸਦੇ ਬੇਟੇ ਦੀ ਮਾਂ ਬਨਣ ਵਾਲੀ ਹੈ। ਮੁੰਡਾ ਵੀ ਹੋ ਸਕਦਾ ਹੈ। ਉਸਦੇ ਆਪਣੇ ਘਰ ਤਾਂ ਮੁੰਡਾ ਹੋ ਨਹੀਂ ਸਕਿਆ। ਉਹ ਭਾਵੁਕ ਹੋ ਗਿਆ। ਅੰਦਰ ਕਿਤੇ ਛੁਪੇ ਬੈਠੇ ਸੰਸਕਾਰ ਅੱਜ ਕਿਵੇਂ ਭਾਰੂ ਹੋ ਰਹੇ ਨੇ? ਅੱਜ ਉਸਦੇ ਅੰਦਰਲਾ ਬਹਿਸ਼ੀ ਮਨੁੱਖ ਕਿੱਥੇ ਜਾ ਛੁਪਿਆ ਹੈ? ਉਸਦਾ ਅੰਦਰ ਇੰਝ ਪੰਘਰ ਕਿਉਂ ਰਿਹਾ ਹੈ?

ਉਸਦੀਆਂ ਅੱਖਾਂ ਭਰ ਆਈਆਂ। ਇਕ ਹੰਝੂ ਵੀਰੋ ਦੇ ਮੱਥੇ ਉਪਰ ਜਾ ਡਿੱਗਿਆ, ਵੀਰੋ ਨੇ ਤ੍ਰਬਕ ਕੇ ਉਸ ਵੱਲ ਵੇਖਿਆ। ਆਪਣੇ ਹੱਥਾਂ ਨਾਲ ਉਸਦੇ ਹੰਝੂ ਪੂੰਝ ਦਿੱਤੇ-ਝੱਲੇ ਹੋ ਗਏ ਓ? ਮਨ ਕਿਉਂ ਹੌਲਾ ਕਰ ਰਹੇ ਓਂ?

-ਮੈਂ ਬੁਰਾ ਬੰਦਾ ਨਹੀਂ ਹਾਂ ਵੀਰੋ...। ਮੈਂ ਬੁਰਾ ਬੰਦਾ ਨਹੀਂ ਹਾਂ...।

-ਮੈਂ ਕਦੋਂ ਕਿਹਾ ਤੁਸੀਂ ਬੁਰੇ ਓ? ਮੈਨੂੰ ਤਾਂ ਤੁਸੀਂ ਜਿਉਣ ਜੋਗੀ ਕਰ ਦਿੱਤਾ...।

ਉਸਨੂੰ ਸੰਭਲਣਾ ਚਾਹੀਦਾ ਹੈ। ਉਹ ਇੰਝ ਭਾਵੁਕ ਕਿਉਂ ਹੋਈ ਜਾ ਰਿਹਾ ਹੈ? ਅੱਗੇ ਤਾਂ ਕਦੀ ਇਸ ਤਰ੍ਹਾਂ



ਨਹੀਂ ਵਾਪਰਿਆ।

-ਮੇਰੇ ਬੱਚੇ ਤੇ ਮੇਰਾ ਹੱਕ ਮੰਨਦੀ ਰਹੇਂਗੀ ਨਾਂ?

ਵੀਰੋ ਨੇ ਹਾਂ ਵਿਚ ਸਿਰ ਹਿਲਾ ਦਿੱਤਾ-ਦੇਖੋ ਕਿਸੇ ਨੂੰ ਵੀ ਆਪਣੀ ਗੱਲ ਦੀ ਸੂਹ ਤਕ ਨਾ ਲਗਣ ਦਿਓ...।

-ਪਾਗਲ ਹੋ ਗਈ ਹੈਂ? ਮੈਨੂੰ ਕਿਤੇ ਇਸ ਗੱਲ ਦਾ ਖਿਆਲ ਨਹੀਂ।

ਜਮਨੇਜੇ ਨੇ ਵੀਰੋ ਦਾ ਚਿਹਰਾ ਉੱਪਰ ਚੁੱਕ ਬੁੱਲ੍ਹ ਚੁੰਮ ਲਏ।

****

ਦੂਸਰੀਂ ਖਬਰ ਅਗਲੇ ਦਿਨ ਨਾਭੇ ਮਿਲੀ। ਦੀਪਾਂ ਨੂੰ ਵੀਹ ਦਿਨ ਉੱਤੇ ਹੋ ਗਏ ਨੇ। ਇਸ ਖਬਰ ਨਾਲ ਉਸਨੂੰ ਕੁਝ ਘਬਰਾਹਟ ਹੋਈ। ਦੀਪਾਂ ਖੁਦ ਵੀ ਬਹੁਤ ਘਬਰਾਈ ਹੋਈ ਹੈ। ਕੁਝ ਪਲਾਂ ਲਈ ਤਾਂ ਉਸਦੇ ਅੰਦਰ ਵੀ ਭਾਵੁਕਤਾ ਦਾ ਵੇਗ ਜਾਗਿਆ। ਜੀ ਵਿੱਚ ਆਇਆ ਦੀਪਾਂ ਨੂੰ ਆਪਣਾ ਲਵੇ। ਸ਼ਾਇਦ ਮੁੰਡਾ ਹੀ ਜਨਮੇ...। ਵਿਚਾਰ ਕਿੰਨੇ ਹੀ ਅੱਗੇ ਵਧ ਜਾਣ ਪਰ ਸੰਸਕਾਰ? ਉਨ੍ਹਾਂ ਤੋਂ ਬੰਦਾ ਬਹੁਤਾ ਦੂਰ ਨਹੀਂ ਭੱਜ ਸਕਦਾ। ਉਸਨੂੰ ਵੀ ਤਾਂ ਜਾਨਸੀਨ ਦੀ ਲੋੜ ਹੈ। ਸਿੰਮੀ ਤੋਂ ਵੀ ਆਖਰ ਉਸਨੂੰ ਕੀ ਮਿਲ ਰਿਹਾ ਹੈ? ਦੀਪਾਂ ਉਸਨੂੰ ਪਿਆਰ ਵੀ ਤਾਂ ਕਿੰਨਾ ਕਰ ਰਹੀ ਹੈ।

ਪਰ ਛੇਤੀ ਹੀ ਉਸਦੇ ਅੰਦਰਲੇ ਸ਼ੈਤਾਨ ਨੇ ਉਸਨੂੰ ਦਬੋਚ ਲਿਆ। ਭਾਵਕਤਾ ਤਾਰ-ਤਾਰ ਕਰਕੇ ਰੱਖ ਦਿੱਤੀ- ਕੀ ਕਰ ਰਿਹਾ ਹੈਂ ਤੂੰ? ਦਿਮਾਗ ਠੀਕ ਹੈ ਤੇਰਾ? ਇੰਝ ਵਾਰ-ਵਾਰ ਭਾਵੁਕ ਹੋ ਉੱਠਣ ਨਾਲ ਕਿਵੇਂ ਚਲੇਗਾ? ਅੱਗੇ ਕਦੀ ਅਬਾਰਸ਼ਨ ਹੀ ਨਹੀਂ ਕਰਵਾਏ ਤੂੰ? ਦੋ ਤਾਂ ਪਰਮ ਦੇ ਹੀ ਕਰਾਣੇ ਪਏ ਸੀ। ਪਰਮ ਦੀ ਛੱਡ, ਉਂਝ ਵੀ, ਦੱਸ ਗਿਣਤੀ ਯਾਹ ਹੈ ਤੈਨੂੰ...? ਕਿੰਨੀਆਂ ਕੁੜੀਆਂ ਲੇਡੀ ਡਾਕਟਰ ਸੁਮਨ ਦੇ ਕੈਬਨ ਤੱਕ ਪਹੁੰਚਾ ਚੁੱਕਿਆ ਹੈਂ? ਦੀਪਾਂ ਵਰਗੀ ਸਾਧਾਰਨ ਕੁੜੀ ਨਾਲ ਨਿਭਾ ਸਕੇਂਗਾ? ਆਪਣੀ ਛੱਡ ਉਹ ਨਿਭਾ ਸਕੇਗੀ ਤੇਰੇ ਨਾਲ? ਸਿੰਮੀ ਤੇਰੇ ਸੰਬੰਧਾਂ ਵਿੱਚ ਕਦੇ ਰੋਕ ਨਹੀਂ ਬਣੀ। ਦੀਪਾਂ ਜਰ ਸਕੇਗੀ ਇਸ ਹੱਦ ਤੱਕ? ਅਗੋਂ ਲਈ ਵੀ ਟਲ ਤੇਰੇ ਕੋਲੋਂ ਹੋਣਾ ਨਹੀਂ। ਤੇ ਤਰਤੂਤਾਂ ਹਰ ਸਮੇਂ ਢਕੀਆਂ ਵੀ ਨਹੀਂ ਰਿਹਾ ਕਰਦੀਆਂ... ਹੋਸ਼ ਕਰ... ਹੋਸ਼...।

ਭਾਵੁਕਤਾ ਕਾਫ਼ੂਰ ਵਾਂਗ ਉੱਡ ਗਈ। ਅੰਦਰਲੀ ਕੋਮਲਤਾ ਨੇ ਹਥਿਆਰ ਸੁੱਟ ਦਿੱਤੇ। ਹਾਂ ਅਬਾਰਸ਼ਨ ਹੀ ਇਸਦਾ ਹੱਲ ਹੈ। ਪਰ ਆਪਣੇ ਮੂੰਹੋਂ ਨਹੀਂ ਕਹੇਗਾ। ਅਜੇ ਉਹ ਦੀਪਾਂ ਨਾਲ ਸਾਂਝ ਕਾਇਮ ਰੱਖਣੀ ਚਾਹੁੰਦਾ ਹੈ। ਰੱਖਣੀ ਚਾਹੀਦੀ ਹੈ।

-ਏਨੀ ਘਬਰਾਈ ਹੋਈ ਕਿਉਂ ਹੈਂ?

-ਕੀ ਬਣੂ? ਮੈਨੂੰ ਤਾਂ ਕੁਝ ਸਮਝ ਨਹੀਂ ਲੱਗ ਰਹੀ?

ਉਸਨੇ ਦੀਪਾਂ ਨੂੰ ਬੁੱਕਲ ਵਿਚ ਲੈ ਲਿਆ। ਪਿਆਰ ਨਾਲ ਪੁਚਕਾਰਿਆ।

-ਦੇਖ ਦੀਪੇ! ਘਬਰਾਈ ਤਾਂ ਇਸ ਦਮ ਨਹੀਂ। ਜਿਵੇਂ ਤੂੰ ਕਹੇਂਗੀ ਉਸੇ ਤਰ੍ਹਾਂ ਕਰ ਲਵਾਂਗੇ। ਮੇਰੇ ਪਿਆਰ ਉਤੇ ਭਰੋਸਾ ਰੱਖ। ਇਕ ਦੋ ਗੱਲਾਂ ਵਿਚਾਰਨ ਵਾਲੀਆਂ ਨੇ। ਹੰਝੂ ਪੂੰਝ ਲੈ ਪਹਿਲਾਂ...।

ਦੀਪਾਂ ਨੂੰ ਹੌਂਸਲਾ ਮਿਲਿਆ। ਸੰਭਲ ਕੇ ਬੈਠ ਗਈ।

-ਆਪਣੇ ਸਾਮ੍ਹਣੇ ਦੋ ਰਾਹ ਨੇ ਦੀਪੇ। ਪਹਿਲਾ ਹੈ ਕਿ ਇਸ ਬੱਚੇ ਨੂੰ ਦੁਨੀਆਂ ਤੇ ਆਉਣ ਦਿੱਤਾ ਜਾਵੇ। ਇਸ ਲਈ ਮੈਂ ਤੇਰੇ ਨਾਲ ਹਾਂ। ਦਿਲੋਂ ਆਪਣੀ ਪਤਨੀ ਦਾ ਕਰਜਾ ਦਿੱਤਾ ਹੈ ਤੈਨੂੰ। ਇਕ ਦੋ ਗੱਲਾਂ ਬਾਰੇ ਵਿਚਾਰਨਾ ਪੈਣਾ ਹੈ। ਇੱਕ ਤਾਂ ਕਾਨੂੰਨੀ ਤੌਰ ਤੇ ਅਜੇ ਤੈਨੂੰ ਮੇਰੀ ਪਤਨੀ ਨਹੀਂ ਸਵਿਕਾਰਿਆ ਜਾਣਾ। ਆਪਣੇ ਬੱਚੇ ਨੂੰ ਦੁਨੀਆਂ ਵਾਲੇ ਨਾਜਾਇਜ ਕਰਾਰ ਦੇ ਦੇਣਗੇ। ਜੱਸੀ ਬਾਰੇ ਸੋਚਣ ਦੀ ਵੀ ਲੋੜ ਹੈ। ਉਸਦੇ ਮਨ ਉੱਤੇ ਪੈਣ ਵਾਲੇ ਬੁਰੇ ਪ੍ਰਭਾਵ ਨਾਲ ਬਿਮਾਰੀ ਵਧ ਸਕਦੀ ਹੈ। ਆਪਾਂ ਨੂੰ ਨਫ਼ਰਤ ਵੀ ਕਰਨ ਲਗ ਪੈਣਗੇ। ਉਨ੍ਹਾਂ ਦਾ ਪਿੰਡ ਵਿੱਚ ਰਹਿਣਾ ਵੀ ਦੁੱਭਰ ਹੋ ਜਾਏਗਾ। ਦੂਸਰਾ ਰਾਹ ਹੈ ਸਫਾਈ ਕਰਾ ਦਿੱਤੀ ਜਾਵੇ। ਅਜੇ ਵਿਗੜਿਆ ਵੀ ਕੀ ਹੈ? ਦਿਨ ਹੀ ਕਿੰਨੇ ਉੱਪਰ ਹੋਏ ਨੇ? ਆਪਾਂ ਆਪਣੇ ਬੱਚੇ ਨੂੰ ਨਜਾਇਜ ਕਿਉਂ ਅਖਵਾਈਏ? ਹੋਰ ਸਾਲ ਖੰਡ ਦੀ ਗੱਲ ਹੈ। ਤਲਾਕ ਹੋ ਲਵੇ। ਫਿਰ ਚਾਵਾਂ ਖੁਸ਼ੀਆਂ ਨਾਲ ਆਪਣੇ ਘਰ

ਵਿੱਚ ਆਪਣੇ ਬੱਚੇ ਨੂੰ ਜਨਮ ਦਿਆਂਗੇ। ਮੈਂ ਹਰ ਤਰ੍ਹਾਂ ਤੇਰੇ ਨਾਲ ਹਾਂ। ਆਪਣਾ ਮਨ ਬਣਾ ਲੈ..., ਜਿਵੇਂ ਤੂੰ ਕਹੇਂ...।

ਉਸਨੇ ਆਪਣੀ ਗਲ ਬੜੇ ਵਿਸ਼ਵਾਸ਼ ਅਤੇ ਠਰੰਮੇ ਨਾਲ ਕਹੀ। ਨਾਲ ਹੀ ਨਾਲ ਦੀਪਾਂ ਦੇ ਚਿਹਰੇ ਉਪਰ ਬਦਲੇ ਪ੍ਰਭਾਵਾਂ ਨੂੰ ਬਰੀਕੀ ਨਾਲ ਘੋਖਦਾ ਰਿਹਾ। ਦੀਪਾਂ ਉੱਪਰ ਉਸਦੀਆਂ ਗੱਲਾਂ ਦਾ ਉਸ ਦੇ ਮਨ ਮੁਤਾਬਕ ਹੀ ਅਸਰ ਹੁੰਦਾ ਰਿਹਾ।

-ਕਿਤੇ ਕੋਈ ਖਤਰਾ ਤਾਂ ਨਹੀਂ?

****

ਡਾਕਟਰ ਸੁਮਨ ਦੇ ਕਮਰੇ ਵਿੱਚ ਜਾਂਦੀ ਹੋਈ ਉਹ ਬਹੁਤ ਹੀ ਘਬਰਾ ਗਈ। ਸਾਰਾ ਅਰਸਾ ਘਬਰਾਈ ਰਹੀ। ਉਸਨੇ ਮਹਿਸੂਸ ਕੀਤਾ ਕਿ ਉਸਦਾ ਮਨ ਹੀ ਕਾਬੂ ਵਿੱਚ ਨਹੀਂ, ਉਂਝ ਘਬਰਾਉਣ ਵਾਲੀ ਕੋਈ ਖਾਸ ਗੱਲ ਤਾਂ ਹੈ ਨਹੀਂ।

ਡਾਕਟਰ ਸੁਮਨ ਨੇ ਦੀਪਾਂ ਨੂੰ ਤਸੱਲੀ ਦਿੱਤੀ ਅਤੇ ਅਗਲੇ ਮਹੀਨੇ ਆ ਕੇ 'ਕਾਪਰ ਟੀ' ਰਖਵਾ ਲੈਣ ਦੀ ਰਾਏ ਵੀ ਦਿੱਤੀ। ਇੰਝ ਵਾਰ ਵਾਰ ਅਬਾਰਸ਼ਨ ਨਾਲ ਔਰਤ ਦੇ ਸਰੀਰ ਵਿਚ ਵਾਕਿਆ ਹੀ ਕੱਖ ਨਹੀਂ ਰਹਿੰਦਾ...।

ਕੈਬਨ ਵਿੱਚੋਂ ਬਾਹਰ ਨਿਕਲਦੇ ਹੋਏ ਦੀਪਾਂ ਨੂੰ ਮਹਿਸੂਸ ਹੋਇਆ ਜਿਵੇਂ ਆਪਣੀ ਕੋਈ ਬਹੁਮੁੱਲੀ ਚੀਜ ਉਹ ਉੱਥੇ ਭੁਲ ਆਈ ਹੈ। ਕੋਈ ਕੀਮਤੀ ਸ਼ੈਅ ਨਾਲੀ ਵਿੱਚ ਰੋੜ੍ਹ ਆਈ ਹੈ।

ਕਾਰ ਦੀ ਸੀਟ ਉੱਤੇ ਬੈਠਣ ਤੱਕ ਉਸਦੀਆਂ ਅੱਖਾਂ ਛਲਕ ਆਈਆਂ।

ਜਮਨੇਜੇ ਨੇ ਵੇਖਿਆ। ਮੋਢੇ ਮੋਢੇ ਉੱਪਰੋਂ ਦੀ ਬਾਂਹ ਵਲਾ ਕੇ ਮੋਢਾ ਥਾਪੜ ਦਿੱਤਾ।

-ਟੇਕ ਇਟ ਈ ਜੀ। ਟਰਾਈ ਟੂ ਬੀ ਨਾਰਮਲ।

ਜਮਨੇਜੇ ਨੇ ਚੇਹਰੇ ਉਪਰ ਗੰਭੀਰਤਾ ਚਿਪਕਾਏ ਹੀ ਕਾਰ ਸਟਾਰਟ ਕਰ ਲਈ। ਅੰਦਰੋਂ ਸੁੱਖ ਦਾ ਸਾਹ ਲਿਆ-'ਚਲੋ ਮੁਸੀਬਤ ਟਲੀ।'

## ਬਾਰਾਂ

ਜਮਨੇਜੇ ਨੇ ਮਹਿਸੂਸ ਕੀਤਾ ਕਿ ਉਸਨੂੰ ਨੀਲੂ ਵੱਲ ਧਿਆਨ ਦੇਣਾ ਚਾਹੀਦਾ ਹੈ। ਸਗੋਂ ਧਿਆਨ ਦੇਣਾ ਪੈਣਾ ਹੈ। ਧਿਆਨ ਹੀ ਨਹੀਂ ਜਿਨਾ ਛੇਤੀ ਹੋ ਸਕੇ ਉਸਨੂੰ ਵਰਗਲਾ ਲੈਣਾ ਚਾਹੀਦਾ ਹੈ। ਨਹੀਂ ਤਾਂ ਉਸਦੇ ਫੈਲਾਏ ਜਾਲ ਦੇ ਨੰਗਾ ਹੋਣ ਦਾ ਡਰ ਹੈ। ਸੰਭਵ ਹੈ ਕਿ ਕੁਝ ਤਣੀਆਂ ਵੀ ਤਾਰ-ਤਾਰ ਕਰ ਦਿੱਤੀਆਂ ਜਾਣ।

ਪਰ ਹੋਰ ਚਾਰਾ ਵੀ ਤਾਂ ਨਹੀਂ।

ਗਲਤੀ ਜਮਨੇਜੇ ਦੀ ਆਪਣੀ ਹੈ। ਥੋੜ੍ਹੀ ਜਿਹੀ ਲਾਪਰਵਾਹੀ ਦਾ ਨਤੀਜਾ ਹੈ। ਇਹ।

ਉਸ ਦਿਨ ਘਰ ਵਿੱਚ ਕੋਈ ਵਿਖਾਈ ਨਾ ਦਿੱਤਾ ਤਾਂ ਉੱਪਰ ਚੜ੍ਹ ਗਿਆ। ਪਲੰਘ ਉਪਰ ਬੈਠੀ ਮੀਤਾਂ ਸਕੂਲ ਦਾ ਕੰਮ ਕਰ ਰਹੀ ਸੀ। ਅੱਗੇ ਵੱਧ ਮੋਢੇ ਉਪਰ ਹੱਥ ਰੱਖ ਦਿੱਤਾ।

-ਸੁਣਾ ਰਾਣੀਏ...।

ਮੀਤਾਂ ਨੇ ਕਾਹਲੀ ਨਾਲ ਹੱਥ ਝਟਕ ਦਿੱਤਾ ਅਤੇ ਪਲੰਘ ਦੀ ਉੱਚੀ ਬਾਹੀ ਤੋਂ ਉਸ ਪਾਰ ਘਬਰਾ ਕੇ ਵੇਖਿਆ। ਵੇਖ ਕੇ ਜਮਨੇਜਾ ਵੀ ਕੁਝ ਘਬਰਾ ਗਿਆ। ਪਲੰਘ ਦੀ ਓਟ ਵਿਚ ਨੀਲੂ ਬੈਠੀ ਕੁਝ ਫਰੋਲ ਰਹੀ ਸੀ। ਆਪਣੀ ਗਲਤੀ ਦਾ ਅਹਿਸਾਸ ਹੋਇਆ। ਪਰ ਛੇਤੀ ਹੀ ਸੰਭਲ ਗਿਆ। ਆਪਣੇ ਮੂੰਹੋਂ ਨਿਕਲੀ ਗਲ ਨੂੰ ਹੋਰ ਅਰਥਾਂ ਵਿੱਚ ਦੁਹਰਾ ਦਿੱਤਾ।

-ਵਿਖਾ ਤਾਂ ਸਹੀ ਰਾਣੀਏ ਧੀਏ ਕੀ ਲਿਖ ਰਹੀ ਹੈਂ?

ਕਾਪੀ ਫੜ ਕੇ ਚੋਰ ਨਜਰੇ ਵਰਕੇ ਉਲਟਾਏ। ਗੱਲ ਆਪਣੀ ਜਾਣੇ ਤਾਂ ਸਾਂਭ ਲਈ, ਪਰ ਜੇ ਨੀਲੂ ਤੇ



ਵੀ ਠੀਕ ਅਸਰ ਹੋ ਸਕਿਆ ਹੋਵੇ।

-ਨੀਲੂ ਬੋਲੀ ਨਹੀਂ। ਦੋ ਕਿਤਾਬਾਂ ਚੁੱਕ ਉਸ ਵੱਲ ਕੌੜਾ ਕੌੜਾ ਝਾਕਦੀ ਹੇਠਾਂ ਉੱਤਰ ਗਈ। ਜਮਨੇਜੇ ਦੀ ਮੀਤਾਂ ਨਾਲ ਨਜ਼ਰ ਮਿਲੀ। ਮੀਤਾਂ ਦੇ ਚਿਹਰੇ ਉਪਰ ਘਬਰਾਹਟ ਹੈ-ਦੇਖ ਤਾਂ ਲੈਣਾ ਸੀ ਪਹਿਲਾਂ।

-ਹੁਣ ਫੇਰ...? ਸਵਾਲ ਅਚੇਤ ਹੀ ਉਸਦੇ ਮੂੰਹੋਂ ਕਿਰ ਗਿਆ।

-ਕਿਤੇ ਬੀਬੀ ਨੂੰ ਨਾ ਦੱਸ ਦੇਵੇ...?

ਮੀਤਾਂ ਨੂੰ ਧਰਵਾਸ ਦੇਣਾ ਚਾਹੀਦਾ ਹੈ, ਜਨਮੇਜੇ ਨੇ ਮਹਿਸੂਸਿਆ।

-ਤੂੰ ਘਬਰਾ ਨਾ, ਸਭ ਠੀਕ ਹੀ ਰਹੂ। ਨਾਲੇ ਮੈਂ ਕਿਹੜੀ ਭੈੜੀ ਗਲ ਕਹਿ ਦਿੱਤੀ ਹੈ? ਰਾਣੀ ਧੀਏ ਹੀ ਤਾਂ ਕਿਹਾ ਹੈ?

ਉਹਨਾਂ ਦਾ ਡਰ ਨਿਰਮੂਲ ਨਿਕਲਿਆ। ਨੀਲੂ ਨੇ ਸਾਇਦ ਕਿਸੇ ਕੋਲ ਗੱਲ ਨਹੀਂ ਕੀਤੀ। ਜੇ ਕਰਦੀ ਤਾਂ ਵੀ ਕੀ ਕਹਿੰਦੀ? ਜਮਨੇਜੇ ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਕਿ ਨੀਲੂ ਦੀ ਕਹੀ ਗਲ ਨੂੰ ਬੁਰੀ ਤਰ੍ਹਾਂ ਨਕਾਰ ਦੇਵੇਗਾ। ਸਗੋਂ ਉਸਦੀ ਇਸ ਤਰ੍ਹਾਂ ਦੀ ਸੋਚਣੀ ਉੱਤੇ ਜੱਸੀ, ਭਾਬੀ ਵੱਲੋਂ ਉਸਨੂੰ ਫਿਟਕਾਰਾਂ ਪਵਾਣ ਤੱਕ ਦੀ ਹਾਲਤ ਤਕ ਮਹੌਲ ਨੂੰ ਖਿੱਚ ਲਿਆਏਗਾ। ਏਨਾ ਕੁ ਤਾਂ ਉਹ ਜੱਸੀ ਹੋਰਾਂ ਦੇ ਮਨਾਂ ਨੂੰ ਸਮਝਣ ਯੋਗ ਹੋ ਚੁੱਕਿਆ ਹੈ।

ਪਰ ਐਸੀ ਨੌਬਤ ਆਈ ਹੀ ਨਹੀਂ।

ਇਸਦਾ ਸਥਾਈ ਇਲਾਜ ਤਾਂ ਸੋਚਣਾ ਹੀ ਪੈਣਾ ਹੈ। ਜੇ ਨੀਲੂ ਦੇ ਮਨ ਨੂੰ ਹੀ ਜਿੱਤ ਸਕੇ ਤਾਂ ਖਤਰਾ ਹੀ ਟਲ ਜਾਏਗਾ। ਇਹ ਕੰਮ ਔਖਾ ਜ਼ਰੂਰ ਹੋਏਗਾ ਪਰ ਏਨਾ ਵੀ ਔਖਾ ਨਹੀਂ ਕਿ ਉਹ ਕਰ ਹੀ ਨਾ ਸਕੇ।

ਛੇਤੀ ਹੀ ਮੌਕਾ ਵੀ ਆ ਬਣਿਆ। ਅਗਲੀ ਵਾਰ ਜਦੋਂ ਪਿੰਡ ਪਹੁੰਚਿਆ ਤਾਂ ਘਰ ਵਿੱਚ ਇਕੱਲੀ ਨੀਲੂ ਬੈਠੀ ਸਕੂਲ ਦੇ ਕੰਮ ਵਿੱਚ ਰੁੱਝੀ ਹੋਈ ਹੈ।

ਉਸਨੂੰ ਵੇਖ ਨੀਲੂ ਉੱਠਣ ਲੱਗੀ।

-ਤੂੰ ਲਿਖੀ ਚਲ ਨੀਲੂ। ਉਸਨੇ ਆਵਾਜ਼ ਬਹੁਤ ਹੀ ਮੁਲਾਇਮ ਬਣਾ ਲਈ-ਬਾਕੀ ਕਿੱਥੇ ਨੇ...?

-ਬਾਹਰਲੇ ਘਰ...। ਅੱਜ ਮੱਝ ਸੂਈ ਹੈ...। ਮੈਂ ਲਿਆਉਂਦੀ ਹਾਂ ਬੁਲਾ ਕੇ...

-ਨਹੀਂ ਤੂੰ ਕੰਮ ਕਰੀ ਚੱਲ ... ਆ ਜਾਣਗੇ ਆਪੇ...।

ਨੀਲੂ ਲਿਖਣ ਵਿੱਚ ਰੁੱਝ ਗਈ। ਜਮਨੇਜਾ ਬੂਟ ਲਾਹ ਕੇ ਮੰਜੇ ਉੱਪਰ ਬੈਠ ਗਿਆ। ਕੁਝ ਪਲ ਨੀਲੂ ਵੱਲ ਵੇਖਦਾ ਰਿਹਾ। 'ਨਾਟ ਸੋ ਬੈਡ' ਮਨ ਵਿਚ ਦੁਹਰਾਇਆ। ਪਰ ਚੇਹਰਾ ਇੰਝ ਰੁਖਾ ਕਿਉਂ ਬਣਾਈ ਬੈਠੀ ਹੈ?

ਉਸਨੇ ਗਲਾਮੇ ਤੋਂ 'ਮੇਡ ਇਨ ਚਾਈਨਾ' ਦਾ ਪੈਨ ਲਾਹ ਕੇ ਨੀਲੂ ਵਲ ਵਧਾ ਦਿੱਤਾ-ਵੇਖ ਤਾਂ ਨੀਲੂ ਪੈਨ ਕੈਸਾ ਹੈ ਚੱਲਣ ਨੂੰ?

ਨੀਰੂ ਨੇ ਪੈਨ ਉਲਟ ਪਲਟ ਕੇ ਵੇਖਿਆ। ਲਿਖ ਕੇ ਵੇਖਿਆ, ਫਿਰ ਬੰਦ ਕਰ ਦਿੱਤਾ-ਚੰਗਾ ਹੈ। ਬਹੁਤਾ ਚੰਗਾ ਹੈ।

ਜਮਨੇਜੇ ਨੂੰ ਲੱਗਿਆ ਨੀਲੂ ਨੂੰ ਪੈਨ ਬਹੁਤ ਪਸੰਦ ਆਇਆ ਹੈ। ਉਹ ਉੱਠ ਖੜ੍ਹਾ ਹੋਇਆ-ਤੇਰੇ ਲਈ ਲੈ ਕੇ ਆਇਆਂ ਨੀਲੂ। ਬਸ ਨੰਬਰ ਬਣਾ ਕੇ ਵਿਖਾ ਦੇਈਂ ਐਤਕੀਂ। ਉਸਨੇ ਪੋਲੇ ਜਿਹੇ ਨੀਲੂ ਦੇ ਮੋਢੇ ਉੱਪਰ ਹੱਥ ਰੱਖ ਦਿੱਤਾ।

ਨੀਲੂ ਨੇ ਕੋਈ ਉਤਸ਼ਾਹ ਨਹੀਂ ਵਿਖਾਇਆ। ਪੈਨ ਇਕ ਪਾਸੇ ਰੱਖ ਦਿੱਤਾ।

-ਤੈਨੂੰ ਚੰਗਾ ਨਹੀਂ ਲੱਗਿਆ? ਬਹੁਤ ਵਧੀਆ ਪੈਨ ਹੈ। ਉਸਨੇ ਹੱਥ ਦਾ ਦਬਾਓ ਜਰਾ ਕੁ ਵਧਾਇਆ।

-ਹੱਥ ਚੁੱਕੋ ਮੋਢੇ ਉਪਰੋਂ...

ਉਹ ਅਚਕਚਾ ਗਿਆ-ਕੀ ਗੱਲ ਨੀਲੂ?

-ਪਹਿਲਾਂ ਹੱਥ ਚੁਕੋ...। ਨੀਲੂ ਦੀ ਅਵਾਜ਼ ਸਖਤ ਹੋ ਗਈ।

ਉਹ ਰਤਾ ਘਬਰਾਇਆ-ਮੈਂ ਕੀ ਕੀਤਾ...?

-ਕੀਤਾ ਨਹੀਂ, ਪਰ ਕਰੋਗੇ। ਇਸੇ ਤਰ੍ਹਾਂ ਅੱਗੇ ਵਧੋਗੇ।

ਉਸਨੇ ਹੱਥ ਚੁੱਕ ਲਿਆ-ਤੂੰ ਤਾਂ ਐਵੇਂ ਹੀ ਗੁੱਸਾ ਕਰ ਗਈ। ਮੈਨੂੰ ਤਾਂ ਤੇਰੀ ਸਮਝ ਨਹੀਂ ਆਉਂਦੀ।

-ਤੁਹਾਨੂੰ ਆਉਣੀ ਵੀ ਨਹੀਂ। ਮੈਂ ਦੀਪਾਂ, ਮੀਤਾਂ ਵਰਗੀ ਨੀਂ, ਬਈ ਇਸ ਤਰ੍ਹਾਂ ਭੁਚਲਾ ਲਏਂ ਗਿਓਂ...।

-ਇਹ ਤੂੰ ਕੀ ਕਹਿ ਰਹੀ ਹੈਂ... ਨੀਲੂ...?

-ਠੀਕ ਕਹਿ ਰਹੀ ਹਾਂ...। ਮੈਂ ਏਨੀ ਅਣਜਾਣ ਨੀ। ਸਭ ਕੁੱਝ ਦੇਖ ਸਮਝ ਰਹੀ ਹਾਂ। ਦੀਪਾਂ ਦੇ ਮੰਜੇ ਤੇ ਮੈਂ ਵੀ ਪਈ ਹੁੰਦੀ ਸੀ ਉਦੋਂ। ਦੀਪਾਂ ਦੀ ਜ਼ਿੰਦਗੀ ਤਾਂ ਖਰਾਬ ਕਰ ਹੀ ਦਿੱਤੀ। ਹੁਣ ਮੀਤਾਂ ਨੂੰ ਵੀ ਗੰਦੀਆਂ ਕਿਤਾਬਾਂ ਦੇਣ ਲਗ ਪੇ। ਇਹੋ ਜਿਹੀ ਇਹ ਆ ਬਲੱਜ। ਭੋਰਾ ਅਕਲ ਨੀ। ਆਪਣੇ ਜਾਣ 'ਚ ਲਕੋ ਲਕੋ ਪੜ੍ਹਦੀ ਆ।

ਜਮਨੇਜੇ ਦੇ ਅੰਦਰ ਘਬਰਾਹਟ ਘਿਰ ਆਈ। ਪਰ ਉਸਨੇ ਆਪਣੇ ਆਪ ਨੂੰ ਜਬਤ ਵਿੱਚ ਰਖਿਆ-ਤੈਨੂੰ ਆਵੇਂ ਭੁਲੇਖਾ ਨੀਲੂ, ਮੇਰੀਆਂ ਤਾਂ ਧੀਆਂ ਸਮਾਨ..

-ਏਸ ਪਵਿੱਤਰ ਰਿਸ਼ਤੇ ਨੂੰ ਏਨਾ ਗੰਦਾ ਨਾ ਕਰੋ...। ਮੈਂ ਕਦੋਂ ਦੀ ਬੀਜੀ-ਪਾਪਾ ਨੂੰ ਦੱਸ ਦੇਂਦੀ। ਪਰ ਕੀ ਕਰਦੀ, ਫਸੀ ਪਈ ਹਾਂ। ਉਹ ਵੀ ਅੰਨ੍ਹੇ ਕੀਤੇ ਪਏ ਨੇ। ਹੁਣ ਤੁਸੀਂ ਅੱਗੇ ਹੀ ਅੱਗੇ ਵਧਦੇ ਜਾਂਦੇ ਹੋ...।

ਬਾਹਰ ਪੈੜ ਚਾਲ ਤੋਂ ਜਮਨੇਜਾ ਘਬਰਾ ਗਿਆ। ਜੱਸੀ ਅਤੇ ਭਾਬੀ ਹੈ। ਉਸਨੇ ਤਰਲੇ ਨਾਲ ਨੀਲੂ ਵੱਲ ਵੇਖਿਆ।

ਜਿਨਾ ਚਿਰ ਜਾਗਦੇ ਰਹਾਂ ਉਹ ਭਾਬੀ, ਜੱਸੀ ਨਾਲ ਲਗਾਤਾਰ ਗੱਲਾਂ ਮਾਰਦਾ ਰਿਹਾ।

ਉਸਦੇ ਅੰਦਰ ਡਰ ਬੈਠ ਗਿਆ ਕਿ ਕਿਤੇ ਨੀਲੂ ਭਾਂਢਾ ਨਾ ਭੰਨ ਦੇਵੇ। ਉਸਦੀ ਕੋਸ਼ਿਸ਼ ਰਹੀ ਕਿ ਉਨ੍ਹਾਂ ਨੂੰ ਵਧ ਗੱਲਾਂ ਵਿਚ ਉਲਝਾਈ ਰੱਖੇ, ਤਾਂ ਜੋ ਨੀਲੂ ਨੂੰ ਗੱਲ ਕਰਨ ਦਾ ਮੌਕਾ ਹੀ ਨਾ ਮਿਲ ਸਕੇ।

****

ਉਸ ਦਿਨ ਪਿੱਛੋਂ ਉਹ ਕਈ ਦਿਨ ਜੱਸੀ ਹੋਰਾਂ ਦੇ ਪਿੰਡ ਨਹੀਂ ਗਿਆ। ਜਾਣ ਦੀ ਹਿੰਮਤ ਹੀ ਨਹੀਂ ਪਈ। ਰਹਿ ਰਹਿ ਕੇ ਉਸਨੂੰ ਸ਼ੱਕ ਉਠਦਾ ਕਿ ਨੀਲੂ ਟਲੀ ਨਹੀਂ ਨਹੀਂ ਹੋਣੀ। ਦੱਸ ਦਿੱਤਾ ਹੋਣਾ ਹੈ। ਜੇ ਇਹ ਸੱਚ ਹੋਇਆ ਤਾਂ ਉਹ ਕੀ ਪਤਾ ਕਿਹੜੇ ਢੰਗ ਨਾਲ ਜਮਨੇਜੇ ਦਾ ਸਵਾਗਤ ਕਰਨ। ਆਖਰ ਪੇਂਡੂ ਬੰਦੇ ਨੇ। ਸਰੀਕੇ ਦਾ ਸਾਹਾਰਾ ਵੀ ਲੈ ਸਕਦੇ ਨੇ।

ਜਿਸ ਜਾਲ ਨੂੰ ਉਹ ਆਪਣੇ ਵਲੋਂ ਬਹੁਤ ਮਜਬੂਤ ਸਮਝਦਾ ਆ ਰਿਹਾ ਸੀ ਉਹ ਤਾਂ ਸ਼ੀਸ਼ੇ ਸਮਾਨ ਹੈ। ਮਾੜੀ ਮੋਟੀ ਚੋਟ ਨਾਲ ਹੀ ਟੁੱਟ ਕੇ ਬਿਖਰ ਜਾਣ ਵਾਲਾ। ਰਾਜਪੁਰੇ ਉਹ ਦੇਵ ਦੇ ਵਰਤਾਓ ਨੂੰ ਬਰੀਕੀ ਨਾਲ ਘੋਖ ਰਿਹਾ ਹੈ। ਦੇਵ ਦੇ ਰਵੱਈਏ ਨੂੰ ਤਾੜਦਾ ਰਿਹਾ ਹੈ। ਕਿਤੇ ਘਰੋਂ ਕੋਈ ਖ਼ਤ ਹੀ ਉਸਨੂੰ ਇਸ ਸੰਬੰਧ ਵਿਚ ਨਾ ਆ ਗਿਆ ਹੋਵੇ। ਦੀਪਾਂ ਵਲ, ਤਾਂ ਅਜੇ ਸੁੱਖ ਸਾਂਦ ਹੈ। ਉਸਦੇ ਰਵੱਈਏ ਵਿੱਚ ਕੋਈ ਤਬਦੀਲੀ ਨਹੀਂ ਆਈ।

ਇਹ ਵੀ ਤਾਂ ਜ਼ਰੂਰੀ ਨਹੀਂ ਕਿ ਜੱਸੀ ਹੋਰੀਂ ਨੀਲੂ ਦੀਆਂ ਗੱਲਾਂ ਨੂੰ ਇਕ ਦਮ ਸੱਚ ਹੀ ਮੰਨ ਬੈਠਣ। ਅਹਿਸਾਨ ਥੋੜ੍ਹੇ ਤਾਂ ਨਹੀਂ ਕੀਤੇ ਉਸਨੇ। ਨੀਲੂ ਦਾ ਵਹਿਮ ਵੀ ਤਾਂ ਮੰਨ ਸਕਦੇ ਨੇ। ਘੱਟੋ ਘੱਟ, ਉਸ ਕੋਲੋਂ, ਕਿਸੇ ਵੀ ਫੈਸਲੇ ਤੋਂ ਪਹਿਲਾਂ-ਸਪਸ਼ਟੀਕਰਣ ਤਾਂ ਮੰਗਣਗੇ ਹੀ। ਆਪਣਾ ਪੱਖ ਪੇਸ਼ ਕਰਨ ਸਮੇਂ ਕੋਈ ਕਸਰ ਨਹੀਂ ਛੱਡੇਗਾ। ਜੱਸੀ ਹੋਰਾਂ ਦੀ ਤਸੱਲੀ ਕਰਵਾ ਦਏਗਾ। ਦੀਪਾਂ ਅਤੇ ਮੀਤਾਂ ਨੂੰ ਵੀ ਸੌਖਿਆਂ ਹੀ ਨੀਲੂ ਦੇ ਵਿਰੁਧ ਖੜ੍ਹੀਆਂ ਕਰ ਸਕਦਾ ਹੈ ਕਿ ਨੀਲੂ ਉਨ੍ਹਾਂ ਉੱਤੇ ਪਹਾੜ ਜਿੱਡਾ ਇਲਜਾਮ ਲਗਾ ਰਹੀ ਹੈ। ਉਸਨੇ ਆਪਣੀਆਂ ਅੱਖਾਂ ਨਾਲ ਵੇਖਿਆ ਹੀ ਕਿ ਹੈ? ਜੇ ਦੀਪਾਂ ਬਾਰੇ ਕਿਸੇ ਗਲਤ ਗਲ ਦਾ ਚਿਰ ਤੋਂ ਪਤਾ ਸੀ ਤਾਂ ਏਨਾ ਚਿਰ ਚੁੱਪ ਕਿਉਂ ਰਹੀ? ਪਹਿਲਾਂ ਹੀ ਕਿਉਂ ਨਹੀਂ ਦੱਸਿਆ? ਇਹੋ ਜਿਹੀਆਂ ਹੀ ਬਹੁਤ ਸਾਰੀਆਂ ਗੱਲਾਂ ਨੇ ਜੋ ਨੀਲੂ ਨੂੰ ਝੂਠਿਆਂ ਪਾ ਦੇਣਗੀਆਂ।

ਨੀਲੂ ਨੂੰ ਝੂਠਿਆਂ ਕੀਤਾ ਹੀ ਜਾਣਾ ਚਾਹੀਦਾ ਹੈ। ਜੇ ਜਮਨੇਜੇ ਨੂੰ ਇਕ ਮੌਕਾ ਮਿਲ ਜਾਵੇ। ਉਹ ਨੀਲੂ ਨੂੰ ਕਿਵੇਂ -ਨਾ ਕਿਵੇਂ ਆਪਣੀ ਚੁੰਗਲ ਵਿੱਚ ਫਸਾ ਲਏਗਾ। ਉਸ ਵਿਰੁਧ ਐਸੇ ਸਬੂਤ ਪੈਦਾ ਕਰ ਲਏਗਾ ਕਿ ਉਹ ਉਨ੍ਹਾਂ ਵਿੱਚ ਉਲਝ ਕੇ ਰਹਿ ਜਾਏਗਾ। ਬੋਲਣ ਯੋਗ ਹੀ ਨਹੀਂ ਰਹੇਗਾ।

ਦੇਵ ਤੋਂ ਪਤਾ ਲੱਗਿਆ ਕਿ ਉਹ ਇਸ ਐਤਵਾਰ ਨੂੰ ਵਿਆਹ ਜਾ ਰਹੇ ਨੇ। ਉਸਨੇ ਕੁਝ ਪੈਸੇ ਦੇ ਕੇ ਦੇਵ ਨੂੰ ਉਸੇ ਦਿਨ ਹੀ ਇਕ ਰਾਤ ਲਈ ਪਿੰਡ ਭੇਜ ਦਿੱਤਾ। ਘਰ ਪੈਸਿਆਂ ਦੀ ਲੋੜ ਹੋਵੇਗੀ। ਕਪੜੇ ਆਦਿ ਵੀ ਤਾਂ ਖਰੀਦਣੇ ਹੋਣਗੇ। ਵਾਪਸ ਆਉਣ ਤੇ ਦੇਵ ਕੋਲੋਂ ਖੁਰਚ ਖੁਰਚ ਕੇ ਲੋੜੀਂਦੀ ਜਾਣਕਾਰੀ ਲੈ ਲਈ। ਜੱਸੀ ਵਿਆਹ ਨਹੀਂ ਜਾ ਸਕੇਗਾ। ਡੰਗਰਾਂ ਆਦਿ ਦੀ ਅਤੇ ਜੱਸੀ ਦੀ ਸੰਭਾਲ ਲਈ ਇਕ ਕੁੜੀ ਪਿੱਛੇ ਰਹਿ ਜਾਏਗੀ। ਸ਼ਾਇਦ ਨੀਲੂ ਪਿੱਛੇ ਰਹੇ। ਸ਼ਾਇਦ ਕਿਉਂ ਨੀਲੂ ਹੀ ਰਹੇਗੀ। ਵਿਆਹ ਉਤੇ ਜਾਣ ਲਈ ਬੰਨ੍ਹਵੀਆਂ ਬਾਰੀਆਂ ਅਨੁਸਾਰ ਨੀਲੂ ਹੀ ਪਿੱਛੇ ਰਹੇਗੀ।

ਜਮਨੇਜੇ ਨੂੰ ਤਸੱਲੀ ਹੋ ਗਈ। ਨੀਲੂ ਨੇ ਸਾਇਦ ਅਜੇ ਕੋਈ ਗੱਲ ਨਹੀਂ ਕੀਤੀ ਘਰ ਵਿੱਚ। ਦੇਵ ਦੇ ਵਰਤਾਓ ਤੋਂ ਤਾਂ ਇਹੀ ਲਗਦਾ ਹੈ। ਸਗੋਂ ਜੱਸੀ ਹੋਰੀਂ ਉਸਦੀ ਸਿਹਤ ਬਾਰੇ ਫਿਕਰ ਕਰਦੇ ਸੀ। ਕਿਉਂਕਿ ਉਹ ਪਿਛਲੇ ਵੀਹ ਦਿਨਾਂ ਤੋਂ ਪਿੰਡ ਜੁ ਨਹੀਂ ਗਿਆ।

ਉਸਦੇ ਦਿਮਾਗ ਨੇ ਤੇਜੀ ਨਾਲ ਸਾਰੀ ਰੂਪ ਰੇਖਾ ਤਿਆਰ ਕਰ ਲਈ। ਨੀਲੂ ਨੂੰ ਐਸੇ ਚੁੰਗਲ ਵਿੱਚ ਫਸਾਏਗਾ ਕਿ ਸਾਰੀ ਉਮਰ ਛਟਪਟਾਉਂਦੀ ਰਹੇਗੀ। ਸਾਰੀ ਸਕੀਮ ਉੱਤੇ ਉਸਨੇ ਇਕ ਵਾਰ ਫਿਰ ਨਜ਼ਰ ਮਾਰ ਲਈ। ਦੁੱਧ ਵਿੱਚ ਗੋਲੀਆਂ ਉਹ ਮੌਕਾ ਤਾੜ ਕੇ ਖੁਦ ਘੋਲੇਗਾ। ਸੌਂ ਰਹੇ ਜੱਸੀ ਅਤੇ ਨੀਲੂ ਨੂੰ ਕਲੋਰੋਫਾਰਮ ਦੀ ਪੁਟ ਵੀ ਦੇਣੀ ਪਏਗੀ। ਸਗੋਂ ਨੀਲੂ ਨੂੰ ਕਾਫੀ ਤੇਜ ਦੇਣੀ ਪਏਗੀ ਤਾਂ ਜੋ ਹਿਲਾਣ ਡੁਲਾਣ ਉਤੇ ਜਾਗ ਨਾ ਪਵੇ। ਐਟੋਮੈਟਿਕ ਕੈਮਰੇ ਨਾਲ ਨੰਗੀ ਅਤੇ ਭੋਗੀ ਜਾਂਦੀ ਦੇ ਭਰਮ ਪੈਦਾ ਕਰਦੇ ਕਿਨੇ ਸਾਰੇ ਚਿੱਤਰ ਖਿਚਣੇ ਨੇ। ਥਾਂ ਦੀ ਪਛਾਣ ਚਿਤਰਾਂ ਵਿੱਚ ਨਾ ਰਹੇ ਇਸ ਮੰਤਵ ਲਈ ਮੁਣੀ ਕੰਧ ਉਤੇ ਚੱਦਰ ਤਾਣ ਲਏਗਾ। ਮਰਦ ਦੇ ਰੂਪ ਵਿੱਚ ਵਧ ਤੋਂ ਵਧ ਕੋਸ਼ਿਸ਼ ਕਰੇਗਾ ਕਿ ਫੋਟੋ ਵਿਚ ਉਸਦਾ ਮੂੰਹ ਸਪਸ਼ਟ ਨਾ ਹੋਵੇ। ਭੁਲੇਖਾ ਪਾਉਣ ਲਈ, ਪਿੰਡੇ ਅਤੇ ਮੌਢੇ ਉਪਰ ਚਿਪਕਾਉਣ ਲਈ ਉਸਨੇ ਮੇਕ ਅਪ ਮੈਨ ਤੋਂ ਚੌੜੀ ਟੇਪ ਉਪਰ ਦੋ ਪੁਰਾਣੇ ਜ਼ਖ਼ਮਾਂ ਦੇ ਨਿਸ਼ਾਨ ਵੀ ਬਣਵਾ ਲਏ ਨੇ। ਇਹ ਜ਼ਖ਼ਮ ਤਸਵੀਰਾਂ ਵਿੱਚ ਐਨ ਅਸਲੀ ਜ਼ਖ਼ਮਾਂ ਵਾਂਗ ਆਉਣਗੇ। ਮੇਕ ਅਪ ਮੈਨ ਤਾਂ ਕਹਿੰਦਾ ਸੀ ਨਕਲੀ ਚਿਹਰੇ ਦਾ ਬੰਦੋਬਸਤ ਵੀ ਉਦੋਂ ਤੱਕ ਕਰ ਦਏਗਾ।

ਹਾਂ! ਨੀਲੂ ਨਾਲ ਇਹ ਸਭ ਡਰਾਮਾ ਰਚਣਾ ਜ਼ਰੂਰੀ ਹੈ, ਤਾਂ ਜੋ ਜਮਨੇਜੇ ਦੇ ਫੈਲਾਏ ਜਾਲ ਨੂੰ ਤੋੜਨ ਦੀ ਕੋਸ਼ਿਸ਼ ਹੀ ਛੱਡ ਦੇਵੇ।

ਜੱਸੀ ਤੋਂ ਬਿਨਾਂ ਨੀਲੂ ਹੀ ਹੈ ਘਰ ਵਿੱਚ। ਨੀਲੂ ਦਾ ਰਵੱਈਆਂ ਪਹਿਲਾਂ ਵਾਂਗ ਹੀ ਹੈ, ਖੁਸ਼ਕ। ਜੱਸੀ ਦਾ ਵੀ ਪਹਿਲਾਂ ਜਿਹਾ ਹੀ ਹੈ, ਅਪਣੱਤ ਭਰਿਆ। ਜੱਸੀ ਦੇ ਰਵੱਈਏ ਤੋਂ ਛੇਤੀ ਹੀ ਉਹ ਸਮਝ ਗਿਆ ਕਿ ਘਰ ਦੀ ਹਵਾ ਵਿੱਚ ਕਿਸੇ ਕਿਸਮ ਦੀ ਤਬਦੀਲੀ ਨਹੀਂ ਆਈ। ਉਹ ਜੱਸੀ ਨਾਲ ਗੱਲੀਂ ਰੁੱਝ ਗਿਆ। ਜੱਸੀ ਉਸਨੂੰ ਅਖਬਾਰਾਂ ਦੀਆਂ ਉਹ ਕਤਰਨਾਂ ਅਤੇ ਮਾਸਿਕ ਪੱਤਰ ਵਿਖਾਉਂਦਾ ਰਿਹਾ ਜਿਸ ਵਿੱਚ ਉਸਦੀਆਂ ਕਿਤਾਬਾਂ ਦੀ ਚਰਚਾ ਚੱਲੀ ਹੈ। ਰੀਵੀਊ ਆਦਿ ਛਪੇ ਨੇ। ਇਹ ਸਭ ਵੇਖਦਿਆਂ ਉਸਦਾ ਧਿਆਨ ਲਗਾਤਾਰ ਇਸ ਗੱਲ ਵੱਲ ਹੈ ਕਿ ਉਹ ਮੌਕਾ ਵੇਖਕੇ ਨੀਂਦ ਦੀਆਂ ਗੋਲੀਆਂ ਦੁੱਧ ਵਿੱਚ ਮਿਲਾ ਸਕੇ।

-ਦੁੱਧ ਲਿਆਵਾਂ? ਨੀਲੂ ਨੇ ਜੱਸੀ ਨੂੰ ਪੁੱਛਿਆ।

ਜੱਸੀ ਤੋਂ ਪਹਿਲਾਂ ਹੀ ਜਮਨੇਜਾ ਕਾਹਲੀ ਨਾਲ ਬੋਲ ਪਿਆ।

-ਠਹਿਰ ਕੇ ਪੀਂਦੇ ਹਾਂ। ਤੂੰ ਆਪਣਾ ਕੰਮ ਨਬੇੜ ਲੈ ਉਦੋਂ ਤੱਕ।

ਨੀਲੂ ਦੁੱਧ ਨੂੰ ਜਾਗ ਲਗਾਉਣ ਆਦਿ ਦੇ ਕੰਮ ਵਿੱਚ ਰੁੱਝ ਗਈ। ਰਸੋਈ ਦੇ ਕੰਮ ਤੋਂ ਨਿਪਟ ਉਹ ਜਿਉਂ ਹੀ ਭਾਂਡੇ ਚੁੱਕ ਗੁਸਲਖਾਨੇ ਵਿਚ ਗਈ। ਜਮਨੇਜੇ ਨੇ ਇੱਕ ਵੱਡੀ ਸਾਰੀ ਉਬਾਸੀ ਲਈ। ਜੱਸੀ ਕੋਲੋਂ ਉੱਠ ਆਪਣੇ ਮੰਜੇ ਉੱਪਰ ਚਲਾ ਗਿਆ।

-ਮੈਨੂੰ ਤਾਂ ਨੀਂਦ ਆ ਰਹੀ ਹੈ...।

-ਦੁੱਧ ਤਾਂ ਪੀ ਲੈ। ਜੱਸੀ ਨੇ ਕਿਹਾ ਫਿਰ ਹਾਕ ਮਾਰ ਦਿੱਤੀ-ਨੀਲੂ ਦੁੱਧ ਦਈਂ ਆਪਣੇ ਚਾਚੇ ਨੂੰ...।

-ਉਹ ਬੇਚਾਰੀ ਕਿੱਥੇ ਸੁਆਹ ਵਾਲੇ ਹੱਥ ਧੋਂਦੀ ਫਿਰੂ। ਮੈਂ ਆਪੇ ਹੀ ਚੁੱਕ ਲੈਨਾ।

ਉਹ ਉੱਠਿਆ। ਰਸੋਈ ਵਿੱਚ ਜਾ ਗਿਲਾਸ ਦੁੱਧ ਦਾ ਪੀ ਲਿਆ। ਕਾਹਲੀ ਨਾਲ ਦੋਵੇਂ ਪੁੜੀਆਂ ਦਾ ਪਾਊਡਰ ਬਚਦੇ ਦੁੱਧ ਵਿੱਚ ਪਾ ਦਿੱਤਾ।

-ਤੇਰੇ ਲਈ ਵੀ ਪਾ ਲਿਆਵਾਂ ਜੱਸੀ? ਪੀਣ ਵਾਲਾ ਹੀ ਹੈ...

-ਚਲ ਲੈ ਆ...

ਉਸਨੇ ਦੋ ਤਿੰਨ ਵਾਰ ਦੁੱਧ ਫੈਂਟ ਲਿਆ। ਗਿਲਾਸ ਭਰ ਕੇ ਜੱਸੀ ਨੂੰ ਜਾ ਫੜਾਇਆ।

ਬੱਤੀ ਬੁੱਝਣ ਉਪਰੰਤ ਉਹ ਕਾਫੀ ਚਿਰ ਤੱਕ ਉਡੀਕਦਾ ਰਿਹਾ। ਜੱਸੀ ਦੇ ਘਰਾੜੇ ਤਾਂ ਛੇਤੀ ਹੀ ਸੁਣਾਈ ਦੇਣ ਲੱਗ ਪਏ। ਪਰ ਨੀਲੂ ਦੇ ਸਾਹਾਂ ਨੂੰ ਗਹਿਰਾਈ ਵਿਚ ਉਤਰਨ ਲਈ ਕਾਫੀ ਸਮਾਂ ਲੱਗਿਆ। ਕਾਫੀ ਸਮਾਂ ਉਹ ਅਹਿਲ ਪਿਆ ਰਿਹਾ। ਇੱਕ ਦਮ ਯਕੀਨ ਹੋ ਜਾਣ ਉੱਤੇ ਇੱਕ ਦਮ ਉੱਠਿਆ ਅਤੇ ਬੱਤੀ ਜਗਾ ਦਿੱਤੀ। ਦੋਵੇਂ ਘੂਕ ਸੌਂ ਰਹੇ ਨੇ। ਹੌਲੀ ਜਿਹੇ ਬੈਗ ਖੋਹਲ ਕਲੋਰੋਫਾਰਮ ਦੀ ਸ਼ੀਸ਼ੀ ਕੱਢ ਲਈ। ਲੋੜੀਦੀਂ ਕਲੋਰੋਫਾਰਮ ਰੁਮਾਲ ਉੱਪਰ ਪਾ ਜੱਸੀ ਦੇ ਨੇੜੇ ਕਰ ਦਿੱਤੀ। ਕਾਫੀ ਸਮਾਂ ਕਰੀ ਰੱਖੀ।

ਨੀਲੂ ਵਲ ਵਧਣ ਤੋਂ ਪਹਿਲਾਂ ਕੁਝ ਚਿਰ ਉਹ ਉਸਦੇ ਚਿਹਰੇ ਨੂੰ ਨਿਹਾਰਦਾ ਰਿਹਾ। ਚੀਜ ਤਾਂ ਮਾੜੀ ਨਹੀਂ। ਉਭਾਰ ਜਿਵੇਂ ਕਪੜਿਆਂ ਤੋਂ ਬਾਹਰ ਆਉਣ-ਆਉਣ ਕਰਦੇ ਨੇ। ਕੋਈ ਨਹੀਂ, ਵੇਖਦੀ ਜਾਹ। ਜੇ ਸਾਰੇ ਵਲ ਛਲ ਕੱਢ ਕੇ ਨਾ ਰੱਖ ਦਿੱਤੇ। ਆਈ ਸੀ ਮੇਰੇ ਰਾਹ ਦੀ ਦੀਵਾਰ ਬਨਣ। ਜਮਨੇਜੇ ਸਾਹਵੇਂ ਕੌਣ ਟਿਕਿਆ ਹੈ?

ਰੁਮਾਲ ਉਪਰ ਹੋਰ ਕਲੋਰੋਫਾਰਮ ਪਾ ਕੇ ਉਹ ਨੀਲੂ ਵੱਲ ਵਧ ਗਿਆ। ਰੁਮਾਲ ਨੱਕ ਦੇ ਨੇੜੇ ਕਰ ਦਿੱਤਾ। ਅਗਲੇ ਹੀ ਪਲ ਉਹ ਤ੍ਰਭਕ ਪਿਆ। ਜਿਵੇਂ ਪੈਰਾਂ ਵਿੱਚ ਸੱਪ ਆ ਗਿਆ ਹੋਵੇ।

ਨੀਲੂ ਨੇ ਪੂਰੀ ਤਾਕਤ ਨਾਲ ਜਮਨੇਜੇ ਦੇ ਗੁੱਟ ਨੂੰ ਫੜ ਲਿਆ ਅਤੇ ਅੱਖਾਂ ਖੋਲ੍ਹ ਦਿੱਤੀਆਂ। ਉਹ ਇਸ ਸਥਿਤੀ ਲਈ ਤਿਆਰ ਹੀ ਨਹੀਂ ਸੀ। ਨੀਲੂ ਨੂੰ ਦੁੱਧ ਪੀਂਦੇ ਉਸ ਖੁਦ ਵੇਖਿਆ ਹੈ। ਸਗੋਂ ਨੀਲੂ ਨੇ ਰਸੋਈ ਵਿੱਚੋਂ ਬਾਹਰ ਆ ਆਪਣੇ ਮੰਜੇ ਉੱਪਰ ਬੈਠ ਕੇ ਦੁੱਧ ਪੀਤਾ ਹੈ। ਇਹ ਕਿਵੇਂ ਹੋ ਸਕਦਾ ਹੈ?

-ਨੀਲੂ ...ਮੈਂ ... ਮੈਂ ... ਇਹ...। ਉਹ ਬਸ ਹਕਲਾ ਕੇ ਰਹਿ ਗਿਆ।

ਨੀਲੂ ਗੁੱਟ ਨੂੰ ਫੜ ਬੈਠਿਆਂ ਹੋ ਗਈ-ਹਾਂ...ਹਾਂ... ਬੋਲੋ...!

-ਮੈਂ ... ਕੁੱਛ ਨਹੀਂ... ਇਹ ...ਰੁਮਾ...ਮੈਂ ...ਬਸ...ਐਵੇਂ...!

-ਕੀ ਐਵੇਂ?

ਜਮਨੇਜੇ ਨੂੰ ਸਮਝ ਨਹੀਂ ਪੈ ਰਹੀ ਉਹ ਕੀ ਕਹੈ? ਇੰਝ ਮੌਕੇ ਤੇ ਫੜੇ ਜਾਣ ਦੀ ਉਸਨੇ ਕਲਪਨਾ ਤੱਕ ਨਹੀਂ ਸੀ ਕੀਤੀ। ਉਸਨੇ ਗੁੱਟ ਛੁਡਾਣ ਦੀ ਕੋਸ਼ਿਸ਼ ਕੀਤੀ। ਨੀਲੂ ਨੇ ਜੋਰ ਨਾਲ ਝਟਕਾ ਦੇ ਦਿੱਤਾ। ਉਹ ਲੜਖੜਾ ਕੇ ਨੀਲੂ ਦੇ ਮੰਜੇ ਉੱਪਰ ਡਿੱਗ ਪਿਆ।

-ਪਹਿਲਾਂ ਸਿਧੀ ਤਰ੍ਹਾਂ ਗੱਲ ਕਰੋ...

-ਕੀ... ਕੀ... ਨੀਲੂ... ਗਲ ਕੀ... ਕਰਨੀ...?

-ਤੁਸੀਂ ਪਾਪਾ ਨੂੰ ਬੇਹੋਸ਼ ਕਿਉਂ ਕੀਤਾ?

-ਮੈਂ... ? ਨਹੀਂ ਤਾਂ...

-ਮੈਂ ਸਭ ਅੱਖੀਂ ਵੇਖਿਆ ਹੈ। ਤੁਸੀਂ ਸੁੱਤੀ ਸਮਝ ਲਿਆ...?

ਜਮਨੇਜੇ ਨੂੰ ਕੋਈ ਵੀ ਉੱਤਰ ਨਹੀਂ ਸੁਝ ਰਿਹਾ।

-ਮੈਨੂੰ ਬੇਹੋਸ਼ ਕਰਕੇ ਤੁਸੀਂ ਕੀ ਕਰਨਾ ਚਾਹੁੰਦੇ ਸੀ? ਅੱਜ ਤਾਂ ਮੀਤਾਂ ਵੀ ਘਰ ਨਹੀਂ ਬਈ ਉਸੇ ਨਾਲ ਖੇਹ ਖਾਂਦੇ...

-ਮੀਤਾਂ ਨਾਲ? ਇਹ ਤੂੰ ਕੀ ਕਹਿ ਰਹੀ ਹੈਂ?

-ਮੈਂ ਮੀਤਾਂ ਤੋਂ ਸਭ ਕੁਝ ਬਕਵਾ ਲਿਆ ਹੈ। ਬਸ ਕੈੜੀ ਹੋ ਕੇ ਬੀਬੀ ਨੂੰ ਸਭ ਦੱਸਣ ਦਾ ਡਰਾਵਾ ਦੇਣ ਦੀ ਲੋੜ ਪਈ ਸੀ। ਚੋਰ ਦੇ ਕਿਹੜਾ ਪੈਰ ਹੁੰਦੇ ਨੇ। ਬੀਬੀ ਦੇ ਗੁੱਸੇ ਨੂੰ ਉਹ ਜਾਣਦੀ ਹੈ। ਸਭ ਬੱਕ ਦਿੱਤਾ। ਨਾਵਲ ਵੀ ਮੇਰੇ ਹਵਾਲੇ ਕਰ ਦਿੱਤੇ ਅਤੇ ਗੋਲੀਆਂ ਵੀ। ਮੈਨੂੰ ਵੀ ਹੁਣ ਸਮਝ ਆਈ ਕਿ ਜਿਸ ਦਿਨ ਵੀ ਤੁਸੀਂ ਆਉਂਦੇ, ਸਵੇਰੇ ਹੱਡ ਪੈਰ ਕਿਉਂ ਟੁੱਟਦੇ ਹੁੰਦੇ ਸੀ।

ਜਮਨੇਜੇ ਨੂੰ ਆਪਣਾ ਆਪ ਬੁਰੀ ਤਰ੍ਹਾਂ ਘਿਰ ਗਿਆ ਲੱਗਿਆ-ਨੀਲੂ ਉਹ... ਉਹ ਝੂਠ ਬੋਲਦੀ...



-ਬਕ ਨਾ। ਨੀਲੂ ਅਚਾਨਕ ਤੂੰ ਤੇ ਉੱਤਰ ਆਈ-ਇਕ ਤਾਂ ਬੇਚਾਰੀ ਨੂੰ ਬਰਬਾਦ ਕਰਕੇ ਰੱਖ ਦਿੱਤਾ, ਉੱਤੋਂ ਉਸਨੂੰ ਝੂਠੀ ਦਸਦਾ ਹੈਂ...!

-ਨੀਲੂ ਤੂੰ ਬੋਲਦੀ ਕਿਵੇਂ...?

-ਹੋਰ ਤੇਰੇ ਵਰਗੇ ਨੀਚ ਨਾਲ ਕਿਵੇਂ ਬੋਲਿਆ ਜਾਵੇ? ਸ਼ਕ ਤਾਂ ਮੈਨੂੰ ਅੱਜ ਬਾਰੇ ਵੀ ਪੈ ਗਿਆ ਸੀ। ਉਦੋਂ ਹੋਰ ਵੀ ਪੱਕਾ ਹੋ ਗਿਆ ਜਦੋਂ ਆਪਣਾ ਦੁੱਧ ਪੀਣ ਤੋਂ ਪਿੱਛੋਂ ਪਾਪਾ ਦੀ ਵਾਰੀ ਨੂੰ ਦੁੱਧ ਫੈਂਟਣ ਦੀ ਆਵਾਜ਼ ਆਈ। ਮੈਂ ਵੀ ਸਵੇਰ ਦੀ ਚਾਹ ਲਈ ਰੱਖਿਆ ਦੁੱਧ ਪੀਤਾ ਅਤੇ ਪੀਤਾ ਵੀ ਸਾਮ੍ਹਣੇ ਆ ਕੇ। ਜਾਨਣਾ ਚਾਹੁੰਦੀ ਸੀ ਕਿ ਕੀ ਕਰੇਂਗਾ? ਜਾਣਦੀ ਸੀ ਮੇਰੇ ਕੋਲੋਂ ਤੂੰ ਸਤਿਆ ਹੋਇਆ ਹੈਂ ਅਤੇ ਤੇਰੇ ਵਰਗਾ ਕਮੀਨਾ ਬੰਦਾ ਕੋਈ ਵੀ ਹਰਕਤ ਕਰ ਸਕਦਾ ਹੈ। ਹੁਣ ਦੱਸ ਕੀ ਕਰਨਾ ਚਾਹੁੰਦਾ ਸੀ ਤੂੰ...?

-ਮੈਂ ...! ਕੁਝ ਵੀ ਨਹੀਂ ਨੀਲੂ... ਕੁਝ ਵੀ ਤਾਂ ਨਹੀਂ।

-ਮੈਨੂੰ ਬੇਹੋਸ਼ ਕਰਕੇ ਮੇਰੇ ਨਾਲ ਬਦਫੈਲੀ ਕਰਨ ਦਾ ਇਰਾਦਾ ਸੀ?

-ਨਹੀਂ ਤਾਂ...

-ਤਾਂ ਫਿਰ?

-ਕੁਝ ਵੀ ਨਹੀਂ ਨੀਲੂ... ਉਹ ਤਾਂ ਐਵੇਂ...

ਜਮਨੇਜੇ ਨੂੰ ਸਮਝ ਨਹੀਂ ਆ ਰਹੀ ਕਿ ਉਹ ਕੀ ਕਰੇ? ਅਚਾਨਕ ਚਲਾ ਜਾਵੇ ਇਥੋਂ? ਪਰ ਇਹ ਸੰਭਵ ਵੀ ਤਾਂ ਨਹੀਂ ਹੈ। ਕਾਰ ਕਿਸੇ ਦੇ ਵਿਹੜੇ ਵਿੱਚ ਖੜ੍ਹੀ ਹੈ।

-ਤਾਂ ਫਿਰ ਮਾਰਾਂ ਚਾਚੇ ਦੇ ਪੁੱਤਾਂ ਨੂੰ ਹਾਕ...? ਪਾਪਾ ਬੇਹੋਸ਼ ਪਏ ਨੇ...। ਗੋਲੀਆਂ ਰੱਲਿਆ ਦੁੱਧ ਵੀ ਉਵੇਂ ਪਿਆ ਹੈ ਅਤੇ ਆਹ ਬੇਹੋਸ਼ੀ ਦੀ ਦਵਾਈ ਵੀ। ਨਾਲੇ ਦੀਪਾਂ, ਮੀਤਾਂ ਬਾਰੇ ਵੀ ਸਭ ਕੁਝ ਦੱਸ ਦੇਊਂ। ਜੇ ਨਾਂ ਤੇਰੇ ਡੱਕਰੇ ਕਰਕੇ ਨਹਿਰ ਵਿੱਚ ਬਹਾ ਦੇਣ...।

ਜਮਨੇਜਾ ਇਕ ਦਮ ਘਬਰਾ ਗਿਆ। ਸਿੰਮੀ ਦੇ ਕਿਸੇ ਸਮੇਂ ਕਹੇ ਬੋਲ ਉਸਦੇ ਅੰਦਰ ਦਹਿਸ਼ਤ ਭਰ ਗਏ-ਨਾਂ ਨੀਲੂ, ਇਸ ਤਰ੍ਹਾਂ ਨਾ ਕਰੀਂ...

-ਤਾਂ ਫਿਰ ਮੂੰਹੋਂ ਫੁੱਟ ਛੇਤੀ...। ਨੀਲੂ ਦੀਆਂ ਨਜਰਾਂ ਨਫਰਤ ਨਾਲ ਮੱਚ ਉੱਠੀਆਂ।

-ਮੈਂ ਤੇਰੀਆਂ ਫੋਟੋਆਂ ਲੈਣੀਆਂ ਚਾਹੁੰਦਾ ਸੀ, ਨੰਗੀ ਦੀਆਂ...। ਉਹ ਜਿਵੇਂ ਕਿਵੇਂ ਕਹਿ ਗਿਆ।

-ਕਿਉਂ?

-ਤੈਨੂੰ ਡਰਾ ਕੇ ਰੱਖਣ ਲਈ...।

ਨੀਲੂ ਜ਼ਹਿਰੀ ਹਾਸਾ ਹੱਸੀ -ਤੂੰ ਸਮਝਦੈਂ ਕੁੱਤਿਆਂ, ਮੈਂ ਡਰ ਜਾਂਦੀ? ਤੂੰ ਹਰ ਕੁੜੀ ਨੂੰ ਏਨੀ ਕਮਜੋਰ ਸਮਝ ਰੱਖਿਆ ਹੈ? ਸੀਰਮੇ ਨਾ ਪੀ ਜਾਂਦੀ ਤੇਰੇ। ਕਰਦੀ ਹਾਂ ਬੀਬੀ ਨਾਲ ਆਉਂਦੀ ਨਾਲ ਹੀ ਗੱਲ। ਤੈਂ ਬੀਬੀ ਦਾ ਪਿਆਰ ਵੇਖਿਆ ਹੈ। ਗੁੱਸਾ ਨਹੀਂ ਵੇਖਿਆ। ਪੱਟ ਤੇ ਲੱਤ ਰਖ ਕੇ ਦੋਫਾੜ ਕਰਕੇ ਰੱਖਦੂ ਤੈਨੂੰ...।

-ਨਹੀਂ ਨੀਲੂ..., ਨਹੀਂ...।

-ਦੀਪਾਂ ਨੂੰ ਵੀ ਨਾਭੇ ਏਸੇ ਲਈ ਲੈ ਕੇ ਗਿਆ ਸੀ ਬਈ ਕੋਈ ਰੋਕ ਟੋਕ ਨਾ ਰਹੇ।

-ਨਹੀਂ... ਨਹੀਂ...।

-ਨਹੀਂ ... ਨਹੀਂ... ਕੀ ? ਤੂੰ ਤਾਂ ਆਪੇ ਮੂੰਹੋਂ ਬੋਲੇਂਗਾ। ਤੈਂ ਵੀ ਬਹੁਤ ਫਾਇਦ ਉਠਾਇਆ ਹੈ ਸਾਡੀ ਮਜਬੂਰੀ ਦਾ। ਸਾਰਾ ਟੱਬਰ ਤਬਾਹ ਕਰਕੇ ਰੱਖ ਦਿੱਤਾ। ਦੇਖਦਾ ਜਾਹ ਕੀ ਹਾਲਤ ਕਰਾਉਂਦੀ ਹਾਂ। ਜੇ ਮੁੜਕੇ ਇਸ ਤਰ੍ਹਾਂ ਨਾਲ ਸੋਚ ਵੀ ਗਿਆ...।

ਨੀਲੂ ਨੇ ਪੌੜੀਆਂ ਵੱਲ ਦੇ ਅਤੇ ਬਾਹਰ ਵੱਲ ਦੇ ਦੋਵਾਂ ਦਰਾਂ ਨੂੰ ਜੰਦਰੇ ਲਗਾ ਦਿੱਤੇ। ਕੁੰਜੀ ਉੱਧਰ ਹੀ ਕਿਤੇ ਲੁਕਾ ਲਈ। ਉਹ ਸੁੰਨ ਅਵਸੱਥਾ ਵਿਚ ਬੈਠਾ ਵੇਖਦਾ ਰਿਹਾ। ਉਸ ਦਾ ਦਿਮਾਗ਼ ਇਕ ਦਮ ਹੀ ਕੰਮ ਨਹੀਂ ਕਰ ਰਿਹਾ। ਅੰਦਰਲਾ ਸ਼ੈਤਾਨ ਉਸਨੂੰ ਇਕੱਲਿਆਂ ਛੱਡ ਪਤਾ ਨਹੀਂ ਕਿੱਥੇ ਫਰਾਰ ਹੋ ਗਿਆ ਹੈ? ਕੀ ਹੋ ਗਿਆ ਹੈ ਉਸਨੂੰ? ਹਰ ਹਾਲਤ ਵਿੱਚੋਂ ਬਚ ਕੇ ਨਿਕਲ ਜਾਣ ਵਾਲਾ ਦਿਮਾਗ਼ ਅੱਜ ਕਿਵੇਂ ਸੁੰਨ ਹੋਇਆ ਪਿਆ ਹੈ? ਕੀ ਕਰੇ? ਕੁਝ ਵੀ ਸੁਝ ਨਹੀਂ ਰਿਹਾ। ਬਾਹਰ ਭੱਜ ਨਹੀਂ ਸਕਦਾ। ਨੀਲੂ ਨੂੰ ਹੀ ਖਤਮ ਕਰ ਦੇਵੇ?

ਪਰ ਅਵਲ ਤਾਂ ਇਹ ਸੰਭਵ ਹੀ ਨਹੀਂ। ਨੀਲੂ ਸੇਰਨੀ ਵਾਂਗ ਬਿਫਰੀ ਪਈ ਹੈ। ਦੂਜੇ ਜੇ ਇਹ ਸੰਭਵ ਵੀ ਹੋਵੇ ਤਾਂ ਇਸਦਾ ਨਤੀਜਾ ਭੁਗਤਣਾ ਕਿਹੜਾ ਸੌਖਾ ਹੈ।

ਤਾਂ ਫਿਰ ਕੀ ਕਰੇ?

-ਤੂੰ ਇਹ ਸਭ ਕਿਉਂ ਕਰ ਰਹੀ ਹੈਂ...?

-ਸਵੇਰੇ ਪਤਾ ਲਗ ਜਾਏਗਾ...

-ਮੈਨੂੰ ਮੁਆਫ ਨਹੀਂ ਕਰ ਸਕਦੀ...

-ਤੂੰ ਆਪਣੇ ਆਪ ਨੂੰ ਇਸ ਗੱਲ ਦੇ ਯੋਗ ਸਮਝਦਾ ਹੈਂ...?

-ਮੈਂ ਬਹੁਤ ਭੈੜਾ ਹਾਂ। ਪਰ ਜਿਵੇਂ ਚਾਹੇਂਗੀ ਉਵੇਂ ਕਰਾਂਗਾ। ਜੇ ਕਹੇਂ ਕਦੀ ਪੈਰ ਨਹੀਂ ਪਾਊ ਇਸ ਘਰ ਵਿੱਚ...।

ਨੀਲੂ ਬੋਲੀ ਨਹੀਂ।

-ਦੇਖ ਨੀਲੂ, ਜੋ ਗਲਤ ਹੋ ਗਿਆ, ਉਹ ਤਾਂ ਮੁੜ ਨਹੀਂ ਸਕਣਾ। ਅੱਗੋ ਤੋਂ ਕੋਈ ਐਸੀ ਹਰਕਤ ਨਹੀਂ ਕਰੂੰ। ਰੌਲਾ ਵਧਾਉਣ ਨਾਲ ਕੀ ਮਿਲੂ? ਆਪਣੀ ਸਭ ਦੀ ਬਦਨਾਮੀ ਹੋਊ। ਪੁਲਸ ਦਾ ਚੱਕਰ ਵੀ ਪੈ ਸਕਦੈ। ਕੀ ਫਾਇਦਾ ਨਿਕਲੂ? ਵਾਅਦਾ ਕਰਦਾਂ ਮੀਤਾਂ ਦੀਪਾਂ ਨਾਲ ਵੀ ਕੋਈ ਵਾਹ ਨਹੀਂ ਰੱਖੂੰ। ਕੋਲੋਂ ਪੈਸੇ ਕੇ ਦੇਵ ਨੂੰ ਵੀ ਠੇਕੇਦਾਰੀ ਵਿਚ ਖੜ੍ਹਾ ਹੋਣ ਜੋਗਾ ਕਰ ਦਊਂ...। ਬੱਸ ਇੱਕ ਮੌਕਾ ਦੇ ਦੇਹ... ਜਮਨੇਜਾ ਤਰਲੇ ਉੱਤੇ ਉੱਤਰ ਆਇਆ।

ਨੀਲੂ ਉਸ ਵੱਲ ਕੈਰੀਆਂ ਅੱਖਾਂ ਨਾਲ ਝਾਕੀ-ਸਵੇਰੇ ਵੇਖਾਂਗੇ।

-ਨਹੀਂ ਨੀਲੂ, ਬੱਸ ਇਕ ਮੌਕਾ। ਜਮਨੇਜਾ ਨੀਲੂ ਦੇ ਪੈਰਣ ਵੱਲ ਨੂੰ ਝੁਕਿਆ...

-ਕਿਹਾ ਨਾ, ਸਵੇਰੇ ਵੇਖਾਂਗੇ। ਨੀਲੂ ਪੈਰਾਂ ਨੂੰ ਸਰਕਾਉਂਦੀ ਹੋਈ ਬੋਲੀ!

-ਨੀਲੂ ...ਪਲੀਜ਼...।

ਨੀਲੂ ਬੋਲੀ ਨਹੀਂ। ਹੱਥ ਵਧਾ ਕੇ ਬੱਤੀ ਬੁਝਾ ਦਿੱਤੀ।

ਜਮਨੇਜਾ ਖੜ੍ਹਾ ਰਿਹਾ। ਸੁੰਨ ਜਿਹਾ। ਕਾਫੀ ਦੇਰ। ਫਿਰ ਚੁੱਪਚਾਪ ਮੰਜੇ ਉੱਪਰ ਪੈ ਗਿਆ। ਬਹੁਤ ਰਾਤ ਲੰਘ ਗਈ ਹੈ। ਦੋਵਾਂ ਨੂੰ ਨੀਂਦ ਨਹੀਂ ਆ ਰਹੀ। ਚੁਪਚਾਪ ਪਏ ਰਹੇ।

ਨੀਲੂ ਸੋਚਦੀ ਰਹੀ, "ਬੱਸ! ਹੁਣ ਹੋਰ ਨਹੀਂ। ਇਸ ਰਾਕਸ਼ ਦੇ ਨਕੇਲ ਪਾਉਣੀ ਜ਼ਰੂਰੀ ਹੈ। ਪਾਉਣੀ ਹੀ ਹੋਵੇਗੀ। ਪਰਿਵਾਰ ਦਾ ਹੋਰ ਅਹਿਤ ਨਹੀਂ ਹੋਣ ਦੇਵੇਗੀ ਉਹ ਪਰ ਕਿਵੇਂ? ਕੀ ਕਰੇਗੀ ਸਵੇਰੇ? ਪਰਿਵਾਰ ਦੀ ਬਦਨਾਮੀ ਦਾ ਡਰ ਵੱਖਰਾ। ਇੱਥੇ ਆ, ਨੀਲੂ ਦੀ ਸੋਚ ਧੁੰਦਲਕੇ ਜਿਹੇ ਵਿੱਚ ਭਟਕ ਜਾਂਦੀ ਹੈ। ਜੇ ਇਹ ਚੁੱਪ ਚਪੀਤਾ ਪਰਿਵਾਰ ਦਾ ਖਹਿੜਾ ਹੀ ਛੱਡ ਦੇਵੇ ਤਾਂ... ਜਿਵੇਂ ਇਹ ਖੁਦ ਕਹਿ ਰਿਹਾ ਸੀ। ਇਸ ਰਾਖਸ਼ ਲਈ ਇਹ ਕੋਈ ਸਜਾ ਤਾਂ ਨਾ ਹੋਈ!

ਨੀਲੂ ਦੇ ਅੰਦਰ ਅੱਗ ਸੁਗਲਦੀ ਹੈ।

ਜਮਨੇਜਾ ਸੋਚਦਾ ਹੈ "ਇੱਥੋਂ ਜਿਵੇਂ ਕਿਵੇਂ ਇੱਕ ਵਾਰ ਸਹੀ ਸਲਾਮਤ ਨਿਕਲ ਜਾਵਾਂ ਸਹੀ। ਫਿਰ ਕਦੀ ਇੱਧਰਲਾ ਰੁਖ ਨਹੀਂ ਕਰਾਂਗਾ। ਉੱਫ! ਕੀ ਆਫਤ ਹੈ ਇਹ ਕੁੜੀ ਵੀ। ਸਾਖਸ਼ਾਤ ਚੰਡੀ ਦਾ ਰੂਪ...

ਦੋਵੇਂ ਸੋਚਦੇ ਰਹੇ... ਤੇ ਰਾਤ? ਰਾਤ ਚੁੱਪਚਾਪ ਰੇਂਗਦੀ ਰਹੀ।

**Add. Gurpal Singh Litt**
Surkhab Public High School
Lelher Road, G.T.B. Nagar,
KHANNA-141401.

oooooooo



## ਨਾਵਲ ਦਾ ਕਾਂਡ/ **ਦੇਵਦਾਸੀ** / ਮਨਮੋਹਨ ਬਾਵਾ

*ਮਨਮੋਹਨ ਬਾਵਾ ਦੇ ਲਿਖੇ ਜਾ ਰਹੇ ਨਾਵਲ 'ਹਨੇਰੀ ਸਦੀ' ਦੇ ਇਹ ਤਕਰੀਬਨ ਸ਼ੁਰੂ ਦੇ ਕੁਝ ਕਾਂਡ ਹਨ। ਇਸ ਦਾ ਸਮਾਂ ਗਿਆਰਵੀ ਸਦੀ ਦਾ ਆਰੰਭ ਜਦੋਂ ਮਹਿਮੂਦ ਗਜ਼ਨਵੀ ਦੇ ਪੰਜਾਬ, ਭਾਰਤ ਉੱਤੇ ਆਪਣੇ ਵਿਨਾਸ਼ੀ ਹਮਲੇ ਸ਼ੁਰੂ ਕੀਤੇ ਸਨ। ਉਸ ਸਮੇਂ ਪੰਜਾਬ ਦੇ ਜ਼ਿਆਦਾ ਤਰ ਖੇਤਰ 'ਚ 'ਹਿੰਦੂਸ਼ਾਹੀ' ਖ਼ਾਨਦਾਨ ਦੇ ਅਜੈ ਪਾਲ ਦਾ ਰਾਜ ਸੀ। ਇਸ ਦੀ ਰਾਜਧਾਨੀ ਲਹੌਰਾ (ਲਹੌਰ) ਸੀ। ਇਸ ਨਾਵਲ ਦਾ ਮੁੱਖ ਪਾਤਰ ਰਾਜਾ ਅਜੈ ਪਾਲ ਦਾ ਪੁੱਤਰ ਆਨੰਦਪਾਲ ਹੈ। ਇਹ ਆਪਣੇ ਇਕ ਅੰਗ ਰੱਖਿਅਕ ਤਿਲਕ ਅਤੇ ਮਿੱਤਰ ਵਰੁਨ ਭੱਟ ਨੂੰ ਨਾਲ ਲੈ ਕੇ ਭੱਟਿਕਾ (ਅੱਜ ਦਾ ਬਠਿੰਡਾ) ਜਾਂਦਾ ਹੈ, ਆਪਣੇ ਮਿੱਤਰ ਅਤੇ ਭੱਟਿਕਾ ਦੇ ਰਾਜਾ ਵਿਜੈ ਰਾਏ ਨੂੰ ਮਿਲਣ ਲਈ। (ਕਈ ਇਤਿਹਾਸਕ ਪੁਸਤਕਾਂ 'ਚ ਬਠਿੰਡਾ ਨੂੰ ਉਦਭੰਡ ਜਾਂ ਭੇਰਾ ਵੀ ਲਿਖਿਆ ਗਿਆ ਹੈ।*

*ਇਸ ਨਾਵਲ ਦਾ ਇਹ ਦੇਵਦਾਸੀ ਕਾਂਡ ਭੱਟਿਕਾ ਦੇ ਸੂਰਆ ਮੰਦਰ ਦੀ ਦੇਵਦਾਸੀ ਤੋਂ ਸ਼ੁਰੂ ਹੁੰਦਾ ਹੈ।*

### 1. ਦੇਵਦਾਸੀ

ਸਰਘੀ ਵੇਲੇ ਹੀ ਸੁਰਾਪ੍ਰਭਾ ਦੀ ਅੱਖ ਖੁਲ੍ਹ ਗਈ। ਜਾਂ ਇਉਂ ਕਹੋ ਕਿ ਉਸ ਨੂੰ ਚੰਗੀ ਤਰ੍ਹਾਂ ਨੀਂਦ ਹੀ ਨਹੀਂ ਸੀ ਆਈ। ਦੋ ਦਿਨਾਂ ਬਾਅਦ ਸੂਰਅ ਮੰਦਰ ਵਿਚ ਉਸਦਾ ਪਹਿਲਾ ਨ੍ਰਿਤਅ ਹੋਣਾ ਸੀ ਅਤੇ ਅੱਜ ਉਸ ਦਜੀ ਗੁਰੂ ਮਾਂ ਦੇਵਦੱਤਾ ਨੇ ਉਸਨੂੰ ਪੂਰਵ-ਅਭਿਆਸ ਕਰਾਉਣਾ ਸੀ। ਉਸਨੇ ਮੰਦਰ ਦੇ ਮੰਡਪ ਵਿਚ ਕਿਵੇਂ ਪ੍ਰਵੇਸ਼ ਕਰਨਾ ਅਤੇ ਉਸ ਤੋਂ ਬਾਅਦ ਅਤੇ ਨ੍ਰਿਤਅ ਆਰੰਭ ਕਰਨ ਤੋਂ ਪਹਿਲਾਂ ਕਿਵੇਂ ਅਤੇ ਕੀ ਕੁਝ ਕਰਨਾ ਹੈ। ਦਰਸ਼ਕਾਂ ਸਨਮੁਖ ਪਹਿਲਾ ਪ੍ਰਭਾਵ ਕਿੰਨਾ ਮਹੱਤਵਪੂਰਨ ਹੁੰਦਾ ਹੈ, ਇਸ ਵਾਸਤਵਿਕਤਾ ਨੂੰ ਦੇਵਦੱਤਾ ਭਲੀ ਭਾਂਤ ਸਮਝਦੀ ਸੀ।

ਦਾਸੀ ਨੇ ਉਸ ਦੇ ਜਾਗਣ ਦਾ ਖੜਾਕ ਸੁਣਿਆ ਤਾਂ ਆ ਕੇ ਪਿੱਤਲ ਦੇ ਦੀਵੇ ਜਗਾ ਗਈ। ਸੁਰਾਪ੍ਰਭਾ ਦੇ ਨਾਲ ਵਾਲੇ ਪਲੰਘ ਤੇ ਗੂੜ੍ਹੀ ਨੀਂਦ ਸੁੱਤੀ ਪਈ ਆਪਣੀ ਸਹੇਲੀ ਚਿੱਤਰਾ ਵਲ ਤੱਕਦਿਆਂ ਜੋ ਇਸ ਅਵਸਰ ਲਈ ਮੁਲਤਾਨ ਤੋਂ ਵਿਸ਼ੇਸ਼ ਆਈ ਸੀ। ਉਸ ਨੇ ਵਾਅਦਾ ਕੀਤਾ ਸੀ ਕਿ ਉਹ ਇਸ ਅਵਸਰ ਤੇ ਆ ਕੇ ਸ਼ੰਗਾਰ ਕਰਨ ਆਦਿ 'ਚ ਉਸਦੀ ਸਹਾਇਤਾ ਕਰੇਗੀ।

ਦਾਸੀ ਨੇ ਇਕ ਖੁਲ੍ਹੇ ਭਾਂਡੇ ਵਿਚ ਸੰਦਲ ਦੀ ਸਗੰਧੀ ਵਾਲਾ ਪਾਣੀ ਭਰ ਦਿੱਤਾ। ਸੁਰਾਪ੍ਰਭਾ ਨੇ ਇਸ਼ਨਾਨ ਕਰਨ ਤੋਂ ਬਾਅਦ ਆਪਣੇ ਲੱਕ ਦੁਆਲੇ ਇਕ ਕਪੜਾ ਲਪੇਟਿਆ ਅਤੇ ਕਮਰੇ 'ਚ ਆ ਕੇ ਦਰਪਨ ਸਾਹਮਣੇ ਖੜੀ ਹੋ ਕੇ ਆਪਣੇ ਗੋਰੇ, ਸਢੋਲ ਅਤੇ ਅਛੋਹ ਸਰੀਰ ਵਲ ਵਿਸਮਾਦ ਭਰੀਆਂ ਅੱਖਾਂ ਨਾਲ ਵੇਖਣ ਲੱਗੀ। ਫੇਰ ਲੱਕ ਨੂੰ ਵੱਲ ਪਾ ਕੇ ਸੂਰਅ ਮੰਦਰ ਦੀ ਕੰਧ ਤੇ ਬਣੀ ਇਕ ਅਪਸਰਾ ਦੀ ਮੂਰਤੀ ਦੀ ਮੁਦਰਾ 'ਚ ਖੜੀ ਹੋ ਗਈ। ਉਸ ਨੂੰ ਉਹ ਮੂਰਤੀ ਬਹੁਤ ਸੁੰਦਰ ਅਤੇ ਆਕਰਸ਼ਕ ਲੱਗਦੀ ਸੀ, ਪਤਲਾ ਲੱਕ, ਭਰੇ ਸਤੱਨ ਅਤੇ ਬੁੱਲ੍ਹਾਂ ਤੇ ਸਦੀਵੀਂ ਜਹੀ ਮੁਸਕਾਨ। ਪਤਾ ਨਹੀਂ ਕਿਸ ਨੂੰ ਸਾਹਮਣੇ ਖੜਾ ਕਰਕੇ ਮੂਰਤੀਕਾਰ ਨੇ ਇਹ ਮੂਰਤੀ ਘੜੀ ਹੋਵੇਗੀ, ਸੌ, ਡੇੜ ਸੌ ਵਰ੍ਹੇ ਪਹਿਲਾਂ! ਕੌਣ ਹੋਵੇਗੀ ਉਹ? ਮੁਲਤਾਨ ਦੀ ਕੋਈ ਦੇਵਦਾਸੀ ਜਾਂ ਭੱਟਿਕਾ ਦੀ ਕੋਈ ਨਰਤਕੀ? ਕੀ ਸਚਮੁਚ ਹੀ ਕੋਈ ਇਸਤ੍ਰੀ ਐਨੀ ਸੁੰਦਰ ਹੋ ਸਕਦੀ ਹੈ? ਜਾਂ ਕਿਸੇ ਮੂਰਤੀਕਾਰ ਦੀ ਕੇਵਲ ਕਲਪਨਾ? ਅਤੇ ਉਹ ਅਚੇਤਮਨ ਆਪਣੀ ਤੁਲਨਾ ਉਸ ਮੂਰਤੀ ਨਾਲ ਕਰਨ ਲੱਗੀ।

ਪਰ ਸ਼ਾਇਦ ਉਹ ਆਪ ਹੀ ਆਪਣੀ ਸੁੰਦਰਤਾ ਅਤੇ ਆਕਰਸ਼ਨ ਤੋਂ ਪੂਰੀ ਤਰ੍ਹਾਂ ਸੁਚੇਤ ਨਹੀਂ ਸੀ। ਜਾਂ ਫੇਰ ਅਚੇਤ ਹੁੰਦਿਆਂ ਹੋਇਆ ਵੀ ਇਕ ਤਰ੍ਹਾਂ ਨਾਲ ਸੁਚੇਤ ਸੀ। ਚਾਹੇ ਉਹ ਨ੍ਰਿਤਅ ਅਭਿਆਸ ਕਰਨ ਲੱਗਿਆ ਕਿਸੇ ਵੇਲੇ ਸੋਨੇ, ਹੀਰੇ ਮੋਤੀਆਂ ਦੇ ਆਭੂਸ਼ਨ ਧਾਰਦੀ ਸੀ ਪਰ ਇਹ ਨਿਰਜੀਵ ਸੋਨਾ ਉਸ ਦੀ ਜੀਵੰਤ ਸੁੰਦਰਤਾ ਤੋਂ ਕਿਵੇਂ ਮਹੱਤਪੂਰਨ ਹੋ ਸਕਦਾ ਸੀ? ਹੀਰੇ ਮੋਤੀਆਂ 'ਚ ਚਮਕ ਸੀ ਪਰ ਉਸਦੀਆਂ ਜੀਵੰਤ ਅੱਖਾਂ ਦੀ ਚਮਕ ਸਾਹਮਣੇ ਉਹ ਬਹੁਤ ਫਿੱਕੇ ਸਨ।

ਸੁਰਾਪ੍ਰਭਾ ਦੇ ਮਨ-ਮਸਤਕ ਬਸ ਇਕੋ ਲਗਨ ਵਾਲਾ ਭਰਿਆ ਹੋਇਆ ਸੀ। ਇਕ ਨਿਪੁਨ ਨਰਤਕੀ

ਬਨਣਾ। ਉਹ ਸਵੇਰੇ ਉੱਠ ਕੇ ਤਿਆਰ ਹੁੰਦੀ। ਸਰੀਰ ਦੇ ਗਠਨ ਅਤੇ ਸਾਹ ਨੂੰ ਕਾਬੂ ਕਰਨ ਲਈ ਪ੍ਰਣਾਯਾਮ ਸੂਰਅ ਪ੍ਰਣਾਮ ਕਰਦੀ। ਗਰਮੀ ਰੁੱਤੇ ਹਰ ਸ਼ਾਮ ਦੇਵਦਾਸੀਆਂ ਲਈ ਬਣਾਏ ਗਏ ਸਰੋਵਰ 'ਚ ਤੈਰਨ ਦਾ ਅਭਿਆਸ ਵੀ ਕਰਦੀ। ਆਪਣੀਆਂ ਲੱਤਾਂ, ਬਾਹਵਾਂ ਪਾਣੀ 'ਚ ਮਾਰਦਿਆਂ ਅਤੇ ਮਛਲੀ ਵਾਂਗ ਤੈਰਦਿਆਂ ਉਸ ਨੂੰ ਅਨੁਭਵ ਹੁੰਦਾ ਜਿਵੇਂ ਸਰੋਵਰ ਦਾ ਨਿਰਮਲ ਜਲ ਉਸ ਦੇ ਸਰੀਰ ਦੇ ਸਾਰੇ ਅੰਗਾਂ ਦੀ ਪੋਲਿਆਂ ਪੋਲਿਆਂ ਮਾਲਸ਼ ਕਰਦਿਆਂ ਉਸ ਦੀ ਸਾਰੀ ਥਕਾਨ ਨੂੰ ਚੂਸ ਰਿਹਾ ਹੋਵੇ।

ਗੁਰੂ-ਮਾਂ ਦੇਵ-ਦੱਤਾ ਵੀ ਬੜੇ ਪਿਆਰ ਅਤੇ ਲਗਨ ਨਾਲ ਉਸ ਨੂੰ ਨ੍ਰਿਤਅ ਅਭਿਆਸ ਕਰਾਉਂਦੀ। ਸੱਠ ਸਾਲ ਦੀ ਆਯੂ ਹੋਣ ਦੇ ਬਾਵਜੂਦ ਉਸ ਦੇ ਗਲੇ 'ਚ ਜਵਾਨੀ ਵਾਲੀ ਮਿਠਾਸ ਸੀ। ਪਹਿਲੇ ਅਲਾਪ ਨਾਲ ਅਭਿਨਅ, ਭਾਵ ਮੁਦਰਾਵਾਂ, ਫੇਰ ਕਿਸੇ ਰਾਗ ਨੂੰ ਸਥਾਈ ਦੀਆਂ ਵੱਖਰੀਆਂ ਵੱਖਰੀਆਂ ਅੰਸ਼ਾਂ, ਭਾਵਾਂ ਨੂੰ ਵੱਖ ਵੱਖ ਤਾਨਾਂ, ਸੁਰਾਂ 'ਚ ਗਾਉਂਦੀ। ਸੁਰਪ੍ਰਭਾ ਵੀ ਰਾਗ ਦੇ ਬੋਲਾਂ, ਭਾਵਾਂ ਅਨੁਸਾਰ ਆਪਣੀਆਂ ਅੱਖਾਂ, ਭਰਵੱਟਿਆਂ, ਬੁੱਲ੍ਹਾਂ ਦੀ ਹਲਕੀ ਜਹੀ ਹਰਕਤ ਦੁਆਰਾ ਅਭਿਵਿਕਤ ਕਰਦੀ। ਜਿੱਥੇ ਕਿਤੇ ਕੁਝ ਤਰੁਟੀ ਦਿਸਦੀ ਤਾਂ ਗੁਰੂ ਮਾਂ ਆਪ ਉੱਠ ਕੇ, ਨ੍ਰਿਤ ਕਰਕੇ ਵਖਾਉਂਦੀ। ਜਿਉਂ ਜਿਉਂ ਸਥਾਈ ਤੋਂ ਬਾਅਦ ਅੰਤਰਾ ਅਤੇ ਅੰਤਰੇ ਦੇ ਨਾਲ ਨਾਲ ਮਰਦੰਗ ਦੀ ਤਾਲ ਦੀ ਗਤੀ ਤੇਜ਼ ਹੁੰਦੀ ਤਾਂ ਸੁਰਾਪ੍ਰਭਾ ਦੇ ਪੈਰ ਵੀ ਉਸ ਤਾਨ ਅਤੇ ਤਾਲ ਨਾਲ ਨੱਚਦਿਆਂ ਤਾਨ ਅਤੇ ਤਾਲ 'ਚ ਇੱਕ ਮਿੱਕ ਹੋ ਜਾਂਦੀ, ਉਸ ਨੂੰ ਲਗਦਾ ਜਿਵੇਂ ਹਵਾ 'ਚ ਉਡ ਰਹੀ ਹੋਵੇ। ਆਪਣੇ ਪੈਰਾਂ ਅਤੇ ਸਰੀਰ ਉੱਤੇ ਐਨਾ ਨਿਯੰਤਰਨ ਕਿ ਪੰਜ ਸੌ ਘੁੰਗਰੂਆਂ ਦੇ ਦੋਵੇਂ ਪੈਰਾਂ 'ਚ ਪਿਆ ਇਕ 'ਛੰਨ', ਇਕੋ ਨਾਦ ਉਨ੍ਹਾਂ 'ਚੋਂ ਨਿਕਲੇ। ਜਦੋਂ ਸੁਰਾਪ੍ਰਭਾ ਨੇ ਜ਼ਿਆਦਾ ਦੇਰ ਤੱਕ ਅਭਿਆਸ ਕਰਨਾ ਹੁੰਦਾ ਤਾਂ ਮਰਦੰਗ ਵਾਦਕ ਸਿਰੀਧਰ ਨੂੰ ਬੁਲਾਇਆ ਜਾਂਦਾ। ਕਈ ਵਾਰੀ ਤੇ ਮਰਦੰਗ, ਰਾਗ ਅਤੇ ਘੁੰਗਰੂਆਂ ਦੀ ਜੁਗਲਬੰਦੀ ਪੂਰਾ ਪੂਰਾ ਦਿਨ ਵਾਯੂਮੰਡਲ 'ਚ ਗੂੰਜਦੀ ਰਹਿੰਦੀ। ਇਸ ਤਰ੍ਹਾਂ ਲੱਗਣ ਲਗਦਾ ਜਿਵੇਂ ਕਮਰੇ ਦੀਆਂ ਕੰਧਾਂ ਵੀ ਆਨੰਦਿਤ ਹੋ ਕੇ ਅਸ਼-ਅਸ਼ ਕਰ ਉੱਠੀਆਂ ਹੋਣ।

ਪਹਿਲਾਂ ਪਹਿਲਾਂ ਜਦ ਉਹ ਅਭਿਆਸ ਕਰਦਿਆਂ ਥੱਕ ਕੇ ਚੂਰ ਹੋ ਜਾਂਦੀ ਤਾਂ ਉਹ ਕੁਝ ਦੇਰ ਸਾਹ ਲੈਣ ਤੋਂ ਬਾਅਦ ਕਹਿੰਦੀ, ਬਸ ਮਾਂ, ਬਹੁਤ ਹੋ ਗਿਆ, ਹੁਣ ਤੇ ਪੈਰਾਂ ਤੇ ਖੜੇ ਰਹਿਣ ਦੀ ਵੀ ਸ਼ਕਤੀ ਨਹੀਂ ਰਹੀ। ਅੱਗਿਓਂ ਦੇਵਦੱਤਾ ਆਖਦੀ! ਕੋਈ ਗਲ ਨਹੀਂ। ਥੋੜ੍ਹੀ ਦੇਰ ਸਾਹ ਲੈ ਲੈ। ਪਰ ਇਕ ਗੱਲ ਚੰਗੀ ਤਰ੍ਹਾਂ ਪੱਲੇ ਬੰਨ ਲੈ। ਵਾਸਤਵ ਅਭਿਆਸ ਸ਼ੁਰੂ ਹੀ ਉਦੋਂ ਹੁੰਦਾ ਹੈ ਜਦੋਂ ਬੰਦਾ ਥੱਕ ਕੇ ਚੂਰ ਹੋ ਗਿਆ ਹੋਵੇ, ਚਾਹੇ ਉਹ ਤੈਰਾਕ ਹੋਵੇ, ਯੋਧਾ ਹੋਵੇ, ਮਰਦੰਗ ਵਾਦਕ ਹੋਵੇ ਚਾਹੇ ਨਰਤਕੀ। ਫੇਰ ਕਦੀ ਆਰਾਮ ਨਾਲ ਬੈਠਿਆਂ ਰਾਗ, ਤਾਲ ਅਤੇ ਨ੍ਰਿਤਅ ਦੀਆਂ ਬਰੀਕੀਆਂ ਸਮਝਾਉਂਦਿਆਂ ਆਖਦੀ, ਨ੍ਰਿਤਅ ਕੋਈ ਖੇਡ ਨਹੀਂ, ਨਾ ਹੀ ਮਨ ਪਰਚਾਵਾ। ਇਹ ਤੇ ਇਕ ਸਾਧਨਾ ਹੈ...।

ਥਕ ਗਈ ਹਾਂ, ਇਸ ਤਰ੍ਹਾਂ ਸੋਚੋ ਹੀ ਨਾ ਪੁੱਤਰੀ। ਫੇਰ ਉਸਨੂੰ ਪਰੋਤਸਾਹਨ ਦੇਂਦਿਆਂ ਕਹਿੰਦੀ, "ਐਨਾ ਹੀ ਕਾਫ਼ੀ ਨਹੀਂ। ਯੋਗਆਸਨ ਕਰੋ। ਪ੍ਰਾਣਾਯਾਮ ਕਰਨਾ ਸਿੱਖੋ। ਸਰੀਰ ਦੀ ਗਠਿਣਤਾ ਬਣਾਈ ਰੱਖਣ ਲਈ, ਸਾਹ ਨੂੰ ਵੱਸ 'ਚ ਕਰਨ ਲਈ ਬਹੁਤ ਕੁਝ ਕਰਨਾ ਪੈਂਦਾ ਹੈ, ਤੈਰਨਾ ਵੀ, ਪਾਣੀ 'ਚ ਤੈਰਨ ਤੋਂ ਵਧੀਆਂ ਅਭਿਆਸ ਹੋਰ ਕੋਈ ਨਹੀਂ। ਸੁਰਾਪ੍ਰਭ ਨੇ ਇਸੇ ਤਰ੍ਹਾਂ ਕੀਤਾ। ਐਨੇ ਵਰ੍ਹਿਆਂ ਦੇ ਅਭਿਆਸ ਤੋਂ ਬਾਅਦ ਕਿ ਨੱਚਦਿਆਂ ਉਸ ਨੂੰ ਲਗਦਾ ਜਿਵੇਂ ਉਹ ਹਵਾ 'ਚ ਉਡ ਰਹੀ ਹੋਵੇ। ਇਹੀ ਨਹੀਂ, ਗੁਰੂ ਮਾਂ ਨੇ ਉਸ ਨੂੰ ਅਭਿਨੇ, ਆਦਾਕਾਰੀ ਦੀਆਂ ਬਰੀਕੀਆਂ ਸਮਝਾਈਆਂ। ਕਵਿਤਾ ਦੀ ਇਕ ਇਕ ਤੈਹਿ ਨੂੰ ਖੋਲ ਖੋਲ ਕੇ ਕਵੀ ਦੀਆਂ ਕਲਪਨਾਵਾਂ ਦਾ ਅਨੁਭਵ ਕਰਾਇਆ। ਹੁਣ ਸੁਰਾਪ੍ਰਭਾ ਆਪ ਹੀ ਦੇਵਦੱਤਾ ਦੀ ਸ਼ੁਕਰਗੁਜਾਰ ਸੀ, ਨ੍ਰਿਤਅ ਦੀ ਇਸ ਨਿਪੁੰਨਤਾ ਤਕ ਪਹੁੰਚਣ ਲਈ। ਹੁਣ ਤੇ ਜਦ ਤੱਕ ਉਹ ਦਿਨ 'ਚ ਅੱਠ ਦਸ ਘੰਟੇ ਅਭਿਆਸ ਨਾ ਕਰ ਲਵੇ, ਉਸ ਨੂੰ ਨੀਂਦ ਨਹੀਂ ਸੀ ਆਉਂਦੀ, ਨਾ ਹੀ ਉਹ ਦੂਜੀਆਂ ਦੇਵਦਾਸੀਆਂ ਵਾਂਗ ਖਿੜ ਖਿੜਾਕੇ ਹਸਦੀ ਫਿਰਦੀ ਅਤੇ ਨਾ ਹੀ ਪ੍ਰੇਮ-ਲੀਲਾ ਦੀਆਂ ਗੱਲਾਂ ਸੁਣਨ ਸੁਣਾਉਣ 'ਚ ਕੋਈ ਰੁਚੀ ਰਖਦੀ। ਦੇਵਦਾਸੀਆਂ ਉਸ ਨੂੰ ਵੇਖ ਕੇ ਮੂੰਹ ਬਣਾਉਂਦਿਆਂ ਕਹਿੰਦੀਆ, ਵੇਖੋ ਇਸ ਦੇ ਨਖ਼ਰੇ! ਪਤਾ ਨਹੀਂ ਕੀ ਸਮਝਦੀ ਏ ਆਪਣੇ ਆਪ ਨੂੰ, ਜਿਵੇਂ ਕੋਈ ਰਾਜਕੁਮਾਰੀ ਹੋਵੇ...!

ਉਹ ਦੇਵਦੱਤਾ ਦੀਆਂ ਅਤੇ ਇਨ੍ਹਾਂ ਦੇਵਦਾਸੀਆਂ ਦੀਆਂ ਗੱਲਾਂ ਸੁਣ ਕੇ ਕਦੇ ਕਦੇ ਆਪਣੇ ਬਾਰੇ ਸੋਚਣ



ਲਗਦੀ। ਇਹ ਉਹ ਚੰਗੀ ਤਰ੍ਹਾਂ ਜਾਣਦੀ ਸੀ ਕਿ ਉਹ ਇਨ੍ਹਾਂ ਦੇਵਦਾਸੀਆਂ ਵਾਂਗ ਨਾ ਤੇ ਕਿਸੇ ਨਰਤਕੀ ਦੀ ਪੁੱਤਰੀ ਸੀ, ਨਾ ਕਿਸੇ ਦੇਵਦਾਸੀ ਦੀ। ਜਦ ਉਹ ਪੰਜ ਛੇ ਵਰ੍ਹਿਆਂ ਦੀ ਸੀ ਤਾਂ ਉਸਦੀ ਜਨਮਦਾਤਾ ਉਸ ਨੂੰ ਦੇਵਦੱਤਾ ਕੋਲ ਛੱਡ ਗਈ ਸੀ। ਤਾਂ ਫੇਰ ਉਸ ਦੀ ਵਾਸਤਵਿਕ ਮਾਂ ਕੌਣ ਹੈ? ਉਸ ਦੇ ਪਿਤਾ ਕੌਣ ਹਨ? ਕੀ ਇਹ ਸੰਭਵ ਨਹੀਂ ਕਿ ਹਾਲੇ ਵੀ ਉਸ ਦੀ ਮਾਂ ਇਸੇ ਨਗਰ 'ਚ ਰਹਿ ਰਹੀ ਹੋਵੇ? ਜੇ ਰਹਿੰਦੀ ਹੋਵੇਗੀ ਤਾਂ ਜ਼ਰੂਰ ਕਦੀ ਉਸਨੂੰ ਲੁਕ ਲੁਕ ਕੇ ਵੇਖਣ ਆਉਂਦੀ ਹੋਵੇਗੀ। ਸੰਭਵ ਹੈ ਕਿ ਉਹ ਪਰਸੋਂ ਵਾਲੇ ਉਤਸਵ ਵਿਚ ਵੀ ਆਵੇ।

ਉਸ ਦੀਆਂ ਸਹੇਲੀਆਂ, ਦੇਵਦਾਸੀਆਂ ਚਾਹੇ ਕਿਸੇ ਵੇਲੇ ਆਪਣੀ ਆਦਤ ਤੋਂ ਮਜਬੂਰ ਕੌੜੇ ਬੋਲ ਬੋਲ ਦੇਂਦੀਆਂ, ਪਰ ਉਸ ਨਾਲ ਈਰਖਾ ਨਹੀਂ ਸਨ ਕਰਦੀਆਂ। ਸੁਰਾਪ੍ਰਭਾ ਦਾ ਸੁਭਾ ਹੀ ਐਸਾ ਸੀ। ਹਲੀਮੀ, ਸਰਲਤਾ, ਸੁਹਿਰਦਤਾ, ਹਰ ਕਿਸੇ ਦੇ ਕੰਮ ਆਉਣ ਲਈ ਤਤਪਰਤਾ। ਕਦੀ ਕਦੀ ਉਹ ਸੋਚਦੀ, ਇਨ੍ਹਾਂ ਵਚਾਰੀਆਂ ਦੇਵਦਾਸੀਆਂ ਨਾਲ ਕੀ ਗਿਲਾ? ਗਿਲਾ ਤੇ ਉਸਨੂੰ ਆਪਣੀ ਹੋਣੀ ਨਾਲ ਜਿਸਨੇ ਉਸ ਨੂੰ ਆਪਣੇ ਮਾਤਾ ਪਿਤਾ ਤੋਂ ਵਖਰਿਆਂ ਕਰਕੇ ਦੇਵਦਾਸੀਆਂ ਵਿਚ ਲਿਆ ਸੁੱਟਿਆ। ਮੇਰੀ ਜਨਮਦਾਤਾ, ਮੇਰੀ ਮਾਂ ਦੀ ਭਲਾ ਇਸ ਤਰ੍ਹਾਂ ਦੀ ਵੀ ਕੀ ਮਜਬੂਰੀ...?

## 2.

ਭੱਟਿਕਾ ਦੇ ਇਸ ਮੰਦਰ 'ਚ ਹਰ ਕੋਈ ਅਤੇ ਹਰ ਪ੍ਰਕਾਰ ਦੀਆਂ ਤਕਰੀਬਨ ਚਾਰ ਸੌ ਦੇਵਦਾਸੀਆਂ ਸਨ। ਇਕ ਉਹ ਜਿਨ੍ਹਾਂ ਆਪਣੀ ਮਰਜ਼ੀ ਨਾਲ ਆਪਣੇ ਆਪ ਨੂੰ ਦੇਵ-ਅਰਪਨ ਕੀਤਾ ਹੋਵੇ। 'ਵਿਕਰੀਤਾ' ਨਾਮ ਦੀ ਦਾਸੀ ਉਹ ਜਿਸ ਨੇ ਉਸਦੇ ਮਾਂ ਬਾਪ ਜਾਂ ਕਿਸੇ ਹੋਰ ਨੇ ਮੰਦਰ ਨੂੰ ਵੇਚ ਦਿੱਤਾ ਹੋਵੇ। 'ਭ੍ਰਤਆ' ਉਹ ਜੋ ਆਪਣੇ ਪਰਿਵਾਰ ਨੂੰ ਮਾਇਕ ਸਹਾਇਤਾ ਲਈ ਵੇਤਨ ਲੈ ਕੇ ਨ੍ਰਿਤਆ ਜਾਂ ਸੇਵਾ ਕਰਦੀਆਂ ਹੋਣ। ਜੋ ਦੇਵਤਾ ਲਈ ਕਿਸੇ ਸ਼ਰਧਾ ਨਾਲ ਪ੍ਰੇਰਿਤ ਹੋ ਕੇ ਆਪਣੇ ਆਪ ਪਰਵੇਸ਼ ਕੀਤਾ ਹੋਵੇ ਉਸ ਨੂੰ 'ਭਗਤਾ' ਕਰਕੇ ਸੰਬੋਧਿਤ ਕੀਤਾ ਜਾਂਦਾ ਸੀ। ਕਿਸੇ ਪ੍ਰਲੋਭਨ, ਲਾਲਚ 'ਚ ਪੈ ਕੇ ਜਾਂ ਕਿਸੇ ਦੇ ਫੁਸਲਾਵੇ 'ਚ ਆ ਕੇ ਮੰਦਰ ਨੂੰ ਅਰਪਿਤ ਹੋਣ ਵਾਲੀਆਂ ਰੀਤਾ ਕਹਾਉਂਦੀਆਂ ਸਨ। ਅਲੰਕ੍ਰਿਤਾ ਉਹ ਜੋ ਇਸ ਨਰਿਤਅ ਸੰਗੀਤ ਸ਼ਿਕਸ਼ਾ ਤੋਂ ਸੰਪੰਨ ਅਤੇ ਵਸਤਰ ਅਲੰਕਾਰਾਂ ਨਾਲ ਸਜਾ ਕੇ ਰਾਜਿਆ ਮਹਾਰਾਜਿਆਂ, ਸਾਮੰਤਾਂ ਵੱਲੋਂ ਦੇਵ ਅਰਪਿਤ ਕੀਤੀਆਂ ਗਈਆਂ ਹੋਣ। ਇਨ੍ਹਾਂ ਸੱਤ ਪਰਕਾਰਾਂ ਦੇ ਇਲਾਵਾ ਸੁਰਾਪ੍ਰਭਾ ਵਾਂਗ ਵੀ ਕਈ ਦੇਵ ਦਾਸੀਆਂ ਸਨ ਜਿਨ੍ਹਾਂ ਨੂੰ ਉਨ੍ਹਾਂ ਦੇ ਮਾਤਾ-ਪਿਤਾ ਕਿਸੇ ਮਜਬੂਰੀ ਜਾਂ ਸ਼ਰਧਾ ਕਾਰਨ ਅਰਪਿਤ ਕਰ ਜਾਂਦੇ ਹੋਣ। ਜਾਂ ਜਿਨ੍ਹਾਂ ਨੇ ਮੰਦਰ 'ਚ ਆ ਕੇ ਦੇਵਤਿਆਂ ਸਨਮੁੱਖ ਕਿਸੇ ਮੰਨਤ ਦੀ ਪੂਰਤੀ ਦੀ ਪ੍ਰਾਰਥਨਾ ਕੀਤੀ ਹੁੰਦੀ ਤਾਂ ਉਹ ਆਪਣੀਆਂ ਧੀਆਂ ਨੂੰ ਦੇਵਾਲਿਆ 'ਚ ਲਿਆ ਕੇ ਦੇਵਤਾ ਦੀ ਸੇਵਾ ਲਈ ਅਰਪਿਤ ਕਰ ਦੇਂਦੇ। ਨਿਮਨ ਵਰਗਾ ਦੀਆਂ ਕਈ ਜਾਤੀਆਂ, ਜੁਲਾਹੇ, ਨਾਵਕ ਆਦਿ ਵੀ ਐਸੀਆਂ ਸਨ ਜਿਨਾਂ 'ਚ ਆਪਣੀਆਂ ਧੀਆਂ ਨੂੰ ਦੇਵਦਾਸੀਆਂ ਬਨਾਏ ਜਾਣ ਦਾ ਰਿਵਾਜ ਪੈ ਗਿਆ ਹੋਇਆ ਸੀ।

ਇਸ ਦੇ ਇਲਾਵਾ ਮੰਦਰਾਂ 'ਚ ਦੇਵਦਾਸੀਆਂ ਦੀ ਗਿਣਤੀ ਵਧਾਉਣ ਖ਼ਾਤਰ ਮੰਦਰਾਂ ਦੇ ਪੁਜਾਰੀ, ਬ੍ਰਾਹਮਣ ਕੁਝ ਇਸ ਤਰ੍ਹਾਂ ਦਾ ਪਰਚਾਰ ਕਰਕੇ ਲੋਕਾਂ ਨੂੰ ਪ੍ਰਭਾਵਤ ਕਰਦੇ ਰਹੇ ਸਨ ਕਿ ਦੇਵਾਲਿਆਂ 'ਚ ਦੇਵਦਾਸੀਆਂ ਜਾਂ ਵੈਸ਼ਿਆਵਾਂ ਸਮਰਪਤ ਕਰਨ ਵਾਲੇ ਨੂੰ ਸੂਰਅ-ਭਗਤੀ ਦਾ ਪੁੰਨ ਪ੍ਰਾਪਤ ਹੋਵੇਗਾ। ਉਨ੍ਹਾਂ ਚੋਂ ਇਕ ਕਥਾ ਕੁਝ ਇਸ ਤਰ੍ਹਾਂ ਸੀ-

ਇਕ ਵਾਰੀ ਦੋ ਇਸਤ੍ਰੀਆਂ ਕਿਸੇ ਮਹਾਤਮਾਂ ਦੇ ਸਰਾਪ ਤੋਂ ਮੁਕਤ ਹੋਣ ਲਈ ਆਚਾਰੀਆ ਰੁਦਰਵਰਮਨ ਕੋਲ ਗਈਆਂ। ਆਚਾਰੀਆਂ ਉਨ੍ਹਾਂ ਸੁੰਦਰ ਇਸਤ੍ਰੀਆਂ ਵੱਲ ਤੱਕਦਿਆਂ ਬੋਲੇ,

'ਹੇ ਸੁੰਦਰੀਓ, ਸਭ ਤੋਂ ਪਹਿਲਾਂ ਤੁਸੀਂ ਆਪਣੇ ਆਪ ਨੂੰ ਦੇਵਾਲਅ ਨੂੰ ਅਰਪਣ ਕਰੋ। ਫੇਰ ਦੇਵਦਾਸੀ ਦਾ ਧਰਮ ਪਾਲਣ ਕਰਦਿਆਂ ਇਥੇ ਨਵਾਸ ਕਰੋ। ਨ੍ਰਿਤਅ ਸਿੱਖੋ। ਸੂਰਅ ਦੇਵਤਾ ਨੂੰ ਆਪਣੇ ਨ੍ਰਿਤਅ ਅਤੇ ਸੁੰਦਰਤਾ ਨਾਲ ਰੁਝਾਓ। ਜੇ ਕੋਈ ਵੀ ਧਨ ਲੈ ਕੇ ਤੁਹਾਡੇ ਦਵਾਰ ਤੇ ਆਵੇ ਤਾਂ ਉਸ ਨਾਲ ਕਿਸੇ ਤਰ੍ਹਾਂ ਦਾ ਮਤ ਭੇਦ ਨਾ ਕਰਦਿਆਂ ਤਨ ਮਨ ਨਾਲ ਉਸ ਦੀ ਸੇਵਾ ਕਰੋ। ਧੰਨ ਦੇਣ ਵਾਲੇ ਪੁਰਸ਼ ਨੂੰ ਪਤੀ ਜਾਂ ਰਾਜਾ

ਵਾਂਗ ਜਾਨਣਾ ਬ੍ਰਹਮਣਾ ਨੂੰ ਸਵਰਨ ਅਤੇ ਗਊਆਂ ਦਾ ਦਾਨ ਦੇਣਾ। ਰਵੀਵਾਰ ਨੂੰ ਇਸ਼ਨਾਨ ਆਦਿ ਕਰਨਾ, ਸੁੱਧ ਹੋਣ ਤੋਂ ਬਾਅਦ ਮਾਦਨ ਸਰੂਪ ਵਿਸ਼ਨੂੰ ਦੀ ਪੂਜਾ ਕਰਨਾ। ਉਸ ਤੋਂ ਬਾਅਦ ਕਿਸੇ ਵੇਦ ਸ਼ਾਸ਼ਤਰ ਦੇ ਗਿਆਤਾ, ਧਰਮ ਗਿਆਤਾ, ਬ੍ਰਾਹਮਣ ਨਿਮੰਤਰਤ ਕਰਕੇ ਭੋਜਨ ਕਰਾਉਣਾ, ਭਗਤੀ ਭਾਵ ਨਾਲ ਉਸਦੀ ਪੂਜਾ ਕਰਨਾ। ਫੇਰ ਉਸਨੂੰ ਸ਼ਾਕਸ਼ਾਤ ਕਾਮਦੇਵ ਮੰਨਦਿਆਂ, ਜੇ ਉਹ ਰਤਿ ਵਿਲਾਸ-ਭੋਗ ਵਿਲਾਸ ਦੀ ਇੱਛਾ ਕਰੇ ਤਾਂ ਪ੍ਰਸੰਨਚਿਤ ਉਸ ਦੀ ਇਹ ਇੱਛਾ ਪੂਰਨ ਕਰਨਾ। ਇਸ ਤਰ੍ਹਾਂ ਤੇਰਾ ਮਹੀਨੇ ਤਕ ਇਹ ਕੁਝ ਆਖੰਡ ਰੂਪ 'ਚ ਕਰਨਾ। ਪੰਜ ਵਰ੍ਹੇ ਤਕ ਇਸ ਵਿਧੀ ਦਾ ਪਾਲਣ ਕਰੋਗੇ ਤਾਂ ਸ਼ਰਾਪ ਤੋਂ ਮੁਕਤ ਹੋ ਜਾਵੋਗੇ।

ਸੁਰਾ ਪ੍ਰਭਾ ਨੂੰ ਆਪਣੀ ਮਾਂ ਜਾਂ ਆਪਣੇ ਬਚਪਨ ਬਾਰੇ ਯਾਦ ਬਹੁਤ ਧੁੰਦਲੀ ਸੀ, ਸਵਾਏ ਇਸ ਦੇ ਕਿ ਉਹ ਆਪਣੀ ਮਾਂ ਨਾਲ ਇਕ ਵੱਡੇ ਮਕਾਨ ਦੀ ਨੁੱਕਰੇ ਜਹੇ ਇਕ ਛੋਟੇ ਜਹੇ ਕਮਰੇ 'ਚ ਰਹਿੰਦੀ ਸੀ। ਕੁਝ ਕੁਝ ਇਹ ਵੀ ਕਿ ਜਦ ਉਸ ਦੀ ਮਾਂ ਉਸ ਨੂੰ ਇਥੇ ਛੱਡ ਕੇ ਜਾਣ ਲੱਗੀ ਤਾਂ ਉਹ ਆਪਣੀ ਮਾਂ ਦਾ ਪੱਲਾ ਫ਼ੜ ਕੇ ਬਹੁਤ ਰੋਈ ਸੀ। ਮਾਂ ਨੇ ਵੀ ਹੰਝੂ ਕੇਰਦਿਆਂ ਅਤੇ ਉਸ ਦੀਆਂ ਗੱਲ੍ਹਾਂ ਨੂੰ ਚੁੰਮਦਿਆਂ ਆਖਿਆ ਸੀ ਕਿ ਉਹ ਇਥੇ ਬਹੁਤ ਸੁੱਖ-ਆਰਾਮ ਨਾਲ ਰਹੇ ਗੀ ਅਤੇ ਇਹ ਵੀ ਕਿ ਉਹ ਛੇਤੀ ਹੀ ਉਸਨੂੰ ਲੈਣ ਵਾਪਸ ਆਵੇਗੀ।

ਉਸ ਨੂੰ ਇਹ ਦਿਨ ਵੀ ਖ਼ੂਬ ਚੰਗੀ ਤਰ੍ਹਾਂ ਯਾਦ ਸੀ ਜਦੋਂ ਉਸ ਨੂੰ ਗਿਆਰਾਂ ਬਾਰਾਂ ਵਰ੍ਹੇ ਪਹਿਲਾਂ ਦੇਵਦਾਸੀ ਬਨਣ ਦੀ ਪ੍ਰਕਿਰਿਆ ਚੋਂ ਲੰਘਣਾ ਪਿਆ ਸੀ।

ਉਸ ਦੇ ਮਾਤਾ ਪਿਤਾ ਦੀ ਬਜਾਏ ਉਸ ਦੀ ਗੁਰੂ ਮਾਂ ਦੇਵਦੱਤਾ ਹੀ ਉਸਨੂੰ ਮਰਦੰਗ, ਤੂਤਕੀਆਂ, ਵਾਜੇ-ਗਾਜੇ ਦੇ ਨਾਲ ਸਮਾਰੋਹ ਪੂਰਵਕ ਮੰਦਰ 'ਚ ਲੈ ਕੇ ਗਈ ਸੀ। ਉਸ ਨੂੰ ਸੁੱਧ ਚਿੱਟੇ ਕਪੜੇ ਪਵਾਏ ਗਏ। ਇਕ ਪਿੱਤਲ ਦੇ ਇਕ ਥਾਲ 'ਚ ਦੋ ਸੇਰ ਚੌਲ ਪੰਜ ਨਾਰੀਅਲ, ਪੰਜ-ਪਾਣ, ਪੰਜ ਸਪਾਰੀਆਂ, ਪੰਜ ਕੇਲੇ, ਹਲਦੀ ਦੀਆਂ ਪੰਜ ਗੰਢਾ, ਰੌਲੀ, ਕਪੂਰ, ਸੋਨੇ ਦਾ ਇਕ ਮੰਗਲ ਸੂਤਰ, ਚਾਂਦੀ ਦੀਆਂ ਦੋ ਚੂੜੀਆਂ ਰੱਖ ਕੇ, ਲੈ ਜਾਇਆ ਗਿਆ।

"ਮੈਨੂੰ ਕਿਥੇ ਲੈ ਕੇ ਜਾ ਰਹੇ ਹੋ?" ਛੇ ਸਤ ਸਾਲ ਦੀ ਸੁਰਾਪ੍ਰਭਾ ਨੇ ਦੇਵਦੱਤਾ ਤੋਂ ਪੁੱਛਿਆ ਸੀ।

"ਤੈਨੂੰ ਦੇਵਅਰਪਨ ਕਰਨ ਲਈ।"

"ਹੈਂ ਦੇਵਅਰਪਨ ਕੀ ਹੁੰਦਾ ਹੈ?"

"ਹੌਲੀ ਹੌਲੀ ਸਭ ਸਮਝ ਜਾਵੇਂਗੀ।"

ਮੰਦਰ ਦੇ ਆਚਾਰੀਆਂ ਦੇ ਅਦੇਸ਼ ਅਨੁਸਾਰ ਸੂਰਅ ਦੇਵਤਾ ਦੀ ਇਕ ਛੋਟੇ ਆਨਾਰ ਦੀ ਪ੍ਰਤਿਮਾਂ ਅਤੇ ਸੁਰਾਪ੍ਰਭਾ ਨੂੰ ਮੰਦਰ ਦੀ ਇਕ ਨੁਕਰੇ ਲੈ ਜਾਇਆ ਗਿਆ। ਫੇਰ ਉਸ ਨੂੰ ਕਾਲੇ ਰੰਗ ਦੇ ਕੰਬਲ ਤੇ ਸੂਰਜ ਵੱਲ ਮੁਖ ਕਰਕੇ ਬਠਾ ਦਿੱਤਾ। ਉਸ ਦੇ ਸੱਜੇ ਗੋਡੇ ਤੇ ਸੱਜੀ ਕੁਹਣੀ ਟਕਾ ਕੇ ਉਸ ਦੀ ਹਥੇਲੀ ਉੱਤੇ ਉਸ ਦਾ ਸਿਰ ਟਕਾ ਦਿੱਤਾ ਗਿਆ। ਫੇਰ ਥਾਲ 'ਚ ਪਾ ਕੇ ਲਿਆਈਆ ਵਸਤੂਆਂ, ਨਾਰੀਅਲ ਆਦਿ ਉਸ ਦੇ ਸਾਹਮਣੇ ਰੱਖ ਦਿੱਤੀਆਂ ਗਈਆਂ। ਸੁਰਾਪ੍ਰਭਾ ਇਕ ਯੰਤਰ ਵਾਂਗ ਸਭ ਕੁਝ ਕਰਦੀ ਗਈ।

"ਆਓ ਦੇਵਦੱਤਾ, ਕੰਕਨਮ ਕਰੋ।" ਕਿਸੇ ਨੇ ਪਿੱਛੇ ਖੜੀ ਦੇਵਦੱਤਾ ਵੱਲ ਤੱਕਦਿਆਂ ਆਖਿਆ।

ਦੇਵਦੱਤਾ ਉਸ ਦੇ ਸਾਹਮਣੇ ਆਈ ਅਤੇ ਉਸਨੂੰ ਆਪਣੇ ਕਲਾਵੇ 'ਚ ਲੈ ਕੇ ਪਾਨ ਦਾ ਪੱਤਾ ਉਸ ਦੀ ਕਲਾਈ ਤੇ ਬੰਨ ਦਿੱਤਾ।

ਕੋਲ ਖੜੀਆਂ ਦੇਵਦਾਸੀਆਂ ਨੇ 'ਕੰਕਨਮ ਹੋ ਗਿਆ' ਕੰਕਨਮ ਹੋ ਗਿਆ' ਉਚਾਰਿਆ ਆਪਣੀ ਪ੍ਰਸੰਨਤਾ ਦਾ ਪ੍ਰਗਟਾ ਕੀਤਾ। ਇਕ ਦੇਵਦਾਸੀ ਨੇ ਸ਼ੰਖ ਬੁੱਲਾਂ 'ਤੇ ਲਾ ਕੇ ਸ਼ੰਖ ਵਜਾਇਆ। ਇਸ ਤੋਂ ਬਾਅਦ ਵਿਆਹ ਦੇ ਮੰਗਲ ਗੀਤ ਗਾਏ ਗਏ। ਕੁਝ ਦੇਵਦਾਸੀਆਂ ਅਤੇ ਇਸ ਸਮਾਗਮ 'ਚ ਭਾਗ ਲੈਣ ਲਈ ਆਮੰਤਰਿਤ ਦੋ ਸੁਹਾਗਨ ਇਸਤ੍ਰੀਆਂ ਨੇ ਸੁਰਾਪ੍ਰਭਾ ਉੱਤੇ ਕੁਮਕੁਮ ਛਿੜਕਿਆ ਅਤੇ ਸੋਨੇ ਦਾ ਮੰਗਲ ਸੂਤਰ ਉਸ ਦੇ ਗਲ ਵਿੱਚ ਪਾ ਦਿੱਤਾ। ਮੰਗਲਸੂਤਰ ਪਾਉਣ ਵੇਲੇ ਸੂਰਅ ਦੇਵਤਾ ਦੀ ਮੂਰਤੀ ਉਸਦੇ ਐਨ ਸਾਹਮਣੇ ਲਿਆ ਰੱਖੀ ਗਈ। ਇਸ ਤੋਂ ਬਾਅਦ ਉਸ ਦੇ ਪੈਰਾਂ 'ਚ ਬਿਛੂਏ... ਪਾਏ ਗਏ। ਇਨ੍ਹਾਂ ਦੋਹਾਂ ਨੂੰ ਹੁਣ



ਸੁਰਾਪ੍ਰਭਾ ਨੇ ਆਜੀਵਨ ਗ੍ਰਹਿਣ ਕਰੀ ਰੱਖਣਾ ਸੀ, ਫੇਰ ਉਸ ਦੀ ਖੱਬੀ ਛਾਤੀ ਦੇ ਉਭਾਰ 'ਤੇ ਚੱਕਰ ਅਤੇ ਸੱਜੀ ਛਾਤੀ 'ਤੇ ਸੰਖ ਲੋਹੇ ਦੀਆਂ ਗਰਮ ਸੁਲਾਖਾਂ ਨਾਲ ਅੰਕਿਤ ਕੀਤੀ ਗਿਆ। ਉਸ ਵੇਲੇ ਸੁਰਪ੍ਰਭਾ ਦੇ ਗਲੇ 'ਚੋਂ ਇਕ ਚੀਕ ਨਿਕਲੀ ਅਤੇ ਅੱਖਾਂ 'ਚੋਂ ਅੱਥਰੂ ਕਿਰਨ ਲੱਗੇ। ਇਸ ਦੇ ਬਾਅਦ ਸੁਰਪ੍ਰਭਾ ਦੇ ਮੱਥੇ ਤੇ ਕੁਮਕੁਮ ਦਾ ਲੇਪ ਕਰਕੇ ਉਸ ਦੇ ਉੱਤਰੀਅ ਨਾਲ ਦੋ ਨਾਰੀਅਲ, ਪਾਨ, ਹਲਦੀ ਦੀ ਗੰਡ ਅਤੇ ਸੁਪਾਰੀ ਬੰਨ੍ਹ ਦਿੱਤੀਆਂ ਗਈਆਂ, ਇਸ ਤਰ੍ਹਾਂ ਉਸ ਦੀ ਗੋਦ ਭਰ ਕੇ ਤਿੰਨ ਵਾਰੀ ਮੰਦਰ ਦੇ ਪਰਦੱਖਣਾ ਕਰਵਾਈ। ਫੇਰ ਦੇਵ-ਪ੍ਰਤਿਮਾਂ ਸਾਹਮਣੇ ਉਸਨੂੰ ਮੱਥਾ ਟਿਕਾਇਆ ਗਿਆ। ਇਹ ਸਭ ਕੁਝ ਹੋ ਜਾਣ ਤੋਂ ਬਾਅਦ ਕੰਗਾਲਾਂ, ਭਿਖਾਰੀਆਂ ਅਤੇ ਬ੍ਰਹਮਣਾਂ ਨੂੰ ਧਨ ਦੱਖਣਾ ਦਾ ਕੰਮ ਸ਼ੁਰੂ ਹੋਇਆ। ਮੰਦਰ ਦੇ ਮੁੱਖ ਪ੍ਰੋਹਿਤ ਨੇ ਸੁਰਾਪ੍ਰਭਾ ਦੇ ਕੰਨ 'ਚ ਮੰਤਰ ਪੜ੍ਹੇ ਅਤੇ ਉਸਨੂੰ ਵਿਸ਼ੇਸ਼ ਰੂਪ 'ਚ ਦਾਨ ਦੱਖਣਾ ਪ੍ਰਾਪਤ ਹੋਈ। ਇਸ ਦੇ ਬਾਅਦ ਸੂਰਾਦੇਵ, ਵਿਸ਼ਨੂੰ ਆਦਿ ਦੀ ਉਸਤਤੀ 'ਚ ਸਲੋਕ ਪੜ੍ਹਨ ਤੋਂ ਬਾਅਦ ਇਹ ਸਮਾਰੋਹ ਸਮਾਪਤ ਹੋ ਗਿਆ ਅਤੇ ਸੁਰਾਪ੍ਰਭਾ ਵਿਧੀਵੱਧ ਢੰਗ ਨਾਲ 'ਦੇਵਤਾ' ਦੇ ਅਰਪਿਤ ਹੋ ਗਈ।

ਪਰ 'ਹੋਮ ਕਿਰਿਆ' ਅਤੇ 'ਕੁਮਾਰ ਭੰਗ' 'ਚ ਹਾਲੇ ਦਸ ਬਾਰਾਂ ਵਰ੍ਹੇ ਬਾਕੀ ਸਨ।

'ਇਹ ਹੋਮ ਕਿਰਿਆ' ਇਹ ਕੁਮਾਰ ਭੰਗ ਕੀ ਹੁੰਦਾ ਹੈ?' ਉਸ ਨੇ ਭੋਲੇ ਭਾਅ ਪੁੱਛਿਆ ਸੀ।

"ਹੌਲੀ ਹੌਲੀ ਇਹ ਵੀ ਆਪਣੇ ਆਪ ਸਮਝ ਜਾਵੇਂਗੀ।"

ਪਰ ਇਹ ਸਾਰਾ ਕੁਝ ਸਮਝਣ 'ਚ ਉਸ ਨੂੰ ਕਈ ਵਰ੍ਹੇ ਲੱਗ ਗਏ।

ਦੂਜੇ ਪਾਸੇ ਉਸ ਨੂੰ ਮੰਦਰ ਤੋਂ ਵਾਪਸ ਆਉਂਦਿਆਂ ਦੇਵਦੱਤਾ ਸੋਚ ਰਹੀ ਸੀ। ਹੁਣ ਇਸ ਦਾ ਭਵਿੱਖ ਨਿਸ਼ਚਿਤ ਹੋ ਗਿਆ ਹੈ ਅਤੇ ਉਹ ਸੁਰਾਪ੍ਰਭਾ ਉਸ ਦੇ ਆਪਣੇ ਵਾਂਗ ਕਿਸੇ ਦਿਨ ਕਿਸੇ ਨਵ ਜੋਬਨ, ਪ੍ਰਤਿਭਾਸ਼ਾਲੀ ਦੇਵਦਾਸੀ ਦੀ ਗੁਰੂ ਬਣੇਗੀ-ਇਸ ਹੋਣੀ ਤੋਂ ਅਨਜਾਣ ਕਿ ਹੋਣੀ ਉਸ ਨੂੰ ਸਾਰੇ ਸਪਤ ਸਿੰਧੂ 'ਚ ਭਜਾਉਣ, ਬੇਸ਼ੁਮਾਰ ਦੁੱਖਾਂ ਸੁੱਖਾਂ ਦੇ ਦਰਿਆਵਾਂ ਚੋਂ ਲੰਘਾਉਣ ਤੋਂ ਬਾਅਦ ਪੰਚਨਦ ਦੀ ਮਹਾਰਾਣੀ ਬਣਾ ਦੇਵੇਗੀ...।

## 3. ਭੱਟਿਕਾ ਦਾ ਦੁਰਗ

ਭੱਟਿਕਾ (ਅੱਜ ਦਾ ਬਠਿੰਡਾ) ਦਾ ਦੁਰਗ ਰਾਜ ਭਵਨ ਤੋਂ ਤਕਰੀਬਨ ਇਕ ਕੋਹ ਦੇ ਫਾਸਲੇ ਤੇ ਇਕ ਉੱਚੇ ਟਿੱਲੇ ਤੇ ਬਣਿਆਂ ਹੋਇਆ ਸੀ। ਛੋਟੀ ਇੱਟ ਨਾਲ ਬਣੀਆਂ ਇਸ ਦੀਆਂ ਉੱਚੀਆਂ ਅਤੇ ਵਿਸ਼ਾਲ ਕੰਧਾਂ ਨੂੰ ਵੇਖ ਦੇ ਇੰਜ ਲਗਦਾ ਸੀ ਕਿ ਕਿਸੇ ਸੈਨਾ ਦੁਆਰਾ ਇਸ ਦੁਰਗ 'ਤੇ ਜਿੱਤ ਪ੍ਰਾਪਤ ਕਰਨਾ ਕਠਿਨ ਹੀ ਨਹੀਂ, ਅਸੰਭਵ ਹੈ। ਵਿਜੈ ਰਾਏ ਨੂੰ ਬਹੁਤ ਮਾਣ ਸੀ ਇਸ ਦੁਰਗ 'ਤੇ, ਅਤੇ ਆਪਣੇ ਉਨ੍ਹਾਂ ਭੱਟੀ ਰਾਜਪੂਤ ਪੁਰਖਿਆਂ 'ਤੇ ਜਿਨ੍ਹਾਂ ਨੇ ਚਾਰ ਸੌ ਵਰ੍ਹੇ ਪਹਿਲਾਂ ਇਸ ਦੁਰਗ ਹੀ ਨੀਂਹ ਰੱਖੀ ਅਤੇ ਇਸ ਭੱਟਿਕਾ ਨਗਰ ਨੂੰ ਵਸਾ ਕੇ ਆਪਣੀ ਰਾਜਧਾਨੀ ਬਣਾਇਆ। ਪਿਛਲੇ ਸਮਿਆਂ 'ਚ ਇਸ ਨੂੰ ਭੱਟੀਆਂ ਜਾਂ ਉਦਭੰਡ ਵੀ ਕਿਹਾ ਜਾਂਦਾ ਸੀ। ਇਸ ਦੇ ਪੁਰਖਿਆਂ ਨੇ ਤਕਰੀਬਨ ਚਾਰ ਸੌ ਵਰ੍ਹੇ ਪਹਿਲਾਂ ਰਾਜਾ ਹਰਸ਼ਵਰਧਨ ਨਾਲ ਮਿਲ ਕੇ ਹੂਨਾ ਵਿਰੁਧ ਯੁੱਧ ਅਭਿਆਨ 'ਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਆਨੰਦਪਾਲ ਅਤੇ ਵਿਜੈ ਰਾਏ ਨੇ ਪਹਿਲਾਂ ਘੋੜਿਆਂ 'ਤੇ ਬੈਠ ਕੇ ਦੁਰਗ ਦੁਆਲੇ ਪੂਰਾ ਚੱਕਰ ਲਾਇਆ। ਫੇਰ ਆਨੰਦ ਪਾਲ ਦੁਰਗ ਦੁਆਲੇ ਪੁੱਟੀ ਹੋਈ ਖਾਈ ਵਲ ਤੱਕਦਿਆਂ ਬੋਲਿਆ,

"ਮੇਰਾ ਵਿਚਾਰ ਹੈ ਕਿ ਇਸ ਨੂੰ ਹੋਰ ਡੂੰਘੀ ਅਤੇ ਚੌੜਾ ਕਰਾ ਦਿੱਤਾ ਜਾਵੇ ਤਾਂ ਚੰਗਾ ਹੋਵੇ।"

"ਤੁਹਾਡਾ ਸੁਝਾ ਉਚਿਤ ਹੈ। ਪਰ ਖਾਈ ਨੂੰ ਭਰਨ ਲਈ ਐਨਾ ਪਾਣੀ ਕਿੱਥੋਂ ਲਿਆਇਆ ਜਾਵੇ, ਇਹੀ ਸਮੱਸਿਆ ਹੈ। ਇਸੇ ਨੂੰ ਬੜੀ ਕਠਿਤਾ ਨਾਲ ਭਰ ਪਾਉਂਦੇ ਹਾਂ।"

ਦੁਰਗ ਦੇ ਵਿਸ਼ਾਲ ਦਵਾਰ 'ਚੋਂ ਲੰਘ ਕੇ ਅੰਦਰ ਜਾਂਦਿਆ ਆਨੰਦਪਾਲ ਨੇ ਦੋਵੇਂ ਪਾਸੇ ਕੰਧਾਂ ਵਿਚ ਛੇਕਾਂ, ਛੱਜਿਆਂ ਨੂੰ ਵੇਖਿਆ ਜਿਨ੍ਹਾਂ ਥਾਂਣੀ ਧਨੁਖਧਾਰੀ ਆਪਣੇ ਵਿਰੋਧੀਆਂ ਤੇ ਤੀਰਾਂ ਦੀ ਵਰਖਾ ਕਰ ਸਕਦੇ ਸਨ।

"ਇਨ੍ਹਾਂ ਛੱਜਿਆ, ਝਰੋਖਿਆਂ 'ਚੋਂ ਅੰਦਰ ਵੜ ਆਉਣ ਵਾਲੇ ਵੈਰੀਆਂ ਉੱਤੇ ਗਰਮ ਤੇਲ, ਅੱਗ ਅਤੇ

ਪੱਥਰਾਂ ਦੀ ਵਰਖਾ ਕੀਤੀ ਜਾ ਸਕਦੀ ਹੈ।'' ਵਿਜੈ ਰਾਏ ਇਸ ਦੁਰਗ ਦੀ ਸੁਰੱਖਿਆ ਅਤੇ ਕਿਲ੍ਹੇ ਬੰਦੀ ਦੀਆਂ ਬਰੀਕੀਆਂ ਦਸਦਿਆਂ ਬੋਲਿਆ।

ਦੁਰਗ ਦੇ ਅੰਦਰ ਜਾ ਕੇ ਆਨੰਦਪਾਲ ਨੇ ਵੇਖਿਆ ਕਿ ਇਕ ਪਾਸੇ ਸਾਫ ਪਾਣੀ ਦੀ ਇਕ ਬਾਉਲੀ, ਰਾਜ ਘਰਾਣੇ ਅਤੇ ਰਾਜ ਅਧਿਕਾਰੀਆਂ ਲਈ ਕੁਝ ਕੰਮ ਚਲਾਊ ਰਾਜ ਭਵਨ, ਸੈਨਕਾਂ ਲਈ ਕਮਰੇ, ਹਾਥੀਆਂ, ਘੋੜਿਆਂ ਲਈ ਉਚਿਤ ਸਥਾਨ, ਸ਼ਾਸ਼ਤਰਘਰ, ਉਹ ਸਭ ਕੁਝ ਸੀ ਜਿਸ ਦੀ ਦੁਸ਼ਮਣ ਦੁਆਰਾ ਕਿਲ੍ਹੇ ਦੀ ਘੇਰਾਬੰਦੀ ਕਰਨ ਤੋਂ ਬਾਅਦ ਲੋੜ ਪੈ ਸਕਦੀ ਹੈ। ਦੁਰਗ ਦੀ ਕੰਧ ਐਨੀ ਮੋਟੀ ਤੇ ਚੌੜੀ ਸੀ ਕਿ ਅੱਠ ਘੋੜ ਸਵਾਰ ਇਕੋ ਕਤਾਰ ਵਿਚ ਉਸ ਕੰਧ ਦਾ ਚੱਕਰ ਲਾ ਸਕਦੇ ਸਨ।

ਆਨੰਦਪਾਲ ਨੇ ਦੁਰਗ ਦੇ ਸਭ ਤੋਂ ਉੱਚੇ ਬੁਰਜ ਤੇ ਖੜੇ ਹੋ ਕੇ ਚਾਰੇ ਪਾਸੇ ਨਜ਼ਰ ਮਾਰੀ। ਦੁਰਗ ਦੇ ਪੂਰਬ ਵਲ ਰਾਜ ਭਵਨ, ਨਗਰ ਵਾਸੀਆਂ ਦੇ ਮਕਾਨ, ਰਾਜ ਪਥ, ਸਰੋਵਰ ਆਦਿ ਨਜ਼ਰ ਆ ਰਹੇ ਸਨ। ਸਮੁੱਚੇ ਨਗਰ ਅਤੇ ਦੁਰਗ ਨੂੰ ਵਲ ਦੀ ਹੋਈ ਪੱਥਰਾਂ ਦੀ ਬਣੀ ਇਕ ਕੰਧ ਸੀ ਅਤੇ ਨਗਰ 'ਚ ਆਉਣ ਜਾਣ ਲਈ ਚਾਰ ਦਵਾਰ ਵੀ ਦਿਸ ਰਹੇ ਸਨ। ਕੰਧ ਤੋਂ ਪਰੇ ਚਾਰੇ ਪਾਸੇ ਖੇਤ, ਰੁੱਖਾਂ ਦੇ ਝੁੰਡ ਅਤੇ ਕਿਤੇ ਕਿਤੇ ਬੰਜ਼ਰ ਜ਼ਮੀਨ ਨਜ਼ਰ ਆ ਰਹੀ ਸੀ।

ਨਗਰ ਦੇ ਇਕ ਪਾਸੇ ਇਕ ਸਰੋਵਰ ਦੇ ਕੰਡੇ ਇਕ ਮੰਦਰ ਦੇ ਚਮਕਦੇ ਸਨਹਿਰੀ ਕਲਸ਼ ਨੂੰ ਵੇਖ ਕੇ ਆਨੰਦ ਪਾਲ ਬੋਲਿਆ,

''ਤਾਂ ਇਹ ਹੈ ਉਹ ਪ੍ਰਸਿੱਧ ਸੂਰਅ ਮੰਦਰ ਜਿਥੇ ਕੁਝ ਦਿਨਾਂ ਤਕ ਕੋਈ ਉਤਸਵ ਹੋਣ ਵਾਲਾ ਹੈ।''

''ਕੁਝ ਦਿਨਾਂ ਤਕ ਨਹੀਂ ਬਲਕਿ ਕੱਲ੍ਹ ਹੀ। ਉਹ ਵੀ ਸੰਜੋਗ ਦੀ ਗੱਲ ਕਿ ਇਸ ਵੇਲੇ ਤੁਸੀਂ ਵੀ ਇਥੇ ਹੀ ਹੋ। ਕਿਸੇ ਦੇਵਦਾਸੀ ਦੀ ਬੜੀ ਚਰਚਾ ਹੋ ਰਹੀ ਹੈ। ਚਾਰੇ ਪਾਸੇ।''

''ਜੇ ਸਚ ਪੁੱਛੋ ਤਾਂ ਮੈਨੂੰ ਨਾ ਇਨ੍ਹਾਂ ਮੰਦਰਾਂ 'ਚ ਰੁਚੀ ਹੈ ਅਤੇ ਨਾ ਹੀ ਦੇਵਦਾਸੀਆਂ ਦੇ ਨ੍ਰਿਤਅ ਵਿੱਚ। ਖੈਰ, ਇਸ ਬਾਰੇ ਕਦੀ ਫੇਰ ਗਲ ਕਰਾਂਗੇ। ਪਹਿਲਾਂ ਮੈਂ ਉਸ ਬਾਰੇ ਗਲ ਕਰ ਲਵਾਂ ਜਿਸ ਮੰਤਵ ਲਈ ਮੈਂ ਤੁਹਾਡੇ ਪਾਸ ਆਇਆ ਹਾਂ।''

ਵਿਜੇ ਰਾਏ ਬੜੇ ਗੌਹ ਅਤੇ ਉਤਸੁਕਤਾ ਭਰੀਆਂ ਅੱਖਾਂ ਨਾਲ ਉਸ ਵਲ ਵੇਖਣ ਲੱਗਾ।

''ਤੁਸੀਂ ਤੇ ਜਾਣਦੇ ਹੀ ਹੋ ਕਿ ਪੰਜਾਹ ਸੱਠ ਵਰ੍ਹੇ ਪਹਿਲਾਂ ਸਾਡੀ ਰਾਜਧਾਨੀ ਕਾਬੁਲ ਸੀ ਅਤੇ ਅੱਧੇ ਤੋਂ ਵੱਧ ਕਪਿਸ [1] (ਅਫਾਗਾਨਿਸਤਾਨ)[1] ਸਾਡੇ ਰਾਜ ਅਧੀਨ ਸੀ। ਫੇਰ ਸਾਡੇ ਪੂਰਵਜਾਂ ਨੂੰ ਤੁਰਕਾਂ ਤੋਂ ਹਾਰ ਖਾ ਕੇ ਪੰਚਨਦ ਵਿਚ ਆਉਣਾ ਪਿਆ। ਹੁਣ ਤੁਰਕ ਅਮੀਰ ਸੁਬਕਤਗੀਨ ਇਕ ਭਾਰੀ ਸੈਨਾ ਇਕਤ੍ਰਿਤ ਕਰਕੇ ਪੰਚਨਦ ਵਲ ਵਧਣ ਦੀਆਂ ਯੋਜਨਾਵਾਂ ਬਣਾ ਰਿਹਾ ਹੈ। ਉਹ ਸਾਡੇ ਵੇਹਿੰਦਿਆਂ ਤੇ ਲਹੌਰ ਵਲ ਵੀ ਵਧ ਸਕਦਾ ਹੈ ਅਤੇ ਤੁਹਾਡੇ 'ਭੱਟਿਕਾ ਜਾਂ ਸ਼ੇਖ ਲਾਵੀ ਦੇ ਮੁਲਤਾਨ ਵਲ ਵੀ। ਮੇਰੇ ਪਿਤਾ ਸ਼੍ਰੀ ਦੀ ਯੋਜਨਾ ਇਹ ਹੈ ਕਿ ਆਪਣੇ ਦੁਰਗਾਂ 'ਚ ਬੈਠ ਉਸ ਦੇ ਆਕਰਮਣ ਦੀ ਉਡੀਕ ਕਰਨ ਦੀ ਬਜਾਏ ਅੱਗੇ ਵੱਧ ਕੇ, ਅਤੇ ਜੇ ਹੋ ਸਕੇ ਉਸੇ ਦੀ ਧਰਤੀ ਤੇ ਉਸ ਨਾਲ ਟੱਕਰ ਲਈ ਜਾਏ।''

''ਮੈਂ ਤੁਹਾਡੇ ਪਿਤਾ ਦੀ ਇਸ ਯੋਜਨਾ ਬਾਰੇ ਬੂਰੀ ਤਰ੍ਹਾਂ ਸਹਿਮਤ ਹਾਂ। ਇਸ ਯੁੱਧ ਅਭਿਆਨ ਚੋਂ ਮੈਂ ਆਪਣਾ ਪੂਰਾ ਸਹਿਯੋਗ ਦੇਣ ਲਈ ਤਿਆਰ ਹਾਂ।''

''ਤੁਹਾਡੇ ਤੋਂ ਇਸੇ ਸਹਿਯੋਗ ਦੀ ਆਸ਼ਾ ਲੈ ਕੇ ਮੈਂ ਲਹੌਰ ਤੋਂ ਚੱਲਿਆ ਸਾਂ। ਮੇਰੇ ਪਿਤਾ ਸ਼੍ਰੀ ਦੀ ਯੋਜਨਾ ਇਹ ਹੈ ਕਿ ਇਸ ਅਭਿਆਨ ਨੂੰ ਸਿਰੇ ਚੜ੍ਹਾਉਣ ਲਈ ਕੁਝ ਦਿਨਾ ਲਈ ਭੱਟਿਕਾ ਨੂੰ ਆਪਣੀਆਂ ਸੈਨਕ ਗਤਿਵਿਧੀਆਂ ਦਾ ਕੇਂਦਰ ਬਣਾਇਆ ਜਾਏ।''

''ਪਰ ਭੱਟਿਕਾ ਨੂੰ ਇਸ ਦਾ ਕੇਂਦਰ ਬਣਾਉਣ 'ਚ ਐਨਾ ਕੀ ਲਾਭ?'' ਵਿਜੈ ਰਾਏ ਇਸ ਅਭਿਆਨ ਦੇ ਪਰਿਨਾਮਾਂ, ਉਲਝਨਾ ਬਾਰੇ ਸੋਚਦਿਆਂ ਬੋਲਿਆ।

''ਜੇ ਤੁਸੀਂ ਧਿਆਨ ਨਾਲ ਵੇਖੋ ਤਾਂ ਭਟਿਕਾ ਤੋਂ ਕਾਬੁਲ ਪਹੁੰਚਣ ਲਈ ਸਤਲੁਜ ਤੋਂ ਬਾਅਦ, ਸਿੰਧੂ ਨਦੀ ਹੀ ਪਾਰ ਕਰਨੀ ਪੈਂਦੀ ਹੈ, ਜਦ ਕਿ ਲਹੌਰਾ ਤੋਂ ਪਹੁੰਚਣ ਲਈ ਰਾਵੀ, ਚਨਾਬ, ਜਿਹਲਮ ਵੀ। ਇਸ ਪਾਸਿਓ ਵਧਣ ਲਈ ਹੋਰ ਵੀ ਕਈ ਸੁਵਿਧਾਵਾਂ ਹਨ।''ਹਾਂ ਅਤੇ ਇਹ ਵੀ ਕਿ ਜੇ ਤੁਰਕਾਂ ਨੇ ਪੰਚ ਨਦ ਤੇ



ਆਕ੍ਰਮਨ ਕਰਨਾ ਹੋਇਆ ਤਾਂ ਉਸ ਵੀ ਇਸੇ ਪਾਸਿਓਂ ਹੋਵੇਗਾ।

''ਹੂੰ!'' ਵਿਜੈ ਰਾਏ ਦੇ ਮੂੰਹੋਂ ਨਿਕਲਿਆ। ਨਾਲੋ ਨਾਲ ਉਹ ਇਹ ਵੀ ਸੋਚ ਰਿਹਾ ਸੀ ਕਿ ਇਸ ਤਰ੍ਹਾਂ ਉਹ ਗਜਨੀ ਦੇ ਸੂਬਕਤਗੀਨ ਨਾਲ ਸਿੱਧੀ ਦੁਸ਼ਮਣੀ ਸਹੇੜ ਲਵੇਗਾ। ਆਨੰਦਪਾਲ ਉਸ ਦੀ ਵਿਚਾਰਧਾਰਾ ਦਾ ਅਨੁਮਾਨ ਲਾਉਂਦਿਆਂ ਬੋਲਿਆ।

''ਤੁਹਾਨੂੰ ਯਾਦ ਹੋਵੇਗਾ ਕਿ ਕੁਝ ਵਰ੍ਹੇ ਪਹਿਲਾਂ ਸੁਬਕਤਗੀਨ ਨੇ ਆਪਣੇ ਹੀ ਧਰਮ ਦੇ ਮੁਲਤਾਨ ਦੇ ਹਾਕਮ ਸ਼ੇਖ ਹਮੀਦ ਲਾਵੀ ਤੇ ਹੱਲਾ ਬੋਲ ਕੇ ਕਿੰਨਾ ਨਰ ਸਿੰਘਾਰ ਕੀਤਾ ਅਤੇ ਉਸ ਤੋਂ ਕਿੰਨਾਂ ਧੰਨ ਪ੍ਰਾਪਤ ਕੀਤਾ ਸੀ। ਜੇ ਸੁਬਕਤਗੀਨ ਨੇ ਮੁਸਲਮਾਨ ਹਾਕਮਾਂ ਨੂੰ ਨਹੀਂ ਛੱਡਿਆ ਤਾਂ ਹਿੰਦੂ ਰਾਜਿਆਂ ਨੂੰ ਕਿਵੇਂ ਛੱਡ ਦੇਵੇਗਾ।''

'ਹਾਂ, ਇਹ ਤੇ ਠੀਕ ਏ।''

ਵਿਜੈ ਰਾਏ ਨੂੰ ਆਪਣੇ ਨਾਲ ਸਹਿਮਤ ਹੁੰਦਿਆਂ ਵੇਖ ਕੇ ਆਨੰਦਪਾਲ ਦੇ ਮਨ ਨੂੰ ਕੁਝ ਸੰਤੁਸ਼ਟੀ ਹੋਈ ਅਤੇ ਉਹ ਅੱਗੇ ਬੋਲਿਆ,

''ਮੇਰਾ ਇਥੇ ਆਉਣ ਦਾ ਦੂਸਰਾ ਮੰਤਵ ਮੁਲਤਾਨ ਦੇ ਸ਼ੇਖ ਨਾਲ ਮਿਲ ਕੇ ਉਸ ਦਾ ਵੀ ਪੂਰਨ ਸਹਿਯੋਗ ਪ੍ਰਾਪਤ ਕਰਨਾ ਹੈ, ਤੁਸੀਂ ਸ਼ਾਇਦ ਜਾਣਦੇ ਹੀ ਹੋਵੋਗੇ ਕਿ ਇਨ੍ਹਾਂ ਮੁਸਲਮਾਨਾ 'ਚ ਦੋ ਤਿੰਨ ਵੱਡੇ ਅਤੇ ਵੱਖਰੇ ਧਿਰ ਹਨ। ਸ਼ੇਖ ਹਮੀਦ ਲਾਵੀ ਕਰਾਮਾਤੀ ਹੈ ਅਤੇ ਗਜ਼ਨੀ ਦਾ ਸੁਬਕਤਗੀਨ ਸੁਨੀ। ਇਨ੍ਹਾਂ ਦੋਹਾਂ 'ਚ ਬਿੱਲੀ -ਕੁੱਤੇ ਵਾਲਾ ਵੈਰ ਹੈ।''

''ਹਾਂ, ਇਹ ਵੀ ਮੈਂ ਸਮਝਦਾ ਹਾਂ।''

ਆਨੰਦਪਾਲ ਨੇ ਵਿਜੈ ਰਾਏ ਦੇ ਮੋਡੇ ਤੇ ਹੱਥ ਰਖਦਿਆਂ ਆਖਿਆ।''

''ਤੇ ਇਹ ਵੀ ਕਿ ਸੇਖ ਨਾਲ ਤੁਹਾਡੇ ਮਿੱਤਰਤਾ ਵਾਲੇ ਸੰਬੰਧ ਹਨ।''

''ਇਹ ਵੀ ਸੱਚ ਹੈ।''

''ਜੇ ਇਹ ਸੱਚ ਹੈ ਤਾਂ ਇਸ ਵਿਚ ਵੀ ਕੋਈ ਸੰਦੇਹ ਨਹੀਂ ਕਿ ਤੁਹਾਡੀ ਸਹਾਇਤਾ ਨਾਲ ਉਸ ਵਲੋਂ ਵੀ ਆਪਣੇ ਇਸ ਅਭਿਆਨ 'ਚ ਪੂਰਾ ਸਹਿਯੋਗ ਪ੍ਰਾਪਤ ਹੋ ਸਕਦਾ ਹੈ।

## 4. ਸੂਰਅ ਮੰਦਰ

ਭੱਟਿਕਾ ਦਾ ਸੂਰਅ ਮੰਦਰ ਚਾਹੇ ਮੁਲਤਾਨ ਦੇ ਮੰਦਰ ਜਿੰਨਾ ਪੁਰਾਤਨ ਜਾਂ ਵਿਸ਼ਾਲ ਨਹੀਂ ਸੀ ਪਰ ਆਪਣੀ ਅਪੂਰਵ ਵਸਤੂ ਅਤੇ ਸ਼ਿਲਪਕਲਾ ਕਾਰਨ ਮੁਲਤਾਨ ਦੇ ਸੂਰਅ ਮੰਦਰ ਤੋਂ ਘਟ ਸ਼ਾਨਦਾਰ ਜਾਂ ਪ੍ਰਭਾਵਸ਼ਾਲੀ ਨਹੀਂ ਸੀ। ਇਸ ਦੇ ਸੋਨੇ ਦੇ ਕਲਸ਼ ਕੋਹਾਂ ਦੂਰੋਂ ਹੀ ਧੁੱਪ 'ਚ ਚਮਕਦੇ ਨਜ਼ਰ ਆ ਜਾਂਦੇ। ਮੰਦਰ ਦੇ ਕੋਲੋਂ ਲੰਘਦੇ ਲੋਕ ਜਦ ਇਸ ਦੇ ਗਗਨ ਚੁੰਬੀ ਕਲਸ਼ ਵਲ ਤਕਦੇ ਤਾਂ ਆਪਸ ਵਿਚ ਟਕਰਾ ਜਾਂਦੇ। ਸਿਰ ਤੇ ਪਾਣੀ ਦੇ ਘੜੇ ਚੁੱਕੀ ਜਾਂਦੀਆਂ ਮੁਟਿਆਰਾਂ ਜਦ ਇਸ ਦੀ ਲਾਟ ਨਾਲ ਲਹਿਰਾਉਂਦੇ ਸੰਤਰੀ ਪਰਚਮ ਵਲ ਵੇਖਦੀਆਂ ਤਾਂ ਉਨ੍ਹਾਂ ਦੇ ਘੜੇ ਠਾਹ ਕਰਕੇ ਭੁੰਜੇ ਡਿੱਗ ਪੈਂਦੇ।

ਮੰਦਰ ਦੀਆਂ ਕੰਧਾਂ ਉੱਤੇ ਪ੍ਰੇਮ ਲੀਲਾ ਅਤੇ ਸੰਭੋਗ ਦੀਆਂ ਮੁਦਰਾਵਾਂ 'ਚ ਘੜੀਆਂ ਮੂਰਤੀਆਂ ਵਲ ਵੇਖ ਕੇ, ਨਵ-ਵਿਆਹੁਤ ਜੋੜੇ ਇਕ ਦੂਜੇ ਵਲ ਕਾਮਨਾ-ਭਰੀਆਂ ਮਾਦਕ ਨਜ਼ਰਾਂ ਨਾਲ ਤੱਕਣ ਲਗਦੇ ਅਤੇ ਇਕ ਦੂਜੇ ਦੇ ਹਥ ਘੁਟ ਕੇ ਆਪਣੀਆਂ ਇੱਛਾਵਾਂ ਦਾ ਪ੍ਰਗਾਟਾਵ ਕਰਦੇ। ਮੰਦਰ ਵਿਚ ਧਰਮਾਤਮਾ ਲੋਕ ਸੂਰਅ ਦੇਵਤਾ ਨੂੰ ਮੱਥਾ ਟੇਕਣ, ਰੋਗੀ ਆਪਣੇ ਸੁਆਸਥ, ਕਰੂਪ ਤੀਵੀਆਂ ਸੁੰਦਰ ਹੋ ਜਾਣ ਦੀ ਪ੍ਰਾਰਥਨਾ ਲਈ, ਨਿਰਧੰਨ ਧੰਨਵਾਦ ਹੋਣ, ਦਾਸ ਸੁਆਮੀ ਬਣਨ, ਸਾਮੰਤ ਮੰਤਰੀ ਅਤੇ ਮੰਤਰੀ ਮੁੱਖ ਮੰਤਰੀ ਬਣਨ ਦੀ ਇਛਾ ਲੈ ਕੇ ਸੂਰਅ ਦੇਵਤਾ ਦੇ ਸਨਮੁਖ ਮੱਥੇ ਰਗੜਦੇ ਸਨ। ਕਦੀ ਕਦੀ ਕੋਈ ਕਲਾਕਾਰ ਇਥੋਂ ਦੀ ਅਦੁਭੁਤ ਮੂਰਤੀ ਕਲਾ ਨੂੰ ਵੇਖਣ ਵੀ ਆ ਜਾਂਦਾ ਸੀ।

ਮੰਦਰ ਦੇ ਅੰਦਰ, ਖਾਸ ਕਰਕੇ ਕਿਸੇ ਸੁੰਦਰ ਦੇਵਦਾਸੀ ਦੇ ਨਾਚ ਵੇਲੇ, ਐਨੀ ਭੀੜ ਹੋ ਜਾਂਦੀ ਕਿ ਨੌਜਵਾਨਾਂ ਦੀਆਂ ਛਾਤੀਆਂ ਦੇ ਆਪਸ 'ਚ ਖਹਿਨ ਨਾਲ ਉਨ੍ਹਾਂ ਦੇ ਗਲਾਂ 'ਚ ਲਮਕਦੇ ਹਾਰਾਂ 'ਚੋਂ ਮਣਕੇ

ਟੁੱਟ ਕੇ ਫਰਸ਼ 'ਤੇ ਡਿੱਗ ਪੈਂਦੇ। ਡਿੱਗੇ ਹੋਏ ਮਣਕੇ ਅਤੇ ਮੋਤੀ ਜਦ ਲੋਕਾਂ ਦੇ ਪੈਰਾਂ 'ਚ ਚੁਭਦੇ ਤਾਂ ਉਹ ਇੰਜ ਭੜਕਣ ਲਗਦੇ ਜਿਵੇਂ ਨਾਚ ਕਰ ਰਹੇ ਹੋਣ।

ਸਦਾਚਾਰੀ ਅਤੇ ਬੁੱਢੇ ਇਨ੍ਹਾਂ ਸੰਭੋਗ ਦੀਆਂ ਮੁਦਰਾ ਵਾਲੀਆਂ ਮੂਰਤੀਆਂ ਵਲ ਅਰੁਚੀ ਅਤੇ ਘਿਰਣਾ ਦੀਆਂ ਨਜ਼ਰਾਂ ਨਾਲ ਤੱਕਦੇ ਜਾਂ ਸਿਰ ਨਿਵਾ ਕੇ ਲੰਘ ਜਾਂਦੇ। ਸਭ ਜਾਣਦੇ ਸਨ ਕਿ ਇਹ ਮੰਦਰ ਸ਼ਰਧਾ ਜਾਂ ਅਧਿਆਤਮਿਕਵਾਦ ਦਾ ਨਹੀਂ ਬਲਕਿ ਐਸ਼ਪ੍ਰਸਤੀ, ਭੋਗ ਵਿਲਾਸ ਦਾ ਅੱਡਾ ਬਣਿਆਂ ਹੋਇਆ ਹੈ। ਕੁਝ ਸਿਆਣੇ ਲੋਕਾਂ ਅਤੇ ਵਿਦਵਾਨ ਬ੍ਰਾਹਮਣਾਂ ਨੇ ਇਸ ਦਾ ਖੰਡਨ ਕਰਦਿਆਂ ਇਹ ਸਭ ਕੁਝ ਬੰਦ ਕਰਾਉਣ ਦਾ ਯਤਨ ਵੀ ਕੀਤਾ। ਪਰ ਆਮ ਲੋਕਾਂ ਨੂੰ ਸਸਤਾ ਦਿਲ ਪ੍ਰਚਾਵਾ ਅਤੇ ਸ੍ਰੇਸ਼ਠਤਾ, ਸਾਮੰਤਾਂ ਨੂੰ ਭੋਗ ਵਿਲਾਸ ਲਈ ਬਿਨਾ ਕਿਸੇ ਰੁਕਾਵਟ, ਬਿਨਾ ਕੋਈ ਬਦਨਾਮੀ ਖੱਟਿਆਂ ਦੇਵਦਾਸੀਆਂ ਮਿਲ ਜਾਂਦੀਆਂ ਸਨ। ਇਸ ਜਨ ਸਮੂਹ ਦੀ ਇੱਛਾ ਸਾਹਮਣੇ ਥੋੜੇ ਜਹੇ ਸਦਾਚਾਰੀਆਂ ਦੀ ਭਲਾ ਕੀ ਵੁੱਕਤ! ਮੰਦਰ ਵਿਚ ਬੇਅੰਤ ਚੜ੍ਹਾਵੇ ਚੋਂ ਰਾਜ ਕੋਸ਼ ਨੂੰ ਵੀ ਕਾਫੀ ਹਿੱਸਾ ਪ੍ਰਾਪਤ ਹੋ ਜਾਂਦਾ ਸੀ।

ਮੰਦਰ ਦੇ ਮੰਡਪ ਵਿਚ ਸੂਰਅ ਦੇਵਤਾ (ਅਦਿਤਅ ਦੇਵਤਾ) ਦੀ ਆਦਮਕਦ ਮੂਰਤੀ ਦੇ ਮੁਕਟ ਅਤੇ ਅੱਖਾਂ ਵਿਚ ਬਹੁਮੁੱਲੇ ਹੀਰੇ ਚਮਕ ਰਹੇ ਸਨ। ਇਸ ਦੇ ਦੋਵਾਂ ਹੱਥਾਂ 'ਚ ਕੰਵਲ ਦੇ ਫੁੱਲ, ਛਾਤੀ ਦੇ ਕਵਚ ਅਤੇ ਪੈਰਾਂ ਵਿਚ ਗੋਡਿਆ ਤੱਕ ਬੂਟ ਪਾਏ ਹੋਏ ਸਨ। ਸ਼ਰਧਾਲੂ ਅੰਦਰ ਆਉਂਦੇ, ਸਿਰ ਝੁਕਾ ਕੇ ਮੱਥਾ ਟੇਕਦੇ, ਝੜਾਵਾ ਝੜਾਉਂਦੇ ਅਤੇ ਇਕ ਪਾਸੇ ਖੜੇ ਹੋ ਜਾਂਦੇ। ਮਰਦੰਗ ਵਾਦਕ ਅਤੇ ਹੋਰ ਸਾਜ਼ਿੰਦੇ ਇਕ ਪਾਸੇ ਬੈਠੇ ਆਪਣੇ ਸਾਜ਼ ਸੁਰ ਕਰ ਰਹੇ ਸਨ। ਮੰਦਰ ਦੇ ਪੁਜਾਰੀਆਂ ਨੇ ਲਾਲ ਕੰਨੀ ਵਾਲੀਆਂ ਸਫੈਦ ਧੋਤੀਆਂ ਬੰਨ੍ਹੀਆਂ ਹੋਈਆਂ, ਖੱਬੇ ਮੋਢੇ ਨੂੰ ਢਕਦਿਆਂ ਪਿੱਠ ਪਿੱਛੇ ਟੰਗਿਆ ਹੋਇਆ ਸੀ। ਖੂਬ ਹੱਟੇ ਕੱਟੇ, ਦਗ ਦਗ ਕਰਦੇ ਚਿਹਰੇ, ਸਿਰ ਦਾ ਅਗਲਾ ਭਾਗ ਗੰਜਾ ਅਤੇ ਪਿਛਲੇ ਭਾਗ ਦੇ ਵਾਲਾਂ ਦਾ ਜੂੜਾ ਬਣਾ ਕੇ ਗਰਦਨ ਕੋਲ ਬੰਨ੍ਹਿਆ ਹੋਇਆ ਸੀ।

ਮੰਡਪ ਦੇ ਮੁਹਰਲੇ ਆਸਨਾ ਤੇ ਨਗਰ ਦੇ ਵਿਸ਼ੇਸ਼ ਨਾਗਰਿਕ, ਸ੍ਰੇਸ਼ਠੀ ਆਦਿ ਬੈਠੇ ਇਕ ਦੂਜੇ ਨਾਲ ਗੱਲਾਂ ਕਰਨ 'ਚ ਵਿਅਸਥ ਸਨ। ਬਹੁਤਿਆਂ ਦੀਆਂ ਗੱਲਾਂ ਦਾ ਵਿਸ਼ਾ ਸੁਰਾਪ੍ਰਭਾ ਹੀ ਸੀ, ਦੋ ਤਿੰਨ ਆਸਨ ਖਾਲੀ ਪਏ ਦਿਸ ਰਹੇ ਸਨ ਜੋ ਸ਼ਾਇਦ ਵਿਜੈ ਰਾਏ ਜਾਂ ਕਿਸੇ ਹੋਰ ਵਿਸ਼ੇਸ਼ ਨਿਮੰਤ੍ਰਿਤ ਵਿਅਕਤੀ ਲਈ ਛੱਡੇ ਹੋਏ ਸਨ।

"ਰਾਜਾ ਵਿਜੈ ਰਾਏ ਨਹੀਂ ਆਏ?" ਇਹ ਬ੍ਰਾਹਮਣ ਨੇ ਆਚਾਰੀਆ ਰੁਦਰਸਰਮਨ ਕੋਲੋਂ ਪੁੱਛਿਆ।

"ਆਉਂਦੇ ਹੀ ਹੋਣਗੇ। ਮੈਂ ਆਪ ਗਿਆ ਸਾਂ। ਨਿਮੰਤਰਨ ਦੇਣ ਅਤੇ ਦੋ ਦਿਨ ਪਹਿਲਾਂ ਯਾਦ ਕਰਾਉਣ ਲਈ ਵੀ ਕਿਸੇ ਨੂੰ ਭੇਜ ਦਿੱਤਾ ਸੀ।

"ਸੁਣਿਆਂ ਹੈ ਕਿ ਉਨ੍ਹਾਂ ਕੋਲ ਕਿਤੇ ਦੂਰੋਂ ਕੋਈ ਧਨਾਡ ਵਪਾਰੀ ਵੀ ਆਏ ਹੋਏ ਹਨ।"

"ਸੁਣਿਆ ਤੇ ਮੈਂ ਵੀ ਹੈ। ਜੇ ਵਿਜੇ ਰਾਏ ਆਏ ਤਾਂ ਉਨ੍ਹਾਂ ਨੂੰ ਵੀ ਅਵਸ਼ਅ ਨਾਲ ਲੈ ਕੇ ਆਉਣਗੇ।"

ਅੱਜ ਦੇ ਇਸ ਉਤਸਵ ਲਈ ਆਚਾਰੀਆਂ ਰੁਦਰਸ਼ਰਮਨ ਨੇ ਕਾਫੀ ਸਜ ਸਜਾਵਟ ਕੀਤੀ ਹੋਈ ਸੀ। ਸੂਰਅ ਦੇਵ ਦੀ ਮੂਰਤੀ ਦੇ ਗਲ ਵਿਚ ਹੀਰਿਆਂ ਅਤੇ ਸੁੱਚੇ ਮੋਤੀਆਂ ਦੇ ਕਿੰਨੇ ਸਾਰੇ ਹਾਰ, ਹੱਥਾਂ 'ਚ ਸੋਨੇ ਦੇ ਕੜੇ, ਸਾਰੀਆਂ ਦੇਵਦਾਸੀਆਂ ਨੂੰ ਵੀ ਚੰਗੀ ਤਰ੍ਹਾਂ ਸਜ ਸਜਾ ਕੇ ਆਉਣ ਲਈ ਕਿਹਾ ਸੀ। ਚਾਹੇ ਪਾਸੇ ਪਿੱਤਲ ਦੇ ਵੱਡੇ ਵੱਡੇ ਦੀਪ ਅਤੇ ਜੂਹੀ, ਚੰਬੇਲੀ ਦੇ ਫੁੱਲਾਂ ਦੀਆਂ ਲੜੀਆਂ ਨਾਲ ਸਾਰਾ ਵਾਤਾਵਰਨ ਮਹਿਕ ਰਿਹਾ ਸੀ। ਜਿਸ ਤਰ੍ਹਾਂ ਕਿਸੇ ਭਿਖਾਰੀ ਦੀ ਕਟੋਰੇ 'ਚ ਪਹਿਲਾਂ ਤੋਂ ਪਏ ਪੈਸੇ ਵੇਖ ਕੇ ਲੋਕੀ ਪੈਸੇ ਸੁਟਦੇ ਹਨ, ਉਸੇ ਤਰ੍ਹਾਂ ਰੁਦਰਸਰਮਨ ਨੂੰ ਵੀ ਆਸ ਸੀ ਕਿ ਅੱਜ ਕਾਫੀ ਚੜ੍ਹਾਵਾ ਚੜ੍ਹੇਗਾ।

ਸੁਰਾਪ੍ਰਭਾ ਲਈ ਸਭ ਤੋਂ ਪਹਿਲਾਂ ਪ੍ਰਸਤਾਵ ਕਿਸ ਦਾ ਆਉਂਦਾ ਹੈ? ਰੁਦਰਸਰਮਨ ਮਨ ਹੀ ਮਨ ਅਨੁਮਾਨ ਲਾ ਰਹੇ ਸਨ। ਇਹ ਵੀ ਉਹ ਸਮਝਦਾ ਸੀ ਕਿ ਸੁਰਾਪ੍ਰਭਾ ਵਲ ਜਾਣ ਵਾਲਾ ਰਸਤਾ ਉਸ ਦੇ ਬੋਝੇ ਚੋਂ ਹੋ ਕੇ ਜਾਂਦਾ ਹੈ। ਦੇਵ ਦੱਤਾ ਵੀ ਰੁਦਰਸਰਮਨ ਦੀ ਰਜ਼ਾਮੰਦੀ ਦੇ ਬਿਨਾ ਕੁਝ ਨਹੀਂ ਸੀ ਕਰ ਸਕਦੀ। ਮੰਡਪ ਵਿਚ ਆਸਨਾ ਦੀ ਅਗਲੀ ਕਤਾਰ 'ਚ ਬੈਠੇ ਦੋ ਤਿੰਨ ਸਾਮੰਤਾ, ਸਰੇਸ਼ਠਾ ਬਾਰੇ ਜੋ ਸੁਰਾਪ੍ਰਭਾ ਵਿਚ ਦਿਲਚਸਪੀ ਰੱਖਦੇ ਸਨ, ਰੁਦਰਸਰਮਨ ਨੂੰ ਕੁਝ ਅਨੁਮਾਨ ਸੀ। ਪਰ ਮਲਾਲ ਉਸ ਨੂੰ ਇਸ ਗੱਲ ਦਾ ਸੀ ਕਿ



ਰਾਜਾ ਵਿਜੈ ਰਾਏ ਆਪ ਕਦੇ ਸੁਰਾਪ੍ਰਭਾ 'ਚ ਜਾਂ ਕਿਸੇ ਹੋਰ ਦੇਵਦਾਸੀ 'ਚ ਰੁਚੀ ਨਹੀਂ ਸੀ ਵਖਾਈ। ਰਾਣੀ ਬਾਲ ਚੰਦਰਕਾ ਦੇ ਪਰਸੰਗ ਤੋਂ ਬਾਅਦ ਉਨ੍ਹਾਂ 'ਚ ਬਹੁਤ ਅੰਤਰ ਆ ਗਿਆ ਸੀ। ਰਾਜਿਆਂ ਦੇ ਵਿਉਹਾਰ ਵਿਚ ਇਸ ਤਰ੍ਹਾਂ ਦੀ ਤਬਦੀਲੀ ਉਸ ਨੂੰ ਇਕ ਅਣਹੋਣੀ ਗਲ ਲਗਦੀ ਸੀ। ਪਰ ਫੇਰ ਵੀ ਕੀ ਪਤਾ? ਸੁਰਾਪ੍ਰਭਾ ਵਰਗੀਆਂ ਅਪਸਰਾਵਾਂ ਨੂੰ ਵੇਖ ਕੇ ਤਾਂ ਵੱਡੇ ਵੱਡੇ ਬ੍ਰਹਮਚਾਰੀਆਂ, ਰਿਸ਼ੀਆਂ ਦੇ ਮਨ ਡੋਲ ਜਾਂਦੇ ਹਨ।

## 5. ਸੁਰਅ ਮੰਦਰ ਅਤੇ ਉਤਸਵ

ਸੁਰਾਪ੍ਰਭਾ ਦੀ ਸਹੇਲੀ ਚਿਤਰਾ ਨੇ ਉਸ ਦੀ ਕੰਚੂਨੀ ਕੱਸਨ, ਵਸਤਰ ਧਾਰਨ ਕਰਵਾਉਣ ਤੋਂ ਬਾਅਦ ਉਸ ਦੇ ਲੰਮੇ ਕਾਲੇ ਵਾਲਾ ਨੂੰ ਲਪੇਟ ਕੇ ਬੜੇ ਕਲਾਅਤਮਿਕ ਢੰਗ ਨਾਲ ਜੂੜਾ ਬਣਾ ਦਿੱਤਾ। ਉਸ ਤੋਂ ਬਾਅਦ ਗੋਡਿਆਂ ਭਰਨੇ ਬੈਠ ਕੇ ਉਸ ਦੇ ਪੈਰਾਂ ਦੀਆਂ ਉਂਗਲੀਆਂ 'ਚ ਰਤਨ ਜੜਿਤ ਨਿਪੂਰ ਪਾਏ। ਫੇਰ ਸੋਨੇ ਦੇ ਗੁਲੂਬੰਦ, ਬਾਜੂਬੰਦ, ਸੁਰਾਪ੍ਰਭਾ ਦੇ ਗਲ ਅਤੇ ਗੋਰੀਆਂ ਨੰਗੀਆਂ ਬਾਹਵਾਂ 'ਚ ਪਾ ਕੇ ਲੱਕ ਦੁਆਲੇ ਸੋਨੇ ਦੀ ਹੀ ਕਟਿਮੇਖਲਾ ਲਪੇਟ ਦਿੱਤੀ। ਉਸ ਦੇ ਵਸਤਰ ਇਸ ਤਰ੍ਹਾਂ ਪਾਰਦਰਸ਼ੀ ਸਨ ਕਿ ਅੰਗਾਂ ਨੂੰ ਢੱਕਣ ਦੀ ਬਜਾਏ ਹਰੇਕ ਅੰਗ ਨੂੰ ਹੋਰ ਉਭਾਰਨ, ਪ੍ਰਦਰਸ਼ਨ ਕਰਨ ਦਾ ਕੰਮ ਕਰ ਰਹੇ ਸਨ।

ਸੁਰਾਪ੍ਰਭਾ ਨੂੰ ਪੂਰੀ ਤਰ੍ਹਾਂ ਤਿਆਰ ਕਰ ਦੇਣ ਤੋਂ ਬਾਅਦ ਚਿਤਰਾ ਨੇ ਉਸ ਵੱਲ ਇੰਝ ਵੇਖਿਆ ਜਿਵੇਂ ਕੋਈ ਕਲਾਕਾਰ ਆਪਣਾ ਚਿੱਤਰ ਪੂਰਾ ਕਰਨ ਤੋਂ ਬਾਅਦ ਨਿਹਾਰਦਾ ਹੈ। ਫੇਰ ਬੋਲੀ, ਅੱਜ ਤੇ ਲੱਗਦਾ ਹੈ ਕਿ ਸੂਰਅ ਦੇਵਤਾ ਦੇ ਮੰਦਰ ਤੇ ਬਿਨਾ ਮੇਘਾ ਦੇ ਬਿਜਲੀ ਡਿੱਗਣ ਵਾਲੀ ਹੈ। ਸੂਰਅ ਦੇਵ ਪ੍ਰਸੰਨ ਹੋਣ ਜਾ ਨਾ ਹੋਣ ਪਰ ਅਨੇਕਾਂ ਦਿਲ ਜ਼ਰੂਰ ਆਹਤ ਹੋ ਜਾਣਗੇ। ਵੇਖੀ! ਰਾਤ ਹੋਣ ਤਕ ਕਿੰਨੇ ਸਾਮੰਤਾ, ਸਰੇਸ਼ਠੀਆਂ ਦੇ 'ਪ੍ਰਸਤਾਵ' ਆਉਂਦੇ ਹਨ।"

ਪਰ ਮੰਦਰ ਦੇ ਮੁੱਖ ਪੁਜਾਰੀ ਆਚਾਰੀਆ ਰੁਦਰਵਰਮਨ ਦੇ ਮਨ ਵਿੱਚ ਸੁਰਾਪ੍ਰਭਾ ਦੇ ਭਰੇ ਜੋਬਨ ਬਾਰੇ ਧਿਆਨ ਕਰਦਿਆਂ ਇਕ ਟੀਸ ਵੀ ਉੱਠ ਰਹੀ ਸੀ? ਉਹ ਇਹ ਕਿ ਦੱਖਣ ਦੇਸ ਵਿੱਚ, ਅਤੇ ਕੁਝ ਵਰ੍ਹੇ ਪਹਿਲਾਂ ਤਕ ਪੰਚਨਦ ਦੇ ਮੰਦਰਾਂ ਵਿੱਚ 'ਹੋਮ ਕਿਰਿਆ' ਜਾਂ ਦੇਵਦਾਸੀ ਦਾ 'ਕੁਮਾਰ ਭੰਗ' ਕਰਨ ਦਾ ਹੱਕਦਾਰ ਮੰਦਰ ਦਾ ਮੁੱਖ ਪੁਜਾਰੀ, ਅਤੇ ਉਹ ਬਹੁਤ ਬਿਰਧ ਹੋ ਚੁੱਕਾ ਹੋਵੇ ਤਾਂ ਕੋਈ ਹੋਰ ਬ੍ਰਹਮਣ ਪੁਜਾਰੀ ਕਰਿਆ ਕਰਦਾ ਸੀ। ਹੁਣ ਕੁਝ ਵਰ੍ਹਿਆਂ ਤੋਂ ਛਤਰੀ ਰਾਜਿਆਂ, ਸਰੇਸ਼ਠਾਂ ਦੇ ਇਹ ਹੱਕ ਉਨ੍ਹਾਂ ਤੋਂ ਖੋਹ ਲਏ ਸਨ।

ਪ੍ਰਸਤਾਵ ਕਿਸ ਦਾ ਆਉਂਦਾ ਹੈ! ਇਸ ਦਾ ਕੁਮਾਰ ਭੰਗ ਕੌਣ ਕਰਦਾ ਹੈ! ਪਰ ਆਚਾਰੀਆ ਰੁਦਰਸਰਮਨ ਨੂੰ ਪੂਰਾ ਵਿਸ਼ਵਾਸ਼ ਸੀ ਕਿ ਦੇਵਦਾਸੀ ਸੁਰਾਪ੍ਰਭਾ ਦੇ ਪ੍ਰਸੰਸਕ ਜ਼ਰੂਰ ਵੱਧ ਜਾਣਗੇ ਜਿਸ ਨਾਲ ਮੰਦਰ 'ਚ ਆਉਣ ਵਾਲੇ ਸਰਧਾਲੂਆਂ ਦੀ ਗਿਣਤੀ ਅਤੇ ਚੜ੍ਹਾਵਾਂ ਤਿਗਣਾਂ ਚੌਗਣਾਂ ਨਾ ਸਹੀ ਪਰ ਦੂਣਾਂ ਜ਼ਰੂਰ ਹੋ ਜਾਵੇਗਾ। ਦੇਵਦੱਤਾ ਵੀ ਕਿਸੇ ਧਨਾਡ ਸਰਪਰਸ, ਕਿਸੇ ਸਾਮੰਤ ਪ੍ਰੇਮੀ ਦੀ ਆਸ ਲਾਈ ਬੈਠੀ ਸੀ। ਜੇ ਰਾਜਾ ਵਿਜੈ ਰਾਏ ਆਪ ਆ ਜਾਣ ਅਤੇ ਉਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਉਸ ਉੱਤੇ ਹੋ ਜਾਵੇ ਤਾਂ...। ਚਾਹੇ ਦੇਵਦੱਤਾ ਨੇ ਆਪਣੇ ਸਮੇਂ 'ਚ ਕਾਫੀ ਤੋਂ ਜ਼ਿਆਦਾ ਧੰਨ ਇਕੱਠਾ ਕਰ ਲਿਆ ਹੋਇਆ ਸੀ, ਪਰ ਜਮਾਂ ਕੀਤੇ ਧੰਨ ਨੂੰ ਮੁੱਠੀ ਪਾ ਕੇ ਕੱਢਣ ਅਤੇ ਖਰਚਣ ਦਾ ਦਿਲ ਕਿਸ ਦਾ ਕਰਦਾ ਹੈ!

ਚਿੱਤਰਾ ਨੇ ਸੁਰਪ੍ਰਭਾ ਦੇ ਗਿੱਟਿਆਂ ਦੁਆਲੇ ਇਕ ਮੋਟਾ ਕਪੜਾ ਲਪੇਟਿਆ ਅਤੇ ਕਪੜੇ ਦੁਆਲੇ ਪਿੱਤਲ ਦੀਆਂ ਛਨ ਛਨ ਕਰਦੀਆਂ ਝਾਂਜਰਾ ਬੰਨ੍ਹ ਦਿੱਤੀਆਂ। ਸੁਰਪ੍ਰਭਾਵ ਨੇ ਪੰਜ ਛੇ ਵਾਰੀ ਫਰਸ਼ ਤੇ ਜ਼ੋਰ ਜ਼ੋਰ ਨਾਲ ਪੈਰ ਮਾਰੇ ਤੇ ਬੋਲੀ, 'ਬਸ ਠੀਕ ਏ।"

ਸੂਰਜ ਹਾਲੇ ਚੜ੍ਹਿਆ ਨਹੀਂ ਸੀ। ਬਾਰੀ 'ਚ ਖੜੇ ਹੋ ਕੇ ਸੁਰਪ੍ਰਭਾ ਨੇ ਸੂਰਅ ਉਦੇਅ ਤੋਂ ਪਹਿਲਾਂ ਦੀ ਅਕਾਸ਼ ਵਿਚ ਪਸਰੀ ਲਾਲੀ ਵਲ ਤੱਕਿਆ ਆਪਣੇ ਅੱਜ ਦੇ ਨ੍ਰਿਤਅ ਦੀ ਸਫਲਤਾ ਲਈ ਮਨ ਹੀ ਮਨ ਪ੍ਰਾਰਥਨਾ ਕੀਤੀ ਆਪਣੇ ਵਾਲਾਂ ਅਤੇ ਜੂੜੇ ਉੱਤੇ ਹੱਥ ਫੇਰਿਆ ਅਤੇ ਦੇਵਦੱਤਾ ਤੇ ਚਿਤਰਾ ਨਾਲ ਮੰਦਰ ਵਲ ਤੁਰ ਪਈ।

ਮੰਦਰ ਵਲ ਜਾਂਦਿਆਂ ਚਾਹੇ ਉਹ ਆਪਣਾ ਸਾਰਾ ਧਿਆਨ ਆਪਣੇ ਨ੍ਰਿਤਅ ਦੀ ਬਰੀਕੀਆਂ ਮਰਦੰਗ

ਦੀ ਤਾਲ ਅਤੇ ਟੁਕੜਿਆਂ ਤੇ ਕੇਂਦਰਿਤ ਰਖਣਾ ਚਾਹੁੰਦੀ ਸੀ ਪਰ ਉਹ ਸੋਚਣੋਂ ਵੀ ਨਾ ਰਹਿ ਸਕੀ ਕਿ ਕੌਣ ਕੌਣ ਆਏ ਹੋਣਗੇ। ਵਿਜੈ ਰਾਏ? ਉਨ੍ਹਾਂ ਦੇ ਮਹਿਮਾਨ ਵਪਾਰੀ? ਮੁੱਖ ਮੰਤਰੀ? ਸਾਰੰਗ ਦੇਵ ਤੇ ਹੋਵੇਗਾ ਹੀ ਜ਼ਰੂਰ। ਦੇਵਦੱਤਾ ਨੂੰ ਸਾਰੰਗ ਦੇਵ ਬਿਲਕੁਲ ਪਸੰਦ ਨਹੀਂ ਸੀ। ਪਰ ਸੁਰਾਪ੍ਰਭਾ ਨੂੰ ਉਸ ਨਾਲ ਮਿਲਣਾ ਅਤੇ ਗੱਲਾਂ ਕਰਨੀਆਂ ਚੰਗਾ ਲਗਦਾ। ਜ਼ੁਬਾਨ ਦਾ ਮਿੱਠਾ ਅਤੇ ਵੇਖਣ ਨੂੰ ਵੀ ਖ਼ੂਬ ਸੋਹਣਾ ਸੁਨੱਖਾ ਜਦ ਕਦੀ ਉਹ ਉਨ੍ਹਾਂ ਦੇ ਘਰ ਆਉਂਦਾ ਅਤੇ ਦੇਵਦੱਤਾ ਉਸ ਨੂੰ ਆਉਂਦਿਆਂ ਵੇਖ ਲੈਂਦੀ ਤਾਂ ਇਹ ਕਹਿ ਕੇ ਬਾਹਰੋਂ ਹੀ ਮੋੜ ਦੇਂਦੀ ਕਿ ਸੁਰਾਪ੍ਰਭਾ ਘਰ ਨਹੀਂ, ਜਾਂ ਤਬੀਅਤ ਖਰਾਬ ਹੈ...। ਦੇਵਦੱਤਾ ਨੂੰ ਪਸੰਦ ਵੀ ਕਿਵੇਂ ਆਉਂਦਾ? ਭਟਿੰਡਾ ਦੇ ਗੁਰੂਕੁਲ 'ਚ ਇਕ ਮਾਮੂਲੀ ਜਹੇ ਆਦਮੀ ਦਾ ਪੁੱਤਰ? ਦੇਵਦੱਤਾ ਸੁਰਾਪ੍ਰਭਾ ਨੂੰ ਸਮਝਾਉਂਦਿਆਂ ਆਖਦੀ, ਦੇਵਦਾਸੀ ਨੂੰ ਧੰਨ ਕਮਾਉਣ ਲਈ ਜਵਾਨੀ ਦੇ ਬਹੁਤ ਥੋੜੇ ਦਿਨ ਹੀ ਮਿਲਦੇ ਹਨ। ਬਾਅਦ ਵਿਚ ਕੌਣ ਪੁੱਛਦਾ ਹੈ।

ਮੰਦਰ ਦਿਸਦਿਆਂ ਹੀ ਸੁਰਪ੍ਰਭਾ ਦੇ ਮਨ ਵਿਚ ਆ ਰਹੇ ਸਾਰੇ ਫਾਲਤੂ ਦੇ ਵਿਚਾਰ ਲੋਪ ਹੋ ਗਏ ਅਤੇ ਉਹ ਇਕ ਚਿੱਤ ਹੋ ਕੇ ਆਪਣੀ ਕਲਪਨਾ ਵਿੱਚ ਮਰਦੰਗ, ਮੰਜੀਰੀਆਂ ਦੀ ਤਾਲ ਤੇ ਨ੍ਰਿਤਅ ਕਰਨ ਲੱਗੀ...।

ਕੁਝ ਦੂਰੀ ਤੇ ਜਿਥੋਂ ਰਸਤਾ ਚੌੜਾ ਹੋ ਜਾਂਦਾ ਸੀ, ਉਨ੍ਹਾਂ ਲਈ ਭੇਜਿਆ ਗਿਆ ਰੱਥ ਖੜਾ ਸੀ।

## 6.

ਸੂਰਅ ਮੰਦਰ ਦੇ ਇਸ ਉਸਵ 'ਚ ਆਨੰਦਪਾਲ ਦੀ ਕੋਈ ਰੁਚੀ ਨਹੀਂ ਸੀ, ਉਸ ਨੂੰ ਮੰਦਰਾਂ, ਪੁਜਾਰੀਆਂ ਦੇ ਪਖੰਡ ਬਿਲਕੁਲ ਪਸੰਦ ਨਹੀਂ ਸੀ। ਉਸ ਦੇ ਪਿਤਾ ਨੇ ਜੋ ਮੰਦਰ ਬਣਵਾਏ, ਚਾਹੇ ਉਨ੍ਹਾਂ ਵਿਚ ਵੀ ਕਈ ਤਰ੍ਹਾਂ ਦੇ ਕਰਮ ਕਾਂਡ ਅਤੇ ਪਖੰਡ ਹੁੰਦੇ ਸਨ ਪਰ ਦੇਵਦਾਸੀਆਂ ਵਾਲਾ ਇਹ ਕੁਝ ਬਿਲਕੁਲ ਨਹੀਂ ਸੀ। ਉਸ ਨੇ ਇਹ ਵੀ ਸੁਣਿਆਂ ਸੀ ਕਿ ਮੁਲਤਾਨ ਦੇ ਸੂਰਅ ਮੰਦਰ ਵਿਚ ਇਕ ਹਜ਼ਾਰ ਦੇਵਦਾਸੀਆਂ ਹਨ।

"ਕੀ ਤੁਸੀਂ ਸਚਮੁਚ ਇਹ ਵਿਸ਼ਵਾਸ਼ ਕਰਦੇ ਹੋ, "ਆਨੰਦਪਾਲ ਵਿਜੈ ਰਾਏ ਨੂੰ ਸੰਬੋਧਿਤ ਹੁੰਦਿਆਂ ਕਹਿਨ ਲੱਗਾ, "ਕਿ ਦੇਵਤਿਆਂ ਦੀਆਂ ਮੂਰਤੀਆਂ ਨੂੰ ਆਪਣੇ ਮਨੋਰੰਜਨ ਲਈ ਦੇਵਦਾਸੀਆਂ ਦੀ ਲੋੜ ਹੈ?"

"ਕਿਹਾ ਤੇ ਇਹੀ ਜਾਂਦਾ ਹੈ, ਜੇ ਮਨੁੱਖ ਨੂੰ ਲੋੜ ਹੈ ਤਾਂ ਦੇਵਤਿਆਂ ਨੂੰ ਕਿਉਂ ਨਹੀਂ?

"ਅੱਜ ਕੁਝ ਪਿੱਛੇ ਵਲ ਝਾਤ ਮਾਰੀਏ ਤਾਂ ਵੇਖਦੇ ਹਾਂ ਕਿ ਉਦੋਂ ਇਸ ਤਰ੍ਹਾਂ ਨਹੀਂ ਸੀ ਹੁੰਦਾ। ਸੰਭਵ ਹੈ ਕਿ ਕਿਸੇ ਵੇਲੇ ਇਸੇ ਮੰਦਰ ਦੇ ਸਥਾਨ ਤੇ ਕੋਈ ਬੋਧ ਵਿਹਾਰ, ਅਤੇ ਕਿਸੇ ਬੋਹੜ ਦੀ ਛਾਂ ਥੱਲੇ ਬੈਠਿਆ ਕੋਈ ਰਿਸ਼ੀ ਜਾਂ ਭਿੱਖੂ ਆਪਣੇ ਸ਼ਿਸ਼ਾ ਨੂੰ ਗਿਆਨ ਦਾ ਉਪਦੇਸ਼ ਦਿਆ ਕਰਦਾ ਹੋਵੇ।"

"ਉਸ ਵੇਲੇ ਵੀ ਪਖੰਡ ਹੁੰਦੇ ਹੋਣਗੇ, ਪਰ ਕਿਸੇ ਹੋਰ ਤਰ੍ਹਾਂ ਦੇ।" ਵਿਜੈ ਰਾਏ ਬੋਲਿਆ, "ਆਮ ਲੋਕਾਂ ਨੂੰ ਮੂਰਖ ਬਣਾਏ ਬਿਨਾ ਨਾ ਤੇ ਰਾਜਿਆਂ ਦੇ ਰਾਜ ਹੀ ਸੁਰੱਖਿਤ ਰਹਿ ਸਕਦੇ ਹਨ ਅਤੇ ਨਾ ਹੀ ਬ੍ਰਾਹਮਣ ਦੀ ਸ੍ਰੇਸ਼ਠਤਾ।"

"ਅਤੇ ਜੇ ਸਧਾਰਨ ਮਨੁੱਖ ਆਪਣੇ ਦੁੱਖਾਂ, ਭੁੱਖਾਂ ਦੀ ਦੁਹਾਈ ਪਾਵੇ, ਤਾਂ ਕਹੋ ਕਿ ਈਸ਼ਵਰ ਦੀ ਇਹੀ ਇੱਛਾ ਹੈ, ਪੁਰਾਣੇ ਜਨਮਾਂ ਦਾ ਫ਼ਲ ਯਾਨੀ ਆਪਣੀ ਇੱਛਾ ਈਸ਼ਵਰ ਦੀ ਇੱਛਾ ਨਾਲ ਜੋੜ ਦੇਵੋ!"

"ਬਿਲਕੁਲ ਠੀਕ। ਰਾਜਾ ਹੁੰਦਾ ਹੀ ਹੈ ਧਰਤੀ ਉੱਤੇ ਈਸ਼ਵਰ ਦਾ ਰੂਪ। ਦੰਡ ਅਤੇ ਪੁਰਸਕਾਰ ਦੇਣ ਦਾ ਅਧਿਕਾਰੀ। ਤੁਸੀਂ ਆਪ ਹੀ ਸੋਚੋ, ਜੇ ਪੁਰਾਨੇ ਜਨਮਾਂ ਦਾ ਫ਼ਲ ਨਾ ਹੋਵੇ ਤਾਂ ਮੈਂ, ਤੁਸੀਂ ਰਾਜ ਘਰਾਣੇ 'ਚ ਹੀ ਕਿਉਂ ਜਨਮ ਲਿਆ? ਕਿਸੇ ਨਿਰਧਨ ਜਾਂ ਚੰਡਾਲ ਦੇ ਘਰ ਕਿਉਂ ਨਹੀਂ ਪੈਦਾ ਹੋਏ?"

"ਕੀ ਤੁਸੀਂ ਸਚਮੁਚ ਸਮਝਦੇ ਹੋ ਕਿ ਈਸ਼ਵਰ ਲੋਕਾਂ ਨੂੰ ਭੁਖਿਆ ਮਰਨਾ, ਦਲਿਦਰਤਾ 'ਚ ਜੀਉਂਦਿਆਂ ਵੇਖਣਾ ਚਾਹੁੰਦਾ ਹੈ? ਹਾਂ ਸਾਡੇ ਮੰਦਰਾਂ ਦੇ ਪੁਜਾਰੀ ਜ਼ਰੂਰ ਇਹੀ ਚਾਹੁਣਗੇ ਕਿਉਂ ਕਿ ਸੰਸਾਰ 'ਚ ਜਿੰਨਾ ਦੁਖ ਵਧੇਗਾ, ਬ੍ਰਾਹਮਣਾ, ਪੁਜਾਰੀਆਂ ਦਾ ਧੰਦਾ ਵੀ ਉਨ੍ਹਾਂ ਹੀ ਵਧੇਗਾ।"

"ਤੁਸੀਂ ਸੋਚਦੇ ਹੋ ਕਿ ਮੈਂ ਇਹ ਸਭ ਕੁਝ ਸਮਝਦਾ ਨਹੀਂ।" ਵਿਜੈ ਰਾਏ ਕੁਝ ਗੰਭੀਰ ਹੁੰਦਿਆਂ ਬੋਲਿਆ, "ਸਾਡੀ ਸ਼ਕਤੀ ਦਾ ਭੇਦ ਇਹੀ ਹੈ ਕਿ ਅਸੀਂ ਸਭ ਕੁਝ ਸਮਝਦਿਆਂ ਹੋਇਆ ਵੀ ਚੁਪ ਰਹੀਏ। ਇਹ



ਬ੍ਰਾਹਮਣ ਉਹੀ ਕੁਝ ਕਰ ਰਹੇ ਹਨ ਜੋ ਇਨ੍ਹਾਂ ਦੇ ਨਾ ਹੋਣ ਨਾਲ ਸਾਨੂੰ ਰਾਜਿਆਂ ਨੂੰ ਕਰਨਾ ਪੈਣਾ ਸੀ।

ਮੇਰਾ ਪਿਤਾ ਬ੍ਰਾਹਮਣ ਸ਼੍ਰੀ ਕਿਹਾ ਕਰਦੇ ਸਨ ਕਿ ਇਹ ਬ੍ਰਾਹਮਣ ਸਾਡੇ ਸਾਧਕ ਹਨ, ਸਾਡੇ ਲੁਕੇ ਹੋਏ ਹੱਥ। ਇਹ ਸਚ ਹੈ ਜੇ ਅਸੀਂ ਛਤਰੀ ਇਨ੍ਹਾਂ ਦੀ ਪੂਜਾ ਵੀ ਕਰਦੇ ਹਾਂ, ਤਾਂ ਕੇਵਲ ਇਨ੍ਹਾਂ ਨੂੰ ਭੁਲੇਖੇ ਵਿਚ ਪਾਈ ਰੱਖਣ ਲਈ। ਵਾਸਤਵ ਸ਼ਕਤੀ ਸਾਡੇ ਹੱਥ ਵਿਚ ਹੈ। ਇਨ੍ਹਾਂ ਦੇ ਹੁੰਦਿਆਂ ਲੋਕਾਂ 'ਚ ਸਾਡੇ ਪ੍ਰਤਿ ਰੋਸ ਜਾਂ ਵਿਦ੍ਰੋਹ ਉਤਪੰਨ ਨਹੀਂ ਹੋ ਸਕਦਾ।

"ਪਰ ਇਹ ਕੁਝ ਇਨ੍ਹਾਂ ਮੰਦਰਾਂ ਨੂੰ ਵੈਸ਼ਿਆ-ਘਰ ਬਣਾਏ ਬਿਨਾ ਵੀ ਤੇ ਹੋ ਸਕਦਾ ਹੈ? ਬੁੱਧੀ ਰਾਹੀਂ, ਗਿਆਨ-ਧਰਮ ਰਾਹੀਂ?'

ਵਿਜੈ ਰਾਏ ਹੱਸਿਆ ਅਤੇ ਬੋਲਿਆ, "ਲੋਕਾਂ ਨੂੰ ਗਿਆਨ, ਧਰਮ ਜਾਂ ਬੁੱਧੀ ਨਾਲ ਕੋਈ ਲਗਾਓ ਨਹੀਂ। ਤੁਸੀਂ ਵੇਖਿਆ ਹੀ ਹੋਵੇਗਾ ਕਿ ਜਿਸ ਸਥਾਨ ਤੇ ਕੇਵਲ ਧਰਮ ਅਤੇ ਗਿਆਨ ਦੀਆਂ ਗੱਲਾਂ ਹੁੰਦੀਆਂ ਹਨ,ਓਥੇ ਕੋਈ ਵਿਰਲਾ ਹੀ ਜਾਂਦਾ ਹੈ। ਸ੍ਰੀ ਕ੍ਰਿਸ਼ਨ ਮਹਾਰਾਜ ਦੀ ਜੈ ਬੋਲੋ ਜੋ ਸਾਨੂੰ 'ਗੀਤਾ' ਦੇ ਗਏ ਹਨ। "ਸ਼ਰਧਾਵਾਲੰਭ ਤੇ ਗਿਆਨ ਤਤਪਰ...।" ਬਸ ਈਸ਼ਵਰ 'ਚ ਮੂਰਤੀਆਂ ਦੇਵਤਿਆਂ 'ਚ ਸ਼ਰਧਾ ਰੱਖੋ। ਸੋਚਦਿਆਂ ਪੜ੍ਹਦਿਆਂ ਕੋਈ ਗਿਆਨ ਪ੍ਰਾਪਤ ਨਹੀਂ ਹੁੰਦਾ, ਜੋ ਸੰਦੇਹ ਕਰਦਾ ਹੈ, ਜੋ ਮੰਦਰਾਂ 'ਚ ਜਾ ਕੇ ਭਗਤੀ ਨਹੀਂ ਕਰਦਾ, ਉਹ ਜਿਉਂਦੇ ਮਰਦੇ ਹਨ...।" ਲੋਕਾਂ ਨੂੰ ਤਾਂ ਬੱਸ ਰੌਣਕ ਮੇਲਾ ਚਾਹੀਦਾ ਕਰਮਕਾਂਡ ਚਾਹੀਦੇ, ਤੜਕ ਭੜਕ ਚਾਹੀਦੀ...। ਇਸ ਸਭ ਕੁਝ ਲਈ ਬੁੱਧੀ ਦੀ ਭਲਾ ਕੀ ਲੋੜ?"

"ਪਰ ਜੋ ਮੈਂ ਕਹਿਨਾਂ ਚਾਹੁੰਦਾ, ਅਤੇ ਆਪਣੇ ਪਿਤਾ ਸ਼੍ਰੀ ਨੂੰ ਵੀ ਕਹਿੰਦਾ ਰਿਹਾ ਹਾਂ ਕਿ ਇਨ੍ਹਾਂ ਮੰਦਰਾਂ ਦੇ ਨਿਰਮਾਣ 'ਚ ਸਾਡਾ ਸਾਰਾ ਧੰਨ ਜਾਇਆ ਹੁੰਦਾ ਜਾ ਰਿਹਾ ਹੈ। ਇਕ ਇਕ ਮੰਦਰ 'ਚ ਤਿੰਨ ਤਿੰਨ ਚਾਰ ਚਾਰ ਠੋਸ ਸੋਨੇ ਦੀਆਂ ਮੂਰਤੀਆਂ, ਠੋਸ ਸੋਨੇ ਦੇ ਰੱਥ। ਰਾਜ ਦਾ ਸਾਰਾ ਧੰਨ ਇਨ੍ਹਾਂ ਮੰਦਰਾਂ 'ਚ ਜਮਾਂ ਹੁੰਦਾ ਜਾ ਰਿਹਾ ਹੈ। ਅਸੀਂ ਰਾਜੇ ਇਕ ਦੂਜੇ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਮੰਦਰ ਬਣਾਉਣ ਦੀ ਹੋੜ 'ਚ ਲੱਗੇ ਹੋਏ ਹਾਂ। ਇਹੀ ਧੰਨ ਜੇ ਮਲੇਛਾ ਵਿਰੁਧ ਆਪਣੀ ਸੈਨਕ ਸ਼ਕਤੀ ਵਧਾਉਣ ਲਈ ਵਰਤਿਆਂ ਜਾਂਦਾ ਤਾਂ ਜ਼ਿਆਦਾ ਚੰਗਾ ਹੁੰਦਾ...।"

ਜਦੋਂ ਬਹੁਤ ਦੇਰ ਤਕ ਇਹ ਬਹਿਸ ਚਲਦੀ ਰਹੀ ਤਾਂ ਵਿਜੈ ਰਾਏ ਬਹਿਸ ਦਾ ਰੁਖ ਬਦਲਦਿਆਂ ਬੋਲੇ,

"ਸੂਰਅ ਮੰਦਰ ਜਾਣ ਦਾ ਸਮਾਂ ਹੋ ਗਿਆ ਹੈ। ਮੈਨੂੰ ਤੇ ਜਾਣਾ ਹੀ ਪਵੇਗਾ। ਸਾਰੇ ਉਡੀਕ ਰਹੇ ਹੋਣਗੇ। ਪਰ... ਪਰ ਆਖ਼ਰੀ ਵਾਰ ਕੇਵਲ ਇਹੀ ਕਹਾਂਗਾ ਕਿ ਜੇ ਸੂਰਅ ਮੰਦਰ ਸਮਝ ਕੇ ਨਹੀਂ ਤਾਂ ਦੇਵਦਾਸੀ ਸੁਰਾਪ੍ਰਭਾ ਦੀ ਨ੍ਰਤਅ ਕਲਾ ਵੇਖਣ ਲਈ ਹੀ ਚਲੇ ਚੱਲੋ। ਇਸ ਵੇਲੇ ਭੱਟਿਕਾ 'ਚ ਚਾਹੇ ਕਿਸੇ ਨੂੰ ਤੁਹਾਡੇ ਬਾਰੇ ਕੁਝ ਨਹੀਂ ਪਤਾ, ਪਰ ਜਦ ਬਾਅਦ 'ਚ ਪਤਾ ਲੱਗੇਗਾ ਕਿ ਹਿੰਦੂਸ਼ਾਹੀ ਰਾਜਕੁਮਾਰ ਆਨੰਦਪਾਲ ਬਿਨਾ ਦਰਸ਼ਨ ਦਿੱਤਿਆਂ ਅਤੇ ਸੂਰਅ ਦੇਵਤਾ ਦੇ ਬਿਨਾ ਦਰਸ਼ਨ ਕੀਤਿਆਂ ਚਲੇ ਗਏ ਤਾਂ ਸਾਰਿਆਂ ਨੂੰ ਬਹੁਤ ਬੁਰਾ ਲੱਗੇਗਾ। ਮੁੜ ਕੇ ਜਦੋਂ ਤੁਸੀਂ ਭੱਟਿਕਾ ਆਵੋਗੇ ਤਾਂ ਇਥੋਂ ਦੇ ਲੋਕਾਂ ਦੇ ਮਿਲਵਰਤਨ ਦੀ ਲੋੜ ਵੀ ਤੁਹਾਨੂੰ ਪਵੇਗੀ ਹੀ...।"

ਆਨੰਦਪਾਲ ਕੁਝ ਦੇਰ ਸੋਚਦਾ ਰਿਹਾ, ਫੇਰ ਇਕ ਪਾਸੇ ਚੁਪ ਬੈਠਾ ਤਿਲਕ ਬੋਲਿਆ, "ਇਸ ਵਿਚ ਕੋਈ ਲਾਭ ਨਹੀਂ ਤਾਂ ਹਾਨੀ ਵੀ ਕੋਈ ਨਹੀਂ।" ਉਂਜ ਉਸ ਦਾ ਆਪਣਾ ਮਨ ਵੀ ਕਰ ਰਿਹਾ ਸੀ ਇਸ ਉਤਸਵ ਲਈ ਜਾਣ ਤੇ। ਵਰੁਨਭਟ ਨੇ ਤਾਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਕੋਈ ਜਾਵੇ ਜਾਂ ਨਾ ਜਾਵੇ, ਉਹ ਜ਼ਰੂਰ ਜਾਵੇ ਗਾ।

"ਠੀਕ ਏ," ਆਨੰਦਪਾਲ ਨੇ ਕਿਹਾ, "ਮੈਂ ਚਲਾ ਜਾਵਾਂਗਾ, ਪਰ ਰਾਜਾ ਵਿਜੈ ਰਾਏ ਨਾਲ ਨਹੀਂ। ਅਤੇ ਨਾ ਹੀ ਇਨ੍ਹਾਂ ਵਪਾਰੀ ਵਸਤਰਾਂ 'ਚ। ਸ਼ਾਹੀ ਵਸਤਰਾਂ ਤੋਂ ਬਹੁਤ ਕੁਝ ਲੁਕਿਆ ਰਹਿ ਜਾਂਦਾ ਹੈ।"

"ਲਗਦਾ ਏ ਕਿ ਤੁਹਾਨੂੰ ਸਧਾਰਨ ਮਨੁੱਖ ਬਣਨ ਦਾ ਬਹੁਤ ਸ਼ੌਕ ਏ।" ਰਾਜਾ ਵਿਜੈ ਰਾਏ ਬੋਲਿਆ, "ਠੀਕ ਏ, ਜਿਵੇਂ ਤੁਹਾਡੀ ਇੱਛਾ।"

ਵਿਜੈ ਰਾਏ ਤਿਆਰ ਹੋ ਕੇ ਅਤੇ ਆਪਣੇ ਅੰਗ ਰੱਖਿਕਾ ਨੂੰ ਨਾਲ ਲੈ ਕੇ ਮੰਦਰ ਵਲ ਤੁਰ ਪਏ। ਉਨ੍ਹਾਂ ਦੇ ਜਾਣ ਤੋਂ ਕੁਝ ਦੇਰ ਬਾਅਦ ਆਨੰਦਪਾਲ ਅਤੇ ਤਿਲਕ ਨੇ ਸਧਾਰਨ ਲੋਕਾਂ ਵਾਲੇ ਵਸਤਰ ਪਾਏ, ਵਿਰੁਨ

ਭਟ ਦੀ ਵੇਸ਼ ਭੂਸ਼ਾ ਤਾਂ ਪਹਿਲਾਂ ਹੀ ਸਧਾਰਨ ਸੀ) ਅਤੇ ਸੂਰਅ ਮੰਦਰ ਵਲ ਤੁਰ ਪਏ, ਇਸ ਵਾਸਤਵਕਤਾ ਤੋਂ ਅਣਜਾਣ ਕਿ ਉਨ੍ਹਾਂ ਦਾ ਇਹ ਕਦਮ ਉਨ੍ਹਾਂ ਦੇ ਜੀਵਨ 'ਚ ਕਿੰਨਾ ਮਹੱਤਵਪੂਰਨ ਮੋੜ ਲੈ ਆਵੇਗਾ। ਮਨੁੱਖ ਦੇ ਜੀਵਨ ਕਾਲ 'ਚ ਕਦੀ ਕਦੀ ਛੋਟੀਆਂ ਛੋਟੀਆਂ ਬਹੁਤ ਛੋਟੀਆਂ ਦਿਸਣ ਵਾਲੀਆਂ ਘਟਨਾਵਾਂ ਉਸ ਦੇ ਸੰਪੂਰਨ ਜੀਵਨ ਦੇ ਪਰਿਵਰਤਨ ਲਿਆਉਣ ਦਾ ਕਾਰਨ ਬਣਦੀਆਂ ਹਨ...।

ਮੰਦਰ ਦੇ ਅੰਦਰ ਭੀੜ ਐਨੀ ਹੋ ਗਈ ਸੀ ਕਿ ਕਿਸੇ ਹੋਰ ਦੇ ਅੰਦਰ ਜਾਣ ਦੀ ਗੁੰਜਾਇਸ਼ ਨਹੀਂ ਸੀ ਰਹੀ। ਤਿਲਕ ਅਤੇ ਵਰੁਨ ਨੂੰ ਲੈ ਕੇ ਆਨੰਦ ਪਾਲ ਜਦ ਮੰਦਰ ਦੀ ਦਵਾਰ ਕੋਲ ਪਹੁੰਚੇ ਤਾਂ ਦਵਾਰ ਪਾਲ ਰੋਹਬ ਨਾਲ ਬੋਲਿਆ,

"ਕੌਣ ਹੋ ਤੁਸੀਂ?"

"ਪਰਦੇਸੀ ਹਾਂ, ਬਹੁਤ ਦੂਰੋਂ ਆਏ ਹਾਂ।"

"ਤੁਹਾਨੂੰ ਪਤਾ ਨਹੀਂ ਕਿ ਇਸ ਮੰਦਰ ਵਿਚ ਰਾਜਾ, ਰਾਜਕੁਮਾਰ ਅਤੇ ਸੈਨਾਪਤੀ ਦੇ ਅਤਿਰਿਕਤ ਕੋਈ ਹੋਰ ਵਿਅਕਤੀ ਆਪਣੇ ਨਾਲ ਸ਼ਸ਼ਤਰ ਨਹੀਂ ਲੈ ਜਾ ਸਕਦਾ।" ਉਹ ਦਵਾਰਪਾਲ ਤਿਲਕ ਅਤੇ ਆਨੰਦਪਾਲ ਦੇ ਕਮਰਬੰਦ ਵਿਚ ਟੰਗੀਆਂ ਕਟਾਰਾਂ ਵੱਲ ਤੱਕਦਿਆਂ ਬੋਲਿਆ, "ਇਸ ਦੇ ਉਪਰੰਤ ਅੰਦਰ ਹੁਣ ਤਿਲ ਸੁੱਟਣ ਦੀ ਵੀ ਥਾਂ ਨਹੀਂ।"

"ਬਾਕੀ ਸਾਰੇ ਅੰਦਰ ਚਲੇ ਗਏ, ਕੇਵਲ ਸਾਡੇ ਲਈ ਹੀ ਥਾਂ ਨਹੀਂ ਰਹੀ?"

ਤਿਲਕ ਆਪਣਾ ਲੰਮਾ ਚੌੜਾ ਸ਼ਰੀਰ ਵਖਾਉਂਦਿਆਂ ਜ਼ਰਾ ਕ੍ਰੋਧ ਨਾਲ ਬੋਲਿਆ।

ਆਨੰਦਪਾਲ ਵੀ ਕੁਝ ਕਹਿਣ ਵਾਲਾ ਸੀ ਕਿ ਉਸ ਨੇ ਦਵਾਰਪਾਲ ਦੀ ਨਜ਼ਰ ਕਿਸੇ ਹੋਰ ਪਾਸੇ ਘੁੰਮਦੀ ਵੇਖੀ। ਨਾਲ ਹੀ ਚਿਹਰੇ ਦੇ ਹਾਵਭਾਵ ਵੀ ਬਦਲ ਗਏ। ਅਨੰਦਪਾਲ ਨੇ ਵੀ ਸਿਰ ਘੁਮਾ ਕੇ ਵੇਖਿਆ। ਚਾਂਦੀ ਦੇ ਪਤਰੇ ਚੜ੍ਹੇ ਇਕ ਰਥ, ਜਿਸ ਦੁਆਲੇ ਫੁਲਾਂ ਦੀਆਂ ਲੜੀਆਂ ਲਮਕ ਰਹੀਆਂ ਸਨ, ਹੁਣੇ ਹੀ ਆ ਕੇ ਖੜਾ ਹੋਇਆ ਸੀ। ਰਥ 'ਚੋਂ ਪਹਿਲਾਂ ਦੋ ਇਸਤ੍ਰੀਆਂ ਨਿਕਲੀਆਂ ਅਤੇ ਫੇਰ ਉਨ੍ਹਾਂ ਨੇ ਹੱਥ ਦਾ ਸਹਾਰਾ ਦੇ ਕੇ ਤੀਸਰੀ ਨੂੰ ਰਥ ਤੋਂ ਉਤਾਰ ਲਿਆ। ਇਹ ਤਿੰਨ ਦੇਵਦੱਤਾ, ਚਿੱਤਰ ਅਤੇ ਸੁਰਾਪ੍ਰਭਾ ਸਨ। ਸੁਰਾਪ੍ਰਭਾ ਇਕ ਜੇਤੂ ਵਾਂਗ, ਲੱਕ ਮਟਕਾਉਂਦੀ ਹੌਲੀ ਹੌਲੀ ਦਵਾਰ ਵਲ ਪੈਰ ਧਰਣ ਲੱਗੀ।

ਚਿਤਰਾ ਨੇ ਉਨ੍ਹਾਂ ਤਿੰਨਾਂ ਵਲ ਤੱਕਿਆ ਅਤੇ ਬੋਲੀ, "ਪਰੇ ਹੋ ਜਾਓ, ਪਰੇ ਹੋ ਜਾਓ, ਵੇਖਦੇ ਨਹੀਂ ਦੇਵੀ ਸੁਰਾਪ੍ਰਭਾ ਆ ਰਹੀ ਏ!"

ਦੇਵਦੱਤਾ ਨੇ ਇਹ ਝਗੜਾ ਜਿਹਾ ਵੇਖਦਿਆਂ ਦਵਾਰਪਾਲ ਨੂੰ ਇਸ ਦਾ ਕਾਰਨ ਪੁੱਛਿਆ। ਫੇਰ ਉਸ ਨੇ ਪਹਿਲਾਂ ਸਰਸਰੀ ਨਜ਼ਰ ਨਾਲ ਅਤੇ ਫੇਰ ਬੜੇ ਗੌਹ ਨਾਲ ਆਨੰਦਪਾਲ ਵੱਲ ਤੱਕਿਆ। ਚੌੜਾ ਮੱਥਾ, ਚਿਹਰੇ ਤੇ ਰਾਜਸੀ ਨੂਰ, ਵਸਤਰ ਬੇਸ਼ਕ ਬਦਲ ਲਏ ਸਨ, ਪਰ ਜੁੱਤੀ ਕਿਵੇਂ ਬਦਲਦਾ। ਜੁੱਤੀ ਸੋਨੇ 'ਚ ਤਿੱਲੇ ਨਾਲ ਮੜ੍ਹੀ ਹੋਈ ਅਤੇ ਉਂਗਲੀਆਂ 'ਚ ਪਾਈਆਂ ਹੋਈਆਂ ਹੀਰਿਆਂ ਨਾਲ ਜੜੀਆਂ ਕੀਮਤੀ ਮੁੰਦਰੀਆਂ।

"ਠੀਕ ਏ, ਠੀਕ ਏ," ਦੇਵਦੱਤਾ ਦਵਾਰਪਾਲ ਨੂੰ ਝਿੜਕਦਿਆਂ ਬੋਲੀ, "ਇਹ ਮੇਰੇ ਜਾਣਕਾਰ ਹਨ। ਇਨ੍ਹਾਂ ਨਾਲ ਸ਼ਿਸ਼ਟਤਾ ਨਾਲ ਬੋਲ ਅਤੇ ਅੰਦਰ ਲੰਘ ਜਾਣ ਦੇ।"

"ਪਰ ਮੰਡਪ ਤਾਂ ਸਚਮੁਚ ਹੀ ਠਸਾ ਠਸ ਭਰਿਆ ਹੋਇਆ ਹੈ। ਅੰਦਰੋਂ ਮੈਨੂੰ ਆਦੇਸ਼ ਮਿਲਿਆ ਹੈ ਕਿ ਹੋਰ ਕਿਸੇ ਨੂੰ ਅੰਦਰ ਨਾ ਜਾਣ ਦੇਵਾਂ।"

"ਖਿਮਾ ਕਰਨਾ," ਦੇਵਦੱਤਾ ਆਨੰਦਪਾਲ ਨੂੰ ਸੰਬੋਧਿਤ ਹੁੰਦਿਆਂ ਬੋਲੀ, "ਤੁਸੀਂ ਮੇਰੇ ਨਾਲ ਆਓ। ਅਸੀਂ ਮੰਦਰ ਦੇ ਪਿਛਲੇ ਦਵਾਰ ਥਾਣੀਂ ਚੱਲਾਂਗੇ। ਹਾਂ ਤੇ ਇਹ ਕਟਾਰਾਂ ਵਸਤਰਾਂ ਥੱਲੇ ਲੁਕਾ ਲਓ।"

ਸੁਰਾਪ੍ਰਭਾ ਨੂੰ ਦੇਵਦੱਤਾ ਦੇ ਇਕ ਅਣਜਾਣੇ ਵਿਅਕਤੀ ਨਾਲ ਇੰਜ ਵਿਓਹਾਰ ਵੇਖ ਕੇ ਕੁਝ ਹੈਰਾਨੀ ਹੋਈ ਅਤੇ ਉਸ ਨੇ ਇਕ ਨਜ਼ਰ ਆਨੰਦਪਾਲ ਵਲ ਤੱਕ ਕੇ ਮਨ ਹੀ ਮਨ ਆਖਿਆ, ਇਹ ਵਿਅਕਤੀ ਕੌਣ ਹੋ ਸਕਦਾ ਹੈ?

"ਆਨੰਦਪਾਲ ਨੇ ਦੇਵਦੱਤਾ ਦਾ ਧੰਨਵਾਦ ਕੀਤਾ ਅਤੇ ਉਹ ਆਪਣੇ ਸਾਥੀਆਂ ਨੂੰ ਲੈ ਕੇ ਦੇਵਦੱਤਾ ਦੇ ਪਿੱਛੇ ਪਿੱਛੇ ਤੁਰ ਪਿਆ। ਅੰਦਰ ਪਹੁੰਚ ਕੇ ਉਹ ਸੂਰਅ ਦੇਵਤਾ ਦੀ ਮੂਰਤੀ ਦੇ ਪਿੱਛਿਓਂ ਹੁੰਦੇ ਹੋਏ ਦਰਸ਼ਕਾਂ



ਦੀ ਭੀੜ ਵਿਚ ਖੜੇ ਹੋ ਗਏ।

"ਕੌਣ ਸੀ ਇਹ ਲੋਕ?" ਸੁਰਾਪ੍ਰਭਾ ਨੇ ਆਪਣਾ ਪੱਲਾ ਠੀਕ ਕਰਦਿਆਂ ਪੁੱਛਿਆ।

"ਤੂੰ ਵੇਖੀਆਂ ਨਹੀਂ, ਉਸ ਦੀਆਂ ਜੁੱਤੀਆਂ? ਉਸ ਦੀਆਂ ਉਂਗਲਾਂ 'ਚ ਪਾਈਆਂ ਬਹੁਮੁੱਲੇ ਹੀਰਿਆਂ ਦੀਆਂ ਮੁੰਦਰਾਂ?"

"ਫੇਰ ਕੀ?"

"ਜੇ ਇਹ ਹਿੰਦੂਸ਼ਾਹੀ ਰਾਜਕੁਮਾਰ ਆਨੰਦਪਾਲ ਨਹੀਂ ਤਾਂ ਕੋਈ ਹੋਰ ਰਾਜਕੁਮਾਰ, ਸਾਮੰਤ ਪੁੱਤਰ ਜ਼ਰੂਰ ਹੋਵੇਗਾ।"

"ਰਾਜਕੁਮਾਰ ਆਨੰਦਪਾਲ? ਸੁਰਾਪ੍ਰਭਾ ਆਪਣੀ ਛਾਤੀ ਤੇ ਹੱਥ ਰਖਦਿਆਂ ਵਿਸਮਿਤ ਹੁੰਦਿਆਂ ਬੋਲੀ।"

"ਇਹ ਫੇਰ ਵੇਖ ਲਵਾਂ ਗੇ। ਤੂੰ ਹੁਣ ਇਕ ਚਿੱਤ ਹੋ ਕੇ ਆਪਣੇ ਨ੍ਰਿਤਅ ਦੀ ਤਿਆਰੀ ਕਰ।"

ਸੁਰਾਪ੍ਰਭਾ ਹੌਲੀ ਹੌਲੀ ਤੁਰਦਿਆਂ ਸੂਰਅ ਦੇਵਤਾ ਦੇ ਸਾਹਮਣੇ ਸਭਾ ਮੰਡਪ ਵਿਚਕਾਰ ਆ ਖੜੀ ਹੋਈ। ਸਭ ਤੋਂ ਪਹਿਲਾਂ ਉਸਨੂੰ ਦੇਵਤਿਆਂ ਸਾਹਮਣੇ ਖੜਾ ਕਰਕੇ ਮਰਦੰਗ ਅਤੇ ਦੀਪਕ ਨਾਲ ਉਸਦੀ ਆਰਤੀ ਉਤਾਰੀ ਗਈ। ਇਸ ਦੇ ਬਾਅਦ ਮਨ ਨੂੰ ਇਕਾਗਰ ਕਰਕੇ ਪਹਿਲਾਂ ਸੂਰਅ ਦੇਵ ਨੂੰ ਤੇ ਫੇਰ ਆਚਾਰੀਆਂ ਰੁਦਰਸਰਮਨ, ਸਾਜ਼ਿੰਦਿਆਂ ਸਰੋਤਿਆਂ ਨੂੰ ਪ੍ਰਣਾਮ ਕੀਤਾ। ਇਸ ਤੋਂ ਬਾਅਦ ਵਿਸ਼ੇਸ਼ ਆਸਨਾ 'ਤੇ ਬੈਠੇ ਰਾਜਾ ਵਿਜੈ ਰਾਏ ਅਤੇ ਹੋਰ ਵਿਸ਼ੇਸ਼ ਅਤਿੱਥੀਆਂ ਨੂੰ ਪ੍ਰਨਾਮ ਕਰਕੇ ਦੇਵਦੱਤਾ ਦੇ ਪੈਰਾਂ ਨੂੰ ਛੋਹਿਆ। ਉਸ ਤੋਂ ਬਾਅਦ ਸਾਜ਼ਿੰਦਿਆਂ ਗਾਇਕਾਂ ਵਲ ਤਕਦਿਆਂ ਉਨ੍ਹਾਂ ਨੂੰ ਸ਼ੁਰੂ ਕਰਨ ਲਈ ਸੰਕੇਤ ਕੀਤਾ। ਇਕ ਗਾਇਕ ਆਪਣੀ ਭਾਰੀ ਸੰਗੀਤਕ ਆਵਾਜ਼ 'ਚ ਇਕ ਸ਼ਲੋਕ ਪੜ੍ਹਨ ਲੱਗਾ-

ਐ ਅਗਨੀ ਦੀਆਂ ਲਾਟਾਂ ਵਾਂਗ
ਸਨਹਿਰੀ ਲਟਾਂ ਵਾਲੇ ਆਦਿਤਆ ਦੇਵ [1] (ਸੂਰਅ ਦੇਵ)[1]
ਸੰਸਾਰ ਦੇ ਰੱਖਿਅਕ, ਸਤਅ ਦੇ ਰਖਵਾਲੇ
ਸਮਸਤ ਜੀਵਾਂ ਦੇ ਪਾਲਨਹਾਰ
ਸਮਸਤ ਵਨਸਪਤੀ ਦੀ ਉਤਪਤੀ ਕਰਨ ਵਾਲੇ, ਬਲਵਰਧਕ
ਅਸੀਂ ਸਾਰੇ ਤੈਨੂੰ ਨਮਸਕਾਰ ਕਰਦੇ ਹਾਂ।

ਮਰਦੰਗਾ ਦੀ ਤਾਲ ਨਾਲ ਸੁਰਾਪ੍ਰਭਾ ਨੇ ਆਪ ਨਾਚ ਸ਼ੁਰੂ ਕੀਤਾ। ਪਹਿਲਾ ਮੱਧਮ ਗਤੀ ਵਿਚ, ਫੇਰ ਤੇਜ਼ ਉਸ ਦੀਆਂ ਅੱਖਾਂ ਬੇਸ਼ਕ ਖੁੱਲ੍ਹੀਆਂ ਹੋਈਆਂ ਸਨ ਪਰ ਕੁਝ ਦੇਰ ਬਾਅਦ ਨਾ ਤੇ ਉਸਨੂੰ ਸੂਰਅ ਦੇਵ ਦੀ ਮੂਰਤੀ ਨਜ਼ਰ ਆ ਰਹੀ ਸੀ ਅਤੇ ਨਾ ਹੀ ਦਰਸ਼ਕ। ਉਸ ਦਾ ਸਾਰਾ ਵਿਅਕਤੀਤਵ, ਸਾਰਾ ਵਜੂਦ ਜਿਵੇਂ ਵੀਣਾ ਦੇ ਸੁਰਾਂ ਅਤੇ ਮਰਦੰਗ ਦੀ ਤਾਲ 'ਚ ਗੁਆਚ ਗਿਆ ਸੀ। ਇੰਜ ਲਗਦਾ ਸੀ ਜਿਵੇਂ ਉਸ ਦੇ ਘੁੰਗਰੂਆਂ ਦੀ ਛਣਕਾਰ ਸਾਜ਼ਿੰਦਿਆਂ ਦੇ ਸਾਜ਼ਾਂ ਚੋਂ ਨਿਕਲਦੀਆਂ ਧੁਨੀਆਂ ਅਤੇ ਤਾਲ ਨਾਲ ਇਕ ਮਿਕ ਹੋ ਗਈ ਹੋਵੇ। ਛਣ ਛਣ ਛਣ, ਛਣ ਛਣ ਛਣ...। ਸਰੋਤੇ ਵਾਹ ਵਾਹ ਕਰਦਿਆਂ ਮਸਤੀ 'ਚ ਝੂਮ ਰਹੇ ਸਨ ਅਤੇ ਮਨ ਹੀ ਮਨ ਕਹਿ ਰਹੇ ਸਨ ਕਿ ਸੁਰਪ੍ਰਭਾ ਦੀ ਆਤਮਾਂ 'ਚ ਸੂਰਅ ਦੇਵਤਾ ਦਾ ਵਾਸ ਹੋ ਗਿਆ ਹੈ।

ਉਹ ਬਿਨਾ ਰੁਕੇ ਬਹੁਤ ਦੇਰ ਤਕ ਨਚਦੀ ਰਹੀ। ਇਕ ਵਾਰ ਵੀ ਬੇਤਾਲ ਨਹੀਂ ਹੋਈ। ਚਾਰ ਪੰਜ ਘੁੰਗਰੂ ਝਾਂਜਰਾਂ 'ਚੋਂ ਨਿਕਲ ਕੇ ਇਧਰ-ਉਧਰ ਵਿੱਖਰ ਗਏ। ਜੂੜੇ 'ਚ ਟੰਗੇ ਚੰਬੇਲੀ ਦੇ ਫੁੱਲ ਇਕ ਇਕ ਕਰ ਕੇ ਭੁੰਜੇ ਡਿੱਗ ਪਏ। ਕਸ ਕੇ ਬੰਨ੍ਹੀਆਂ ਉਸ ਦੇ ਵਾਲਾਂ ਦੀਆਂ ਲਟਾਂ ਉਸ ਦੇ ਚਿਹਰੇ 'ਤੇ ਡਿੱਗ ਡਿੱਗ ਜਾਂਦੀਆਂ। ਵਸਤੂਕਾਰ ਨੇ ਮੰਦਰ ਦਾ ਨਿਰਮਾਣ ਕੁਝ ਇਸ ਤਰ੍ਹਾਂ ਕੀਤਾ ਸੀ ਕਿ ਚੜ੍ਹਦੇ ਸੂਰਜ ਦੀਆਂ ਕਿਰਨਾ ਜ਼ਿਆਦਾ ਤੋਂ ਜ਼ਿਆਦਾ ਦੇਰ ਤਕ ਮੂਰਤੀ ਉੱਤੇ ਪੈਂਦੀਆਂ ਰਹਿਣ। ਹੌਲੀ ਹੌਲੀ ਸੂਰਜ ਉੱਪਰ ਚਲਾ ਗਿਆ। ਮਰਦੰਗ ਅਤੇ ਵੀਣਾ ਵਾਦਕ ਦੀਆਂ ਉਂਗਲੀਆਂ ਥਕ ਗਈਆਂ। ਚੰਗੀ ਠੰਡ ਹੁੰਦਿਆਂ ਵੀ ਸੁਰਪ੍ਰਭਾ ਦਾ ਸਾਰਾ ਸਰੀਰ ਮੁੜ੍ਹਕੇ ਨਾਲ ਤਰ ਹੋ ਗਿਆ।

ਦੇਵਦੱਤਾ ਉਸ ਨੂੰ ਇੰਝ ਵਜਦ ਵਿਚ ਆ ਕੇ ਨ੍ਰਿਤਅ ਕਰਦਿਆਂ ਵੇਖਕੇ ਬਹੁਤ ਪ੍ਰਸੰਨ ਸੀ। ਉਸ ਨੂੰ ਯਾਦ ਨਹੀਂ ਸੀ ਕਿ ਉਸਨੇ ਕਦੀ ਆਪ ਇਸ ਤਰ੍ਹਾਂ ਨ੍ਰਿਤਅ ਕੀਤਾ ਜਾਂ ਵੇਖਿਆ ਹੋਵੇ। ਫੇਰ ਉਸ ਨੇ

ਵੇਖਿਆ ਕਿ ਸੁਰਾਪ੍ਰਭਾ ਨਿਸ਼ਚਿਤ ਸਮੇਂ ਤੋਂ ਬਹੁਤ ਅੱਗੇ ਤਕ ਨੱਚਦੀ ਜਾ ਰਹੀ ਹੈ, ਬੇਸੁਰ ਬੇਖਬਰ ਜਹੀ। ਕਿਤੇ ਥਕ ਕੇ ਡਿੱਗ ਹੀ ਨਾ ਪਵੇ? ਉਸ ਨੇ ਮਰਦੰਗਵਾਦਕ ਨੂੰ ਰੁਕਣ ਦਾ ਸੰਕੇਤ ਕੀਤਾ। ਮਰਦੰਗ ਅਤੇ ਵੀਣਾ ਵਾਦਕਾਂ ਨੇ 'ਸਮ' ਤੇ ਆ ਕੇ ਹਥ ਰੋਕ ਲਏ ਅਤੇ ਨਾਲ ਹੀ ਸੁਤੇ ਸਿਧ ਸੁਰਪ੍ਰਭਾ ਦੇ ਪੈਰ ਵੀ ਰੁਕ ਗਏ। ਉਹ ਇਕ ਦੋ ਪਲ ਲੜਖੜਾਈ ਅਤੇ ਫੇਰ ਸਥਿਰ ਖੜੀ ਹੋ ਗਈ।

ਸਰੋਤਿਆਂ ਨੂੰ ਲੱਗਿਆ ਜਿਵੇਂ ਉਹ ਕਿਸੇ ਰਹੱਸਮਈ, ਸੰਗੀਤਮਈ ਦੁਨੀਆਂ 'ਚ ਵਿਚਰਦੇ ਹੋਏ ਅਚਾਨਕ ਮੁੜ ਇਸ ਦੁਨੀਆਂ 'ਚ ਪਰਤ ਆਏ ਹੋਣ। ਵਾਹ ਵਾਹ ! ਅਦੁਭੁਤ, ਅਤਿਸੁੰਦਰ ਅਤੇ ਸੁਰਾਪ੍ਰਭਾ ਦੇਵੀ ਦੀ ਜੈਅ ਨਾਲ ਸਾਰਾ ਮੰਡਪ ਗੂੰਜ ਉੱਠਿਆ। ਰਾਜਾ ਵਿਜੈ ਰਾਏ ਵੀ ਬਹੁਤ ਪ੍ਰਸੰਨ ਸਨ। ਉਹ ਉੱਠੇ ਅਤੇ ਧੰਨ ਹੋ ਸੁਰਪ੍ਰਭਾ ਕਹਿੰਦਿਆਂ ਸੁੱਚੇ ਮੋਤੀਆਂ ਦਾ ਇਕ ਕੀਮਤੀ ਹਾਰ ਆਪਣੇ ਗਲ 'ਚੋਂ ਉਤਾਰ ਕੇ ਉਸ ਦੇ ਗਲ ਵਿਚ ਪਾ ਦਿੱਤਾ। ਬਾਕੀ ਦੇ ਸਾਮੰਤਾ, ਨਗਰ ਸ਼੍ਰੇਸ਼ਠਾ ਦੇ ਵੀ ਇਸੇ ਤਰ੍ਹਾਂ ਦੇ ਹਾਰ ਅਤੇ ਕੀਮਤੀ ਆਭੂਸ਼ਨ ਪੁਰਸਕਾਰ ਵਜੋਂ ਦਿੱਤੇ। ਦੇਵਦੱਤਾ ਅਤੇ ਚਿੱਤਰਾ ਅੱਗੇ ਵਧ ਕੇ ਇਨ੍ਹਾਂ ਸਾਰਿਆਂ ਆਭੂਸ਼ਨਾਂ ਨੂੰ ਸੰਭਾਲਨ ਲੱਗੀਆਂ। ਆਨੰਦਪਾਲ ਆਪਣੇ ਸਾਰੇ ਹਾਰ ਲਾਹ ਕੇ ਰਾਜ ਭਵਨ 'ਚ ਰੱਖ ਆਇਆ ਸੀ। ਉਹ ਖੜਾ ਕੁਝ ਦੇਰ ਸੋਚਦਾ ਰਿਹਾ ਅਤੇ ਫੇਰ ਇਕ ਹੀਰੇ ਜੜੀ ਮੁੰਦਰੀ ਉਂਗਲੀ ਤੋਂ ਲਾਹ ਕੇ ਸੁਰਾਪ੍ਰਭਾ ਦੀ ਝੋਲੀ 'ਚ ਪਾ ਦਿੱਤੀ। ਜਿਸਨੂੰ ਦੇਵ ਦੱਤਾ ਦੀਆਂ ਤੀਖਣ ਨਜ਼ਰਾਂ ਨੇ ਵੀ ਵੇਖ ਲਿਆ।

ਕੁਝ ਦੇਰ ਬਾਅਦ ਸੁਰਾਪ੍ਰਭਾ ਨੇ ਸਾਰਿਆਂ ਨੂੰ ਪ੍ਰਨਾਮ ਕੀਤਾ ਅਤੇ ਮੂਰਤੀ ਦੇ ਪਿਛਲੇ ਪਾਸੇ ਚਲੀ ਗਈ। ਦੇਵ ਦੱਤਾ ਨੇ ਸੁਰਾਪ੍ਰਭਾ ਦੇ ਸਿਰ ਅਤੇ ਮੱਥੇ ਨੂੰ ਚੁੰਮਿਆ ਅਤੇ ਭਾਵੁਕਤਾ ਭਰੇ ਲਹਿਜੇ ਵਿਚ ਆਖਿਆ, "ਅੱਜ ਮੈਂ ਧੰਨ ਹੋ ਗਈ, ਪਿਛਲੇ ਬਾਰਾਂ ਤੇਰਾਂ ਵਰ੍ਹਿਆਂ ਦੀ ਮੇਰੀ ਮਿਹਨਤ ਨੂੰ ਪੂਰਨਤਾ ਪ੍ਰਾਪਤ ਹੋਈ।"

ਆਨੰਦਪਾਲ ਵੀ ਕੁਝ ਦੇਰ ਗੁਆਚੇ ਜਹੇ ਖੜੇ ਰਹੇ। ਜਦ ਸੁਰਾਪ੍ਰਭਾ ਚਲੀ ਗਈ ਤਾਂ ਤਿਲਕ ਅਤੇ ਵਰੁਨ ਭੱਟ ਵੱਲ ਤੱਕਦਿਆਂ ਬੋਲੇ, "ਇਸ ਤਰ੍ਹਾਂ ਦਾ ਨ੍ਰਿਤਅ ਮੈਂ ਆਪਣੇ ਜੀਵਨ 'ਚ ਪਹਿਲਾਂ ਕਦੀ ਨਹੀਂ ਵੇਖਿਆ। ਕੀ ਤਾਲ ! ਕੀ ਹਾਵ ਭਾਵ ! ਅੰਗਾਂ ਦੀ ਕੀ ਲਚਕ ! ਜਿਵੇਂ ਕੋਈ ਦੈਵੀ ਸ਼ਕਤੀ ਉਸ ਵਿਚ ਵਾਸ ਕਰ ਗਈ ਹੋਵੇ।"

"ਤੁਸੀਂ ਉਚਿਤ ਹੀ ਆਖਿਆ।" ਵਰੁਨ ਭੱਟ ਬੋਲਿਆ, "ਬਿਨਾ ਕਿਸੇ ਦੈਵੀ ਸ਼ਕਤੀ ਦੇ ਕੋਈ ਕਲਾਕਾਰ ਨਹੀਂ ਬਣ ਸਕਦਾ।" ਇਹ ਸੁਰਾਪ੍ਰਭਾ ਦੀ ਕਲਾ ਅਤੇ ਸੁੰਦਰਤਾ ਦਾ ਇਕ ਸਰਵਸ਼੍ਰੇਸ਼ਠ ਉਦਾਰਣ ਹੈ।"

"ਮੈਨੂੰ ਤੇ... ਮੈਨੂੰ ਤੇ ਵਧਾਈ ਦੇਣ ਦਾ ਅਵਸਰ ਵੀ ਨਹੀਂ ਮਿਲਿਆ।" ਆਨੰਦਪਾਲ ਬੋਲੇ।

"ਤੁਸੀਂ ਕੀ ਚੀਜ਼ ਹੋ ਭੰਤੇ।" ਕੋਲ ਖੜਾ ਇਕ ਆਦਮੀ ਵਿਅੰਗ ਦੇ ਲਹਿਜੇ ਵਿਚ ਬੋਲਿਆ, "ਵੱਡੇ ਵੱਡੇ ਸਾਮੰਤ, ਸ੍ਰੇਸ਼ਠੀ ਅੱਜ ਪਹੁੰਚਣਗੇ ਇਸ ਦੇ ਦਵਾਰ ਤੇ ਇਸ ਨੂੰ 'ਵਧਾਈ' ਦੇਣ ਅਤੇ ਇਸ ਦੀ 'ਹੋਮ ਕਿਰਿਆ' ਕਰਨ।"

"ਤੁਸੀਂ ਤੇ ਇੰਜ ਕਹਿ ਰਹੇ ਹੋ ਕਿ ਤੁਹਾਨੂੰ ਕੁਝ ਚੰਗਾ ਨਹੀਂ ਲੱਗਾ।"

"ਨ੍ਰਿਤਅ ਬਾਰੇ ਕਹਿ ਰਹੇ ਹੋ ਜਾਂ ਨਰਤਕੀ ਬਾਰੇ?" ਉਸ ਆਦਮੀ ਨੇ ਹਸਦਿਆਂ ਪੁੱਛਿਆ।

"ਇਸ ਵੇਲੇ ਤਾਂ ਮੈਂ ਨ੍ਰਿਤਅ ਬਾਰੇ ਹੀ ਪੁੱਛ ਰਿਹਾ ਹਾਂ।"

"ਇਥੇ ਕਲਾ ਦੇ ਪਾਰਖੂ ਘੱਟ ਅਤੇ ਸੁੰਦਰਤਾ ਦੇ ਪੁਜਾਰੀ ਜਿਆਦਾ ਹਨ। ਮੈਂ ਬਹੁਤ ਵੇਖੀਆਂ ਹਨ ਇਸ ਵਰਗੀਆਂ।" ਚਮਤਕਾਰ ਵਾਂਗ ਆਉਂਦੀਆਂ, ਬਿਜਲੀਆਂ ਵਾਂਗ ਚਮਕਦੀਆਂ ਤੇ ਜਦ ਜਾਂਦੀਆਂ ਹਨ ਤਾਂ ਪਤਾ ਵੀ ਨਹੀਂ ਲਗਦਾ।"

"ਮੈਂ ਤੁਹਾਡਾ ਭਾਵ ਨਹੀਂ ਸਮਝਿਆ। ਤੁਸੀਂ ਪ੍ਰਸੰਸਾਂ ਕਰ ਰਹੇ ਹੋ ਜਾਂ...?"

"ਮੈਨੂੰ ਕੇਵਲ ਤਰਸ ਆ ਰਿਹਾ ਹੈ ਇਸ ਕੋਮਲ, ਸੁੰਦਰ ਨ੍ਰਿਤਆਂਗਣਾ ਤੇ।"

ਉਹ ਆਦਮੀ ਬੋਲਿਆ, "ਜੇ ਮੈਂ ਕੋਈ ਧਨਾਡ ਸ਼੍ਰੇਸ਼ਠ ਹੁੰਦਾ ਤਾਂ ਇਸ ਨੂੰ ਪ੍ਰਾਪਤ ਕਰਨ ਲਈ ਸਾਰਾ ਧੰਨ ਇਸ ਉੱਤੇ ਲੁਟਾ ਦੇਂਦਾ। ਉਹ ਭਾਗਾਂ ਵਾਲੇ ਹੋਣ ਗੇ ਜੋ ਮੱਧ ਦੇ ਭਰੇ ਇਸ ਚਸ਼ਕ ਨੂੰ...।" ਉਹ ਅੱਗੇ ਕੁਝ ਹੋਰ ਕਹਿਣਾਂ ਚਾਹੁੰਦਾ ਸੀ ਪਰ ਆਨੰਦਪਾਲ ਦੀਆਂ ਅੱਖਾਂ 'ਚ ਕ੍ਰੋਧ ਅਤੇ ਉਸ ਕੋਲ ਖੜੇ ਤਿਲਕ ਵਲ ਵੇਖ ਕੇ ਉਥੋਂ ਖਿਸਕ ਗਿਆ।



"ਆਓ ਚੱਲੀਏ।" ਤਿਲਕ ਨੇ ਹੌਲੀ ਦੇਣੀ ਕਿਹਾ। ਆਨੰਦਪਾਲ ਨੇ ਠੰਡਾ ਜਿਹਾ ਸਾਹ ਭਰਿਆ ਅਤੇ ਉਨ੍ਹਾਂ ਨਾਲ ਬਾਹਰ ਆ ਗਿਆ। ਉਸ ਵੇਲੇ ਸੁਰਾਪ੍ਰਭਾ ਆਪਣੇ ਰੱਥ ਵਿਚ ਬੈਠ ਕੇ ਜਾ ਰਹੀ ਸੀ ਅਤੇ ਉਸ ਦੇ ਬਲਦਾ ਦੇ ਗਲਾਂ 'ਚ ਪਈਆਂ ਟੱਲੀਆਂ ਦੀ ਟਨ ਟਨ ਆਨੰਦਪਾਲ ਨੂੰ ਸੁਰਾਪ੍ਰਭਾ ਦੇ ਰੱਥ ਦੇ ਦੂਰ ਹੁੰਦੇ ਜਾਣ ਦਾ ਸਮਾਚਾਰ ਦੇ ਰਹੀਆਂ ਸਨ।

ਬਹੁਤ ਸਾਰੇ ਲੋਕ ਜੋ ਦੇਰ ਬਾਅਦ ਆਏ ਸਨ ਅਤੇ ਜਿਨ੍ਹਾਂ ਨੂੰ ਮੰਦਰ ਦੇ ਅੰਦਰ ਪ੍ਰਵੇਸ਼ ਹੋਣ ਦਾ ਅਵਸਰ ਨਹੀਂ ਸੀ ਮਿਲਿਆ, ਬਾਹਰ ਸੁਰਾਪ੍ਰਭਾ ਦੇ ਦਰਸ਼ਨਾ ਲਈ ਇਕੱਠੇ ਹੋ ਗਏ ਹੋਏ ਸਨ। ਇਸ ਭੀੜ ਵਿਚਕਾਰ ਹੀ ਇਕ ਤੁਰਕ ਆਪਣੇ ਤਿੰਨ ਚਾਰ ਸਾਥੀਆਂ ਨਾਲ ਵਪਾਰੀ ਦੇ ਭੇਸ 'ਚ ਖੜਾ ਸੀ। 'ਹਸਨਕ' ਨਾਮ ਦਾ ਇਹ ਤੁਰਕ ਅਫ਼ਗਾਨਿਸਤਾਨ ਦੇ ਅਮੀਰ ਸੁਬਕਤਗੀਨ ਦੇ ਪੁੱਤਰ ਮਹਿਮੂਦ ਗਜ਼ਨਵੀ ਦਾ ਵਿਸ਼ਵਾਸ਼ੀ ਮਿੱਤਰ ਸੀ ਅਤੇ ਇਥੋਂ ਦੇ ਭੇਦ ਲੈਂਦਾ ਫਿਰ ਰਿਹਾ ਸੀ। ਜੇ ਉਹ ਇਸ ਵੇਲੇ ਧਿਆਨ ਨਾਲ ਆਨੰਦਪਾਲ ਵਲ ਵੇਖ ਲੈਂਦਾ ਤਾਂ ਉਸ ਦੀਆਂ ਤਿੱਖੀਆਂ ਅੱਖਾਂ ਇਨ੍ਹਾਂ ਕੁ ਜ਼ਰੂਰ ਜਾਣ ਜਾਂਦੀਆਂ ਕਿ ਇਹ ਆਮ ਆਦਮੀ ਦੇ ਭੇਸ ਵਿਚ ਕੋਈ ਖ਼ਾਸ ਹਸਤੀ ਹੈ। ਪਰ ਸੁਰਾਪ੍ਰਭਾ ਦੇ ਬਾਹਰ ਨਿਕਲ ਦੇ ਰਥ ਵਿਚ ਬੈਠਦਿਆਂ ਨੂੰ ਵੇਖਣ ਨਾਲ ਹਸਨਕ ਦੀਆਂ ਅੱਖਾਂ ਚੱਕਾ ਚੌਂਦ ਹੋ ਗਈਆਂ। ਅਤੇ ਉਸ ਦਾ ਸਾਰਾ ਧਿਆਨ ਸੁਰਾਪ੍ਰਭਾ ਵੱਲ ਖਿੱਚਿਆ ਗਿਆ ਸੀ।

ਇਕ ਠੰਡਾ ਜਿਹਾ ਸਾਹ ਭਰਦਿਆਂ ਹਸਨਕ ਦੇ ਮੂੰਹ 'ਚੋਂ ਨਿਕਲਿਆ, "ਆਫਰੀਂਨ ! ਕਯਾ ਚੀਜ਼ ਹੈ !" ਫੇਰ ਉਸ ਨੂੰ ਖੜੇ ਖੜੇ ਹੀ ਇਕ ਵਿਚਾਰ ਆਇਆ ਅਤੇ ਉਹ ਮਨ ਹੀ ਮਨ ਬੋਲਿਆ, "ਜੇ ਮੈਂ ਕਿਸੇ ਤਰ੍ਹਾਂ ਇਸ ਹੁਸੀਨਾ ਨੂੰ ਚੁੱਕ ਕੇ ਸਹਿਜ਼ਾਦਾ ਮਹਿਮੂਦ ਦੇ ਹਵਾਲੇ ਕਰ ਦੇਵਾਂ ਤਾਂ...! ਉਹ ਜਾਣਦਾ ਸੀ ਕਿ ਅਮੀਰ [1] (ਇਸ ਵੇਲੇ ਇਥੋਂ ਦਾ ਹੁਕਮਰਾਨਾ ਨੂੰ ਸੁਲਤਾਨ ਜਾਂ ਬਾਦਸ਼ਾਹ ਨਾ ਕਹਿ ਕੇ 'ਅਮੀਰ' ਕਿਹਾ ਜਾਂਦਾ ਸੀ।) [1] ਸੁਬਕਤਗੀਨ ਕਾਫੀ ਬੁੱਢੇ ਹੋ ਗਏ ਹਨ ਅਤੇ ਉਹ ਦਿਨ ਦੂਰ ਨਹੀਂ ਜਦੋਂ ਸ਼ਹਿਜ਼ਾਦਾ ਮਹਿਮੂਦ ਗਜ਼ਨੀ ਦਾ ਅਮੀਰ ਬਣ ਜਾਏ। ਆਪਣੀ ਹੁਸ਼ਿਆਰੀ ਅਤੇ ਚਾਪਲੂਸੀ ਨਾਲ ਹਸਨਕ ਹੁਣੇ ਤੋਂ ਹੀ ਮਹਿਮੂਦ ਦੀਆਂ ਨਜ਼ਰਾਂ 'ਚ ਚੜ੍ਹ ਗਿਆ ਹੋਇਆ ਸੀ।

ਹੁਸ਼ਿਆਰ ਅਤੇ ਮਹੱਤਪੂਰਨ ਬੰਦੇ ਸਦਾ ਦੂਰ ਦੀ ਸੋਚਦੇ ਹਨ।

ਅਨੰਦਪਾਲ ਦੀ ਨਜ਼ਰ ਵੀ ਹਸਨਕ ਉੱਤੇ ਪਈ। ਤਿੰਨ ਚਾਰ ਤੁਰਕਾਂ ਨੂੰ ਵੇਖ ਕੇ ਅਨੰਦਪਾਲ ਦੇ ਮਨ ਵਿਚ ਕੁਝ ਖੁੜਕਿਆ ਅਤੇ ਉਹ ਉਨ੍ਹਾਂ ਵਲ ਪਿੱਠ ਕਰਕੇ ਰਾਜਭਵਨ ਦੀ ਦਿਸ਼ਾ ਤੋਂ ਵਿਪਰੀਤ ਨਗਰ ਵਲ ਤੁਰ ਪਿਆ।

"ਇਧਰ ਕਿੱਧਰ।" ਤਿਲਕ ਨੇ ਪੁੱਛਿਆ।

"ਸਿਧੇ ਰਾਜ ਭਵਨ ਵਲ ਜਾਂਦਿਆਂ ਮੈਂ ਆਪਣਾ ਭੇਦ ਨਹੀਂ ਖੋਲਣਾ ਚਾਹੁੰਦਾ।

ਸਾਡੇ ਵਾਂਗ ਵਪਾਰੀ ਦੇ ਭੇਸ ਵਿਚ ਕੋਈ ਇਹ ਵੀ ਵਿਸ਼ੇਸ਼ ਵਿਅਕਤੀ ਲਗਦਾ ਹੈ। ਵਿਸ਼ੇਸ਼ ਅਤੇ ਭਿਆਨਕ।"

"ਲਗਦਾ ਮੈਨੂੰ ਵੀ ਕੁਝ ਇਸੇ ਤਰ੍ਹਾਂ ਹੈ।" ਤਿਲਕ ਨੇ ਆਪਣੀ ਰਾਏ ਦਿੱਤੀ। ਪਿਛੇ ਪਥਿਕਸ਼ਾਲਾ ਵਿਚ ਵੀ ਮੈਨੂੰ ਇਨ੍ਹਾਂ ਬਾਰੇ ਕੁਝ ਭਿਣਕ ਪਈ ਸੀ।"

ਨਗਰ ਦੇ ਬਜ਼ਾਰ ਵਲ ਜਾਂਦਿਆਂ ਆਨੰਦਪਾਲ ਦੇ ਮਸਤਕ 'ਚ ਸੁਰਾਪ੍ਰਭਾ ਹੀ ਛਾਈ ਹੋਈ ਸੀ। ਉਹ ਆਪਣੀ ਕਲਪਨਾ 'ਚ ਉਸ ਦੇ ਥਰਕਦੇ ਪੈਰਾਂ ਅਤੇ ਸੁੰਦਰ, ਭਾਵਪੂਰਨ ਚਿਹਰੇ ਨੂੰ ਵੇਖ ਰਿਹਾ ਸੀ। ਫੇਰ ਹੌਲੀ ਹੌਲੀ 'ਵਿਤਸਤਾ' ਦਾ ਚਿਹਰਾ ਸੁਰਾਪ੍ਰਭਾ ਅਤੇ ਸੁਰਾਪ੍ਰਭਾ ਦਾ ਮੁਖ ਵਿਤਸਤਾ ਦੇ ਮੁੱਖ ਵਿਚ ਬਦਲਨ ਲੱਗਾ।

ਤਿਲਕ ਉਸ ਦੇ ਅੰਗ ਰੱਖਿਅਕ ਹੋਣ ਨਾਲ ਨਾਲ ਉਸਦਾ ਮਿੱਤਰ ਵੀ ਸੀ। ਉਂਜ ਮਿੱਤਰ ਕਹਿਣਾ ਸ਼ਾਇਦ ਉਚਿਤ ਨਾ ਹੋਵੇ ਕਿਉਂਕਿ ਉਨ੍ਹਾਂ ਦੋਹਾਂ ਦੇ ਰੁਤਬੇ 'ਚ ਜ਼ਮੀਨ ਅਸਮਾਨ ਦਾ ਅੰਤਰ ਸੀ। ਇਹ ਆਨੰਦਪਾਲ ਦੀ ਕਿਰਪਾ ਹੀ ਸਮਝੋ ਜਿਸਨੇ ਤਿਲਕ ਨੂੰ ਆਪਣੇ ਮਿੱਤਰ ਦਾ ਰੁਤਬਾ ਦਿੱਤਾ ਹੋਇਆ ਸੀ। ਇਸ ਦੇ ਇਲਾਵਾ ਇਕੱਠਿਆ ਕਈ ਲੜਾਈਆਂ ਲੜੀਆਂ ਅਤੇ ਅਨੇਕਾਂ ਸੁਖਾਂ ਦੁੱਖਾ ਦੇ ਸ਼ਾਖ਼ਸੀ ਸਨ

ਇਕ ਦੂਜੇ ਦੇ। ਆਨੰਦਪਾਲ ਦਾ ਕੋਈ ਭੇਦ ਉਸ ਤੋਂ ਗੁੱਝਾ ਨਹੀਂ ਸੀ। ਤਿਲਕ ਉਸ ਦੇ ਚਿਹਰੇ ਵਲ ਗੌਹ ਨਾਲ ਤੱਕਦਿਆਂ ਬੋਲਿਆ,

"ਚੰਗਾ ਹੋਇਆ ਕਿ ਤੁਸੀਂ ਇਸ ਸਮਾਰੋਹ 'ਚ ਆ ਗਏ। ਨਹੀਂ ਤੇ...।"

"ਚੰਗਾ ਹੋਇਆ ਜਾਂ ਮੰਦਾ, ਇਸ ਬਾਰੇ ਕੋਈ ਕੀ ਕਹਿ ਸਕਦਾ ਹੈ।"

"ਜੇ ਕਹੋ ਤਾਂ ਤੁਹਾਡਾ ਸੰਦੇਸ਼ਾ ਅੱਜ ਹੀ ਸੁਰਾਪ੍ਰਭਾ ਕੋਲ ਪੁਚਾ ਦੇਵਾ।"

ਆਨੰਦਪਾਲ ਚੁੱਪ ਰਹੇ।

ਤਿਲਕ ਨੇ ਮਨ ਹੀ ਮਨ ਆਖਿਆ। ਮੇਰਾ ਅਨੁਮਾਨ ਠੀਕ ਈ ਏ। ਜੇ ਹਾਂ ਨਹੀਂ ਤਾਂ ਨਾਂਹ ਵੀ ਨਹੀਂ। ਫੇਰ ਵਰੁਨ ਭੱਟ ਵਲ ਤੱਕਦਿਆਂ ਹੌਲੀ ਦੇਣੀ ਪੁੱਛਿਆ,

"ਤੇਰਾ ਕੀ ਵਿਚਾਰ ਏ?"

"ਉਹੀ ਜੋ ਤੁਸੀਂ ਸੋਚ ਰਹੇ ਹੋ।"

"ਇਕ ਗੱਲ ਆਖਾਂ?" ਤਿਲਕ ਨੇ ਆਪਣਾ ਮਜ਼ਬੂਤ ਹੱਥ ਵਰੁਨ ਦੇ ਮੋਢੇ 'ਤੇ ਰਖਦਿਆਂ ਕਿਹਾ।

"ਹਾਂ, ਬੋਲੋ ਪੁੱਛਣ ਦੀ ਕੀ ਲੋੜ।"

"ਤੂੰ ਮੈਨੂੰ ਤੁਸੀਂ ਤੁਸੀਂ ਨਾ ਆਖਿਆ ਕਰ।"

"ਮੈਂ ਬਹੁਤ ਛੋਟਾ ਆਦਮੀ ਹਾਂ।"

"ਤੂੰ ਕਵੀ ਹੀ ਨਹੀਂ, ਬਲਕਿ ਵਿਦਵਾਨ ਅਤੇ ਗੂੜ ਗਿਆਨੀ ਏ। ਕਈ ਵਾਰੀ ਤੇ ਤੇਰੀਆਂ ਗੱਲਾਂ ਮੇਰੀ ਸਮਝ ਤੋਂ ਬਾਹਰ ਹੋ ਜਾਂਦੀਆਂ ਹਨ। ਇਸ ਦੇ ਇਲਾਵਾ ਤੂੰ ਮੇਰਾ ਗੁਰੂ ਵੀ ਏਂ। ਮੈਨੂੰ ਲਿਖਣਾ ਪੜ੍ਹਨਾ ਸਖਾਇਆ।"

"ਮੈਂ ਵੇਖਿਆ ਹੈ ਕਿ ਤੁਹਾਡੇ 'ਚ ਇਹ ਪ੍ਰਾਕਿਰਤਿਕ ਗੁਣ ਹੈ। ਜੋ ਤੁਸੀਂ ਕਿਸੇ ਵੀ ਭਾਸ਼ਾ ਨੂੰ ਬਹੁਤ ਛੇਤੀ ਸਿਖ ਜਾਂਦੇ ਹੋ। ਤੁਹਾਡੇ ਵਰਗੇ ਮਜ਼ਬੂਤ ਸਰੀਰ ਵਾਲੇ ਯੋਧਾ ਦੇ ਇਹ ਗੁਣ ਬਹੁਤ ਘਟ ਵੇਖੇ ਜਾਂਦੇ ਹਨ। ਇਸ ਦੇ ਇਲਾਵਾ ਤੁਸੀਂ ਮੇਰੇ ਤੋਂ ਅੱਠ ਦਸ ਵਰ੍ਹੇ ਵੱਡੇ ਹੋ, ਆਯੂ ਵਿਚ ਵੀ ਅਤੇ ਰੁਤਬੇ ਵਿਚ ਵੀ।

ਮੈਂ ਆਪਣੇ ਆਪ 'ਚ ਕੁਝ ਵੀ ਨਹੀਂ ਹਾਂ। ਅਤੇ ਇਹ ਜੋ ਕੁਝ ਹਾਂ ਉਹ ਸਭ ਰਾਜਕੁਮਾਰ ਦੀ ਦੇਣ ਏ। ਕਦੀ ਅਰਾਮ ਨਾਲ ਬੈਠ ਕੇ ਦੱਸਾਂਗਾ ਸਭ ਕੁਝ।" ਤਿਲਕ ਨੇ ਆਖਿਆ।

ਬਜ਼ਾਰ ਦੇ ਭੀੜ ਭੜੱਕੇ ਅਤੇ ਰੌਲੇ 'ਚ ਅੱਗੇ ਅੱਗੇ ਚਲ ਰਹੇ ਆਨੰਦਪਾਲ ਨੇ ਵਰੁਨ ਭੱਟ ਦੇ ਵਾਰਤਾਲਾਪ ਨੂੰ ਕੁਝ ਸੁਣਿਆ ਕੁਝ ਨਹੀਂ ਸੁਣਿਆ।

ਉਹ ਤਿੰਨੇ ਕੁਝ ਦੇਰ ਤੱਕ ਬਜ਼ਾਰ 'ਚ ਘੁੰਮਦੇ ਚੀਜ਼ਾਂ ਦੇ ਭਾਅ ਅਤੇ ਆਉਂਦੇ ਜਾਂਦੇ ਲੋਕਾਂ ਵਲ ਵੇਖਦੇ ਰਹੇ। ਫਾਰਸ, ਅਫਗਾਨਿਸਤਾਨ ਤੋਂ ਹਿੰਦ ਦੇ ਵੱਡੇ ਸ਼ਹਿਰਾਂ ਵਲ ਜਾਂਦੇ ਵਪਾਰੀਆਂ ਦੇ ਕਾਫ਼ਲੇ ਭਟਿਕਾਂ, ਮੁਲਤਾਨ ਹੋ ਕੇ ਲੰਘਦੇ ਸਨ, ਇਸ ਕਰਕੇ ਭਟਿਕਾ ਚਾਹੇ ਬਹੁਤ ਵੱਡਾ ਤੇ ਨਹੀਂ ਪਰ ਫੇਰ ਵੀ ਇਕ ਮਹੱਤਵਪੂਰਨ ਵਪਾਰਕ ਕੇਂਦਰ ਸੀ। ਖੁਰਾਸਾਨੀ, ਸਮਰਕੰਦੀ, ਫ਼ਾਰਸੀ, ਤਾਜਕ ਅਤੇ ਅਫਗਾਨੀ ਵਪਾਰੀ ਇਸ ਬਾਜ਼ਾਰ 'ਚ ਤੁਰਦੇ ਫਿਰਦੇ ਜਾਂ ਆਪਣੀਆਂ ਵਸਤੂਆਂ ਵੇਚਦੇ ਨਜ਼ਰ ਆ ਰਹੇ ਸਨ। ਕਾਲੇ ਕਪੜੇ ਪਾਈ ਕੁਝ ਸੂਫੀ ਫ਼ਕੀਰ ਵੀ ਕਿਸੇ ਰੁਖ ਥੱਲੇ ਬੈਠੇ ਸਨ। ਅਨੰਦਪਾਲ ਦਾ ਮਨ ਕੀਤਾ ਕਿ ਇਨ੍ਹਾਂ ਨਾਲ ਗੱਲਾਂ ਕਰੇ। ਪਤਾ ਲੱਗਾ ਕਿ ਨਗਰ ਦੇ ਦੱਖਣ ਵੱਲ ਇਨ੍ਹਾਂ ਦੇ ਦੋ ਡੇਰੇ ਵੀ ਹਨ।

ਭਾਂਤ ਭਾਂਤ ਦੇ ਬਰਤਨ, ਸ਼ਾਲ, ਦੁਸ਼ਾਲੇ, ਕਾਲੀਨਾ, ਕਪੜਿਆਂ ਦੀਆਂ ਦੁਕਾਨਾਂ ਦੇ ਇਲਾਵਾ ਕੁਝ ਸ਼ਰਾਬ ਖਾਨੇ ਅਤੇ ਇਕ ਦੋ ਕਹਵਾ ਖਾਨੇ ਵੀ ਸਨ। ਇਕ ਸੁਨਿਆਰੇ ਦੀ ਦੁਕਾਨ ਵੱਲ ਵੇਖਦਿਆਂ ਆਨੰਦਪਾਲ ਦਾ ਜੀ ਕੀਤਾ ਕਿ ਉਹ ਸੁਰਾਪ੍ਰਭਾ ਲਈ ਕੁਝ ਖਰੀਦ ਲਵੇ। ਲਾਹੌਰ ਤੋਂ ਚੱਲਣ ਲੱਗਿਆ ਉਹ ਆਪਣੇ ਨਾਲ ਦੋ ਬੇਸ਼ ਕੀਮਤੀ ਕਸ਼ਮੀਰੀ ਦੁਸ਼ਾਲੇ ਲੈ ਆਇਆ ਸੀ। ਕਸ਼ਮੀਰ ਦੇ ਰਾਜੇ ਨਾਲ ਉਸ ਦੀ ਭੈਣ ਆਸ਼ਾਵਤੀ ਵਿਆਹੀ ਹੋਈ ਸੀ ਅਤੇ ਇਨ੍ਹਾਂ ਵਿਚੋਂ ਇਕ ਦੁਸ਼ਾਲਾ ਉਸਨੇ ਵਿਜੈ ਰਾਏ ਦੀ ਮਾਤਾ ਨੂੰ ਭੇਂਟ ਕਰ ਦਿੱਤਾ। ਦੂਜਾ, ਜਿਸ ਨੂੰ ਉਹ ਵਿਤਸਤਾ ਦੇ ਇਥੇ ਆਉਣ ਦੀ ਆਸ 'ਚ ਲੈ ਕੇ ਆਇਆ ਸੀ, ਹਾਲੇ ਵੀ ਉਸ ਦੇ ਕੋਲ ਸੀ। ਹੁਣ ਉਸ ਦੇ ਮਨ ਵਿਚ ਆਇਆ ਕਿ ਜਦੋਂ ਵੀ ਉਹ ਸੁਰਾਪ੍ਰਭਾ ਨੂੰ ਜਾ ਕੇ ਮਿਲਿਆ, ਉਸ ਨੂੰ ਭੇਂਟ ਕਰ ਦੇਵੇਗਾ...।੦



## ਨਾਵਲ ਦਾ ਕਾਂਡ/ **ਕਥਾ ਇਸ ਯੁੱਗ ਦੀ** / ਬਲਬੀਰ ਪਰਵਾਨਾ

ਪਰਮਪਾਲ ਨੇ ਮੋਟਰਸਾਈਕਲ ਘਰ ਮੂਹਰੇ ਆ ਕੇ ਰੋਕਿਆ, ਗੇਟ ਦਾ ਉਪਰੋਂ ਘੁੰਮਾਉਣ ਵਾਲਾ ਸਟਾਪਰ ਫੇਰ ਕੇ ਗੇਟ ਖੋਲ੍ਹਿਆ ਤਾਂ ਅੰਦਰ ਖੜੀ ਐਕਟਿਵਾ ਨਾ ਦੇਖ ਕੇ ਉਸ ਨੇ ਸੋਚਿਆ, 'ਪ੍ਰਿਯੰਕਾ ਇਸ ਵੇਲੇ ਕਿਥੇ ਗਈ ਹੋਈ? ' ਪਰ ਦੂਸਰੇ ਹੀ ਪਲ ਉਸਦੇ ਜ਼ਿਹਨ 'ਚ ਆਇਆ, 'ਸ਼ਾਇਦ ਮਾਰਕੀਟ ਤੱਕ ਗਈ ਹੋਵੇਗੀ।' ਉਸਨੇ ਮੋਟਰਸਾਈਕਲ ਅੰਦਰ ਕਰ ਗੇਟ ਢੋਇਆ, ਫਿਰ ਜਾਲੀ ਵਾਲੇ ਦਰਵਾਜ਼ੇ ਨੂੰ ਪਾਸੇ ਕਰ ਘਰ ਦਾ ਤਾਲਾ ਖੋਲ੍ਹਿਆ। ਅੰਦਰ ਕੁਝ ਕੁ ਹੁੰਮਸ ਵੀ ਸੀ ਤੇ ਕੁਝ ਕੁ ਬਾਹਰੋਂ ਆਉਣ ਕਰਕੇ ਗਰਮੀ ਮੰਨਦਿਆਂ, ਉਸਨੇ ਪੱਖੇ ਦਾ ਸਵਿੱਚ ਆਨ ਕਰ ਦਿੱਤਾ। ਪੱਖੇ ਨੇ ਸਪੀਡ ਫੜੀ ਤਾਂ ਉਸਨੇ ਰੈਗੂਲੇਟਰ ਘੁਮਾ ਕੇ ਉਸਨੂੰ ਹੌਲੀ ਕੀਤਾ। ਫਿਰ ਸੋਫੇ 'ਤੇ ਪਸਰ ਕੁਝ ਦੇਰ ਸੁਸਤਾਉਂਦਾ ਰਿਹਾ। ਚਾਹ ਦੀ ਤਲਬ ਨੂੰ ਮਹਿਸੂਸ ਕਰ ਪਹਿਲਾਂ ਉੱਠ ਕੇ ਬਣਾਉਣ ਬਾਰੇ ਸੋਚਿਆ ਪਰ ਫੇਰ ਪ੍ਰਿਯੰਕਾ ਬਾਰੇ ਸੋਚਦਿਆਂ, ਉਸਨੇ ਮੋਬਾਇਲ ਕੱਢ ਉਸਦਾ ਨੰਬਰ ਮਿਲਾਇਆ। ਕੁਝ ਚਿਰ ਰਿੰਗ-ਟੋਨ ਜਾਂਦੀ ਰਹੀ। ਫਿਰ ਉਧਰੋਂ ਉਸਨੇ ਆਨ ਕਰ ਪੁੱਛਿਆ, "ਹਾਂ, ਪਰਮ?"

"ਮੈਂ ਘਰੋਂ ਬੋਲ ਰਿਹਾ ਹਾਂ... ਕਿਥੇ ਹੈਂ?"

"ਮੈਂ ਮੈਡਮ ਵੀਨਾ ਅਗਰਵਾਲ ਦੇ ਘਰ ਆਈ ਹੋਈ ਹਾਂ..... ਕੋਈ ਖਾਸ ਗੱਲ ਹੈ?"

"ਨਹੀਂ, ਕੋਈ ਨਹੀਂ.... ਮੈਂ ਚਾਹ ਬਣਾਉਣ ਲੱਗਾ ਸੀ। ਸੋਚਿਆ ਤੈਨੂੰ ਵੀ ਪੁੱਛ ਲਵਾਂ.... ਜੇ ਛੇਤੀ ਆ ਰਹੀ ਹੋਵੇ ਤਾਂ 'ਕੱਠੇ ਪੀ ਲੈਂਦੇ....।" ਉਸਨੇ ਚਾਹਤ ਭਰੇ ਅੰਦਾਜ਼ 'ਚ ਕਿਹਾ।

"ਨਾ, ਤੂੰ ਪੀ ਲੈ...... ਮੈਨੂੰ ਲੱਗ ਹੀ ਜਾਣਾ ਅਜੇ ਅੱਧਾ ਕੁ ਘੰਟਾ....।" ਤੇ ਉਧਰੋਂ ਫੋਨ ਕੱਟਿਆ ਗਿਆ। ਉਸਨੂੰ ਉਸਦੀ ਭਾਵਹੀਨ ਆਵਾਜ਼ ਤੋਂ ਚਿੜ ਚੜ੍ਹੀ, ਇੰਜ ਜਿਵੇਂ ਕੰਪਿਊਟਰ 'ਚ ਫੀਡ ਕੀਤਾ ਜਵਾਬ ਹੋਵੇ। ਬਿਨਾਂ ਕਿਸੇ ਭਾਵੁਕਤਾ ਦੇ, ਬਿਨਾਂ ਕਿਸੇ ਉਤਰਾ-ਚੜ੍ਹਾਅ ਦੇ। ਉਹ ਕੁਝ ਦੇਰ ਹੋਰ ਉੱਦਾਂ ਹੀ ਪਿਆ ਸੋਚਦਾ ਰਿਹਾ। ਜੀਅ ਕਰ ਰਿਹਾ ਸੀ ਚਾਹ ਪੀਣ ਨੂੰ, ਪਰ ਉੱਠਣ ਨੂੰ ਵੀ ਜੀਅ ਨਹੀਂ ਸੀ ਕਰ ਰਿਹਾ, ਉੱਠ ਕੇ ਬਣਾਉਣ ਨੂੰ। ਚਾਰ ਵਜੇ ਦਾ ਜਿਉਂ ਜਾ ਕੇ ਬੈਠਿਆ, ਸਿਰ ਚੁੱਕ ਕੇ ਉਪਰ ਦੇਖਣ ਜੋਗਾ ਵਕਤ ਨਹੀਂ ਸੀ ਲੱਗਿਆ। ਸਥਾਨਕ ਐਡੀਸ਼ਨ 'ਚ ਆਪਣੇ ਨਾਲ ਦੇ ਸਹਿਯੋਗੀ ਉਪ-ਸੰਪਾਦਕ ਜੱਗੀ ਜਗਤਾਰ ਨੂੰ ਉਂਜ ਉਸਨੇ ਜਾਂਦਿਆਂ ਹੀ ਪੁੱਛ ਲਿਆ ਸੀ, "ਮੈਂ ਯਾਰ, ਅੱਠ ਕੁ ਵਜੇ ਜਾਣਾ ਚਾਹੁੰਦਾ ਹਾਂ! ਪ੍ਰਿਯੰਕਾ ਬਾਹਰ ਖਾਣਾ ਖਾਣ ਦਾ ਪ੍ਰੋਗਰਾਮ ਬਣਾਈ ਬੈਠੀ ਹੈ....... ਜੇ ਕੋਈ ਖਾਸ ਗਲ ਨਾ ਫਸ ਗਈ ਤਾਂ ਤੂੰ ਦੇਖ ਲਵੇਂਗਾ ਨਾ ?"

"ਕੋਈ ਨਾ!"

ਮਲਿਕ ਸਾਹਬ ਦਫ਼ਤਰ 'ਚ ਨਾ ਹੁੰਦੇ ਤਾਂ ਉਹ ਇਕ ਦੂਸਰੇ ਨੂੰ ਇੰਜ ਐਡਜਸਟ ਕਰ ਲੈਂਦੇ ਸਨ। ਅੱਠ ਕੁ ਵਜੇ ਤੱਕ ਸਥਾਨਕ ਐਡੀਸ਼ਨ ਦੇ ਦੋਹਾਂ ਸਫ਼ਿਆਂ ਦੀ ਰੂਪ-ਰੇਖਾ ਲਗਭਗ ਪੂਰੀ ਹੋ ਜਾਂਦੀ ਸੀ। ਫਿਰ ਕੰਮ ਤਾਂ ਹੁੰਦਾ, ਪਰ ਇਕ ਜਣਾ ਵੀ ਸਾਰ ਸਕਦਾ ਸੀ। ਕਿਵੇਂ ਵੀ ਹੋਵੇ, ਗਿਆਰਾਂ ਵਜੇ ਤੱਕ ਹਰ ਹਾਲਤ 'ਚ ਸਫ਼ਾ ਮੁਕੰਮਲ ਕਰਕੇ ਤੋਰਨਾ ਹੁੰਦਾ! ਸਵਾ ਗਿਆਰਾਂ ਵਜੇ ਤੱਕ ਸਫ਼ਾ ਪ੍ਰੋਸੈਸਿੰਗ ਲਈ ਨਾ ਪਹੁੰਚੇ ਤਾਂ ਦੂਸਰੇ ਦਿਨ ਮਲਿਕ ਸਾਹਬ ਕੋਲ ਪੇਸ਼ੀ ਹੋਣੀ ਨਿਸ਼ਚਿਤ ਹੁੰਦੀ। ਮਲਿਕ ਸਾਹਬ ਬੋਲਦੇ ਵੀ ਬੜਾ ਕੁਰੱਖਤ ਸਨ: "ਜੇ ਅਖ਼ਬਾਰ ਟੈਕਸੀ 'ਚ ਚੜ੍ਹਨੀ ਹੀ ਨਹੀਂ ਤਾਂ ਫਿਰ ਛਾਪਣ ਦਾ ਕੀ ਫਾਇਦਾ? ਮੈਂ ਆਪਣੇ ਲਈ ਤਾਂ ਛਾਪਦਾ ਨਹੀਂ.... ਜਾਂ ਹੁਣ ਇਸ ਦੇ ਬੰਡਲ ਬਣਵਾ ਕੇ ਤੁਹਾਡੇ ਘਰ ਭੇਜ ਦਿਆਂ.....? .... ਤੁਸੀਂ ਵੇਲੇ ਸਿਰ ਕਾਪੀ ਕਿਉਂ ਨਹੀਂ ਦਿੰਦੇ....!"

ਪੂਰੀ ਤਰ੍ਹਾਂ ਥੱਕ-ਟੁੱਟ ਕੇ ਘਰ ਮੁੜਿਆ ਸੀ। ਘਰ, ਪਰ ਬੰਦ ਦਰਵਾਜ਼ੇ ਨੇ ਉਸਦੀ ਥਕਾਵਟ ਹੋਰ ਵਧਾ ਦਿੱਤੀ ਸੀ। ਪ੍ਰਿਯੰਕਾ ਦੀ ਭਾਵਹੀਣਤਾ ਨੇ ਉਸ ਤੋਂ ਵੀ ਵੱਧ। ਉਸ ਨੂੰ ਅੰਕਿਤਾ ਦੀ ਬੜੀ ਸ਼ਿੱਦਤ ਨਾਲ ਯਾਦ ਆਈ। ਉਹ ਹੁੰਦੀ ਤਾਂ ਉਸਨੇ ਫੱਟ ਗੋਦ 'ਚ ਆ ਬਹਿਣਾ ਸੀ। ਫਿਰ ਹੱਸ ਹੱਸ ਕੇ ਤੋਤਲੀ ਆਵਾਜ਼ 'ਚ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ ਨੇ, ਉਸਦੀ ਸਾਰੀ ਉਦਾਸੀ ਭੁਲਾ ਦੇਣੀ ਸੀ। ਉਹ ਗਾਲੜੀ ਵੀ ਬਹੁਤ ਹੈ। ਸਕੂਲ ਮੈਡਮਾਂ ਦੀਆਂ ਨਕਲਾਂ ਤੋਂ ਲੈ ਕੇ ਸਹੇਲੀਆਂ ਤੱਕ ਨਾਲ ਲੜਾਈਆਂ, ਰੋਸੇ... ਸਭ ਗੱਲਾਂ

ਉਹ ਪੂਰੇ ਉਤਸ਼ਾਹ ਨਾਲ ਦੱਸਦੀ। ਛੁੱਟੀਆਂ ਹੋਣ ਕਰਕੇ ਉਹ ਪਿਛਲੇ ਪੰਜ ਦਿਨਾਂ ਤੋਂ ਨਾਨਕੀਂ ਗਈ ਹੋਈ ਸੀ। ਉਸਦੇ ਜਾਣ ਤੋਂ ਬਾਅਦ ਘਰ 'ਚ ਇਕ ਤਰ੍ਹਾਂ ਨਾਲ ਚੁੱਪ ਹੀ ਛਾਈ ਰਹਿੰਦੀ। ਪ੍ਰਿਯੰਕਾ ਦੇ ਆਪਣੇ ਰੁਝੇਵੇਂ ਸਨ; ਨੌਕਰੀ ਦੇ ਵੀ ਤੇ ਫਿਰ ਆਪਣੀਆਂ ਦਿਲਚਸਪੀਆਂ ਦੇ ਵੀ, 'ਸਵੈ-ਪਛਾਣ' ਦੀ 'ਛਟਪਟਾਹਟ' ਦੇ ਵੀ। ਹਾਂ, ਉਹ ਇਸ ਨੂੰ 'ਸਵੈ-ਪਛਾਣ' ਦਾ ਨਾਂ ਦਿੰਦੀ ਹੈ। ਤੇ ਉਸਦੇ ਖੁਦ ਦੇ... ਉਸਦੀ ਤਾਂ ਨੌਕਰੀ ਹੀ ਇਹੋ ਜਿਹੀ ਹੈ! ਕੋਈ ਪਤਾ ਨਹੀਂ ਹੁੰਦਾ, ਕਦੋਂ ਮੁੜ ਹੋਵੇ!

ਕੁਝ ਚਿਰ ਉਹ ਉਂਜ ਹੀ ਸੋਫੇ 'ਤੇ ਅੱਖਾਂ ਮੀਟੀ ਪਸਰਿਆ ਰਿਹਾ। ਫਿਰ ਅੰਦਰ ਦੀ ਤਲਬ ਨੇ ਜ਼ੋਰ ਮਾਰਿਆ ਤਾਂ ਉੱਠ ਪਿਆ। ਚਾਹ ਲਈ ਪਾਣੀ ਰੱਖਦੇ ਦੇ ਮਨ 'ਚ ਆਇਆ, 'ਕਿਉਂ ਨਾ ਵਿਸਕੀ ਦਾ ਪੈੱਗ ਲਾ ਲਵਾਂ!' ਪੈੱਗ ਲਾਉਂਦੇ-ਲਾਉਂਦੇ ਨੂੰ ਪ੍ਰਿਯੰਕਾ ਵੀ ਮੁੜ ਆਵੇਗੀ ਤੇ ਇਕ ਅੱਧ ਪੈੱਗ ਦਾ ਸਾਥ ਸ਼ਾਇਦ ਉਹ ਵੀ ਦੇ ਦੇਵੇ! ਫਿਰ ਦਸ ਵਜਦੇ ਨੂੰ 'ਹਵੇਲੀ' ਖਾਣਾ ਖਾਣ ਚਲੇ ਜਾਵਾਂਗੇ। ਬੜੇ ਦਿਨ ਹੋ ਗਏ ਸਨ ਪੂਰੀ ਤਰ੍ਹਾਂ ਬੇਪਰਵਾਹ ਹੋ ਕੇ ਸ਼ਾਮ ਗੁਜ਼ਾਰਿਆਂ। ਸਵੇਰੇ ਤੁਰਨ ਲੱਗੇ ਨੂੰ ਪ੍ਰਿਯੰਕਾ ਨੇ ਹੀ ਕਿਹਾ ਸੀ, "ਦੇਖ ਲੈਣਾ, ਜੇ ਸ਼ਾਮੀ ਜਲਦੀ ਵਿਹਲੇ ਹੋ ਸਕੇ ਤਾਂ... ਕਿਤੇ ਬਾਹਰ ਖਾਣਾ ਖਾਣ ਚੱਲਾਂਗੇ।" ਉਹ ਤਾਂ ਆ ਗਿਆ, ਪਰ ਹੁਣ ਉਹ ਨਦਾਰਦ ਸੀ।

ਚਾਹ ਵਾਲੇ ਪੈਨ 'ਚ ਪਾਣੀ ਪਾਉਂਦੇ-ਪਾਉਂਦੇ ਨੇ, ਉਸਨੇ ਉਹ ਮੁੜ ਸ਼ੈਲਫ਼ 'ਤੇ ਰੱਖ ਦਿੱਤਾ ਤੇ ਡਰਾਇੰਗ ਰੂਮ 'ਚੋਂ ਉੱਪਰ ਚੜਦੀ ਪੌੜੀ ਵੱਲ ਹੋਇਆ। ਉਪਰ ਫ਼ਸਟ-ਫਲੋਰ 'ਤੇ ਇਕ ਕਮਰੇ ਦਾ ਸੈੱਟ ਸੀ, ਨਾਲ ਜੁੜਵਾਂ ਬਾਥਰੂਮ , ਕਿਚਨ। ਇਹ ਕਮਰਾ ਉਸਦਾ ਦਫ਼ਤਰ ਵੀ ਸੀ, ਪੜ੍ਹਨ-ਲਿਖਣ ਵਾਲਾ ਵੀ ਤੇ ਯਾਰਾਂ ਨਾਲ ਮਹਿਫ਼ਲਾਂ ਲਾਉਣ ਵਾਲਾ ਵੀ। ਇਸ ਨੂੰ ਡਰਾਇੰਗ ਰੂਮ 'ਚੋਂ ਵੀ ਪੌੜ੍ਹੀ ਚੜ੍ਹਦੀ ਸੀ ਤੇ ਇਕ ਬਾਹਰੋਂ ਗੇਟ ਕੋਲੋਂ ਵੀ, ਲੋਹੇ ਦੀ।

ਘਰਦੇ ਸਾਹਮਣੇ ਦੱਖਣ ਵੱਲ ਗਲੀ ਤੋਂ ਪਾਰ ਪਾਰਕ ਸੀ। ਵੀਹ ਫੁੱਟ ਚੌੜੀ ਗਲੀ ਦੇ ਦੱਖਣ ਵਾਲੇ ਪਾਸੇ ਨਾਲ ਧੁਰੋ-ਧੁਰ ਪਾਰਕ ਤੇ ਉੱਤਰ ਵਾਲੇ ਪਾਸੇ ਕੋਠੀਆਂ। ਸਾਰੀਆਂ ਅੱਠ-ਅੱਠ ਮਰਲਿਆਂ ਦੀਆਂ। ਦਸ ਕੋਠੀਆਂ ਸਨ ਲਾਇਨ 'ਚ। ਉਹਨਾਂ ਦੀ ਇਸ ਕੋਠੀ ਦਾ ਗਲੀ ਦੇ ਨਾਲ ਲਗਵਾਂ ਗੇਟ ਪੱਛੋਂ ਵਾਲੀ ਨੁਕਰੇ ਸੀ। ਇਹ ਗੇਟ ਸੱਤ ਫੁੱਟ ਚੌੜਾ ਸੀ। ਇਸ 'ਚੋਂ ਕਾਰ ਵਗੈਰਾ ਸਿੱਧੀ ਅੰਦਰ ਆ ਸਕਦੀ। ਇਸ ਰਾਹੀਂ ਉਹਨਾਂ ਦਾ ਆਮ ਲਾਂਘਾ ਸੀ। ਮੋਟਰਸਾਈਕਲ, ਸਕੂਟਰ ਵਗੈਰਾ ਅੰਦਰ ਰੱਖਦੇ। ਦੂਸਰਾ ਗੇਟ ਢਾਈ ਫੁੱਟ ਚੌੜਾ ਸੀ, ਪੂਰਬ ਵਾਲੇ ਕੋਨੇ 'ਚ। ਉਸਦੇ ਖੁੱਲ੍ਹਦਿਆਂ ਹੀ ਨਾਲ ਅੱਗੋਂ ਲੋਹੇ ਦੀ ਵੱਲਖਾਂਦੀ ਪੌੜ੍ਹੀ ਉਪਰਲੀ ਮੰਜਲ 'ਤੇ ਚੜ੍ਹਦੀ। ਉਸਦੇ ਕਿੱਤੇ ਨਾਲ ਸੰਬੰਧਤ ਬਹੁਤੇ ਲੋਕਾਂ ਨੂੰ ਪਤਾ ਸੀ ਕਿ ਜੇ ਇਹ ਛੋਟਾ ਗੇਟ ਖੁੱਲ੍ਹਾ ਹੈ ਤਾਂ ਇਸ ਦਾ ਅਰਥ ਉਹ ਉਪਰ ਹੀ ਹੈ। ਉਹ, ਇਸ ਨਾਲ ਲੱਗੀ ਬੈੱਲ ਮਾਰ ਕੇ ਉਪਰ ਜਾ ਚੜ੍ਹਦੇ। ਕੋਈ ਪ੍ਰੈਸ ਨੋਟ ਦੇਣ ਵਾਲਾ ਵੀ ਹੁੰਦਾ, ਕੋਈ ਪੱਤਰਕਾਰ ਜਾਂ ਕੋਈ ਕਿੱਤੇ ਵਾਲਾ ਹੋਰ ਜਾਣੂੰ। ਲਗਭਗ ਸਭ ਨੂੰ ਉਹ ਇਸ ਉਪਰ ਵਾਲੇ ਟਿਕਾਣੇ 'ਚ ਹੀ ਮਿਲਦਾ ਸੀ। ਤੇ ਉਹ ਵੀ ਸਿੱਧੇ ਉਥੇ ਹੀ ਆਉਂਦੇ ਸਨ। ਉੱਪਰ ਪੀਣ-ਪਿਲਾਉਣ ਦਾ ਪ੍ਰੋਗਰਾਮ ਵੀ ਬਣਿਆ ਰਹਿੰਦਾ। ਇਥੇ ਫਰਿਜ਼ ਬੀਤੇ ਸਾਲ ਠੇਕੇਦਾਰ ਸੁਰਜਣ ਸਿੰਘ ਰਖਾ ਗਿਆ ਸੀ ਇਹ ਕਹਿੰਦਿਆਂ, "ਪਰਮਪਾਲ ਜੀ, ਇਹ ਛੋਟੀ ਜਿਹੀ ਭੇਂਟ ਪਰਵਾਨ ਕਰੋ ਪੱਤਰਕਾਰਾਂ ਦੇ ਇਸ ਅੱਡੇ ਲਈ। ਇਹ ਤੁਹਾਡੇ ਘਰ ਦਾ ਹਿੱਸਾ ਘੱਟ ਤੇ ਸਾਡਾ ਦਫ਼ਤਰ ਵਧ ਹੈ।" ਰਾਇਲ-ਸਟੈਗ ਦੀ ਪੇਟੀ ਪਿਛਲੇ ਹਫ਼ਤੇ ਡੀ.ਐਸ.ਪੀ. ਭਜਨ ਸਿੰਘ ਨੇ ਭਿਜਵਾ ਦਿੱਤੀ ਸੀ। ਆਮ ਕਰਕੇ ਬਹੁਤੀ ਸ਼ਰਾਬ ਉਹੀ ਭਿਜਵਾਉਂਦਾ। ਅਵਲ ਤਾਂ ਉਸ ਕੋਲੋਂ ਮੁਕਦੀ ਹੀ ਨਾ, ਜੇ ਕਦੀ ਸਟਾਕ ਮੁੱਕ ਜਾਂਦਾ ਤਾਂ ਉਸਦੀ ਭਜਨ ਨੂੰ ਫੋਨ ਕਰਨ ਦੀ ਦੇਰ ਹੁੰਦੀ, ਪੇਟੀ ਪੁਲੀਸ ਦੀ ਜਿਪਸੀ ਆਪ ਛੱਡ ਕੇ ਜਾਂਦੀ ਸੀ। ਇਹ ਉਹ ਆਪ ਵੀ ਪੀਂਦਾ, ਯਾਰਾਂ-ਦੋਸਤਾਂ, ਰਿਸ਼ਤੇਦਾਰਾਂ ਦੀ ਸੇਵਾ ਵੀ ਹੁੰਦੀ ਰਹਿੰਦੀ। ਕਦੀ-ਕਦੀ ਪ੍ਰਿਯੰਕਾ ਵੀ ਉਸ ਨਾਲ ਪੈੱਗ ਲਾ ਲੈਂਦੀ ਸੀ। ਅੱਜ ਵੀ ਉਹ ਦਫ਼ਤਰੋਂ ਕਾਹਲੀ-ਕਾਹਲੀ ਸਫ਼ੇ ਦੀ ਆਊਟ-ਲਾਈਨ ਉਲੀਕ ਕੇ ਤੇ ਕੁਝ ਨਾਲ ਵਾਲੇ ਕੁਲੀਗ ਜੱਗੀ ਜਗਤਾਰ ਤੇ ਕੰਪਿਊਟਰ ਵਾਲੇ ਨਿਰਮਲ ਨੂੰ ਸਮਝਾ ਕੇ ਆਇਆ ਤਾਂ ਇਸੇ ਇਰਾਦੇ ਨਾਲ ਸੀ। ਉਸਦੇ ਮਨ 'ਚ ਇਕ ਕਾਮੁਕ ਖੁਮਾਰ ਵੀ ਭਬਕ ਰਿਹਾ ਸੀ। ਦਿਨ ਦੇ ਘਟਨਾਕ੍ਰਮ 'ਚੋਂ ਲੰਘਦਿਆਂ, ਉਸਦੇ ਸਰੀਰ ਦਾ ਜ਼ਰਾ-ਜ਼ਰਾ ਉਤੇਜਿਤ ਹੋ ਉਠਿਆ ਸੀ...

ਗੱਲ ਦੁਪਹਿਰੇ ਇਕ ਕੁ ਵਜੇ ਦੀ ਹੈ। ਉਸਨੂੰ ਚਾਰ ਨੰਬਰ ਚੌਂਕੀ ਦੇ ਇੰਚਾਰਜ ਥਾਣੇਦਾਰ ਪ੍ਰਗਣ ਸਿੰਘ ਦਾ



ਫੋਨ ਆਇਆ, "ਪਰਮਪਾਲ ਜੀ, ਅਸੀਂ ਦੇਹ ਵਪਾਰ ਦਾ ਅੱਡਾ ਫੜ੍ਹਿਆ ਹੈ। ਇਸ ਨੂੰ ਕੁਸੁਮ ਰਾਣੀ ਨਾਂ ਦੀ ਔਰਤ ਆਪਣੇ ਘਰ 'ਚ ਹੀ ਚਲਾਉਂਦੀ ਸੀ.... ਆਪਣੇ ਦਫ਼ਤਰ 'ਚੋਂ ਕਿਸੇ ਨੂੰ ਭੇਜ ਦਿਓ ਜਾਂ ਆਪ ਆ ਜਾਓ।" ਪਹਿਲਾਂ ਤਾਂ ਉਹ ਕਰਾਇਮ-ਰਿਪੋਰਟਰ ਗੈਰੀ ਨੂੰ ਫੋਨ ਕਰਨ ਲੱਗਿਆ, ਪਰ ਫਿਰ ਆਪ ਹੀ ਤੁਰ ਪਿਆ ਸੀ। ਦੁਪਿਹਰੇ ਬਾਰਾਂ ਕੁ ਵਜੇ ਉਹ ਸਥਾਨਕ ਰਿਪੋਰਟਰਾਂ ਨਾਲ ਮੀਟਿੰਗ ਕਰਕੇ ਦਿਨ ਦੀ ਰੂਪ-ਰੇਖਾ ਉਲੀਕਦੇ ਸਨ। ਇਹ ਮੀਟਿੰਗ ਮੂਲ ਰੂਪ 'ਚ ਖ਼ਬਰਾਂ ਦੀ ਇਸ਼ਤਿਹਾਰੀ ਸੁਰ ਤਹਿ ਕਰਨ ਵਾਲੀ ਹੁੰਦੀ ਸੀ ਭਾਵੇਂ ਕਿਸੇ ਵਿਸ਼ੇਸ਼ ਕਵਰੇਜ਼ ਲਈ ਜਾਂ ਬਾਕਸ ਸਟੋਰੀ ਲਈ ਵੀ ਇਸ ਵਿਚ ਹੀ ਤਹਿ ਕੀਤਾ ਜਾਂਦਾ ਸੀ। ਇਸ ਮੀਟਿੰਗ ਤੋਂ ਬਾਅਦ ਪਰਮ ਕਈ ਵਾਰ ਤਾਂ ਘਰ ਚਲਿਆ ਜਾਂਦਾ ਸੀ ਤੇ ਲੰਚ ਕਰਕੇ ਫਿਰ ਚਾਰ ਕੁ ਵਜੇ ਹੀ ਮੁੜਦਾ। ਤੇ ਕਈ ਵਾਰ ਕਿਸੇ ਖਾਸ ਕਵਰੇਜ਼ ਲਈ ਆਪ ਵੀ ਤੁਰ ਪੈਂਦਾ। ਅੱਜ ਵੀ ਜਦੋਂ ਉਹ ਪੁੱਜਿਆ ਤਾਂ ਉਦੋਂ ਤੱਕ ਪੁਲੀਸ ਆਪਣੀ ਕਾਰਵਾਈ ਲਗਭਗ ਮੁਕੰਮਲ ਕਰ ਚੁੱਕੀ ਸੀ। ਆਸੇ-ਪਾਸੇ ਮੁਹੱਲੇ ਦਾ ਚੰਗਾ 'ਕੱਠ-ਵੱਠ ਸੀ। ਉਸ ਸਭ 'ਚ ਲੇਡੀ-ਪੁਲੀਸ 'ਚ ਘਿਰੀ ਇਕ ਔਰਤ ਕੁੱਦ-ਕੁੱਦ ਕੇ ਆਪਣੇ ਘਰਵਾਲੇ ਨੂੰ ਪੈ ਰਹੀ ਸੀ, "ਕੰਜਰਾ, ਪੁਲੀਸ ਤਾਂ ਲੈ ਆਇਆਂ, ਇਹ ਵੀ ਦਸ ਪਈ ਮੈਂ ਕੁਝ ਕਰਨ ਜੋਗਾ ਨਹੀਂ! ਤੀਵੀਂ ਰੱਖਣ ਦਾ ਸ਼ੌਂਕ ਹੈ ਤਾਂ ਤੀਵੀਂ ਦੀ ਵੀ ਕੋਈ ਲੋੜ ਹੁੰਦੀ ਹੈ! ਆਪ ਤਾਂ ਖੋਹ-ਖਿੰਝ ਜਿਹੀ ਕਰਕੇ ਪਾਸਾ ਮੋੜ ਕੇ ਸੌਂ ਜਾਨਾ, ਉਦੋਂ ਨਹੀਂ ਲੱਗਦਾ ਪਈ ਮੈਂ ਆਪਣਾ ਮਘਦਾ ਜਿਸਮ ਕਿਵੇਂ ਠਾਰਾਂ... ਜਿਵੇਂ ਕੁੱਤੇ ਦੇ ਸਿਰ 'ਚ ਕੀੜੇ ਪਏ ਹੁੰਦੇ ਐ ਨਾ, ਫਿਰ ਤਾਂ ਅੱਖਾਂ ਹੀ ਨਹੀਂ ਖੁੱਲ੍ਹਦੀਆਂ..." ਪਰ ਬੰਦਾ ਅੱਗੋਂ ਚੁਪਚਾਪ ਨੀਵੀਂ ਪਾਈ ਖੜ੍ਹਾ ਸੀ।

ਪਿੱਛੋਂ ਗੱਲ ਖੁੱਲ੍ਹੀ, ਪੁਲੀਸ ਨੂੰ ਮੁਹੱਲੇ ਵਾਲਿਆਂ ਨੇ ਸੱਦਿਆ ਸੀ। ਕੁਸੁਮ ਦੇ ਘਰੋਂ ਫੜਿਆ ਗਿਆ ਬੰਦਾ ਸੰਤ ਕੁਮਾਰ ਉਸਦਾ ਪੁਰਾਣਾ ਯਾਰ ਸੀ ਤੇ ਅਕਸਰ ਵੇਲੇ-ਕੁਵੇਲੇ ਉਸ ਕੋਲ ਆਉਂਦਾ ਜਾਂਦਾ ਰਹਿੰਦਾ ਸੀ। ਉਸਦੇ ਘਰਵਾਲੇ ਨੂੰ ਵੀ ਇਸ ਦਾ ਪਤਾ ਸੀ। ਉਹ ਖੁਦ ਉਸ ਨਾਲ ਸ਼ਰਾਬ ਪੀਂਦਾ ਕਈਆਂ ਨੇ ਦੇਖਿਆ ਵੀ ਸੀ। ਬਹੁਤੀ ਵਾਰ ਹੁੰਦਾ ਇਹ ਕਿ ਉਸਦੇ ਘਰਵਾਲਾ ਫੈਕਟਰੀ 'ਚ ਡਿਊਟੀ ਚਲਿਆ ਜਾਂਦਾ ਤਾਂ ਸੰਤ ਕੁਮਾਰ ਆ ਵੜ੍ਹਦਾ। ਉਸਦੇ ਘਰਵਾਲੇ ਨੇ ਜਿਵੇਂ ਇਸ 'ਹੋਣੀ' ਨੂੰ ਮੰਨ ਹੀ ਲਿਆ ਹੋਇਆ ਸੀ! ਅੱਜ ਦੁਪਹਿਰੇ ਵੀ ਜਦੋਂ ਸੰਤ ਕੁਮਾਰ ਕੁਸੁਮ ਕੋਲ ਆਇਆ ਤਾਂ ਮੁਹੱਲੇ ਵਾਲਿਆਂ ਨੇ ਪਹਿਲਾਂ ਉਸਦੇ ਘਰਵਾਲੇ ਨੂੰ ਫੋਨ ਕਰਕੇ ਦੱਸਿਆ ਤੇ ਫਿਰ ਪੁਲੀਸ ਨੂੰ ਫੋਨ ਕਰਕੇ ਸੱਦ ਲਿਆ। ਉਸਦੇ ਘਰਵਾਲੇ ਤੋਂ ਗਲਤੀ ਇਹ ਹੋ ਗਈ ਕਿ ਮੁਹੱਲੇ ਤੇ ਪੁਲੀਸ ਵਾਲਿਆਂ ਦੇ 'ਕੱਠ-ਵੱਠ ਨੂੰ ਦੇਖ, ਸ਼ਰਮ ਮਹਿਸੂਸ ਕਰਦਾ, ਉਹ ਕੁਝ ਤਾਅ ਖਾ ਕੇ ਕਹਿ ਬੈਠਾ, "ਕੁੱਤੀਏ, ਜੇ ਸਬਰ ਨਹੀਂ ਆਉਂਦਾ ਤਾਂ ਕੋਈ ਟਰੱਕਾਂ ਦਾ ਅੱਡਾ ਜਾ ਮਲ... ਹਰਾਮਜ਼ਾਦੀ....।" ਬਸ ਫਿਰ ਕੀ ਸੀ! ਕੁਸੁਮ ਨੇ ਗਾਲ੍ਹਾਂ, ਤਾਅਨਿਆਂ ਦੀ ਐਸੀ ਝੜੀ ਲਾਈ ਕਿ ਉਹ ਮੁੜ ਅੱਖ ਉੱਚੀ ਕਰਨ ਦਾ ਹੀਆਂ ਨਾ ਕਰ ਸਕਿਆ!

ਪਰਮ ਨੇ ਕੁਸੁਮ ਦੀ ਕੱਸੀ ਹੋਈ ਦੇਹ ਦੇਖੀ ਤੇ ਉਸਦੇ ਘਰਵਾਲੇ ਦਾ ਫੈਕਟਰੀ ਦੇ ਕੰਮਾਂ ਨਾਲ ਝੰਬਿਆ ਤੇ ਭੋਖੜੇ ਦਾ ਮਾਰਿਆ ਜ਼ਰਜ਼ਰ ਜਿਹਾ ਜਿਸਮ ਵੀ। ਉਸਨੇ ਕੀ, ਦੂਸਰੇ ਸਭ ਪੱਤਰਕਾਰਾਂ ਨੇ ਵੀ ਅਹਿਸਾਸ ਕਰ ਲਿਆ ਸੀ ਕਿ ਇਹ ਕੋਈ ਦੇਹ-ਵਪਾਰ ਦਾ ਅੱਡਾ ਚਲਾਉਣ ਵਰਗੀ ਗੱਲ ਨਹੀਂ, ਨਾ ਹੀ ਦੇਹ-ਵਪਾਰ ਦਾ ਮਸਲਾ। ਮਾਮਲਾ ਤਾਂ ਵਿਆਹ-ਬਾਹਰੇ ਸੰਬੰਧਾਂ ਦਾ ਹੈ। ਪਰ ਇਸਦੇ ਬਾਵਜੂਦ ਖਬਰ ਸਾਰਿਆਂ ਨੇ ਹੀ, ਉਸ ਸਮੇਤ ਉਵੇਂ ਹੀ ਬਣਾਈ, ਜਿਵੇਂ ਪੁਲੀਸ ਚਾਹੁੰਦੀ ਸੀ, ਮੁਹੱਲੇ ਵਾਲੇ ਚਾਹੁੰਦੇ ਸਨ। ਮਸਲਾ ਅਖ਼ਬਾਰ ਦੇ ਪਾਠਕਾਂ ਦਾ ਸੀ ਤੇ ਪਾਠਕਾਂ ਨੂੰ ਆਪਣੇ ਵੱਲ ਖਿੱਚਣ ਦੇ ਆਹਰ 'ਚ, ਹਰ ਇਕ ਨੇ ਹੀ, ਇਕ ਦੂਸਰੇ ਤੋਂ ਵੱਧ ਕੇ ਕੁਝ ਕਲਪਿਤ ਗੱਲਾਂ ਵੀ ਜੋੜ ਲਈਆਂ, ਜਿਹੜੀਆਂ ਮੁਹੱਲੇ ਵਾਲਿਆਂ ਦੇ ਮੂੰਹ 'ਚ ਪਾ ਦਿੱਤੀਆਂ ਗਈਆਂ ਸਨ : "ਸਾਡਾ ਤਾਂ ਜੀ ਸ਼ਰੀਫਾਂ ਦਾ ਮੁਹੱਲਾ, ਨੋਹਾਂ-ਧੀਆਂ ਵਸਦੀਆਂ... ਇਸ ਕੋਲ ਨਿੱਤ ਨਵੇਂ ਆਉਂਦੇ ਜਾਂਦੇ ਆਦਮੀ... ਸਾਡੇ ਘਰਾਂ ਤੱਕ ਵੀ ਗੰਦ ਦੇ ਛਿੱਟੇ ਤਾਂ ਪੁੱਜਣਗੇ ਹੀ.....।" ਕੁਸੁਮ ਵੱਲ ਦੇਖ ਕੇ, ਉਸਦੀਆਂ ਗੱਲਾਂ ਸੁਣ-ਸੁਣ ਕੇ, ਉਸ ਅੰਦਰ ਇਕ ਉਤੇਜਨਾ ਭਰਦੀ ਰਹੀ ਸੀ...

ਉੱਪਰ ਆ ਉਸਨੇ ਪੈੱਗ ਪਾ ਲਿਆ ਤੇ ਨਾਲ ਕੰਪਿਊਟਰ ਆਨ ਕਰ ਲਿਆ। ਪਹਿਲਾਂ ਤਾਂ ਉਸਦਾ ਕੋਈ ਫ਼ਿਲਮ ਲਾਉਣ ਨੂੰ ਜੀਅ ਕੀਤਾ, ਪਰ ਫਿਰ ਬਿੰਦਰੱਖੀਏ ਦੇ ਗੀਤਾਂ ਦੀ ਸੀ.ਡੀ. ਲਾ ਲਈ। ਦੂਸਰਾ ਪੈੱਗ ਮੁੱਕਣ ਦੇ ਨੇੜੇ ਸੀ ਕਿ ਥੱਲੇ ਪ੍ਰਿਯੰਕਾ ਦੇ ਐਕਟਿਵਾ ਦੀ ਆ ਕੇ ਖੜ੍ਹੋਣ ਦੀ ਆਵਾਜ਼ ਆਈ। ਸਕੂਟਰ ਰੋਕ

ਕੇ ਪਹਿਲਾਂ ਉਸਨੇ ਦੋ-ਤਿੰਨ ਵਾਰ ਹਾਰਨ ਮਾਰਿਆ, ਪਰ ਜਦੋਂ ਗੇਟ ਨਾ ਖੁੱਲ੍ਹਿਆ ਤਾਂ ਸਕੂਟਰ ਬੰਦ ਕਰ ਗੇਟ ਖੋਹਲ ਕੇ ਸਕੂਟਰ ਅੰਦਰ ਕੀਤਾ। ਫਿਰ ਦਰਵਾਜ਼ਾ ਖੋਲ੍ਹ ਕੇ ਅੰਦਰ ਆਉਣ ਦੀ ਆਵਾਜ਼ ਵੀ ਉਸਨੇ ਸੁਣੀ। ਉਸਨੇ ਦੋ ਕੁ ਮਿੰਟ ਉਡੀਕਿਆ ਪਰ ਜਦੋਂ ਉਸਦੇ ਪੌੜੀਆਂ ਉਪਰ ਚੜ੍ਹਨ ਦੀ ਆਹਟ ਨਾ ਆਈ ਤਾਂ ਉਸਨੇ ਕੁਝ ਉੱਚੀ ਆਵਾਜ਼ 'ਚ ਕਿਹਾ, "ਪ੍ਰਿਯੰਕਾ, ਮੈਂ ਉੱਪਰ ਬੈਠਾ ਹਾਂ!"

"ਕੋਈ ਨਾ।" ਉਸਨੇ ਹੇਠੋਂ ਕਿਹਾ ਪਰ ਪੌੜੀਆਂ ਚੜ੍ਹਨ ਦੀ ਆਹਟ ਉਸਨੂੰ ਫਿਰ ਵੀ ਨਾ ਆਈ। ਉਹ ਉਡੀਕਦਾ ਰਿਹਾ! ਉਡੀਕਦਾ ਰਿਹਾ!! ਫਿਰ ਉਸਨੇ ਨਵਾਂ ਪੈੱਗ ਪਾ ਲਿਆ। ਟਾਈਮਪੀਸ 'ਤੇ ਨੌਂ ਦੀ ਘੰਟੀ ਦੀ 'ਟਨ' 'ਟਨ' ਹੋਈ ਤਾਂ ਉਸਨੂੰ ਪ੍ਰਿਯੰਕਾ 'ਤੇ ਹਲਕਾ ਜਿਹਾ ਗੁੱਸਾ ਆਇਆ: 'ਪਤਾ ਨਹੀਂ ਹੇਠਾਂ ਕੀ ਕਰੀ ਜਾ ਰਹੀ ਹੈ....?... ਸ਼ਾਇਦ ਬਾਥਰੂਮ 'ਚ ਹੋਵੇ....! .... ਰਾਤ ਦੇ ਖਾਣੇ ਦਾ ਤਾਂ ਬਾਹਰ ਦਾ ਪ੍ਰੋਗਰਾਮ ਬਣਿਆ ਹੀ ਹੋਇਆ....!' ਸੋਚਦਾ ਉਹ ਪੈੱਗ ਹੱਥ 'ਚ ਫੜ ਪੌੜੀਆਂ ਉਤਰਨ ਲੱਗਾ। ਉਹ ਨਾ ਉਸਨੂੰ ਲਾਬੀ 'ਚ ਦਿਸੀ, ਨਾ ਡਰਾਇੰਗ ਰੂਮ 'ਚ ਹੀ। ਬਾਥਰੂਮ 'ਚ ਵੀ ਕੋਈ ਹਿਲਜੁਲ ਨਹੀਂ ਸੀ। ਲਾਬੀ 'ਚ ਲੰਘ ਪਿਛੇ ਖੱਬੇ ਧਿਆਨ ਮਾਰਿਆ ਤਾਂ ਉਹ ਆਪਣੇ ਸਟੱਡੀ-ਟੇਬਲ ਮੂਹਰੇ ਬੈਠੀ ਸੀ। ਮੇਜ਼ 'ਤੇ ਖਿਲਰੀਆਂ ਖੁੱਲ੍ਹੀਆਂ, ਅੱਧ ਖੁੱਲ੍ਹੀਆਂ ਕਿਤਾਬਾਂ, ਖਿਲਰੇ ਕਾਗਜ਼, ਹੱਥ 'ਚ ਪੈਨ, ਸੋਚਦਾ ਚਿਹਰਾ। ਉਸਨੇ ਉਸ ਪਲ ਪੈਰ ਵਧਾਉਂਦਿਆਂ ਕਿਹਾ, "ਤੂੰ ਕਾਹਦੇ 'ਚ ਇੰਨੀ ਰੁਝੀ ਹੋਈ ਐਂ?"

"ਮੱਧਕਾਲੀ ਪੰਜਾਬੀ ਸੂਫ਼ੀ ਸਾਹਿਤ 'ਚ ਉਭਰਦਾ ਨਾਰੀ ਬਿੰਬ ' ਬਾਰੇ ਨੋਟਸ ਲੈ ਰਹੀ ਹਾਂ।"

"ਕੀ ਲੋੜ ਪੈ ਗਈ ਇਹਨਾਂ ਦੀ?"

"ਮੈਡਮ ਵੀਨਾ ਅਗਰਵਾਲ ਨੇ ਸੋਮਵਾਰ ਨੂੰ ਸੈਮੀਨਾਰ 'ਚ ਇਸ ਬਾਰੇ ਪਰਚਾ ਪੜ੍ਹਨਾ... ਪਿਛਲੇ ਦੋ ਦਿਨਾਂ ਤੋਂ ਉਸਦੇ ਭਰਾ-ਭਰਜਾਈ ਬੱਚਿਆਂ ਸਮੇਤ ਆਏ ਹੋਏ ਹਨ ਛੁੱਟੀਆਂ ਕਰਕੇ। ਉਹ ਕਹਿੰਦੀ, "ਦੋ ਦਿਨ ਲਾ ਕੇ ਮੈਨੂੰ ਨੋਟਸ ਬਣਾ ਦੇ.... ਐਤਵਾਰ ਨੂੰ ਬਹਿ ਕੇ ਮੈਂ ਲੇਖ ਫ਼ਰੀਟ ਲਵਾਂਗੀ।"

"ਮਾਰ ਗੋਲੀ ਨੋਟਸਾਂ ਨੂੰ! ਆ ਜਾ ਉੱਪਰ, ਪੈੱਗ ਲੈ ਲੈ ਇੱਕ ਅੱਧਾ.... ਫਿਰ 'ਹਵੇਲੀ' ਵੀ ਜਾਣਾ ਹੈ!" ਉਹ ਉਸ ਕੋਲ ਜਾ ਖੜ੍ਹਾ ਹੋਇਆ।

"ਨਹੀਂ, ਹਵੇਲੀ ਫਿਰ ਕਿਸੇ ਦਿਨ ਚਲਾਂਗੇ... ਮੈਂ ਇਹ ਕੰਮ ਕਰਕੇ ਉਸਨੂੰ ਪਰਸੋਂ ਤੱਕ ਦੇਣਾ।"

ਉਸਦੀ ਗੱਲ ਸੁਣ ਪਤਾ ਨਹੀਂ ਕਿਉਂ, ਉਸਦੇ ਅੰਦਰ ਕਿਤੇ ਕੁਝ 'ਕਰੱਚ' ਕਰਕੇ ਟੁੱਟ ਗਿਆ। ਕਿਹੋ ਜਿਹੀ ਔਰਤ ਹੈ ਇਹ! ਉਹ, ਜਿਸਦਾ ਕੰਮ ਹੈ, ਉਹ ਤਾਂ ਇਸ ਲਈ ਸਮਾਂ ਨਹੀਂ ਕੱਢ ਪਾ ਰਹੀ ਕਿ ਉਸਦੇ ਪ੍ਰਾਹੁਣੇ ਆਏ ਹੋਏ ਹਨ, ਉਨ੍ਹਾਂ ਨੂੰ ਅਟੈਂਡ ਕਰਨਾ ਹੈ... ਤੇ ਇਹ ਆਪਣਾ ਬਣਿਆ-ਬਣਾਇਆ ਪ੍ਰੋਗਰਾਮ ਇਸ ਲਈ ਖਰਾਬ ਕਰ ਰਹੀ ਹੈ, ਇਸ ਲਈ ਮੈਨੂੰ ਸਮਾਂ ਨਹੀਂ ਦੇ ਰਹੀ ਕਿ ਇਸ ਨੂੰ ਪ੍ਰੋ. ਵੀਨਾ ਅਗਰਵਾਲ ਦੀ ਸਮੱਸਿਆ ਵੱਧ ਵੱਡੀ ਲਗਦੀ ਹੈ! ਫਿਰ ਮੈਂ ਹੀ ਇਸਨੂੰ ਜ਼ੋਰ ਕਿਉਂ ਦਿਆ ਕਿ ਮੈਨੂੰ ਇਸਦਾ ਸਾਥ ਚੰਗਾ ਲੱਗਦਾ ਹੈ! ਜੇ ਇਸਨੂੰ ਮੇਰੀ ਜ਼ਰੂਰਤ ਨਹੀਂ, ਮੈਨੂੰ ਕਿਉਂ ਹੈ? ਕੀ ਮੈਂ ਏਨਾ ਫਾਲਤੂ ਹਾਂ? ਕਿਤੇ ਅੰਦਰ ਕਰੱਚ ਕਰ ਟੁੱਟੇ ਇਸ ਹਉਂ ਦੇ ਸੇਕ ਨਾਲ, ਉਹ ਉਸ ਕੋਲੋਂ ਪੈਰ ਪੁਟਦਾ ਰਸੋਈ 'ਚ ਆ ਗਿਆ। ਇਕ ਖੀਰਾ ਤੇ ਇਕ ਮੂਲੀ ਫਰਿਜ਼ 'ਚੋਂ ਕੱਢ ਕੇ ਉਸਨੇ ਛਿਲੇ ਤੇ ਕੱਟ ਕੇ ਉੱਪਰ ਲੂਣ ਧੂੜਿਆ। ਉਪਰਲੀ ਸ਼ੈਲਫ਼ ਦੇ ਖਾਨੇ 'ਚੋਂ ਭੁੱਜੀ ਮੁਗਫ਼ਲੀ ਦਾ ਪੈਕੇਟ ਕੱਢਿਆ ਤੇ ਸਾਰਾ ਸਾਮਾਨ ਟਰੇਅ 'ਚ ਰੱਖ, ਇਕ ਹੱਥ 'ਚ ਟਰੇਅ ਤੇ ਇਕ ਹੱਥ 'ਚ ਪੈੱਗ ਵਾਲਾ ਗਲਾਸ ਫੜੀ ਪੌੜੀ ਚੜ੍ਹਨ ਵੱਲ ਹੋਇਆ।

"ਪਰਮ, ਜੇ ਤੁਸੀਂ ਵਿਜੇ ਢਾਬੇ ਤੋਂ ਦਾਲ ਤੇ ਇਕ ਅੱਧੀ ਕੋਈ ਸਬਜ਼ੀ ਲੈ ਆਉਂਦੇ... ਫੁਲਕੇ ਮੈਂ ਘਰ ਲਾਹ ਲਵਾਂਗੀ।" ਉਸਨੂੰ ਉੱਪਰ ਚੜ੍ਹਦੇ ਨੂੰ ਦੇਖ ਪ੍ਰਿਯੰਕਾ ਨੇ ਕਿਹਾ।

"ਹੈਪੀ ਫੂਡਜ਼ ਵਾਲਿਆਂ ਨੂੰ ਫੋਨ ਕਰਦੇ... ਟਿਫਨ ਘਰੇ ਫੜਾ ਜਾਣਗੇ.... ਫੁਲਕੇ ਮੇਰੇ ਲਈ ਤਾਂ ਦੋ ਹੀ ਮੰਗਾਈਂ..." ਪਰਮ ਨੇ ਅੰਦਰਲੇ ਰੋਸ 'ਚੋਂ ਕਿਹਾ ਪਰ ਜਿਸਨੂੰ ਪ੍ਰਿਯੰਕਾ ਮਹਿਸੂਸ ਨਾ ਕਰ ਸਕੀ ਜਾਂ ਸ਼ਾਇਦ ਉਸਦਾ ਜ਼ਿਹਨ ਰੁਝੇਵੇਂ ਦੇ ਭਾਰ ਹੇਠਾਂ ਏਨਾ ਦੱਬਿਆ ਹੋਇਆ ਸੀ ਕਿ ਉਸਨੂੰ ਰੋਸ ਦੀ ਕੰਬਣੀ ਪਤਾ ਨਾ ਲੱਗੀ।

"ਠੀਕ ਹੈ," ਕਹਿਕੇ ਉਹ ਮੁੜ ਆਪਣੇ ਕੰਮ 'ਚ ਰੁਝ ਗਈ।

"ਪੈ ਢੱਠੇ ਖੂਹ 'ਚ!" ਮਨ ਹੀ ਮਨ ਸੋਚਦਾ ਪਰਮਪਾਲ ਉਤਾਂਹ ਚੜ੍ਹ ਆਇਆ। ਉੱਪਰ ਆ ਸਲਾਦ



ਵਾਲੀ ਪਲੇਟ ਉਸਨੇ ਟੇਬਲ 'ਤੇ ਰੱਖੀ ਤੇ ਫਿਰ ਕੋਨੇ 'ਚ, ਫਾਇਲਾਂ ਹੇਠ ਰੱਖੀ ਸੀ.ਡੀ. ਕੱਢੀ। ਸੀ.ਡੀ. 'ਚ ਦਸ ਮਿੰਟਾਂ ਤੋਂ ਲੈ ਕੇ ਪੰਦਰਾਂ ਮਿੰਟਾਂ ਤੱਕ ਦੇ ਵੀਹ ਵੀਡੀਓ ਕਲਿਪ ਸਨ। ਦੇਸੀ ਬਲਿਊ ਦ੍ਰਿਸ਼, ਜਿਹੜੇ ਬਹੁਤੇ ਤਾਂ ਮੁੰਡਿਆਂ ਨੇ ਆਪਣੀਆਂ ਸਹੇਲੀਆਂ ਦੇ ਬਣਾਏ ਹੋਏ ਸਨ, ਆਪਣੇ ਨਿੱਜੀ ਮੋਬਾਇਲ ਫੋਨਾਂ ਦੇ ਕੈਮਰਿਆਂ ਨਾਲ। ਖਾਸ ਕਰਕੇ 'ਆਦਮਪੁਰ' ਵਾਲਾ ਕਲਿਪ ਤਾਂ ਉਸਨੂੰ ਬਹੁਤ ਉਤੇਜਿਤ ਕਰਦਾ। ਇਸ 'ਚ ਕੁੜੀ ਨੂੰ ਪਤਾ ਸੀ ਕਿ ਉਸਦਾ ਦੋਸਤ ਨਾਲੋਂ ਨਾਲ ਮੋਬਾਇਲ 'ਤੇ ਫ਼ਿਲਮ ਬਣਾਈ ਜਾ ਰਿਹਾ ਹੈ ਪਰ ਉਸਦੇ ਸਮਰਪਣ 'ਚ ਕੋਈ ਝਿਜਕ ਨਹੀਂ ਸੀ, ਕੋਈ ਸੰਗ ਨਹੀਂ। ਉਹ ਕਹਿੰਦੀ ਹੈ: "ਇਹ ਦੇਖ ਕੇ ਬਾਅਦ 'ਚ ਡਿਲੀਟ ਜ਼ਰੂਰ ਕਰ ਦੇਵੀਂ। ਬਾਈ-ਦਾ-ਵੇਅ ਕਿਸੇ ਨੇ ਦੇਖ ਲਈ ਤਾਂ ਬਹੁਤ ਬਦਨਾਮੀ ਹੋਵੇਗੀ।"

"ਮੈਨੂੰ ਬਦਨਾਮੀ ਦਾ ਫਿਕਰ ਨਹੀਂ?"

"ਮੇਰੇ ਸਾਹਮਣੇ ਡਿਲੀਟ ਕਰਨੀ ਹੈ।" ਨਾ ਕੁੜੀ ਦੀ ਆਵਾਜ਼ 'ਚ ਕੋਈ ਵਿਰੋਧ ਹੈ, ਨਾ ਉਸਦੇ ਸਰੀਰ ਦੀ ਅਦਾ 'ਚ। ਜੇ ਹੈ ਤਾਂ ਉਤੇਜਨਾ, ਥਿਰਕਦੇ ਅੰਗਾਂ 'ਚ ਵਧਦਾ ਤਣਾਅ।

"ਹਾਂ, ਬਿਲਕੁਲ।"

ਪਰ ਕੁੜੀ ਦਾ ਇਹ ਨਿੱਜੀ ਸਮਰਪਣ ਜਨਤਕ ਕਿਵੇਂ ਹੋ ਗਿਆ ! ਕੀ ਉਸਦੇ ਦੋਸਤ ਦੇ ਮਨ 'ਚ ਪਹਿਲਾਂ ਹੀ ਸਾਜਿਸ਼ ਸੀ ਬਣਾਉਣ ਲੱਗਿਆ.... ਜਾਂ ਕੋਈ ਹੋਰ ਗੱਲ ਹੋ ਗਈ?

ਸ਼ਰਾਬ ਦਾ ਪੈੱਗ, ਸਾਹਮਣੇ ਕੰਪਿਊਟਰ ਦੀ ਸਕਰੀਨ 'ਤੇ ਉਭਰਦੇ ਉਤੇਜਿਕ ਸੈਕਸ ਦ੍ਰਿਸ਼ ... ਛੇਤੀ ਹੀ ਉਹ ਹੋਰ ਸਭ ਕੁਝ ਤੋਂ ਬੇਖਬਰ ਹੋ ਕੰਪਿਊਟਰ ਦੀ ਸਕਰੀਨ 'ਤੇ ਉੱਭਰਦੇ ਦ੍ਰਿਸ਼ਾਂ 'ਚ ਗੁਆਚ ਕੇ ਰਹਿ ਗਿਆ ਸੀ। ਪ੍ਰਿਯੰਕਾ ਵੱਲੋਂ ਬੇਖਬਰ, ਘਰ ਵੱਲੋਂ ਬੇਖਬਰ, ਇੱਥੋਂ ਤੱਕ ਕਿ ਆਪਣੇ ਆਪ ਵੱਲੋਂ ਵੀ!

**ਪ੍ਰੇਮ ਪ੍ਰਕਾਸ਼ ਦੀਆਂ ਇਸ ਵਰ੍ਹੇ ਪ੍ਰਕਾਸ਼ਤ ਵੱਖਰੇ ਰੰਗ ਦੀਆਂ ਦੋ ਪੁਸਤਕਾਂ**

**ਮੇਰੀ ਉਰਦੂ ਅਖ਼ਬਾਰ ਨਵੀਸੀ**


**ਇਸ ਪੁਸਤਕ 'ਚ ਲੇਖਕ ਦੇ ਉਰਦੂ ਪੱਤਰਕਾਰੀ ਦੇ ਪੇਸ਼ੇ ਦੇ ਛੱਬੀ ਸਾਲ ਦੇ ਤਜਰਬੇ ਦਰਜ ਹਨ। ਕੁਝ ਨਿਜੀ, ਕੁਝ ਪੱਤਰਕਾਰੀ ਦੀ ਇੰਡਸਟਰੀ ਦੇ, ਕੁਝ ਆਪਣੇ ਨਾਲ ਕੰਮ ਕਰਦੇ ਵਰਕਰਾਂ ਦੀ ਜ਼ਿੰਦਗੀ ਦੇ ਤੇ ਕੁਝ ਮਾਲਕਾਂ ਤੇ ਵਰਕਰਾਂ ਵਿਚਕਾਰ ਹੁੰਦੀਆਂ ਟੱਕਰਾਂ ਦੇ।**




**ਮੁੱਲ :150, ਪੰਨੇ :176**

**ਪਾਕਿਸਤਾਨ ਦੇ ਸੂਫ਼ੀਖ਼ਾਨੇ**

**ਅਸੀਂ ਅੱਠ ਲੇਖਕ 17 ਅਪ੍ਰੈਲ, 2008 ਨੂੰ ਪਾਕਿਸਤਾਨ ਗਏ ਤੇ 24 ਨੂੰ ਪਾਕਿਸਤਾਨੀ ਦੋਸਤਾਂ ਨੂੰ ਮਿਲ ਕੇ ਤੇ ਇਤਿਹਾਸਕ ਥਾਵਾਂ ਦੇਖ ਕੇ ਮੁੜ ਆਏ। ਮੇਰੇ ਸਾਥੀਆਂ ਡਾਇਰੀਆਂ ਲਿਖੀਆਂ ਤੇ ਫੋਟੋਆਂ ਖਿੱਚੀਆਂ, ਪਰ ਮੈਂ ਅਜਿਹਾ ਕੁਝ ਨਹੀਂ ਕੀਤਾ। ਸਿਰਫ ਪਾਕਿਸਤਾਨੀ ਦੋਸਤਾਂ ਵੱਲੋਂ ਦਿੱਤੇ ਵਿਜ਼ਿਟਿੰਗ ਕਾਰਡ ਬੋਝੇ 'ਚ ਪਾ ਲਏ। ਫੇਰ ਤਿੰਨ ਕੁ ਮਹੀਨਿਆਂ ਬਾਅਦ ਮੈਂ ਸੋਚਿਆ ਤੇ ਪਾਕਿਸਤਾਨ ਦੀ ਯਾਤਰਾ ਦਾ ਉਹੀ ਕੁਝ ਲਿਖ ਦਿੱਤਾ, ਜਿਹੜਾ ਮੇਰੇ ਜ਼ਿਹਨ 'ਚ ਬਚਿਆ ਪਿਆ ਸੀ।**




**ਪ੍ਰਕਾਸ਼ਕ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

**ਮੁੱਲ :130, ਪੰਨੇ :124**

# ਸਮਕਾਲੀ ਪੰਜਾਬੀ ਨਾਵਲ : ਪੁਨਰ-ਮੁਲੰਕਣ/ ਰਜਨੀਸ਼ ਬਹਾਦਰ ਸਿੰਘ

ਪੰਜਾਬੀ ਨਾਵਲ ਆਪਣੇ ਜਨਮ ਤੋਂ ਹੀ ਸਮਕਾਲੀ ਸਮੱਸਿਆਵਾਂ ਪ੍ਰਤੀ ਹੁੰਗਾਰਾਮੁਖੀ ਰਿਹਾ ਹੈ। ਇਸ ਹੁੰਗਾਰੇ ਦੇ ਪਾਸਾਰ ਹਮੇਸ਼ਾ ਸੀਮਤ ਰਹੇ ਹਨ। ਇਸ ਲਈ ਪੰਜਾਬੀ ਨਾਵਲ ਕਿਸੇ ਵੀ ਕਾਲ ਬਿੰਦੂ ਦੇ ਸੰਪੂਰਨ ਚਿੱਤਰ ਨੂੰ ਪੇਸ਼ ਕਰਨ ਤੋਂ ਅਸਮਰੱਥ ਰਿਹਾ ਹੈ। ਇਸੇ ਅਸਮਰੱਥਾ ਕਾਰਨ ਇਕਾ ਦੁਕਾ ਰਚਨਾਵਾਂ ਨੂੰ ਛੱਡ ਕੇ ਸਮੁੱਚੇ ਪੰਜਾਬੀ ਜੀਵਨ ਦੇ ਇਕ ਵਿਸ਼ਾਲ ਪੱਖ ਨੂੰ ਪੇਸ਼ ਕਰਨ ਵਾਲੀ ਕੋਈ ਰਚਨਾ ਨਹੀਂ ਹੈ। ਇਹ ਨਾਵਲਕਾਰਾਂ ਦੀ ਸੀਮਾ ਅਤੇ ਆਲੋਚਕਾਂ ਦੀ ਵਿਸ਼ੇਸ਼ਣੀ ਅਤੇ ਸੀਮਤ ਸੋਚ ਕਾਰਨ ਵਾਪਰਿਆ ਹੈ। ਇਸੇ ਲਈ ਪੁਨਰ-ਮੁਲੰਕਣ ਦੀ ਲੋੜ ਪੈਂਦੀ ਹੈ। ਇਸ ਪੁਨਰ-ਮੁਲੰਕਣ ਦਾ ਇਕ ਹੋਰ ਕਾਰਨ ਗਤੀਸ਼ੀਲ ਚਿੰਤਨ ਵਿਚ ਵੀ ਨਿਹਿਤ ਹੁੰਦਾ ਹੈ, ਜਿਹਨਾਂ ਆਲੋਚਕਾਂ ਨੇ ਨਾਵਲਕਾਰਾਂ ਦੀ ਸੀਮਾਂ ਨੂੰ ਪਛਾਣਿਆ ਉਹ ਚਿੰਤਨ ਤਾਂ ਗਤੀਸ਼ੀਲ ਨੂੰ ਪ੍ਰਣਾਏ ਹੋਏ ਸਨ ਪਰੰਤੂ ਆਪ ਉਸੇ ਚਿੰਤਨ ਦੀਆਂ ਲੋਹ ਦੀਵਾਰਾਂ ਵਿਚ ਘਿਰੇ ਹੋਏ ਸਨ। ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਦਾਖਲ ਹੋ ਕੇ ਜਿਥੇ ਵਸਤੂ-ਸਥਿਤੀ ਵਿਚ ਗੁਣਾਤਮਕ ਤਬਦੀਲੀ ਵਾਪਰੀ ਉਥੇ ਵਸਤੂ-ਸਥਿਤੀ ਨੂੰ ਵਾਚਣ ਦੀ ਦ੍ਰਿਸ਼ਟੀ ਵਿਚ ਵੀ ਕਈ ਸਹਾਇਕ ਤੱਤ ਸ਼ਾਮਲ ਹੋਣ ਨਾਲ ਤਬਦੀਲੀ ਵਾਪਰੀ। ਇਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਖੜੇ ਹੋ ਕੇ ਜਦੋਂ ਇਸ ਡੇਢ ਦਹਾਕੇ ਉਤੇ ਨਜ਼ਰ ਮਾਰਦੇ ਹਾਂ ਤਾਂ ਸਾਡੇ ਸਾਹਮਣੇ ਉਹ ਚਿੰਤਨੀ ਸਥਿਤੀ ਵੀ ਹੈ ਜਿਸਦਾ ਵੱਡਾ ਹਿੱਸਾ ਖੜੋਤ ਜਾਂ ਅਜਿਹੀ ਸ਼ਬਦਾਵਲੀ ਵਿਚ ਘਿਰਿਆ ਹੋਇਆ ਹੈ ਜਿਸ ਦੇ ਅਰਥਾਂ ਤੋਂ ਆਪ ਵੀ ਵਾਕਫ਼ ਨਹੀਂ ਇਸ ਦੇ ਸਿੱਟੇ ਵਜੋਂ ਪਾਠਕ ਦੇ ਪੱਲੇ ਕੁਝ ਨਹੀਂ ਪੈਂਦਾ ਅਤੇ ਲੇਖਕ ਨੂੰ ਬਕਬਕੇ ਸਵਾਦ ਵਿਚੋਂ ਪਤਾ ਕੁਝ ਨਹੀਂ ਚਲਦਾ। ਉਹ ਅਖ਼ਬਾਰ ਵਿਚ ਲੇਖ ਜਾਂ ਰੀਵੀਊ ਵੇਖ ਕੇ ਇੰਨੀ ਤਸੱਲੀ ਕਰ ਲੈਂਦਾ ਹੈ ਕਿ ਚਲੋ ਲੋਕਾਂ ਨੂੰ ਮੇਰੀ ਪੁਸਤਕ ਦਾ ਪਤਾ ਤਾਂ ਲੱਗਿਆ। ਅਖ਼ਬਾਰ ਵਾਲੇ ਹਰ ਰਚਨਾ ਤੇ ਲਿਖਵਾ ਕੇ ਸੁਰਖ਼ਰੂ ਹੋ ਜਾਂਦੇ ਹਨ। ਇਸ ਸੋਚ ਅਤੇ ਪ੍ਰਵਿਰਤੀ ਨੂੰ ਠੱਲ ਪਾਣ ਦੀ ਲੋੜ ਹੈ। ਇਸ ਲਈ ਪੁਨਰ-ਮੁਲੰਕਣ ਦੀ ਲੋੜ ਮਹਿਸੂਸ ਹੁੰਦੀ ਹੈ।

ਵੀਹਵੀਂ ਸਦੀ ਦਾ ਆਖਰੀ ਦਹਾਕਾ ਕੁਝ ਮੁੱਦਿਆ ਕਰਕੇ ਆਪਣੇ ਤੋਂ ਪੂਰਵ ਸਮੇਂ ਤੋਂ ਵੱਖਰਾ ਹੈ, ਸੰਸਾਰ ਪੱਧਰ ਤੇ ਇਹ ਸਮਾਂ ਮਾਰਕਸਵਾਦੀ ਰਾਜਨੀਤਿਕ ਮਾਡਲ ਦੇ ਵਿਹਾਰਕ ਰੂਪ ਵਿਚ ਬਿਖਰਨ ਦਾ ਸਮਾਂ ਸੀ। ਇਸ ਦੇ ਸਿੱਟੇ ਵਜੋ ਸਾਮਰਾਜੀ ਤਾਕਤ ਦਾ ਇਕ ਧਰੁਵੀਕਰਨ ਹੋਇਆ। ਵਿਸ਼ਵਮੰਡੀ ਲਈ ਰਾਹ ਪੱਧਰਾ ਹੋਇਆ। ਭਾਰਤ ਵਿਚ ਇਹ ਸਮਾਂ ਪਬਲਿਕ ਸੈਕਟਰ ਦੇ ਆਰਥਿਕ ਸੰਕਟ ਦਾ ਦੌਰ ਸੀ। ਵਿਸ਼ਵੀਕਰਨ ਨਿੱਜੀਕਰਨ ਅਤੇ ਵਪਾਰੀਕਰਨ ਦਾ ਸਿਧਾਂਤ ਸਾਹਮਣੇ ਆਇਆ। ਭਾਰਤ ਦੇ ਮਿਸ਼ਰਤ ਅਰਥਚਾਰੇ ਦਾ ਸੰਕਟ ਵਧਿਆ। ਯੋਜਨਾਬੱਧ ਆਰਥਿਕ ਵਿਕਾਸ ਦੀ ਥਾਂ ਖੁਲ੍ਹੀ ਮੰਡੀ ਅਰਥਚਾਰਾ ਸਾਹਮਣੇ ਆਇਆ।ਉਪਰੋਕਤ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਵਿਚਾਰਧਾਰਾ ਦੇ ਖੇਤਰ ਵਿਚ ਬਹੁ-ਧੁਨੀਆਂ ਉਭਰਨੀਆਂ ਸ਼ੁਰੂ ਹੋਈਆਂ। ਇਕੋ ਸੱਚ ਨੂੰ ਕਈ ਕੋਨਿਆਂ ਤੋਂ ਪਛਾਣਿਆ ਜਾਣ ਲਗ ਪਿਆ। ਇਕ ਕੇਂਦਰ ਦੁਆਲੇ ਬਿਰਤਾਂਤ ਉਸਾਰਨ ਦੀ ਥਾਂ ਛੋਟੇ ਛੋਟੇ ਬਿਰਤਾਂਤ ਆਪਣਾ ਮਹੱਤਵ ਪ੍ਰਾਪਤ ਕਰਨ ਲਗ ਪਏ। ਸਮਾਜਕ ਹਾਸ਼ੀਏ ਤੇ ਬੈਠੀਆਂ ਧਿਰਾਂ ਕੇਂਦਰ ਵਿਚ ਆਉਣ ਲਗ ਪਈਆਂ। ਪੰਜਾਬ ਪੱਧਰ ਤੇ ਪੰਜਾਬ ਸਮੱਸਿਆ ਸਮੇਂ ਪਿਸ਼ਠਭੂਮੀ ਵਿਚ ਚਲੀਆਂ ਗਈਆਂ ਸਮੱਸਿਆਵਾਂ ਅਗਰਭੂਮੀ ਵਿਚ ਆ ਗਈਆਂ। ਪੰਜਾਬ ਬਾਰੇ ਸੋਚਣ ਦੀ ਸਥਿਤੀ ਠਹਿਰਾ ਵਾਲੀ ਬਣ ਗਈ। ਪਰੰਤੂ ਦ੍ਰਿਸ਼ਟੀ ਵਿਚ ਅਜੇ ਵੀ ਭਾਵੁਕਤਾ ਸ਼ਾਮਲ ਸੀ।

ਅਜਿਹੀ ਸਥਿਤੀ ਵਿਚੋਂ ਦੋ ਪ੍ਰਕਾਰ ਦਾ ਨਾਵਲ ਪੈਦਾ ਹੋਇਆ ਇਕ ਨਾਵਲ ਸਿੱਧੇ ਰੂਪ ਵਿਚ ਪੰਜਾਬ ਸਮੱਸਿਆ ਨਾਲ ਜੁੜਿਆ ਹੋਇਆ ਸੀ। ਇਸ ਦੀ ਟੈਕਸਟ ਸਿੱਧੇ ਰੂਪ ਵਿਚ ਪੰਜਾਬ ਸਮੱਸਿਆ ਨਾਲ ਜੁੜੀਆਂ ਧਿਰਾਂ ਨੂੰ ਸੰਬੋਧਿਤ ਸੀ। ਇਸ ਟੈਕਸਟ ਨਾਲ ਜੁੜੇ ਪਾਤਰ ਆਪੋ ਆਪਣੀਆਂ ਧਿਰਾਂ ਦੇ ਟਿਪੀਕਲ ਪਾਤਰ ਸਨ। ਉਹਨਾਂ ਦਾ ਇਕੋ ਜਿਹਾ ਰੂਪ ਸਾਹਮਣੇ ਸੀ। ਸਾਰੇ ਵਿਰੋਧੀ ਧਿਰਾਂ ਵਲ ਪਿੱਠ ਕਰੀ ਖੜੋਤੇ ਸਨ। ਇਸ ਨਾਲ ਸੰਵਾਦ ਦੀ ਥਾਂ ਮੋਨੋਲਾਗ ਪੈਦਾ ਹੋ ਰਿਹਾ ਸੀ। ਇਸ ਵਿਚੋਂ ਸਰਕਾਰੀ ਅਤੇ ਵਿਅਕਤੀਗਤ



ਦਹਿਸ਼ਤਗਰਦੀ, ਆਰੋਪ ਪ੍ਰਤਿਆਰੋਪ ਵਿਅਕਤੀਗਤ ਪੀੜਾ, ਕਰੁਣਾ, ਜ਼ੁਲਮ, ਕਰੂਰਤਾ ਵਰਗੇ ਤੱਤ ਉਭਰ ਰਹੇ ਸਨ। ਪੰਜਾਬੀ ਨਾਵਲ ਦੀਆਂ ਲਹਿਰਾਂ ਤੇ ਅਧਾਰਿਤ ਮਾਨਸਿਕਤਾ ਅਧੀਨ ਇਹ ਨਾਵਲ ਵਿਚਾਰਧਾਰਕ ਨਿਸਚੈਵਾਦ ਦਾ ਸ਼ਿਕਾਰ ਸਨ। ਅਜਿਹੀ ਟੈਕਸਟ ਤੇ ਅਧਾਰਿਤ ਸਭ ਤੋਂ ਚਰਚਿਤ ਨਾਵਲ ਤਲਵਿੰਦਰ ਸਿੰਘ ਰਚਿਤ ***'ਯੋਧੇ'*** ਹੈ। ਇਸ ਨਾਵਲ ਦੀ ਟੈਕਸਟ ਦਾ ਕਾਰਜ ਖੇਤਰ ਮਾਝਾ ਹੈ। ਪੰਜਾਬ ਸਮੱਸਿਆ ਸਮੇਂ ਇਹ ਸਭ ਤੋਂ ਪ੍ਰਭਾਵਿਤ ਇਲਾਕਾ ਸੀ, ਇਸ ਨਾਵਲ ਦੇ ਕੇਂਦਰ ਵਿਚ ਅੱਤਵਾਦੀਆਂ ਵਿਰੁੱਧ ਜੂਝ ਰਹੀਆਂ ਸ਼ਕਤੀਆਂ ਹਨ। ਇਹਨਾਂ ਦੀ ਪ੍ਰਤੀਨਿਧਤਾ ਖੱਬੀਆਂ ਧਿਰਾਂ ਕਰਦੀਆਂ ਹਨ। ਇਹ ਸਾਰਾ ਨਾਵਲ ਅੱਤਵਾਦੀਆਂ ਦੀਆਂ ਜ਼ਾਲਮਾਨਾ ਕਰਵਾਈਆਂ ਨਾਲ ਭਰਿਆ ਪਿਆ ਹੈ। ਨਾਵਲਕਾਰ ਦੀ ਹਮਦਰਦੀ ਖੱਬੀਆਂ ਧਿਰਾਂ ਨਾਲ ਹੈ। ਇਸ ਨਾਵਲ ਦੇ ਸਾਰੇ ਪਾਤਰ ਵਿਰੋਧੀ ਜੁਟਾਂ ਨਾਲ ਜੁੜੇ ਹੋਏ ਹਨ। ਇਹ ਵਿਰੋਧ ਕੱਟੜ ਪੁਜੀਸ਼ਨਾਂ ਤੇ ਅਧਾਰਿਤ ਹੈ। ਪਾਤਰ ਵਿਸ਼ੇਸ਼ ਪ੍ਰਸਥਿਤੀਆਂ 'ਚੋਂ ਪੈਦਾ ਹੋ ਕੇ ਕਾਟਵੀਆਂ ਪੁਜੀਸ਼ਨਾਂ ਵਿਚ ਵਿਕਸਤ ਨਹੀਂ ਹੁੰਦੇ। ਇਹ ਨਾਵਲ ਇਕ ਕਾਲ-ਬਿੰਦੂ ਤੇ ਤਾਂ ਫੋਕਸ ਕਰਦਾ ਹੈ ਪਰੰਤੂ ਸਥਿਤੀਆਂ ਦੀ ਗਤੀਸ਼ੀਲਤਾ ਨਾਵਲ ਵਿਚੋਂ ਗੁੰਮ ਹੈ। ਇਸ ਤੋਂ ਵੱਖਰੀ ਸਥਿਤੀ ਵਾਲ਼ਾ ਨਾਵਲ ਬੀ. ਐਸ. ਢਿੱਲੋਂ ਦਾ , ***'ਬਾਜ'*** ਹੈ। ਇਹ ਨਾਵਲ ਇਕ ਪੁਲੀਸ ਮੁਕਾਬਲੇ ਵਿਚ ਜ਼ਖ਼ਮੀ ਹੋਏ ਅੱਤਵਾਦੀ ਦੁਆਲੇ ਘੁੰਮਦਾ ਹੈ। ਉਹ ਜ਼ਖ਼ਮੀ ਹਾਲਤ ਵਿਚ ਟਿਊਬਵੈਲ ਦੇ ਕੋਠੇ ਵਿਚ ਪਹੁੰਚ ਜਾਂਦਾ ਹੈ। ਸਾਰੀ ਕਹਾਣੀ ਉਹਦੀਆਂ ਸਿਮਰਤੀਆਂ ਵਿਚੋਂ ਉਭਰਦੀ ਹੈ, ਇਸ ਵਿਚ ਰਾਜ (State) ਦੁਆਰਾ ਫੈਲਾਈ ਦਹਿਸ਼ਤਗਰਦੀ ਮਾਨਵ ਵਿਰੋਧੀ ਧਿਰ ਬਣਾ ਕੇ ਪੇਸ਼ ਕੀਤੀ ਗਈ ਹੈ, ਇਹ ਸੰਖੇਪਤਾ ਅਤੇ ਸਥਿਤੀਆਂ ਦੀ ਸ਼ਿੱਦਤ ਕਾਰਨ ਚਰਚਾ ਵਿਚ ਰਿਹਾ ਹੈ। ਤੀਜਾ ਨਾਵਲ ਜਸਬੀਰ ਮੰਡ ਦੀ ਰਚਨਾ ***'ਔੜ ਦੇ ਬੀਜ'*** ਹੈ। ਇਹ ਨਾਵਲ ਲੜੀਵਾਰ ਦੋ ਭਾਗਾਂ ਵਿਚ ਹੈ। ਪਹਿਲਾ ਭਾਗ ਅਕਾਲੀ ਮੋਰਚੇ ਨਾਲ ਸਬੰਧਿਤ ਹੈ। ਦੂਜਾ ਭਾਗ ਪਰੰਪਰਾਗਤ ਲੀਡਰਸ਼ਿੱਪ ਤੋਂ ਬਾਗੀ ਹੋ ਕੇ ਗਰਮ ਰਾਜਨੀਤੀ ਦੇ ਉਦੈ ਹੋਣ ਨਾਲ ਹੈ। ਇਸ ਨਾਵਲ ਦੀ ਟੈਕਸਟ ਵਿਅਕਤੀਆਂ ਦੀ ਥਾਂ ਉਹਨਾਂ ਸਥਿਤੀਆਂ ਤੇ ਅਧਾਰਿਤ ਹੈ ਜਿਹੜੀਆਂ ਗਰਮ ਸਿਆਸਤ ਲਈ ਮਾਹੌਲ ਪੈਦਾ ਕਰ ਰਹੀਆਂ ਹਨ। ਇਹਨਾਂ ਸਥਿਤੀਆਂ 'ਚੋਂ ਉਪਜੀ ਮਾਨਸਿਕਤਾ ਦਾ ਚਿੱਤਰ ਇਸ ਨਾਵਲ ਦੀ ਪ੍ਰਾਪਤੀ ਹੈ। ਇਸ ਨਾਵਲ ਦੇ ਪਾਤਰ ਇਕ ਦੂਜੇ ਨਾਲ ਸੰਵਾਦ ਦੀ ਸਥਿਤੀ ਵਿਚ ਹਨ। ਇਸ ਨਾਵਲ ਵਿਚ ਆਰਥਿਕ ਸਮਾਜਕ ਵਿਕਾਸ ਦੇ ਪਿਛੋਕੜ ਵਿਚੋਂ ਇਕ ਇਤਿਹਾਸਕ ਬਿਰਤਾਂਤ ਵੀ ਨਾਲ ਨਾਲ ਚਲਦਾ ਹੈ ਜਿਹੜਾ ਇਤਿਹਾਸ ਲੋਕ-ਮੁਖੀ ਹੈ। ਇਸ ਨਾਵਲ ਵਿਚ ਦਲਿਤਾਂ ਤੋਂ ਕਿਸਾਨੀ ਦੀ ਮਾਨਸਿਕਤਾ ਅੰਦਰ ਆਏ ਬਦਲਾਅ ਛੋਟੀਆਂ ਛੋਟੀਆਂ ਘਟਨਾਵਾਂ ਰਾਹੀਂ ਸਿਰਜੇ ਗਏ ਹਨ, ਕਿਸਾਨੀ ਅਤੇ ਦਲਿਤਾਂ ਦੇ ਛੋਟੇ ਛੋਟੇ ਟਕਰਾਅ ਸਮਾਜਕ ਪ੍ਰਸੰਗ ਵਿਚ ਉਭਰਦੇ ਹਨ। ਇਹਨਾਂ ਤਿੰਨੇ ਨਾਵਲਾਂ ਦਾ ਕੇਂਦਰ ਬਿੰਦੂ ਪੰਜਾਬ ਸਮੱਸਿਆ ਦੀਆਂ ਵਕਤੀ ਘਟਨਾਵਾਂ ਹਨ। ਇਹਨਾਂ ਨਾਵਲਾਂ ਦਾ ਸਮੁੱਚਾ ਫੋਕਸ ਸਮੱਸਿਆ ਨਾਲ ਜੁੜੀਆਂ ਧਿਰਾਂ ਉਤੇ ਹੈ।

ਪੰਜਾਬ ਸਮੱਸਿਆਂ ਨੂੰ ਅਸਿੱਧੇ ਰੂਪ ਵਿਚ ਸੰਬੋਧਤ ਨਾਵਲ ***'ਕੰਜਕਾਂ'*** (ਸਵਰਨ ਚੰਦਨ), ***'ਪਰਸਾ'*** (ਗੁਰਦਿਆਲ ਸਿੰਘ), ਅਤੇ ***'ਤੋਸ਼ਾਲੀ ਦੀ ਹੰਸੋ'*** (ਜਸਵੰਤ ਸਿੰਘ ਕੰਵਲ) ਹਨ। ਇਹਨਾਂ ਤਿੰਨਾਂ ਨਾਵਲਾਂ ਦੇ ਘਟਨਾ-ਸਥਾਨ ਵੱਖੋ ਵੱਖਰੇ ਹਨ। ***'ਕੰਜਕਾਂ'*** ਦਾ ਵਲੈਤ, ਪਰਸਾ ਦਾ ਪੰਜਾਬ ਅਤੇ **ਤੋਸ਼ਾਲੀ ਦੀ ਹੰਸੋ** ਦਾ ਉੜੀਸਾ ਹੈ। ਇਹ ਤਿੰਨੇ ਟੈਕਸਟਾਂ ਵੱਖੋਂ ਵੱਖਰੇ ਵਿਸ਼ਿਆ ਨੂੰ ਸੰਬੋਧਿਤ ਹੁੰਦੀਆਂ ਹੋਈਆਂ ਸਮਕਾਲੀ ਅਤੇ ਦੀਰਘਕਾਲੀ ਸਮੱਸਿਆਵਾਂ ਨਾਲ ਦਸਤਪੰਜਾਂ ਲੈਂਦੀਆਂ ਹਨ। ਤਿੰਨਾਂ ਦੇ ਲੇਖਕਾਂ ਦਾ ਪੰਜਾਬੀ ਨਾਵਲ ਵਿਚ ਉੱਚਾ ਸਥਾਨ ਹੈ. ਇਸ ਦੌਰ ਦਾ ਸਭ ਤੋਂ ਵੱਡਾ ਕੈਨਵਸ ਵਾਲਾ ਨਾਵਲ ***'ਕੰਜਕਾ'*** ਹੈ। ਇਹ ਨਾਵਲ ਪਰਵਾਸੀ ਜੀਵਨ ਨਾਲ ਸੰਬੰਧਿਤ ਹੈ। ਇਸ ਦਾ ਕਾਲ ਖੇਤਰ (ਸਾਲ ਉਨੀ ਸੌ ਸੱਤਰ ਦੀ ਸ਼ੁਰੂਆਤ 1ਜਨਵਰੀ ਦਾ ਮਹੀਨਾ) ਤੋਂ ਲੈ ਕੇ (ਮਾਰਚ , 1989) ਤੱਕ ਫੈਲਿਆ ਹੋਇਆ ਹੈ। ਇਹਨਾਂ ਦੋ ਦਹਾਕਿਆ ਦਾ ਸਮੁੱਚਾ ਬਰਤਾਨਵੀ ਜੀਵਨ ਨਾਵਲ ਦੀ ਟੈਕਸਟ ਤੇ ਫੈਲਿਆ ਹੋਇਆ ਹੈ। ਇਸ ਦੇ ਕੇਂਦਰ ਵਿਚ ਪਰਵਾਸੀ ਜੀਵਨ ਹੈ। ਪਰੰਤੂ ਇਹ ਪਰਵਾਸੀ ਜੀਵਨ ਖਲ੍ਹਾ ਵਿਚ ਨਹੀਂ ਸਗੋਂ ਗੋਰੇ ਸਮਾਜ ਦੇ ਪ੍ਰਸੰਗ ਵਿਚ ਉਭਰਦਾ ਹੈ। ਇਸ ਨਾਵਲ ਵਿਚ ਇਸ ਦੌਰ ਦੀਆਂ ਸਮੁੱਚੀਆਂ ਸਮੱਸਿਆਵਾਂ ਨੂੰ ਹੱਥ ਪਾਇਆ ਗਿਆ ਹੈ।

ਇਸ ਵਿਚ ਪਰਵਾਸੀਆਂ ਦੀਆਂ ਕੰਮ ਕਰਨ ਦੀ ਸਥਿਤੀਆਂ, ਪਰਵਾਸੀਆਂ ਦੀ ਘਰੇਲੂ ਜ਼ਿੰਦਗੀ, ਪਰਵਾਸੀਆਂ ਦੇ ਜਾਤੀ ਅਤੇ ਜਮਾਤੀ ਮਸਲੇ, ਭਾਰਤੀ ਅਵਚੇਤਨ ਵਿਚ ਵਸੀ ਜਾਤ-ਪਾਤੀ ਸਮੱਸਿਆ, ਨਸਲਵਾਦੀ ਸਮੱਸਿਆ, ਟਰੇਡ ਯੂਨੀਅਨਾਂ ਦਾ ਰਾਜਨੀਤਕ ਮਾਹੌਲ, ਨਵੀਂ ਪੀੜ੍ਹੀ ਦੇ ਬਦਲਦੇ ਜੀਵਨ ਮੁੱਲ, ਪੀੜ੍ਹੀ ਪਾੜੇ ਦੀ ਸਮੱਸਿਆ, ਗਰਮ ਸਿਆਸਤ, ਪੰਜਾਬ ਸਮੱਸਿਆ ਕਾਰਨ ਉਪਜਿਆ ਸੰਕਟ ਆਦਿ ਸ਼ਾਮਲ ਹਨ। ਇਸ ਨਾਵਲ ਵਿਚ ਇਕਪਰਤੀ ਅਤੇ ਨਾਇਕਮੁਖੀ ਬਿਰਤਾਂਤ ਦੀ ਥਾਂ ਬਹੁਪਰਤੀ ਜਟਿਲ ਅਤੇ ਸਮੂਹਮੁਖੀ ਬਿਰਤਾਂਤ ਉਭਰਦਾ ਹੈ। ਇਸ ਵਿਚ ਇਤਿਹਾਸਕ ਬਿਰਤਾਂਤ ਸਾਹਿਤਕ ਬਿਰਤਾਂਤ ਅਧੀਨ ਕਿਰਿਆਸ਼ੀਲ ਹੁੰਦਾ ਹੈ। ਇਸ ਦੇ ਸਾਰੇ ਪਾਤਰ ਇਕ ਸੰਵਾਦ ਦੀ ਸਥਿਤੀ ਵਿਚ ਆਹਮੋ-ਸਾਹਮਣੇ ਹਨ। ਜ਼ਾਹਰਾ ਰੂਪ ਵਿਚ ਇਸ ਨਾਵਲ ਦਾ ਕੇਂਦਰੀ ਪਾਤਰ ਸੁਜਾਨ ਸੀਕਰੀ ਹੈ ਜਿਹੜਾ ਸਾਰੀਆਂ ਸਮੱਸਿਆਵਾਂ ਨਾਲ ਜੁੜਿਆ ਹੋਇਆ ਹੈ। ਪਰੰਤੂ ਅਸਲ ਵਿਚ ਇਹ ਸਮੱਸਿਆਵਾਂ ਸਮੁੱਚੇ ਪੰਜਾਬੀ ਭਾਈਚਾਰੇ ਦੀਆਂ ਹਨ। ਸਵਰਨ ਚੰਦਨ ਇਹਨਾਂ ਨੂੰ ਇਨੀ ਦੀਰਘ ਦ੍ਰਿਸ਼ਟੀ ਨਾਲ ਚਿੱਤਰਦਾ ਹੈ ਕਿ ਅੱਜ ਤਕ ਦਾ ਪਰਵਾਸੀ ਪੰਜਾਬੀ ਨਾਵਲ ਉਸ ਚੋਂ ਨਿਕਲੇ ਉਪ-ਬਿਰਤਾਂਤਾਂ ਦਾ ਹੀ ਵਿਸਥਾਰ ਮਾਤਰ ਹੈ। ਇਹ ਸਮੱਸਿਆ ਜਿਥੇ ਸਮੁੱਚੇ ਬਰਤਾਨਵੀ ਨਾਵਲ ਲਈ ਹੈ ਉਥੇ ਸਵਰਨ ਚੰਦਨ ਲਈ ਵੀ ਹੈ ਕਿ ਇਸ ਤੋਂ ਬਾਅਦ ਉਸ ਕੋਲ ਪਰਵਾਸੀਆਂ ਬਾਰੇ ਲਿਖਣ ਲਈ ਵੱਡੇ ਕੈਨਵਸ ਤੇ ਚਿਤਰਣ ਵਾਲੀ ਸਮੱਸਿਆ ਨਹੀਂ ਰਹੀ। ਇਸੇ ਲਈ ਉਹ 'ਉਜਾੜਾ' ਤ੍ਰੈਲੜੀ ਰਾਹੀ ਏਸ਼ਿਆਈ ਖੇਤਰ ਦੇ ਵੱਡੇ ਦੁਖਾਂਤ ਨੂੰ ਹੱਥ ਪਾਉਂਦਾ ਹੈ। ਇਨੇ ਸਾਰੇ ਪਾਤਰਾਂ ਨੂੰ ਚਿਤਰਣਾ ਉਹਨਾਂ ਦੀ ਖੁਦਮੁਖਤਾਰੀ ਕਾਇਮ ਰੱਖਣਾ ਅਤੇ ਉਹਨਾਂ ਨੂੰ ਟਿਪੀਕਲ ਪਾਤਰਾਂ ਵਿਚ ਢਾਲਣਾ ਸਵਰਨ ਚੰਦਨ ਦੀ ਨਾਵਲੀ ਸਮਰੱਥਾ ਦਾ ਪ੍ਰਮਾਣ ਹੈ। ਇਸ ਵਿਚ ਪੰਜਾਬ ਸਮੱਸਿਆ ਇਕ ਇਤਿਹਾਸਕ ਪੜਾਅ 'ਚੋਂ ਪੈਦਾ ਹੋਈ ਸਥਿਤੀ ਹੈ। ਅਤੇ ਸਮੁੱਚੇ ਨਾਵਲ ਦਾ ਉਪ-ਬਿਰਤਾਂਤ ਹੈ। ਇਸੇ ਉਪ-ਬਿਰਤਾਂਤ ਦਾ ਅਵਚੇਤਨ ***ਉਜਾੜਾ*** ਵਿਚ ਆਪਣੇ ਪ੍ਰਸੰਗਾਂ ਸਮੇਤ ਕੇਂਦਰੀ ਬਿਰਤਾਂਤ ਬਣ ਕੇ ਉਭਰਦਾ ਹੈ। ਉਪ-ਬਿਰਤਾਂਤਾਂ ਦੀ ਖੁਦਮੁਖਤਾਰੀ ਦੀ ਇਹ ਵਿਧਾ ਪੰਜਾਬੀ ਨਾਵਲ ਲਈ ਇਕ ਮਾਡਲ ਸਾਬਤ ਹੋਈ।

ਪੰਜਾਬ ਸਮੱਸਿਆ ਦੇ ਅਪ੍ਰੋਖ ਰੂਪ ਦੀ ਅਗਲੀ ਟੈਕਸਟ ***'ਪਰਸਾ'***ਹੈ। ਇਸ ਦਾ ਕਾਰਜ ਖੇਤਰ ਪੰਜਾਬ ਹੈ। ***ਪਰਸਾ*** ਨਾਵਲ ਗੁਰਦਿਆਲ ਸਿੰਘ ਦੇ ਨਾਵਲਾਂ ਦੀ ਵਿਕਸਤ ਕੜੀ ਹੈ। ਇਸ ਵਿਕਾਸ ਦਾ ਅਧਾਰ ਵਿਧੀ ਅਤੇ ਦ੍ਰਿਸ਼ਟੀ ਹੋਣ ਦੀ ਥਾਂ ਪਾਤਰ ਹਨ। ਪਰਸਾ ਇਕ ਅਜਿਹਾ ਪਾਤਰ ਹੈ ਜਿਹੜਾ ਮਾਨਵੀ ਕਦਰਾਂ ਕੀਮਤਾਂ ਦਾ ਧਾਰਨੀ ਹੈ। ਉਸ ਦੀ ਮਾਨਵਤਾ ਦਾ ਮਾਡਲ ਆਪਣਾ ਹੈ । ਉਹ ਕਿਸੇ ਵੀ ਧਾਰਮਿਕ ਵਿਧੀ ਵਿਧਾਨ ਵਿਚ ਵਿਸਵਾਸ਼ ਨਹੀਂ ਰੱਖਦਾ ਹੈ। ਉਹ ਪਰਸਾ, ਮਿੱਥਕ ਪਾਤਰ ਪਰਸ ਰਾਮ ਦਾ ਪ੍ਰਤੀਕ ਹੈ। ਪਰਸਾ ਦੇ ਕੋਸ਼ਗਤ ਅਰਥ 'ਕੁਹਾੜਾ' ਹਨ। ਇਹ ਕੁਹਾੜਾ ਹਰ ਉਸ ਸੱਤਾ ਦਾ ਵਿਰੋਧੀ ਹੈ ਜਿਹੜੀ ਤਾਕਤ ਦੇ ਨਸ਼ੇ ਵਿਚ ਮਾਨਵਤਾ ਦਾ ਘਾਣ ਕਰਦੀ ਹੈ। ਉਹ ਜਾਤੀ ਤੌਰ ਤੇ ਬ੍ਰਾਹਮਣ ਹੈ ਕਿੱਤੇ ਦੇ ਤੌਰ ਤੇ ਕਿਸਾਨ ਹੈ। ਉਸਦਾ ਚਿੰਤਨ ਲੋਕ ਮਾਨਸਿਕਤਾ ਹੈ। ਆਪਣੇ ਚਿੰਤਨ ਲਈ ਉਹ ਗੁਰਬਾਣੀ ਤੋਂ ਪ੍ਰੇਰਨਾ ਲੈਂਦਾ ਹੈ। ਗੁਰਦਿਆਲ ਸਿੰਘ ਇਸ ਨਾਵਲ ਵਿਚ ਧਰਮ ਦੇ ਵਿਖਾਵੇ ਦੇ ਚਿੰਨ੍ਹਾਂ ਦਾ ਵਿਰੋਧ ਕਰਦਾ ਹੈ। ਇਹ ਚਿੰਨ੍ਹ ਪੰਜਾਬ ਸਮੱਸਿਆ ਸਮੇਂ ਅਗਰਭੂਮੀ ਵਿਚ ਸਨ। ਗੁਰਦਿਆਲ ਸਿੰਘ ***'ਮੜ੍ਹੀ ਦਾ ਦੀਵਾ'***ਅਤੇ ***'ਅੰਨ੍ਹੇ ਘੋੜੇ ਦਾ ਦਾਨ'*** ਵਿਚ ਨਾਇਕ ਦੀ ਜਿਸ ਮਿੱਥ ਨੂੰ ਤੋੜਦਾ ਹੈ ***ਪਰਸਾ*** ਵਿਚ ਉਸੇ ਨੂੰ ਜੀਵਤ ਕਰ ਲੈਂਦਾ ਹੈ। ਗੁਰਦਿਆਲ ਸਿੰਘ ਪ੍ਰਤੀਕ ਰੂਪ ਵਿਚ ਕਈ ਸਮੱਸਿਆਵਾਂ ਨੂੰ ਹੱਥ ਪਾਉਂਦਾ ਹੈ ਪਰੰਤੂ ਦਰਸ਼ਨ ਸਮੁੱਚੇ ਨਾਵਲ ਤੇ ਭਾਰੂ ਰਹਿੰਦਾ ਹੈ। ***ਪਰਸਾ*** ਇਕ ਅਜਿਹੇ ਜਿੱਦੀ ਨਾਇਕ ਦੇ ਰੂਪ ਵਿਚ ਉਭਰਦਾ ਹੈ ਜਿਹੜਾ ਕਈ ਦਹਾਕਿਆ ਦੀਆਂ ਪਦਾਰਥਕ ਹਾਲਾਤਾਂ ਦੀਆਂ ਤਬਦੀਲੀਆਂ ਨੂੰ ਅਪਣਾਉਣ ਦੀ ਥਾਂ ਪਿੱਠ ਕਰੀ ਖੜ੍ਹਾ ਹੈ। ਨਾਵਲ ਦੇ ਅਖੀਰ ਵਿਚ ਉਹ ਜਿਸ ਪਿੰਡ ਨੂੰ ਤਿਆਗ ਕੇ ਜਾਂਦਾ ਹੈ ਮੁਢੋ ਸੁਢੋ ਫਿਰ ਲੜਾਈ ਸ਼ੁਰੂ ਕਰਦਾ ਹੈ। ਗੁਰਦਿਆਲ ਸਿੰਘ ਜਿਸ ਪੰਜਾਬ ਨੂੰ ਉਸ ਵਿਚੋਂ ਤਲਾਸ਼ ਰਿਹਾ ਹੈ ਉਹ ਜੜਤਾ ਦਾ ਪ੍ਰਤੀਕ ਹੈ। ਗੁਰਦਿਆਲ ਸਿੰਘ ਦਾ ਇਹ ਪਾਤਰ ਨਵੇਂ ਨਾਵਲ ਵਿਚ ਕਿਸ ਰੂਪ ਵਿਚ ਪੇਸ਼ ਹੁੰਦਾ ਹੈ ਇਹ ਭਵਿੱਖ ਦੇ ਗਰਭ ਵਿਚ ਹੈ।



ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਪੰਜਾਬ ਸਮੱਸਿਆ ਦੇ ਰਾਜਨੀਤਕ ਸਮੀਕਰਣਾ ਦਾ ਪ੍ਰਤੀਕ ***'ਤੋਸ਼ਾਲੀ ਦੀ ਹੰਸੋ'***ਹੈ। ਇਹ ਨਾਵਲ ਅਸ਼ੋਕ ਦੀ ਪਾਸਾਰਵਾਦੀ ਨੀਤੀ ਅਤੇ ਉਸਦੇ ਵਿਰੋਧ ਵਿਚ ਤੋਸ਼ਾਲੀ ਦੇ ਲੋਕਾਂ ਦੇ ਸੰਘਰਸ਼ ਨਾਲ ਸਬੰਧਿਤ ਹੈ। ਉਹ ਇਸ ਸੰਘਰਸ਼ ਨੂੰ ਕੇਵਲ ਭਾਰਤ ਦੀਆਂ ਘੱਟ ਗਿਣਤੀਆਂ ਦੀ ਖੁਦਮੁਖਤਾਰੀ ਦਾ ਸੰਘਰਸ਼ ਬਣਾ ਕੇ ਪੇਸ਼ ਕਰਦਾ ਹੈ। ਇਸ ਵਿਚ ਉਪ-ਬਿਰਤਾਂਤਾਂ ਰਾਹੀਂ ਸੱਤਾ ਦੇ ਬਿਰਤਾਂਤ ਨੂੰ ਵੱਡੀ ਚੁਣੌਤੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਕੰਵਲ ਦਾ ਇਹੀ ਇਕ ਨਾਵਲ ਹੈ ਜਿਹੜਾ ਨਾਇਕ ਦੀ ਰੂੜੀ ਤੋਂ ਮੁਕਤ ਹੈ। ਇਸਦਾ ਅਪ੍ਰੋਖ ਮੁਖ ਪਾਤਰ ਅਸ਼ੋਕ ਲੋਕ ਵਿਰੋਧੀ ਪਾਤਰ ਦੇ ਰੂਪ ਵਿਚ ਨਿਰੰਕੁਸ਼ ਸੱਤਾ ਦਾ ਪ੍ਰਤੀਕ ਬਣ ਕੇ ਉਭਰਦਾ ਹੈ। ਕੰਵਲ ਇਸ ਨਾਵਲ ਵਿਚ ਇਤਿਹਾਸਕ ਬਿਰਤਾਂਤ ਦੀ ਉਸਾਰੀ ਲੋਕ ਮੁਖੀ ਮੁਹਾਵਰੇ ਤੋਂ ਕਰਦਾ ਹੈ। ਉਹ ਆਸ਼ੋਕ ਦੇ ਕਲਿੰਗਾ ਦੇ ਯੁੱਧ ਦਾ ਸਮੇਂ ਦੇ ਲੋਕਾਂ ਦੇ ਜੀਵਨ ਨੂੰ ਉਹਨਾਂ ਦੇ ਅੰਤਰ-ਵਿਰੋਧਾਂ ਸਮੇਤ ਉਭਾਰਦਾ ਹੈ। ਇਸ ਨਾਵਲ ਦਾ ਕੇਂਦਰੀ ਪ੍ਰਵਚਨ ਰਾਜਨੀਤਕ ਅੰਤਰ ਵਿਰੋਧਾਂ ਦੁਆਲੇ ਘੁੰਮਦਾ ਹੈ। ਇਸਦਾ ਮੁੱਖ ਸਵਾਲ ਭਾਰਤ ਦੀ ਏਕਤਾ ਅਤੇ ਅਖੰਡਤਾ ਨਾਲ ਜੁੜਿਆ ਹੋਇਆ ਹੈ। ਵਿਸ਼ੇਸ਼ ਤੌਰ ਤੇ ਘੱਟ ਗਿਣਤੀਆਂ ਦੇ ਪ੍ਰਸੰਗ ਵਿਚ। ਮਨਮੋਹਨ ਬਾਵਾ ਵੀ ਆਪਣੇ ਨਾਵਲ ***'ਯੁੱਧ ਨਾਦ'***ਵਿਚ ਇਸ ਸਵਾਲ ਨੂੰ ਸਾਹਿਤਕ ਪ੍ਰਵਚਨ ਰਾਹੀਂ ਉਠਾਉਂਦਾ ਹੈ । ਉਹ ਇਸ ਨਾਵਲ ਰਾਹੀਂ ਪੰਜਾਬ ਦੇ ਲੋਕ-ਮਾਨਸ ਵਿਚ ਪ੍ਰਚੱਲਤ ਕਈ ਮਿੱਥਾਂ ਨੂੰ ਤੋੜਦਾ ਹੈ। ਸਿਕੰਦਰ ਦੀ ਅਜਿੱਤ ਹੋਣ ਦੀ ਮਿੱਥ ਅਤੇ ਪੋਰਸ ਦੀ ਲੋਕ ਨਾਇਕ ਦੀ ਮਿੱਥ ਨੂੰ ਤੋੜ ਕੇ ਤੱਥਮੂਲਕ ਸੱਤਾ ਦੀ ਦ੍ਰਿਸ਼ਟੀ ਤੋਂ ਲਿਖੇ ਇਤਿਹਾਸ ਅਤੇ ਲੋਕ ਇਤਿਹਾਸ ਵਿਚ ਨਿਖੇੜਾ ਕਰਦਾ ਹੈ। ਇਸ ਨਾਵਲ ਦੀਆਂ ਨਾਵਲੀ ਘਟਨਾਵਾਂ ਦਾ ਕੇਂਦਰ ਭਾਵੇਂ ਯੁੱਧ ਅਤੇ ਯੁੱਧ ਨੀਤੀ ਹੈ ਪਰੰਤੂ ਫਿਰ ਵੀ ਲੋਕ ਜੀਵਨ ਦੀਆਂ ਉਹ ਵੀ ਫੌਜੀ ਜੀਵਨ ਦੀਆਂ ਕੁਝ ਪਰਤਾਂ ਨੂੰ ਜ਼ਰੂਰ ਉਭਾਰਦਾ ਹੈ। ਸਮੁੱਚੇ ਲੋਕ ਜੀਵਨ ਨੂੰ ਆਪਣੇ ਕਲੇਵਰ ਵਿਚ ਨਾ ਸਮੇਟਣ ਦੇ ਕਾਰਨ ਨਾਵਲ ਦੇ ਸਰੋਤ ਬਿੰਦੂਆਂ ਵਿਚ ਮੌਜੂਦ ਹਨ। ਇਸ ਨਾਵਲ ਦੇ ਪ੍ਰੇਰਨਾ ਸਰੋਤਾਂ ਵਿਚੋਂ ਇਕ ਕਬੀਲਿਆਂ ਦਾ ਇਤਿਹਾਸ ਹੈ। ਇਸ ਵਿਚੋਂ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕਬੀਲਿਆਂ ਦੀ ਖੁਦਮੁਖਤਾਰੀ ਜ਼ਰੂਰੀ ਹੈ। ਜਦੋਂ ਜਦੋਂ ਭਾਰਤ ਦੇ ਗਣ ਕਮਜ਼ੋਰ ਹੋਏ ਹਨ ਉਦੋਂ ਹੀ ਬਾਹਰੀ ਸ਼ਕਤੀਆਂ ਦੀ ਜਿੱਤ ਲਈ ਰਾਹ ਪੱਧਰਾ ਹੋਇਆ ਹੈ। ਇਹ ਸਵਾਲ ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਭਖਵੇਂ ਸਵਾਲ ਸਨ। ਇਸੇ ਲਈ ਇਹ ਸਵਾਲ ਅਵਚੇਤਨੀ ਰੂਪ ਵਿਚ ਵੀ ਨਾਵਲ ਸੰਸਾਰ ਦਾ ਹਿੱਸਾ ਬਣਦੇ ਰਹੇ ਹਨ।

ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਉਭਰੇ ਘੱਟ ਗਿਣਤੀ ਦੇ ਸਵਾਲਾਂ ਨੇ ਇਸਦੇ ਕਾਰਨਾਂ ਵਲ ਨੂੰ ਰੁਖ ਕੀਤਾ। ਉਸ ਸਮੇਂ ਦੱਖਣੀ ਏਸ਼ੀਆ ਪ੍ਰਤੀ ਸਾਮਰਾਜ ਦੀ ਨੀਤੀ ਸਮੁੱਚੀ ਮੰਡੀ ਨੂੰ ਟੋਟਿਆ ਦੇ ਰੂਪ ਵਿਚ ਪ੍ਰਾਪਤ ਕਰਨ ਦੀ ਸੀ। ਇਸ ਲਈ ਇਹਨਾਂ ਮੁਲਕਾਂ ਵਿਚ ਧਰਮ ਤੇ ਅਧਾਰਿਤ ਕੌਮੀਅਤ ਦੇ ਵੱਡੇ ਪ੍ਰਸ਼ਨ ਪੈਦਾ ਹੋਏ। ਇਸ ਸਮੇਂ ਚਿੰਤਨ ਜਗਤ ਵਿਚ ਇਕ ਹਿੱਸਾ ਧਰਮ ਅਧਾਰਿਤ ਸਵਾਲਾਂ ਦੇ ਹੱਕ ਵਿਚ ਖੜਾ ਸੀ ਅਤੇ ਦੂਜਾ ਇਸ ਦੇ ਵਿਰੋਧ ਵਿਚ। ਵਿਰੋਧੀਆਂ ਦਾ ਵਿਚਾਰਧਾਰਾਈ ਅਧਾਰ ਪ੍ਰਗਤੀਵਾਦ ਸੀ। ਇਹਨਾਂ ਲੇਖਕਾਂ ਨੇ ਦੇਸ਼ ਵੰਡ ਦੇ ਦੁਖਦਾਇਕ ਪਹਿਲੂ ਨੂੰ ਉਭਾਰ ਕੇ ਅੱਧੀ ਸਦੀ ਪਹਿਲਾ ਹੋਈ ਧਰਮ ਅਧਾਰਿਤ ਵੰਡ ਦੇ ਸਵਾਲਾਂ ਨੂੰ ਰੱਦ ਕਰ ਦਿੱਤਾ। ਇਹ ਦੇਸ਼ ਵੰਡ ਦਾ ਦੁਖਾਂਤ ਲਗਾਤਾਰ ਸਾਡੇ ਨਾਵਲਕਾਰਾਂ ਦੇ ਅਵਚੇਤਨ ਦਾ ਹਿੱਸਾ ਰਿਹਾ ਹੈ। ਇਸ ਦੇਸ਼ ਵੰਡ ਦੇ ਸਵਾਲ ਨਾਲ ਬਹੁਤ ਸਾਰੇ ਸਵਾਲ ਜੁੜੇ ਹੋਏ ਹਨ। ਇਸ ਦੁਖਾਂਤ ਨੂੰ ਪੂਰੀ ਸ਼ਿੱਦਤ ਨਾਲ ਸਵਰਨ ਚੰਦਨ ਨੇ ਆਪਣੇ ਤ੍ਰੈਲੜੀ ***'ਉਜਾੜਾ'***ਰਾਹੀਂ ਪੇਸ਼ ਕੀਤਾ ਹੈ। ਇਹ ਉਜਾੜਾ ਬਟਵਾਰੇ ਦੇ ਸਿਧਾਂਤ ਵਿਚੋਂ ਉਪਜਦਾ ਹੈ। ਉਜਾੜੇ ਸਮੇਂ ਦਰਿੰਦਗੀ ਅਗਰਭੂਮੀ ਵਿਚ ਆਉਣ ਕਾਰਨ ਸਮਾਜਕ ਅਤੇ ਮਾਨਵੀ ਰਿਸ਼ਤਿਆ ਦੀ ਪਰੰਪਰਾਗਤ ਵਿਆਕਰਣ ਟੁੱਟ ਜਾਂਦੀ ਹੈ। ਇਹ ਵਿਆਕਰਣ ਦੇ ਟੁੱਟਣ ਦਾ ਅਹਿਸਾਸ ਤਾਂ ਪੈਦਾ ਹੁੰਦਾ ਹੈ ਕਿਉਂਕਿ ਇਥੋਂ ਦੇ ਲੋਕਾਂ ਦੀਆਂ ਜੜ੍ਹਾਂ ਨਸਲੀ ਤੌਰ 'ਤੇ ਇਕੋ ਸਰੋਤ ਨਾਲ ਜੁੜੀਆਂ ਹੋਈਆਂ ਹਨ। ਇਸ ਨਾਵਲ ਦਾ ਮੁੱਖ ਪਾਤਰ ਚੇਤੂ ਇਸ ਹੋਣੀ ਨੂੰ ਆਪਣੇ ਪਿੰਡੇ 'ਤੇ ਹੰਢਾਉਂਦਾ ਹੈ। ਬਟਵਾਰਾ ਭਾਈਚਾਰਕ ਏਕਤਾ ਦੀ ਵਿਅਕਰਨ ਨੂੰ ਹੀ ਨਹੀਂ ਤੋੜਦਾ ਸਗੋਂ ਪਰਿਵਾਰਕ ਯੂਨਿਟਾਂ ਨੂੰ ਵੀ ਤਾਰ ਤਾਰ ਕਰ ਦਿੰਦਾ ਹੈ। ਇਸ ਤ੍ਰੈਲੜੀ ਵਿਚਲਾ ਬਿਰਤਾਂਤ ਬਸਤੀਵਾਦੀ ਪੰਜਾਬ ਤੋਂ ਲੈ ਕੇ ਅਜ਼ਾਦ ਭਾਰਤ ਦੇ ਪੰਜਾਬ ਵਿਚਲੇ ਵਿਕਾਸ ਤਕ ਫੈਲਿਆ ਹੋਇਆ ਹੈ। ਇਸ ਨਾਵਲ

ਦਾ ਸਮੁੱਚਾ ਬਿਰਤਾਂਤ ਭਾਵੇਂ ਚੇਤੂ ਦੁਆਲੇ ਸਿਰਜਿਆ ਗਿਆ ਹੈ ਪਰੰਤੂ ਚੇਤੂ ਸਿਰਫ਼ ਇਕ ਮਾਧਿਆਮ ਹੈ ਅਸਲ ਸਵਾਲ ਭਾਰਤੀ ਸਮਾਜ ਦੇ ਕਈ ਅੰਤਰ ਵਿਰੋਧਾਂ ਦੁਆਲੇ ਘੁੰਮਦੇ ਹਨ। ਚੇਤੂ ਦੀ ਦੁਖਮਈ ਸਥਿਤੀ ਦਾ ਬਦਲ ਸਾਹਿਤ ਨਾਲ ਜੁੜਿਆ ਹੋਇਆ ਹੈ। ਸਵਰਨ ਚੰਦਨ ਚੇਤੂ ਦੇ ਸੰਘਰਸ਼ ਨੂੰ ਪੰਜਾਬ ਦੀ ਗਤੀਸ਼ੀਲਤਾ ਦਾ ਪ੍ਰਤੀਕ ਬਣਾ ਕੇ ਪੇਸ਼ ਕਰਦਾ ਹੈ। ਉਸ ਲਈ ਪੰਜਾਬ ਸਾਹਿਤ ਦੇ ਨਾਂ ਤੇ ਜਿਉਂਦਾ ਹੈ। ਇਸੇ ਦੁਖਾਂਤ ਦੇ ਵਿਭਿੰਨ ਪਾਸਾਰਾ ਨੂੰ ਕੇਵਲ ਕਲੋਟੀ ਆਪਣੇ ਨਾਵਲਾ ***'ਹੋਣੀ ਇਕ ਦੇਸ਼ ਦੀ'*** ਦੇ ਪਹਿਲੇ ਭਾਗ ਰਾਹੀਂ ਪੇਸ਼ ਕਰਦਾ ਹੈ। ਇਸ ਨਾਵਲ ਦਾ ਕੇਂਦਰੀ ਬਿਰਤਾਂਤ ਅਮਰੀਕ ਸਿੰਘ ਦੇ ਦੁਆਲੇ ਘੁੰਮਦਾ ਹੈ ਜਿਹੜਾ ਮੁਸਲਿਮ ਲੀਗ ਦੁਆਰਾ ਉਲੀਕੇ ਡਾਇਰੈਕਟ ਐਕਸ਼ਨ ਦਾ ਕਲਕੱਤਾ ਵਿਖੇ ਸ਼ਿਕਾਰ ਹੁੰਦਾ ਹੈ। ਇਸ ਤੋਂ ਬਾਅਦ ਪ੍ਰਤਿਕਰਮ ਦੇ ਤੌਰ ਤੇ ਐਕਸ਼ਨਾਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਕੇਵਲ ਕਲੋਟੀ ਦਾ ਮਕਸਦ ਵੀ ਅਜ਼ਾਦੀ ਤੋਂ ਪਹਿਲਾ ਅਤੇ ਬਾਅਦ ਦੇ ਪੰਜਾਬ ਦੀ ਰੂਪ ਰੇਖਾ ਤਿਆਰ ਕਰਨਾ ਹੈ। ਇਸੇ ਪ੍ਰਕਾਰ ਅਮਰਜੀਤ ਸਿੰਘ ਆਪਣੇ ਲੜੀਵਾਰ ਨਾਵਲ ***'ਮਸ਼ੀਨਾ ਵਾਲੇ'*** ਰਾਹੀ ਇਸ ਦੁਖਾਂਤ ਦਾ ਚਿੱਤਰ ਪੇਸ਼ ਕਰਦਾ ਹੈ, ਉਹ ਯਥਾਰਥਵਾਦੀ ਵਿਧੀ ਨੂੰ ਅਪਣਾਉਂਦਾ ਹੋਇਆ ਵਾਸਤਵਿਕ ਚਿਤਰਣ ਦਾ ਸ਼ਿਕਾਰ ਹੋ ਜਾਂਦਾ ਹੈ। ਜਿਸ ਕਾਰਨ ਨਾਵਲੀਕਰਨ ਕਮਜ਼ੋਰ ਪੈ ਜਾਂਦਾ ਹੈ। ਅਵਤਾਰ ਬਿਲਿੰਗ ਦੇ ਨਾਵਲ ***'ਖੇੜੇ ਸੁਖ ਵਿਹੜੇ ਸੁੱਖ'*** ਵਿਚ ਦੇਸ਼ ਵੰਡ ਦੀ ਸਮੱਸਿਆ ਆਪਣੇ ਇਤਿਹਾਸਕ ਸਮਾਜਕ ਪ੍ਰਸੰਗਾਂ ਸਮੇਤ ਉਭਰਦੀ ਹੈ। ਅਵਤਾਰ ਬਿਲਿੰਗ ਨਾਵਲ ਵਿਚ ਪੇਸ਼ ਵਸਤੂ-ਸਥਿਤੀ ਨੂੰ ਸਮੂਹਿਕ ਦੁਖਾਂਤਕ ਪੈਟਰਨ 'ਤੇ ਢਾਲਦਾ ਹੈ। ਇਹ ਇਸ ਨਾਵਲ ਦੀ ਪ੍ਰਾਪਤੀ ਹੈ।

ਵੀਹਵੀਂ ਸਦੀ ਦੇ ਆਖਰੀ ਦਹਾਕੇ ਤੋਂ ਇਕੀਵੀਂ ਸਦੀ ਵਿਚ ਪ੍ਰਵੇਸ਼ ਕਰਦੇ ਹੋਏ ਵਿਸ਼ਵੀਕਰਨ ਦੇ ਪ੍ਰਭਾਵ ਅਧੀਰ ਨਵ-ਬਸਤੀਵਾਦ ਦੇ ਨਵੇਂ ਰੂਪ ਨੇ ਨਵੇਂ ਅੰਤਰ ਵਿਰੋਧ ਸਾਹਮਣੇ ਲੈ ਆਉਂਦੇ। ਪੰਜਾਬ ਸੰਕਟ ਚੋਂ ਉਭਰੇ ਕਾਰਨ ਧਰਮ ਅਧਾਰਿਤ ਕੌਮੀਅਤ ਦੇ ਸਵਾਲ ਫਿਰ ਪ੍ਰਿਸ਼ਠਭੂਮੀ ਵਿਚ ਪਹੁੰਚ ਗਏ। ਇਕੀਵੀਂ ਸਦੀ ਵਿਚ ਸੂਚਨਾ ਸਾਧਨਾਂ ਦੀ ਤਰੱਕੀ ਅਤੇ ਵਿਸ਼ਵੀਕਰਨ, ਵਪਾਰੀਕਰਨ ਅਤੇ ਨਿੱਜੀਕਰਨ ਦੇ ਪ੍ਰਭਾਵਾਂ ਅਧੀਨ ਵਿਕਾਸਸ਼ੀਲ ਦੇਸ਼ਾਂ ਵਿਚ ਨਵੇਂ ਪ੍ਰਸ਼ਨ ਉਭਰ ਕੇ ਸਾਹਮਣੇ ਆਏ। ਮੰਡੀ ਅਧਾਰਿਤ ਆਰਥਿਕਤਾ ਚੋਂ ਉਪਜੇ ਉਪਭੋਗੀ ਸਭਿਆਚਾਰ ਨੇ ਪਰੰਪਰਾਗਤ ਮਨੁੱਖੀ ਕਦਰਾਂ ਕੀਮਤਾਂ ਸਾਹਮਣੇ ਨਵੇਂ ਪ੍ਰਸ਼ਨ ਚਿੰਨ ਲਾ ਦਿੱਤੇ। ਇਸ ਨਾਲ ਪੰਜਾਬ ਵਿਚ ਪਰੰਪਰਾਗਤ ਖੇਤੀ ਅਰਥਚਾਰੇ ਦਾ ਸੰਕਟ ਗਹਿਰਾ ਹੋਣ ਕਰਕੇ ਕਿਸਾਨੀ ਨਵੇਂ ਸੰਕਟ ਵਿਚ ਫਸ ਗਈ। ਪੇਂਡੂ ਸਮਾਜਚਾਰੇ ਵਿਚ ਵੱਡੀ ਪੱਧਰ ਤੇ ਤਬਦੀਲੀ ਵਾਪਰੀ। ਕਿਸਾਨ ਅਤੇ ਦਲਿਤ ਡੀਕਲਾਸ ਹੋਣ ਵਲ ਵਧਿਆ। ਪੇਂਡੂ ਸਮਾਜਚਾਰੇ ਵਿਚ ਹਾਸ਼ੀਏ 'ਤੇ ਬੈਠਾ ਦਲਿਤ ਕੇਂਦਰ ਵਿਚ ਆਪਣਾ ਸਥਾਨ ਬਣਾਉਣ ਲਗ ਪਿਆ। ਸਨਅਤੀਕਰਨ ਅਤੇ ਸ਼ਹਿਰੀਕਰਨ ਨੇ ਇਸ ਅਮਲ ਨੂੰ ਹੋਰ ਤਿੱਖਾ ਕਰ ਦਿੱਤਾ। ਪ੍ਰਗਤੀਵਾਦੀ ਚਿੰਤਨ ਤੇ ਅਧਾਰਿਤ ਮੁਕਤੀ ਦਾ ਮਾਡਲ ਤਿੜਕ ਗਿਆ। ਅਜੋਕੀ ਸਥਿਤੀ ਵਿਚੋਂ ਜਿਹੜਾ ਨਾਵਲ ਪੈਦਾ ਹੋਇਆ ਉਹ ਵਕਤੀ ਸਵਾਲਾਂ ਨੂੰ ਸੰਬੋਧਿਤ ਹੋਇਆ। ਇਸ ਸਮੱਸਿਆ ਨਾਲ ਸਬੰਧਿਤ ਬਲਦੇਵ ਸਿੰਘ ਦਾ ਨਾਵਲ ***'ਅੰਨ ਦਾਤਾ'*** ਆਰਥਿਕ ਸੰਕਟ-ਗ੍ਰਸਤ ਕਿਸਾਨੀ ਤੇ ਆਧਾਰਿਤ ਟੈਕਸਟ ਉਸਾਰਦਾ ਹੈ। ਉਹ ਮੰਡੀਕਰਨ ਦੇ ਸਵਾਲਾਂ ਨੂੰ ਸੰਕਟ ਦੇ ਕਾਰਨ ਬਣਾ ਕੇ ਪੇਸ਼ ਕਰਦਾ ਹੈ। ਇਸ ਨਾਲ ਹੀ ਕਿਸਾਨੀ ਅਰਥਚਾਰੇ ਵਿਚੋਂ ਨਿਕਲਦੇ ਰਸਤਿਆਂ ਦੀ ਵੀ ਨਿਸ਼ਾਨਦੇਹੀ ਕਰਦਾ ਹੈ। ਬਲਦੇਵ ਕੋਲ ਨਾਵਲੀਕਰਨ ਦੀ ਪੇਤਲੀ ਸਮਝ ਹੋਣ ਕਾਰਨ ਉਹ ਘਟਨਾਵਾਂ ਵਿਚੋਂ ਕਹਾਣੀਰਸ ਸਿਰਜਦਾ ਹੈ। ਸਮੁੱਚੇ ਨਾਵਲ ਨੂੰ ਇਕ ਔਰਤ ਪਾਤਰ ਭੁਪੀ ਦੇ ਰਹੱਸ ਰਾਹੀਂ ਅੱਗੇ ਤੋਰਦਾ ਹੈ। ਇਹ ਨਾਵਲੀ ਬਿੰਦੂ ਕੇਂਦਰੀ ਕਹਾਣੀ ਦਾ ਸਨਸਨੀਖੇਜ਼ ਰੂਪ ਹੈ। ਵਸਤੂ ਸਥਿਤੀ ਦੀ ਦ੍ਰਿਸ਼ਟੀਹੀਣਤਾ ਅਜਿਹੀਆਂ ਰਚਨਾਵਾਂ ਵਿਚੋਂ ਵੀ ਨਜ਼ਰ ਆਉਂਦੀ ਹੈ। ਇਸ ਦੌਰ ਵਿਚ ਮਲਵਈ ਸਭਿਆਚਾਰ ਰਾਹੀਂ ਕਿਸਾਨੀ ਜੀਵਨ ਤੇ ਅਧਾਰਿਤ ਪੇਂਡੂ ਸੰਸਕ੍ਰਿਤੀ ਦਾ ਬਹੁ-ਪਰਤੀ ਚਿੱਤਰ ਰਾਮ ਸਰੂਪ ਅਣਖੀ ਆਪਣੇ ਲੜੀਵਾਰ ਨਾਵਲ ***'ਦੁੱਲੇ ਦੀ ਢਾਬ'*** ਰਾਹੀਂ ਉਭਾਰਦਾ ਹੈ। ਇਹ ਲੜੀਵਾਰ ਨਾਵਲ ਵੱਡੇ ਕੈਨਵਸ ਤੇ ਇਕ ਇਤਿਹਾਸਕ ਦੌਰ ਦੇ ਦ੍ਰਿਸ਼ ਉਭਾਰਦਾ ਹੈ । ਦੂਲੇ ਤੋਂ ਲੈ ਕੇ ***'ਅੱਛਰਾ ਦਾਂਦੂ'*** ਤੱਕ ਇਹ ਨਾਵਲ ਕਈ ਦਹਾਕਿਆ ਅਤੇ ਪੀੜ੍ਹੀਆਂ ਤਕ ਫੈਲਿਆ ਹੋਇਆ ਹੈ। ਇਹ ਨਾਵਲ ਵੀ ਨਾਇਕ ਦੀ ਰੂੜੀ ਤੋਂ ਮੁਕਤ ਅਤੇ ਵਿਅਕਤੀ



ਕੇਂਦਰਿਤ ਬਿਰਤਾਂਤ ਤੋਂ ਹਟ ਕੇ ਟੈਕਸਟ ਦੀ ਸਿਰਜਣਾ ਕਰਦਾ ਹੈ। ਇਸ ਤੋਂ ਬਾਅਦ ਅਣਖੀ ਨੇ ਹੋਰ ਵੀ ਕਈ ਨਾਵਲਾਂ ਦੀ ਸਿਰਜਣਾ ਕੀਤੀ ਪਰੰਤੂ ਸਾਰੇ ***'ਦੁੱਲੇ ਦੀ ਢਾਬ'*** ਦੁਆਲੇ ਜਾਂ ਉਸਦੇ ਉਪ-ਬਿਰਤਾਂਤ ਦਾ ਵਿਸਥਾਰ ਮਾਤਰ ਹਨ। ਇਸੇ ਦੌਰ ਵਿਚ ਦੋ ਹੋਰ ਵੱਖਰੀ ਤਰਜ਼ ਦੇ ਨਾਵਲ ਸਾਧੂ ਬਿਨਿੰਗ ਦੁਆਰਾ ਰਚਿਤ ***'ਜੁਗਤੂ'*** ਅਤੇ ਇੰਦਰ ਸਿੰਘ ਖਾਮੋਸ਼ ਦਾ ***' ਕਾਫ਼ਰ ਮਸੀਹਾ'*** ਹਨ। ***'ਜੁਗਤੂ'*** ਵਿਚ ਬਿਨਿੰਗ ਨਾਕਾਰਾਤਮਕ ਸੋਚ ਵਾਲੇ ਪਾਤਰ ਨੂੰ ਕੇਂਦਰ ਵਿਚ ਰੱਖ ਕੇ ਨਾਵਲੀ ਟੈਕਸਟ ਦੀ ਉਸਾਰੀ ਕਰਦਾ ਹੈ। ਜੁਗਤੂਆਂ ਤੋਂ ਉਸਦਾ ਅਰਥ ਉਹ ਲੋਕ ਹਨ ਜਿਹੜੇ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਹਰ ਰੂਪ ਧਾਰਨ ਕਰ ਲੈਂਦੇ ਹਨ, ਇਸ ਸਮੁੱਚੇ ਨਾਵਲ ਦੀ ਭਾਸ਼ਾ ਅਤੇ ਬਿਰਤਾਂਤਕ ਸਟਰਕਚਰ ਵੱਖਰੀ ਹੈ। ਇਸੇ ਪ੍ਰਕਾਰ ***'ਕਾਫ਼ਰ ਮਸੀਹਾ'*** ਰੂਸੀ ਲੇਖਕ ਟਾਲਸਟਾਏ ਦੀ ਜੀਵਨੀ ਤੇ ਅਧਾਰਿਤ ਨਾਵਲ ਹੈ। ਇਸ ਨਾਵਲ ਦਾ ਪ੍ਰੇਰਨਾ ਸਰੋਤ ਪੁਸਤਕੀ ਸੰਸਾਰ ਹੈ ਇਸੇ ਲਈ ਨਾਵਲੀਕਰਨ ਦੀ ਪ੍ਰਤਿਕਿਆ ਦੌਰਾਨ ਇਹ ਨਾਵਲ ਪੰਜਾਬੀ ਟਾਲਸਟਾਏ ਤੇ ਅਧਾਰਿਤ ਲਗਦਾ ਹੈ।

ਇਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪੰਜਾਬੀ ਨਾਵਲ ਇਕ ਵੱਖਰੀ ਸੁਰ ਅਖ਼ਤਿਆਰ ਕਰਦਾ ਹੈ। ਇਸ ਸਮੇਂ ਵਿਸ਼ਵੀਕਰਨ ਦੇ ਪ੍ਰਭਾਵ ਸਮਾਜ ਉਤੇ ਪੈਣੇ ਸ਼ੁਰੂ ਹੁੰਦੇ ਹਨ ਅਤੇ ਸਾਹਿਤ ਦੀ ਵਸਤ ਬਣ ਕੇ ਵੀ ਉਭਰਨੇ ਸ਼ੁਰੂ ਹੁੰਦੇ ਹਨ। ਪੰਜਾਬੀ ਨਾਵਲ ਆਪਣੀਆਂ ਚਿੰਤਨੀ ਅਤੇ ਵਿਧਾਗਤ ਸੀਮਾਵਾਂ ਵਿਚ ਰਹਿ ਕੇ ਵਿਸ਼ਵੀਕਰਨ 'ਚੋਂ ਪੈਦਾ ਹੋਈ ਵਿਵਸਥਾ ਨੂੰ ਹੁੰਗਾਰਾ ਭਰਦਾ ਹੈ। ਇਸ ਦਹਾਕੇ ਵਿਚ ਕਈ ਅਜਿਹੇ ਚੋਣਵੇਂ ਨਾਵਲ ਸਾਹਮਣੇ ਆਉਂਦੇ ਹਨ ਜਿਹੜੇ ਪੰਜਾਬੀ ਨਾਵਲ ਦੀਆਂ ਕਈ ਮਿੱਥਾਂ ਨੂੰ ਤੋੜਦੇ ਹਨ। ਇਸ ਦੌਰ ਦਾ ਨਾਵਲ ਸੰਵਾਦਮੁਖੀ ਸੁਰ ਰਾਹੀ ਸਾਹਮਣੇ ਆਉਂਦਾ ਹੈ। ਘਟਨਾਵਾਂ ਤੇ ਅਧਾਰਿਤ ਟੇਕ ਤਿੜਕਦੀ ਹੈ। ਨਾਵਲ ਦੇ ਪਾਤਰ ਇਕ ਦੂਜੇ ਸਾਹਮਣੇ ਸੰਵਾਦ ਦੀ ਸਥਿਤੀ ਵਿਚ ਖੜੇ ਹੋਏ ਸਮਾਜ ਦੀਆਂ ਵੱਖੋਂ ਵੱਖਰੀਆਂ ਧੁਨਾਂ ਦੀ ਪ੍ਰਤੀਨਿਧਤਾ ਕਰਦੇ ਹਨ, ਇਸ ਦੌਰ ਵਿਚ ਗੁਰਦਿਆਲ ਸਿੰਘ ਦਾ ਨਾਵਲ ***'ਆਹਣ'*** ਸਟੇਟ ਅਤੇ ਲੋਕਾਂ ਦੇ ਸੰਘਰਸ਼ ਨੂੰ ਇਤਿਹਾਸਕ ਪਰਿਪੇਖ ਰਾਹੀਂ ਉਭਾਰਦਾ ਹੈ। ਨਾਵਲ ਪਰੰਪਾਗਤ ਕਹਾਣੀ ਰਸ ਤੋਂ ਪਾਸਾ ਵੱਟ ਕੇ ਲੰਘਦਾ ਹੈ। ਇਸੇ ਪ੍ਰਕਾਰ ਪਰਮਜੀਤ ਸਿੰਘ ਜੱਜ ਆਪਣੇ ਨਾਵਲ ***'ਪਛਾਣ ਬਦਲ ਗਈ'*** ਵਿਚ ਬਿਰਤਾਂਤ ਦਾ ਨਵਾਂ ਸੰਵਾਦਮੁਖੀ ਪੈਤੜਾ ਲੈ ਕੇ ਸਾਹਮਣੇ ਆਉਂਦਾ ਹੈ। ਇਤਿਹਾਸ ਨੂੰ ਚਿਤਰਦੇ ਹੋਏ ਵਰਤਮਾਨ ਦੇ ਸਵਾਲਾਂ ਨੂੰ ਨਜਿੱਠਣ ਵਿਚ ਇਸੇ ਸਮੇਂ ਦੀ ਪੈਦਾਵਾਰ ਹੈ। ਮਨਮੋਹਨ ਬਾਵਾ ***'ਯੁੱਗ-ਅੰਤ'*** ਵਿਚ ਰਣਜੀਤ ਸਿੰਘ ਦੇ ਰਾਜ ਦੇ ਪੱਤਣ ਸਬੰਧੀ ਪੰਜਾਬੀਅਤ ਨਾਲ ਜੁੜੇ ਸਵਾਲਾਂ ਨੂੰ ਨਜਿੱਠਦਾ ਹੈ। ਇਤਿਹਾਸ ਦਾ ਗੌਰਵਮਈ ਰੂਪ ਬਲਦੇਵ ਸਿੰਘ ਦੇ ਨਾਵਲਾਂ ਵਿਚੋਂ ਉਭਰਦਾ ਹੈ। ਵਿਸ਼ੇਸ਼ ਤੌਰ ਤੇ ***'ਢਾਵਾਂ ਦਿੱਲੀ ਦੇ ਕਿੰਗਰੇ'*** ਅਤੇ ***'ਮਹਾਂਬਲੀ ਸੂਰਾਂ'*** ਵਿਚ। ਵਿਸ਼ਵੀਕਰਨ ਦੇ ਸਿਧਾਂਤਕ ਮਸਲਿਆਂ ਅਤੇ ਵਿਹਾਰ ਨੂੰ ਚਿੱਤਰਣ ਵਾਲਾ ਪੰਜਾਬੀ ਵਿਚ ਇਕੋ ਇਕ ਨਾਵਲ ਸਵਰਨ ਚੰਦਨ ਦੁਆਰਾ ਰਚਿਤ ***'ਸਮਾਂ'*** ਹੈ। ਇਹ ਨਾਵਲ ਸੰਵਾਦ ਦੀ ਵਿਧੀ ਉਤੇ ਖੜਾ ਹੈ।

ਇਸ ਸਦੀ ਦੇ ਪਹਿਲੇ ਦਹਾਕੇ ਵਿਚ ਬਲਬੀਰ ਪਰਵਾਨਾ ਦੁਆਰਾ ਰਚਿਤ ਨਾਵਲ ਲੜੀ ਮਹੱਤਵਪੂਰਨ ਹੈ। ਉਹ ***'ਨਿੱਕੇ ਨਿੱਕੇ ਯੁੱਧ'*** , ***'ਆਪਣੇ ਆਪਣੇ ਮੋਰਚੇ'*** ਅਤੇ ***'ਗਹਿਰ ਚੜੀ ਆਸਮਾਨ'*** ਰਾਹੀ ਕੰਢੀ ਦੇ ਇਲਾਕੇ ਦੀ ਲੋਕੇਲ ਨੂੰ ਚਿਤਰਦੇ ਹੋਏ ਪੰਜਾਬੀ ਸਮਾਜ ਦੇ ਇਕ ਇਤਿਹਾਸਕ ਦੌਰ ਨੂੰ ਦੁਮੇਲਮੁਖੀ ਰੂਪ ਵਿਚ ਚਿਤਰਦਾ ਹੈ। ਇਸੇ ਪ੍ਰਕਾਰ ਜਸਬੀਰ ਮੰਡ ***'ਖਾਜ'*** ਨਾਵਲ ਵਿਚ ਵੀ ਨਾਵਲੀ ਸੁਹਜ ਦਾ ਨਵਾਂ ਪੈਂਤੜਾ ਲੈ ਕੇ ਆਉਂਦਾ ਹੈ। ਉਸ ਦੇ ਨਾਵਲ ਦੀ ਟੇਕ ਦਹਿਸ਼ਤ ਦੇ ਵਾਤਾਵਰਣ ਤੇ ਟਿਕੀ ਹੋਈ ਹੈ। ਕਿਸੇ ਖਿੱਤੇ ਦੀ ਭਾਸ਼ਾ ਨੂੰ ਜਿਸ ਸਮਰੱਥਾਂ ਨਾਲ ਉਸ ਨੇ ਵਰਤਿਆਂ ਹੈ ਉਹ ਇਸ ਨਾਵਲ ਦੀ ਵਿਲੱਖਣਤਾ ਹੈ। ਇਸੇ ਸਮੇਂ ਡਾ. ਜਸਵਿੰਦਰ ਸਿੰਘ ***'ਮਾਤ ਲੋਕ'*** ਨਾਵਲ ਵਿਚ ਅਜੋਕੀ ਜੀਵਨ ਜਾਂਚ ਦੀਆਂ ਵਿਲੱਖਣ ਪਰਤਾਂ ਨੂੰ ਉਭਾਰਦਾ ਹੈ। ਇਸ ਪ੍ਰਕਾਰ ਸਮਕਾਲੀ ਨਾਵਲ ਦੇ ਇਸ ਨਵੇਂ ਪੜਾਅ ਦਾ ਮੁਲੰਕਣ ਕਰਨਾ ਪਰੰਪਰਾਗਤ ਸੰਦਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ।

ਇਸ ਦੌਰ ਵਿਚ ਪਰਵਾਸੀ ਪੰਜਾਬੀ ਨਾਵਲ ਪਰਵਾਸੀ ਜੀਵਨ ਦੀਆਂ ਸਮੱਸਿਆਵਾਂ ਨੂੰ ਲੈ ਕੇ ਪੇਸ਼ ਹੋਇਆ ਹੈ, ਇਹਨਾਂ ਵਿਚ ਭਾਰੂ ਸੁਰ ਪਰਵਾਸ ਦੇ ਗਲੈਮਰੀ ਜੀਵਨ ਦੇ ਨਿਖੇਧਾਤਮਕ ਰੂਪ ਦੀ ਪੇਸ਼ਕਾਰੀ ਹੈ। ਇਸ ਨਾਲ ਨਸਲੀ ਵਿਤਕਰੇ ਦੇ ਕੁਝ ਵੱਖਰੇ ਖੇਤਰ ਵੀ ਉਭਰ ਕੇ ਸਾਹਮਣੇ ਆਏ ਹਨ। ਹਰਜੀਤ

ਅਟਵਾਲ ਆਪਣੇ ਤਿੰਨ ਨਾਵਲਾਂ *'ਵਨ ਵੇਅ', 'ਰੇਤ', 'ਸਵਾਰੀ'* ਰਾਹੀਂ ਗਲੈਮਰੀ ਜੀਵਨ ਦੇ ਨਿਖੇਧਾਤਮਕ ਰੂਪ ਤੋਂ ਅੱਗੇ ਨਹੀਂ ਵਧ ਸਕਿਆ। ਇਹਨਾਂ ਨਾਵਲਾਂ ਦੀ ਲੰਬਾਈ ਦੇ ਕਾਰਨ ਲੰਮੇ ਦ੍ਰਿਸ਼ਕਾਰੀ ਵਿਚ ਮੌਜੂਦ ਹਨ ਜਿਹੜੇ ਕਈ ਵਾਰੀ ਗੈਰ-ਪ੍ਰਸੰਗਕ ਵੀ ਹੋ ਜਾਂਦੇ ਹਨ। *ਸਵਾਰੀ* ਨਾਵਲ ਦੇ ਮੁੱਢ ਵਿਚ ਉਪ-ਸਭਿਆਚਾਰਾਂ ਦੇ ਮੇਲ ਅਤੇ ਟਕਰਾਉ ਦੀ ਸੰਭਾਵਨਾ ਬਨਦੀ ਹੈ ਪਰੰਤੂ ਫਿਰ ਨਾਵਲ ਪਹਿਲੀਆ ਲੀਹਾਂ ਤੇ ਹੀ ਚਲ ਪੈਂਦਾ ਹੈ। ਕਹਾਣੀ ਨੂੰ ਜਿਵੇਂ ਪੂਰਵ ਨਿਸ਼ਚਤ ਕਰਕੇ ਘੜਦਾ ਅਤੇ ਸੰਵਾਦੀ ਟੈਕਸਟ ਵਿਚ ਢਾਲਦਾ ਹੈ ਇਹ ਉਹਦੀ ਪ੍ਰਾਪਤੀ ਹੈ। ਨਾਵਲ ਵਿਚ ਸ਼ਾਇਦ ਮਹਾਂ-ਕਾਵਿਕ ਨਾਵਲ ਦੇ ਭੁਲੇਖਾ ਪਾਊ ਮਾਡਲ ਅਧੀਨ ਲੰਮਾ ਕਰ ਦੇਂਦਾ ਹੈ। ਕੁਝ ਪਾਤਰਾਂ ਨੂੰ ਜ਼ਰੂਰ ਕਾਟਵੀਂ ਟੈਕਸਟ ਬਣਾ ਕੇ ਪੇਸ਼ ਕਰਦਾ ਹੈ। ਪਰਵਾਸੀਆਂ ਦੀਆਂ ਪੀੜ੍ਹੀਆਂ ਦੀ ਬਦਲਦੀ ਮਾਨਸਿਕਤਾ ਦੇ ਪੜਾਵਾਂ ਅਤੇ ਟਕਰਾਵਾਂ ਨੂੰ ਪੇਸ਼ ਕਰਕੇ ਉਹ ਚੰਗੀ ਰਚਨਾ ਪੈਦਾ ਕਰਨ ਦੀ ਸਮਰੱਥਾ ਰੱਖਦਾ ਹੈ। ਦਰਸ਼ਨ ਧੀਰ *'ਘਰ ਤੇ ਕਮਰੇ'*, ਨਾਵਲ ਰਾਹੀਂ ਨਸਲੀ ਵਿਤਕਰੇ ਦੇ ਨਵੇਂ ਪਾਸਾਰਾਂ ਨੂੰ ਵਿਦਿਅਕ ਅਦਾਰਿਆਂ ਦੇ ਮਾਧਿਅਮ ਰਾਹੀਂ ਪੇਸ਼ ਕਰਦਾ ਹੈ। ਇਸ ਨਾਵਲ ਵਿਚ ਉਹ ਗੋਰਿਆ ਪ੍ਰਤੀ ਬਣੀ ਇਕਤਰਫੀ ਧਾਰਨਾਂ ਨੂੰ ਉਲੰਘਦਾ ਹੋਇਆ ਉਹਨਾਂ ਦਾ ਸਕਾਰਾਤਮਕ ਰੂਪ ਵੀ ਸਾਹਮਣੇ ਲਿਆਉਂਦਾ ਹੈ। ਇਸ ਤੋਂ ਬਾਅਦ ਵਾਲੇ ਉਸਦੇ ਨਾਵਲ ਇਸੇ ਨਾਵਲੀ ਬਿਰਤਾਂਤਕ ਵਿਧੀ ਦੇ ਪਾਸਾਰ ਹਨ। ਉਹਨਾਂ ਵਿਚੋਂ ਪ੍ਰਬੰਧ ਦੀਆਂ ਊਣਤਾਈਆਂ ਤਾਂ ਲੱਭਦੀਆਂ ਹਨ ਪਰੰਤੂ ਪਾਤਰਾਂ ਦੀ ਵਾਸਤਵਿਕ ਪਛਾਣ ਨਾਵਲੀ ਤੱਤ ਨੂੰ ਧੁੰਦਲਾ ਕਰ ਦੇਂਦੀ ਹੈ। ਸਿਵਚਰਨ ਗਿੱਲ ਦਾ ਨਾਵਲ *'ਲਾਵਾਰਸ'* ਪਰਵਾਸੀਆਂ ਦੇ ਉਥੋਂ ਪਹੁੰਚਣ ਤੋਂ ਲੈ ਕੇ ਤਰੱਕੀ ਕਰਨ ਦੀ ਪ੍ਰਕਿਆ ਨੂੰ ਚਿਤਰਦਾ ਹੋਇਆ ਬਰੀਕ ਵੇਰਵੇ ਅਤੇ ਬਹੁ-ਧੁਨੀਆਂ ਉਭਾਰਨ ਵਿਚ ਕਾਮਯਾਬ ਰਹਿੰਦਾ ਹੈ।

ਸੰਤੋਖ ਧਾਲੀਵਾਲ ਆਪਣੇ ਪਹਿਲੇ ਨਾਵਲ *'ਉਖੜੀਆਂ ਪੈੜਾਂ'* ਵਿਚ ਅਣਜੋੜ ਵਿਆਹ 'ਚੋਂ ਉਪਜੀ ਮੂਕ ਬਗਾਵਤ ਦੇ ਵਿਹਾਰਕ ਰੂਪ ਨੂੰ ਪੇਸ਼ ਕਰਦਾ ਹੈ। ਕਿਰਪਾਲ ਆਪਣੇ ਪਿਆਰ ਸ਼ਰਨਜੀਤ ਨੂੰ ਪ੍ਰਾਪਤ ਨਹੀਂ ਕਰ ਸਕਦੀ। ਉਹ ਮਤਰੇਈ ਦੀ ਵਲੈਤ ਵਲ ਜਾਣ ਦੀ ਲਲਕ ਦੀ ਭੇਟ ਚੜ੍ਹ ਜਾਂਦੀ ਹੈ। ਇਸੇ ਲਈ ਉਹ ਪ੍ਰੀਤੂ ਨੂੰ ਆਪਣਾ ਜੀਵਨ ਸਾਥੀ ਸਵੀਕਾਰ ਨਹੀਂ ਕਰਦੀ। ਉਸਦੀ ਮਤਰੇਈ ਮਾਂ ਦੇ ਅਵਚੇਤਨ ਵਿਚ ਵੀ ਅਣਜੋੜਤਾ ਦੀ ਧੁਨੀ ਮੌਜੂਦ ਹੁੰਦੀ ਹੈ। ਇਸ ਮਾਨਸਿਕਤਾ ਨੂੰ ਮਾਧਿਅਮ ਬਣਾ ਕੇ ਧਾਲੀਵਾਲ ਪੱਛਮ ਦੀਆਂ ਸਥਿਤੀਆਂ ਨਾਲ ਵੀ ਸੰਵਾਦ ਰਚਾਉਂਦਾ ਹੈ। ਬਰਤਾਨੀਆਂ ਵਿਚ ਛੋਟੇ ਸਨਅਤਕਾਰ ਦੇ ਤੌਰ ਤੇ ਪਨਪ ਰਹੇ ਗੁਰਨਾਮ ਸਿੰਘ ਵਰਗੇ ਪੰਜਾਬੀਆਂ ਦਾ ਹੀ ਸ਼ੋਸ਼ਣ ਕਰਦੇ ਹਨ, ਪ੍ਰੀਤੀ ਅਤੇ ਰੈਲਫ ਦੇ ਸਬੰਧਾਂ ਰਾਹੀਂ ਘੱਟ ਵਿਕਸਤ ਮੁਲਕਾਂ ਵਿਚੋਂ ਗਏ ਲੋਕਾਂ ਦਾ ਇਕ ਨਵਾਂ ਰੂਪ ਸਾਹਮਣੇ ਆਉਂਦਾ ਹੈ। ਨਾਵਲ ਦੀ ਗਤੀ ਦਾ ਅਧਾਰ ਤਾਂ ਭਾਵੇਂ ਰੋਮਾਂਟਿਕ ਕਹਾਣੀ ਹੈ ਪਰੰਤੂ ਇਸ ਰਾਹੀਂ ਕਈ ਮਹੱਤਵਪੂਰਨ ਮਸਲੇ ਸਾਹਮਣੇ ਆਉਂਦੇ ਹਨ। ਜਿਵੇਂ , ਯੂਰਪ ਵਿਚ ਵਸਣ ਦੀ ਖਿੱਚ, ਕਿਸਾਨੀ ਮਾਨਸਿਕਤਾ ਪਰਵਾਸੀਆਂ ਵਿਚ ਉਪ-ਸਭਿਆਚਾਰਾਂ (sub-cultures) ਦੇ ਟਕਰਾਅ, ਲੁੱਟ ਦੀ ਮਾਨਸਿਕਤਾ ਅਤੇ ਨਸਲੀ ਵਿਤਕਰੇ ਆਦਿ। ਇਸ ਨਾਵਲ ਵਿਚੋਂ ਅਜਿਹੀਆਂ ਖ਼ਾਮੋਸ਼ ਧੁਨੀਆਂ ਵੀ ਮੌਜੂਦ ਹਨ ਜਿਨ੍ਹਾਂ ਵਿਚੋਂ ਧਾਲੀਵਾਲ ਦੇ ਗਲਪ ਦੇ ਵਿਕਾਸ ਕਰਨ ਦਾ ਆਭਾਸ ਹੁੰਦਾ ਹੈ। ਇਸ ਅਭਾਸ ਦਾ ਸਾਕਾਰ ਰੂਪ *'ਸਰਘੀ'* ਵਿਚੋਂ ਉਭਰਦਾ ਹੈ।

ਇਸ ਪ੍ਰਕਾਰ ਉਪਰੋਕਤ ਟੈਕਸਟ ਦੇ ਪੁਨਰ ਮੁਲੰਕਣ ਤੋਂ ਬਾਅਦ ਵੀਹਵੀਂ ਸਦੀ ਦੇ ਆਖਰੀ ਅਤੇ ਇਕੀਵੀਂ ਸਦੀ ਦੇ ਪਹਿਲੇ ਦਹਾਕੇ ਦੀਆਂ ਉਹਨਾਂ ਸਥਿਤੀਆਂ ਦੀ ਪਛਾਣ ਹੁੰਦੀ ਹੈ ਜਿਹੜੀ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਇਕ ਪੜਾਅ ਬਣ ਕੇ ਉਭਰਦੀਆਂ ਹਨ। ਇਸ ਦੌਰ ਦੀ ਕੁਝ ਟੈਕਸਟ ਅਜਿਹੀ ਹੈ ਜਿਸ ਨੇ ਇਸ ਪੜਾਅ ਤੋਂ ਪੂਰਬ ਨਾਵਲ ਨਾਲੋਂ ਵਿੱਥ ਸਿਰਜੀ ਹੈ। ਇਸ ਟੈਕਸਟ ਦੀਆਂ ਹੋਰ ਧੁਨੀਆਂ ਦੀ ਪਛਾਣ ਦੀ ਗੁੰਜਾਇਸ਼ ਹਮੇਸ਼ਾ ਬਣੀ ਰਹੇਗੀ। ਅਜੇ ਸਾਇੰਸ ਅਤੇ ਟੈਕਨਾਲੋਜੀ 'ਚੋ ਉਪਜੀ ਸਥਿਤੀ ਨੂੰ ਆਤਮਸਾਤ ਕਰਕੇ ਪੰਜਾਬੀ ਜੀਵਨ ਦੇ ਪ੍ਰਸੰਗ ਵਿਚ ਢਾਲਣਾ ਪੰਜਾਬੀ ਨਾਵਲਕਾਰਾਂ ਲਈ ਚੁਣੌਤੀ ਹੈ। ਦੇਖੋ ਇਸ ਨੂੰ ਕਬੂਲ ਕਰਨ ਲਈ ਕੌਣ ਨਾਵਲਕਾਰ ਨਿੱਤਰਦਾ ਹੈ।

**ਸੰਪਰਕ 98148-60778**





# ਨਵੇਂ ਕਹਾਣੀਕਾਰਾਂ ਵਲੋਂ ਲਿਖੀਆਂ ਚੰਗੀਆਂ ਕਹਾਣੀਆਂ

**-ਹਰਜਿੰਦਰ ਸਿੰਘ ਅਟਵਾਲ, ਜਲੰਧਰ**

ਭਗਵੰਤ ਤੇਰਾ ਪਰਚੇ ਦਾ ਮੈਂ ਆਰੰਭ ਤੋਂ ਹੀ ਪਾਠਕ ਹਾਂ। ਜਦੋਂ ਪਹਿਲਾ ਅੰਕ ਮਿਲਿਆ ਸੀ ਤਾਂ ਸੋਚਿਆ ਕਿ ਮੁੰਡਾ ਕਿਹੜੇ ਰਾਹ ਪੈ ਲਿਆ, ਬੜੀ ਚੰਗੀ ਕਹਾਣੀ ਲਿਖਦਾ ਹੈ, ਲਿਖੀ ਜਾਂਦਾ। ਪਰ ਅੱਜ ਪੰਜ ਸਾਲ ਬਾਅਦ ਤੂੰ ਕਹਾਣੀ ਵੀ ਚੰਗੀ ਲਿਖ ਰਿਹਾ ਏ ਤੇ ਪਰਚੇ ਨੂੰ ਵੀ ਮਿਆਰੀ ਬਣਾ ਲਿਆ ਏ। ਮਾਂ ਬੋਲੀ ਦੀ ਸੇਵਾ ਕਰਦਿਆਂ ਕਿਸੇ ਵਡੇਰੀ ਜਿੱਤ ਦੇ ਨਸ਼ੇ ਦਾ ਅਹਿਸਾਸ ਹੁੰਦਾ ਏ, ਉਹ ਤੈਨੂੰ ਵੀ ਹੋ ਰਿਹਾ ਹੋਵੇਗਾ। ਆਪਣੇ ਹਿੱਸੇ ਦੀ ਜ਼ਿੰਮੇਵਾਰੀ ਤੂੰ ਬਾ-ਖੂਬੀ ਨਿਭਾਅ ਰਿਹਾ ਏ।

ਜਨਵਰੀ-ਮਾਰਚ, 2011 ਦਾ ਅੰਕ ਮਿਲਿਆ। ਸਾਹਿਤ ਸਰਵੇਖਣ ਕਰਾਉਣੇ ਚੰਗੇ ਹਨ। ਪਰ ਕੀ ਜਿਸ ਮਕਸਦ ਨੂੰ ਸਾਮਣੇ ਰੱਖ ਕੇ ਇਹ ਜਾਂ ਅਜਿਹੇ ਹੋਰ ਸਰਵੇਖਣ ਕਰਾਏ ਜਾਂਦੇ ਹਨ ਉਹ ਮਕਸਦ ਪੂਰਾ ਹੋ ਰਿਹਾ ਏ? ਇਕ ਰੋਜ਼ਾਨਾ ਪੱਤਰ ਵਲੋਂ ਕਰਵਾਏ ਸਰਵੇਖਣ ਸਮੇਂ ਲੋਕ ਇਹ ਕਹਿੰਦੇ ਅਕਸਰ ਸੁਣੇ ਗਏ ਸਨ ਕਿ ਫਲਾਂ ਲੇਖਕ ਨੇ ਆਪਣੇ ਮਿੱਤਰ-ਪਾਠਕਾਂ ਨੂੰ ਕਹਿ ਕੇ ਆਪਣੀ ਰਚਨਾ ਜਾਂ ਪੁਸਤਕ ਦੇ ਹੱਕ ਵਿਚ ਚਿੱਠੀਆਂ ਲਿਖਵਾ ਲਈਆਂ ਹਨ। ਜਿਸ ਸਮਾਜ ਵਿਚ ਆਪਾਂ ਰਹਿ ਰਹੇ ਹਾਂ ਉਥੇ ਇਹ ਸਭ ਕੁਝ ਹੋ ਰਿਹਾ ਹੈ। ਹੋ ਸਕਦਾ ਹੈ ਕਿ ਲੋਕਾਂ ਦਾ ਇਹ ਸ਼ੱਕ ਵੀ ਸਹੀ ਹੋਵੇ। ਦੂਜਾ ਪਾਠਕ ਦੀ ਨਿੱਜੀ ਪਸੰਦ ਜ਼ਰੂਰੀ ਨਹੀਂ ਕਿ 'ਚੰਗੇ ਸਾਹਿਤ' ਅਨੁਸਾਰ ਮਿਆਰੀ ਹੋਵੇ। ਉਂਜ ਇਹ ਸਰਵੇਖਣ ਲੋਕਾਂ ਨੂੰ ਸਰਗਰਮ ਜ਼ਰੂਰ ਰੱਖਦੇ ਹਨ। ਸਾਹਿਤਕਾਰ ਇਸ ਬਹਾਨੇ ਹੀ ਸਹੀ ਆਪਣੇ ਪਾਠਕਾਂ ਨਾਲ ਸੰਪਰਕ ਬਣਾਈ ਰੱਖਦੇ ਹਨ। ਉਂਜ ਜੇ ਸਾਹਿਤ ਦੇ ਵੱਖ ਵੱਖ ਰੂਪਾਂ ਦਾ ਸਰਵੇਖਣ ਕਰਾਉਣ ਦਾ ਆਧਾਰ ਕਿਸੇ ਹੋਰ ਰੂਪ ਵਿਚ ਹੋਵੇ ਤਾਂ ਸਾਰਥਿਕ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ। ਇਸ ਸੰਬੰਧੀ ਵਿਚਾਰ ਚਰਚਾ ਹੋਣੀ ਚਾਹੀਦੀ ਹੈ।

ਇਹ ਅੰਕ-20 'ਅੱਜ ਦੀ ਕਹਾਣੀ ਨਵੇਂ ਚਿਹਰੇ' ਬਾਰੇ ਹੈ। ਬਿਨਾਂ ਸ਼ੱਕ ਅਜੋਕੀ ਪੰਜਾਬੀ ਕਹਾਣੀ ਵਿਚ ਕੁਝ ਅਜਿਹੇ ਨਵੇਂ ਹਸਤਾਖ਼ਰ ਸ਼ਾਮਲ ਹੋਏ ਹਨ, ਜਿਨ੍ਹਾਂ ਨੇ ਪੰਜਾਬੀ ਕਹਾਣੀ ਦੇ ਪਾਠਕਾਂ ਦੇ ਖਾਸ ਵਰਗ ਦੀ ਇਹ ਧਾਰਨਾ ਉਲੰਘੀ ਹੈ ਕਿ ਫਲਾਂ ਅਤੇ ਫਲਾਂ ਕਹਾਣੀਕਾਰ ਪੰਜਾਬੀ ਕਹਾਣੀ ਦਾ ਸਾਰਾ ਅਸਮਾਨ ਮੱਲੀ ਬੈਠੇ ਹਨ। ਸਾਹਿਤ ਰੂਪ ਕਦੇ ਵੀ ਖੜੋਤ ਦੀ ਸਥਿਤੀ ਵਿਚ ਨਹੀਂ ਹੋ ਸਕਦੇ ਕਿਉਂ ਜੋ ਸਮਾਜ ਖੜੋਤ ਦੀ ਸਥਿਤੀ ਵਿਚ ਨਹੀਂ ਹੁੰਦਾ। ਪਿਛਲੇ ਕੁਝ ਸਮੇਂ ਤੋਂ ਜਿਹੜੀ ਗਤੀ ਸਮਾਜ ਨੇ ਫੜੀ ਹੈ ਉਸ ਦੇ ਹਾਣੀ ਹੋਣ ਦਾ ਪਹਿਲੇ ਕਹਾਣੀਕਾਰਾਂ ਨੇ ਜੇ ਕਿਤੇ ਯਤਨ ਕੀਤਾ ਵੀ ਹੈ ਤਾਂ ਉਹ ਉਸ ਗਤੀ ਨਾਲੋਂ ਪਿਛੜੇ ਹੋਣ ਕਰਕੇ, ਓਪਰੇ ਓਪਰੇ ਲੱਗ ਰਹੇ ਸਨ। ਲਗਦਾ ਇਸ ਤਰ੍ਹਾਂ ਸੀ ਕਿ ਉਹ ਜੋ ਆਪਣੀ ਕਹਾਣੀ ਵਿਚ ਕਹਿਣਾ ਚਾਹੁੰਦੇ ਹਨ ਉਹ ਉਨ੍ਹਾਂ ਤੋਂ ਕਹਿ ਨਹੀਂ ਹੋ ਰਿਹਾ। ਜਤਿੰਦਰ ਹਾਂਸ, ਜਸਵੀਰ ਰਾਣਾ ਵਰਗੇ ਹੋਰ ਕਹਾਣੀਕਾਰਾਂ ਨੇ ਜਦੋਂ ਲਿਖਣਾ ਸ਼ੁਰੂ ਕੀਤਾ ਸੀ ਤਾਂ ਉਸ ਸਮੇਂ ਸਥਾਪਿਤ ਕਹਾਣੀਕਾਰਾਂ (ਪ੍ਰੇਮ ਪ੍ਰਕਾਸ਼ ਨੂੰ ਛੱਡ ਕੇ) ਨੂੰ ਇਹ ਹਜ਼ਮ ਨਹੀਂ ਸਨ ਹੋ ਰਹੇ, ਪਰ ਸਮੇਂ ਨੇ ਇਹ ਸਿੱਧ ਕਰ ਦਿੱਤਾ ਕਿ ਉਹ ਆਪਣੇ ਯੁਗ ਦੇ ਬਿਹਤਰ ਕਹਾਣੀਕਾਰ ਹਨ। ਇਸੇ ਤਰ੍ਹਾਂ ਤੇਰਾ ਇਹ ਯਤਨ ਵੀ ਸਾਰਥਿਕ ਜਾਪ ਰਿਹਾ ਹੈ। ਬੇ-ਕਿਤਾਬੇ ਕਹਾਣੀਕਾਰਾਂ ਲਈ ਇਕ ਵੱਖਰਾ ਅੰਕ ਉਲੀਕ ਲੈਣਾ ਚਾਹੀਦਾ ਹੈ ਪਰ ਇਸ ਗਲ ਵਲ ਵੀ ਧਿਆਨ ਰਹੇ ਕਿ ਬੇ-ਕਿਤਾਬੇ ਕਹਾਣੀਕਾਰ ਉਹ ਹੀ ਸ਼ਾਮਲ ਕੀਤੇ ਜਾਣ ਜਿਨ੍ਹਾਂ ਦੀ ਕਹਾਣੀ ਵਿਚ ਕੋਈ ਨਵੀਂ ਗੱਲ, ਨਵੀਂ ਵਿਧੀ ਸ਼ਾਮਲ ਹੋਵੇ। ਕਈ ਵਾਰ ਨਵਾਂ ਕਹਾਉਣ ਜਾਂ ਦਿਖਾਉਣ ਦੀ ਲਾਲਸਾ ਵਿਚ ਕੂੜਾ ਕਰਕਟ ਵੀ ਸਾਮਣੇ ਆਇਆ ਦਿਸਦਾ ਹੈ। ਇਸ ਸਮੇਂ ਸੰਪਾਦਕ ਦੀ ਪਾਰਖੂ ਨਜ਼ਰ ਕਿਤੇ ਵੀ ਅਵੇਸਲੀ ਨਹੀਂ ਹੋਣੀ ਚਾਹੀਦੀ। ਤ੍ਰੈ-ਮਾਸਿਕ ਪਰਚੇ ਹੀ ਨਵੇਂ ਲਿਖਣ ਵਾਲਿਆਂ ਲਈ ਮੰਚ ਤੇ ਪਰੇਰਨਾ ਬਣਦੇ ਰਹੇ ਹਨ।

ਤੇਰੇ ਵਲੋਂ ਸੰਪਾਦਿਤ ਇਸ ਅੰਕ ਵਿਚ ਨਵੇਂ ਕਹਾਣੀਕਾਰਾਂ ਵਲੋਂ ਲਿਖੀਆਂ ਚੰਗੀਆਂ ਕਹਾਣੀਆਂ ਸ਼ਾਮਲ ਹੋਈਆਂ ਹਨ। ਇਥੇ ਮੈਂ 'ਗੁਰਮੀਤ ਆਰਿਫ਼' ਦੀ ਕਹਾਣੀ 'ਕੰਧਾਂ ਵਿਚ ਖਿਰਦਾ ਆਦਮੀ' ਦਾ ਵਿਸ਼ੇਸ਼ ਜ਼ਿਕਰ ਕਰਨਾ ਚਾਹਾਂਗਾ। ਪੂੰਜੀ ਦਾ ਵਿਸਥਾਰ ਆਦਮੀ ਵਿਚੋਂ ਮਾਨਵਤਾ ਮਾਰਨ ਦਾ ਕੰਮ ਕਰਦਾ ਹੈ। ਜ਼ਮੀਨਾਂ ਦੀਆਂ ਕੀਮਤਾਂ ਵਧਣ ਨਾਲ ਸਾਰੇ ਰਿਸ਼ਤੇ ਨਾਤੇ ਆਪਣਾ ਪਹਿਲਾਂ ਵਾਲਾ ਸਰੂਪ ਗੁਆ ਰਹੇ

ਹਨ। ਇਹ ਇਕ ਸਮਾਜਿਕ ਵਰਤਾਰਾ ਹੈ। ਨਿਰਵੈਰ ਕੋਈ ਇਕੱਲਾ ਵਿਅਕਤੀ ਨਹੀਂ 'ਗਿੰਦੂ' ਕੋਈ ਵਿਅਕਤੀ ਨਾ ਹੋ ਕੇ ਇਕ ਮਾਨਸਿਕਤਾ ਬਣੀ ਨਜ਼ਰ ਆਉਂਦੀ ਹੈ। 'ਗਿੰਦੂ' ਪੂੰਜੀਵਾਦ ਦੇ ਫੈਲਾਅ ਵਿਚ ਜੁਟੀਆਂ ਤਾਕਤਾਂ ਦਾ ਇਕ ਏਜੰਟ ਹੋ ਕੇ ਵਿਚਰਦਾ ਹੈ, ਜਿਸ ਨੂੰ ਬਹੁਤੀ ਵਾਰੀ ਆਪ ਵੀ ਪਤਾ ਨਹੀਂ ਹੁੰਦਾ ਕਿ ਉਹ ਕੀ ਕਰੀ ਜਾ ਰਿਹਾ ਹੈ। ਗਿੰਦੂ ਵਰਗੇ ਏਜੰਟ ਪਿੰਡਾਂ ਸ਼ਹਿਰਾਂ ਵਿਚ ਤੁਰੇ ਫਿਰਦੇ ਅਕਸਰ ਲੋਕਾਂ ਨੂੰ ਲਲਚਾਉਂਦੇ ਨਜ਼ਰ ਆ ਰਹੇ ਹਨ। ਉਂਜ ਗਿੰਦੂ ਵਾਲੇ ਕੰਮ ਕਈ ਵਾਰ ਪ੍ਰਿੰਟ, ਬਿਜਲਈ ਮੀਡੀਆ ਵੀ ਕਰਦਾ ਨਜ਼ਰ ਆਉਂਦਾ ਹੈ। ਆਰਿਫ਼ ਨੇ ਇਸ ਕਹਾਣੀ ਦੀ ਟੈਕਸਟ ਬੜੇ ਸਲੀਕੇ ਨਾਲ ਉਸਾਰੀ ਹੈ ਭਾਵੇਂ ਅਜੋਕੀ ਕਹਾਣੀ ਦੇ ਪਾਠਕ ਨੂੰ ਕਹਾਣੀ ਦੀਆਂ ਅੰਤਲੀਆਂ ਸਤਰਾਂ ਜਿਸ ਵਿਚ ਨਿਰਵੈਰ ਬਿਨ੍ਹਾਂ ਕਿਸੇ ਦੀ ਪਰਵਾਹ ਕੀਤਿਆ ਮੁੱਛਾਂ ਤੇ ਹੱਥ ਫੇਰ ਸਕੂਲ ਵਲ ਤੁਰ ਪੈਂਦਾ ਹੈ। ਇਹ ਕਥਾ ਜੁਗਤ ਅਸਲ ਵਿਚ ਪਹਿਲੀ ਪੀੜ੍ਹੀ ਹੰਢਾ ਚੁੱਕੀ ਹੈ, ਨਵੀਂ ਕਹਾਣੀ ਇਸ ਤੋਂ ਮੁਕਤ ਹੈ, ਨਵੀਂ ਕਹਾਣੀ ਦਾ ਪਾਠਕ ਨਵੀਂ ਸੋਚ ਵਾਲਾ ਤੇ ਸਿਆਣਾ ਹੈ। ਇਸੇ ਤਰ੍ਹਾਂ ਹੀ ਬਿੰਦਰ ਬਸਰਾ ਦੀ ਕਹਾਣੀ 'ਮੋਹ ਜਾਲ' , ਸਿਮਰਨ ਧਾਲੀਵਾਲ ਦੀ 'ਪੱਟੀ ਤੋਂ ਪਟਿਆਲਾ ਵਾਇਆ ਬੁੱਘੀਪੁਰ', ਪ੍ਰੀਤ ਨੀਤਪੁਰ ਦੀ 'ਕੱਚੀ ਇੱਟ', ਗੁਰਪ੍ਰੀਤ ਸੰਧੂ ਦੀ 'ਬੱਕਰੀਆਂ ਵਾਲੇ' ਅਜੋਕੀ ਨਵੀਂ ਕਹਾਣੀ ਦੇ ਨਕਸ਼ ਉਘਾੜਨ ਵਲ ਇਕ ਯਤਨ ਹਨ। ਉਹ ਵਿਸ਼ਾ ਜੋ ਕਿਸੇ ਸਮੇਂ ਵਰਜਿਤ ਸੀ ਦੀ ਕਲਾਮਈ ਪੇਸ਼ਕਾਰੀ ਇਨ੍ਹਾਂ ਕਹਾਣੀਆਂ ਦਾ ਹਾਸਲ ਹੈ।

ਰਿਤੂ ਕਲਸੀ ਦੀ ਕਹਾਣੀ 'ਮੈਂ ਵੀ ਵੇਖਾਂ...' ਤੇਰੇ ਇਸ ਪਰਚੇ ਦੇ ਅਤੇ ਉਸ ਵਿਚ ਸ਼ਾਮਲ ਕਹਾਣੀਆਂ ਦੇ ਮਿਆਰ ਤੇ ਖਰੀ ਨਹੀਂ ਉਤਰਦੀ। ਇਸਤਰੀ ਮਰਦ ਸੰਬੰਧ ਦੀ ਗਲ ਸਾਡੀ ਕਹਾਣੀ ਵਿਚ ਪਹਿਲਾਂ ਵੀ ਸਮੇਂ ਸਮੇਂ ਤੇ ਬਾਖੂਬੀ ਹੁੰਦੀ ਰਹੀ ਹੈ ਪਰ ਇਸ ਪੱਧਰ ਤਕ ਹੇਠਾਂ ਜਾ ਕੇ ਕਦੀ ਨਹੀਂ ਹੋਈ। ਸੈਕਸ ਪ੍ਰਤੀ ਮਰਦ ਦੇ ਮਨ ਵਿਚ ਬੈਠੇ ਡਰ ਦਾ ਉਲੇਖ ਵੀ ਪੰਜਾਬੀ ਕਹਾਣੀ ਬਾਖੂਬੀ ਕਰਦੀ ਆ ਰਹੀ ਹੈ ਪਰ ਇਸ ਕਹਾਣੀ ਦਾ ਮਕਸਦ ਸੁਹਜ ਨਾਲੋਂ ਸੁਆਦ ਨਾਲ ਵਧੇਰੇ ਜਾਪਦਾ ਹੈ। ਸੰਪਾਦਕੀ ਸੂਝ ਅਤੇ ਬੇ ਲਿਹਾਜੀ ਵਰਤ ਕੇ ਇਸ ਤੋਂ ਬਚਿਆ ਜਾ ਸਕਦਾ ਹੈ।

## ਕਹਾਣੀ ਜਗਤ ਵਿਚ ਉਭਰਦੇ ਨਵੇਂ ਹਸਤਾਖ਼ਰ

**-ਡਾ. ਮਿਨਾਕਸ਼ੀ ਰਠੌਰ, ਚੰਡੀਗੜ**

'ਕਹਾਣੀ ਧਾਰਾ' ਇਕ ਸਾਹਿਤਕ ਤੇ ਮਿਆਰੀ ਪਰਚਾ ਹੈ। ਜੋ ਪੰਜਾਬੀ ਸਾਹਿਤ ਨੂੰ ਪ੍ਰਫ਼ੁੱਲਤ ਕਰਨ ਵਿਚ ਭਰਪੂਰ ਯੋਗਦਾਨ ਪਾ ਰਿਹਾ ਹੈ। ਜੁਲਾਈ-ਅਗਸਤ ਦੇ 'ਮਾਂ' ਵਿਸ਼ੇਸ਼ ਅੰਕ ਤੋਂ ਬਾਅਦ 'ਅੱਜ ਦੀ ਕਹਾਣੀ: ਨਵੇਂ ਚਿਹਰੇ' ਵਿਸ਼ੇਸ਼ ਅੰਕ 'ਜਨਵਰੀ-ਮਾਰਚ' ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ। ਇਸ ਅੰਕ ਵਿਚ ਭਗਵੰਤ ਰਸੂਲਪੁਰੀ ਨੇ ਉਹਨਾਂ ਨਵੇਂ ਉਭਰਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਸੰਮਲਿਤ ਕੀਤੀਆਂ ਹਨ , ਜਿਹਨਾਂ ਦੀਆਂ ਰਚਨਾਵਾਂ ਅਜੇ ਤੱਕ ਕਿਤਾਬੀ ਰੂਪ ਵਿਚ ਪਾਠਕਾਂ ਦੇ ਸਨਮੁਖ ਨਹੀਂ ਆਈਆਂ। ਇਸ ਅੰਕ ਵਿਚ ਨਵੇਂ ਕਹਾਣੀਕਾਰਾਂ ਦੀਆਂ ਗਿਆਰਾਂ ਕਹਾਣੀਆਂ ਸ਼ਾਮਿਲ ਹਨ। ਸੰਪਾਦਕ ਨੇ ਆਪਣੀ ਸੰਪਾਦਕੀ ਵਿਚ ਇਹਨਾਂ ਨੂੰ ਪੰਜਵੀਂ ਪੀੜ੍ਹੀ ਦੇ ਕਹਾਣੀਕਾਰ ਕਿਹਾ ਹੈ। ਪੰਜਾਬੀ ਵਿਚ ਇਸ ਸਮੇਂ ਲਗਭਗ 200 ਤੋਂ ਵੱਧ ਕਹਾਣੀਕਾਰ ਕਹਾਣੀਆਂ ਲਿਖ ਰਹੇ ਹਨ। ਇਹ ਵਿਧਾ ਅਖ਼ਬਾਰਾਂ, ਰਸਾਲਿਆਂ ਅਤੇ ਪੁਸਤਕਾਂ ਰਾਹੀਂ ਲੋਕਾਂ ਵਿਚ ਸਭ ਤੋਂ ਵੱਧ ਹਰਮਨ ਪਿਆਰੀ ਰਹੀ ਹੈ। ਜਿਸ ਦੇ ਵਿਚ ਸਾਧਾਰਨ ਮਨੁੱਖ ਦੀਆਂ ਲੋੜਾਂ, ਖ਼ਾਹਿਸ਼ਾਂ, ਮੁਸ਼ਕਲਾਂ ਤੇ ਅਕਾਂਖ਼ਿਆਵਾਂ ਨੂੰ ਬੜੀ ਹੀ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ। ਇਸੇ ਤਰ੍ਹਾਂ ਦੀ ਪੇਸ਼ਕਾਰੀ ਇਹਨਾਂ ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਵਿਚ ਵੇਖਣ ਨੂੰ ਮਿਲਦੀ ਹੈ। ਜਿਹਨਾਂ ਵਿਚ ਵੱਖੋ-ਵੱਖਰੇ ਵਿਸ਼ਿਆਂ ਨੂੰ ਲਿਆ ਗਿਆ ਹੈ। ਭਾਵੇਂ ਇਹਨਾਂ ਕਹਾਣੀਆਂ ਵਿਚ ਦਰਪੇਸ਼ ਬਹੁਤੇ ਵਿਸ਼ੇ ਪੁਰਾਤਨ ਰੰਗਣ ਵਾਲੇ ਹੀ ਹਨ ਪਰ ਕੁਝ ਕਹਾਣੀਆਂ ਦੀ ਪੇਸ਼ਕਾਰੀ ਵਿਲਖੱਣ ਭਾਂਤ ਦੀ ਹੈ। ਵਾਸਤਵ ਵਿਚ ਸ਼ੈਲੀ ਤੇ ਜੁਗਤ ਦੇ ਪੱਖੋਂ ਨਵੀਨਤਾ ਤੇ ਬਦਲਾਅ ਦੀ ਜਿੰਨੀ ਸੰਭਾਵਨਾਂ ਕਹਾਣੀ ਦੀ ਵਿਧਾ ਵਿਚ ਵੇਖਣ ਵਿਚ ਆਈ ਹੈ, ਉਹ ਹੋਰ ਕਿਸੇ ਸਾਹਿਤਕ ਵਿਧਾ ਵਿਚ ਨਹੀਂ ਮਿਲਦੀ। ਕਹਾਣੀ ਦੇ ਸਿਧਾਂਤਕ ਪੱਖ ਬਾਰੇ ਇਹ ਗੱਲ ਆਮ ਹੀ ਪ੍ਰਚੱਲਤ ਹੈ ਕਿ ਇਕੋ ਕਹਾਣੀ ਹਜ਼ਾਰ ਢੰਗਾਂ ਨਾਲ ਕਹੀ ਜਾ ਸਕਦੀ ਹੈ। ਇਸੇ ਲਈ ਆਰੰਭ ਤੋਂ ਲੈ ਕੇ ਹੁਣ ਤੱਕ ਤਕਨੀਕ ਦੀ ਪੱਧਰ ਤੇ ਅਨੇਕਾਂ



ਹੀ ਤਬਦੀਲੀਆਂ ਆਈਆਂ ਹਨ। ਇਹਨਾਂ ਨਵੀਆਂ ਕਹਾਣੀਆਂ ਵਿਚ ਜਿਹੜਾ ਨਵਾਂ ਬਦਲਾਅ ਵੇਖਣ ਵਿਚ ਆਇਆ ਹੈ ,ਉਹ ਇਹ ਹੈ ਕਿ ਗੱਲਬਾਤ ਦੇ ਰਾਹੀਂ ਸਮੁੱਚੇ ਬਿਰਤਾਂਤ ਨੂੰ ਉਭਾਰਨ ਦੀ ਅਹਿਮ ਕੋਸ਼ਿਸ਼ ਰਹੀ ਹੈ। ਗੱਲਾਂ ਕਹਾਣੀ ਦੇ ਪ੍ਰਗਟਾਉ ਵਿਚ ਮਹਤੱਵਪੂਰਨ ਜੁਗਤ ਵਜੋਂ ਪੇਸ਼ ਹੁੰਦੀਆਂ ਹਨ। 'ਵੇਲਾ ਕੁਵੇਲਾ', 'ਪੱਟੀ ਤੋਂ ਪਟਿਆਲਾ ਵਾਇਆ ਬੁਘੀਪੁਰਾ' ,'ਬੱਕਰੀਆਂ ਵਾਲੇ' 'ਕੱਠਪੁਤਲੀ', ਆਦਿ ਕਹਾਣੀਆਂ ਵਿਚ ਇਹ ਜੁਗਤ ਵਿਸ਼ੇਸ਼ ਮਹਤੱਵ ਦੀ ਧਾਰਨੀ ਹੈ। ਇਹ ਗੱਲਾਂ ਬਿਰਤਾਂਤਕਾਰ ਆਪਣੇ ਆਪ ਨਾਲ ਵੀ ਕਰਦਾ ਹੈ ਤੇ ਕਹਾਣੀ ਵਿਚ ਮੌਜੂਦ ਦੂਜੇ ਪਾਤਰਾਂ ਨਾਲ ਵੀ। 'ਕੱਠਪੁਤਲੀ' ਕਹਾਣੀ ਵਿਚ ਕਹਾਣੀਕਾਰ ਸਮਾਜ ਅੰਦਰ ਫ਼ੈਲੇ ਭ੍ਰਿਸ਼ਟਾਚਾਰ, ਬੇਈਮਾਨੀ , ਬੇਰੁਜ਼ਗਾਰੀ ਦੀ ਪੇਸ਼ਕਾਰੀ ਕਰਦਾ ਹੈ। ਐਡਹਾਕ ਤੇ ਕੱਚੀ ਨੌਕਰੀ ਕਰਦੇ 'ਮੈਂ' ਪਾਤਰ ਨੂੰ ਕੋਈ ਮਾਂ-ਬਾਪ ਆਪਣੀ ਧੀ ਦੇਣ ਲਈ ਵੀ ਤਿਆਰ ਨਹੀਂ। ਕਹਾਣੀ ਵਿਚ ਬਿਰਤਾਂਤਕਾਰ ਦੀ ਸਿਸਟਮ ਪ੍ਰਤੀ ਵਿਦਰੋਹੀ ਸੁਰ ਥਾਂ ਪਰ ਥਾਂ ਭਾਰੂ ਰਹਿੰਦੀ ਹੈ, ਜਿਸ ਦਾ ਪ੍ਰਗਟਾਵਾ ਉਹ ਪ੍ਰਿੰਸੀਪਲ ਨੂੰ ਅਸਤੀਫ਼ਾ ਦੇ, ਪੀ.ਐਚ.ਡੀ ਦੀ ਡਿਗਰੀ ਰੱਦੀ ਵਿਚ ਵੇਚ ਕੇ ਬਰਗਰਾਂ ਦੀ ਰੇਹੜੀ ਲਾਉਣ ਵਾਲੇ ਪ੍ਰੀਤੂ ਦੇ ਘਰ ਵੱਲ ਮੁੜਨ ਦੇ ਚਿਹਨਾਤਮਕ ਪਰਿਪੇਖ ਰਾਹੀਂ ਕਰਦਾ ਹੈ। ਫ਼ੋਕੀ ਪੋਫ਼ੈਸਰੀ ਦੀ ਕੱਚੀ ਨੌਕਰੀ ਛੱਡ ਕੋਈ ਛੋਟਾ ਮੋਟਾ ਕੰਮ ਧੰਦਾ ਕਰ ਜ਼ਿੰਦਗੀ ਦੀ ਨਵੀਨ ਨੁਹਾਰ ਸਿਰਜਣ ਵੱਲ ਅਗਰਸਰ ਹੁੰਦਾ ਹੈ।

ਨਵੀਂ ਕਹਾਣੀ ਦਾ ਵਧੇਰੇ ਪਾਠ ਉੱਤਮ- ਪੁਰਖੀ ਵਿਧੀ ਵਾਲਾ ਹੈ। ਬਹੁਤੀਆਂ ਕਹਾਣੀਆਂ ਉੱਤਮ ਪੁਰਖੀ 'ਮੈਂ' ਪੜਨਾਂਵ ਦੀ ਹੈਸੀਅਤ ਵਿਚ ਹੀ ਰਚੀਆਂ ਗਈਆਂ ਹਨ। 'ਆਖ ਦਮੋਦਰ ਮੈਂ ਅੱਖੀਂ ਡਿੱਠਾ' ਦੀ ਜੁਗਤ ਰਾਹੀਂ ਕਹਾਣੀ ਨੂੰ ਆਪ ਬੀਤੀ ਜਾਂ ਅੱਖਾਂ ਸਨਮੁੱਖ ਵਾਪਰੀ ਦਰਸਾ ਕੇ ਪ੍ਰਮਾਣਿਕ ਅੰਸ਼ ਭਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਅਜਿਹਾ ਕਰਕੇ ਬਿਰਤਾਂਤਕਾਰ ਆਪਣੇ ਬੋਲਾਂ ਰਾਹੀਂ ਆਪਣਾ ਆਂਤਰਿਕ ਖ਼ਲਜਗਣ ਤੇ ਮਨੋਸਥਿਤੀ ਦਾ ਪਰਿਚੈ ਦੇ ਰਿਹਾ ਹੈ। ਸਿਮਰਨ ਧਾਲੀਵਾਲ ਦੀ ਕਹਾਣੀ 'ਪੱਟੀ ਤੋਂ ਪਟਿਆਲਾ ਵਾਇਆ ਬੁੱਘੀਪੁਰਾ' ਕਹਾਣੀ ਦਾ 'ਮੈਂ' ਪਾਤਰ ਵੱਖਰੇ ਪੈਂਤੜੇ ,ਹੌਂਸਲੇ ਤੇ ਦ੍ਰਿੜ੍ਹਤਾ ਨਾਲ ਕਹਾਣੀ ਵਿਚ ਪ੍ਰਵੇਸ਼ ਕਰ ਆਪਣੀ ਨਾਮਰਦਗੀ ਨੂੰ ਛੁਪਾਉਣ ਦੀਆਂ ਕਈ ਜੁਗਤਾਂ ਘੜਦਾ ਹੈ। ਇਸੇ ਤਰ੍ਹਾਂ ਦੀ ਕਹਾਣੀ ' ਵੇਲਾ ਕੁਵੇਲਾ' ਹੈ। ਬਾਪੂ ਆਪਣੇ ਮਨ ਅੰਦਰ ਦੇਸ਼ ਵੰਡ ਵੇਲੇ ਦੇ ਕਰੂਰ ਸੱਚ ਨੂੰ ਲਈ ਫ਼ਿਰਦਾ ਹੈ ਜੋ ਉਸ ਦੀ ਮੌਤ ਵੇਲੇ ਵੱਖੋ-ਵੱਖਰੇ ਸੁਪਨ ਦ੍ਰਿਸ਼ਾਂ ਦੇ ਰਾਹੀਂ ਉਭਰਦਾ ਹੈ। ਇਹ ਕਹਾਣੀ ਇਕ ਵੱਖਰੀ ਕਿਸਮ ਦੀ ਕਹਾਣੀ ਤਕਨੀਕ ਦੀ ਪੇਸ਼ਕਾਰੀ ਕਰਦੀ ਹੈ ਕਿਉਂਕਿ ਹੁਣ ਤੱਕ ਦੀ ਬਹੁਤੀ ਕਹਾਣੀ ਪਾਤਰ ਦੀ ਬਾਹਰਮੁਖਤਾ ਦੀ ਗੱਲ ਤਾਂ ਕਰਦੀ ਹੈ। ਪਰ ਇਸ ਵਿਚੋਂ ਮਨ ਅੰਦਰਲੀ ਕਸ਼ਮਕਸ਼ ਦੇ ਵੱਡੇ ਅੰਤਰ ਵਿਰੋਧ ਸਿਰਜੇ ਨਹੀਂ ਮਿਲਦੇ। ਜੋ ਕਿ 'ਵੇਲਾ ਕੁਵੇਲਾ' ਕਹਾਣੀ ਵਿਚ ਵਧੇਰੇ ਉਭਰਵੇਂ ਰੂਪ ਵਿਚ ਪੇਸ਼ ਹੁੰਦੇ ਹਨ। ਕਹਾਣੀ ਵਿਚਲੇ ਵਿਭਿੰਨ ਪਾਸਾਰ ਸਮਾਜਕ ਯਥਾਰਥ ਦੇ ਵੇਰਵਿਆਂ ਰਾਹੀਂ ਸਮੇਂ ਦੇ ਸੱਚ ਦੀ ਪੇਸ਼ਕਾਰੀ ਕਰਦੇ ਹਨ।

ਇਹਨਾਂ ਕਹਾਣੀਆਂ ਵਿਚ ਵਿਸ਼ਵੀਕਰਨ ਦੇ ਲੋਕ ਪੱਖੀ ਅਤੇ ਲੋਕ ਵਿਰੋਧੀ ਪੱਖ ਵੀ ਭਲੀ-ਭਾਂਤ ਉਭਰਦੇ ਹਨ। ਪੰਜਾਬੀ ਸਮਾਜ ਦੀ ਖੇਤੀ ਆਧਾਰਿਤ ਜੀਵਨ-ਜਾਚ ਦਾ ਸ਼ਹਿਰੀ ਜੀਵਨ ਸ਼ੈਲੀ ਵਿਚ ਰੁਪਾਂਤਰਨ ਹੋ ਰਿਹਾ ਹੈ। ਗੁਰਮੀਤ ਆਰਿਫ਼ ਦੀ ਕਹਾਣੀ 'ਕੰਧਾਂ ਵਿਚ ਘਿਰਦਾ ਆਦਮੀ' ਇਸੇ ਤਰ੍ਹਾਂ ਦੇ ਵਿਸ਼ੇ ਨੂੰ ਛੋਹਦੀ ਨਜ਼ਰ ਆਉਂਦੀ ਹੈ। ਬਿਰਤਾਂਤਕੀ- ਪਾਠ ਵਿਚ ਨਿਰਵੈਰ ਦੇ ਪੁੱਤਰ -ਨੂੰਹ ਗਿੰਦੂ ਦਲਾਲ ਦੀਆਂ ਗੱਲਾਂ ਵਿਚ ਆ ਬਾਪੂ ਤੋਂ ਸਾਰੀ ਜ਼ਮੀਨ ਹਥਿਆ ਫ਼ੈਕਟਰੀ ਨੂੰ ਵੇਚ ਰਾਤੋ ਰਾਤ ਅਮੀਰ ਬਣਨ ਦੀ ਹੋੜ ਵਿਚ ਲੱਗੇ ਹਨ। ਬਾਪੂ ਦੇ ਨਾਂਹ ਨੁੱਕਰ ਕਰਨ ਤੇ ਉਹ ਉਸ ਨੂੰ ਮਾਰ ਮੁਕਾਉਣ ਦੀਆਂ ਵਿਉਂਤਾਂ ਬਣਾਉਣ ਲੱਗਦੇ ਹਨ। ਬਾਪੂ ਆਪਣੇ ਪਰਿਵਾਰਕ ਰਿਸ਼ਤਿਆਂ ਵਿਚ ਪਈਆਂ ਤਰੇੜਾਂ ਕਾਰਨ ਪਰੇਸ਼ਾਨ ਹੋ ਤਣਾਅ ਭੋਗਦਾ ਹੈ। ਇਸੇ ਲਈ ਉਹ ਕਹਾਣੀ ਦੇ ਅੰਤ ਵਿਚ ਆਪਣੀ ਸਾਰੀ ਜ਼ਮੀਨ ਸਕੂਲ ਨੂੰ ਦਾਨ ਕਰ ਦੇਣ ਦਾ ਤਲਖ਼ ਫ਼ੈਸਲਾ ਕਰ ਲੈਣ ਲਈ ਮਜ਼ਬੂਰ ਹੋ ਜਾਂਦਾ ਹੈ। ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਦਲਿਤ ਚੇਤਨਾ ਦਾ ਮਸਲਾ ਵੀ ਭੱਖਵੇਂ ਰੂਪ ਵਿਚ ਪੇਸ਼ ਹੁੰਦਾ ਹੈ। ਜਿਸ ਵਿਚ ਰਮੇਸ਼ ਦਾ ਵਿਚਾਰਧਾਰਕ ਪਰਿਪੇਖ ਆਪਣੇ ਸਹਿਕਰਮੀਆਂ ਦੀ ਵਿਚਾਰ ਚਰਚਾ ਦੇ ਬ੍ਰਹਮਅਸਤਰ ਨੂੰ ਖੂੰਢਾ ਕਰ ਮੋੜਵਾਂ ਤਿੱਖਾ ਵਾਰ ਕਰਨ

ਵਿਚ ਸਫ਼ਲਤਾ ਹਾਸਲ ਕਰਦਾ ਪ੍ਰਤੀਤ ਹੁੰਦਾ ਹੈ। ਵਾਸਤਵ ਵਿਚ ਬਿਰਤਾਂਤਕਾਰ ਇਥੇ ਆਰਥਿਕ ਤੇ ਸਮਾਜਕ ਬਰਾਬਰੀ ਦੀ ਗੱਲ ਕਰਦਾ ਦਲਿਤ ਮੁਕਤੀ ਦਾ ਨਵਾਂ ਮਾਡਲ ਸਿਰਜਣ ਦੇ ਯਤਨ ਵਿਚ ਹੈ। ਜਸਵੰਤ ਰਾਏ ਆਪਣੀ ਕਹਾਣੀ ਵਿਚ ਭਗਵੰਤ ਰਸੂਲਪੁਰੀ ਵਾਂਗ ਬੜੀ ਸ਼ਿੱਦਤ ਨਾਲ ਇਹ ਮਸਲਾ ਲੈ ਕੇ ਪਾਠਕਾਂ ਦੇ ਸਨਮੁਖ ਪੇਸ਼ ਹੋਇਆ ਹੈ। ਉਸ ਦਾ ਇਹ ਹੰਭਲਾ ਸ਼ਲਾਘਾਯੋਗ ਹੈ।

ਨਵਪੂੰਜੀਵਾਦੀ ਯੁੱਗ ਵਿਚ ਕਾਮ ਦੀ ਪ੍ਰਵਿਰਤੀ ਹਿਰਸ ਬਣ ਕੇ ਕੇਂਦਰੀ ਨੁਕਤੇ ਵਜੋਂ ਉਭਰਦੀ ਹੈ। ਜਿਸ ਨੇ ਸਮਾਜ, ਸੱਭਿਆਚਾਰ ਅਤੇ ਸਦਾਚਾਰ ਦੀਆਂ ਸਾਰੀਆ ਹੀ ਹੱਦਾਂ ਤੋੜ ਦਿੱਤੀਆਂ ਹਨ। 'ਮੋਹ ਜਾਲ', ' ਮੈਂ ਵੀ ਵੇਖਾਂ', 'ਕੱਚੀ ਇੱਟ', ਇਸੇ ਤਰ੍ਹਾਂ ਦੀਆਂ ਵਿਸ਼ੇਮੂਲਕ ਕਹਾਣੀਆਂ ਹਨ।

ਭਾਵੇਂ ਇਹਨਾਂ ਕਹਾਣੀਆਂ ਵਿਚ ਸ਼ੈਲੀ ਤੇ ਜੁਗਤ ਦੇ ਪੱਖ ਤੋਂ ਕਈ ਥਾਵਾਂ ਤੇ ਪ੍ਰੋੜ੍ਹਤਾ ਦੀ ਘਾਟ ਜਾਪਦੀ ਹੈ। ਕਹਾਣੀਆਂ ਵਿਚਲੇ ਬਹੁਤੇ ਵੇਰਵੇ ਲੇਖਕਾਂ ਦੇ ਆਪਣੇ ਵਿਅਕਤੀਤੱਵ ਤੇ ਨਿੱਜਤੱਵ ਦਾ ਹੀ ਪ੍ਰਗਟਾਵਾ ਕਰਦੇ ਭਾਸਦੇ ਹਨ। ਪਰ ਫ਼ਿਰ ਵੀ ਉਹ ਕਹਾਣੀ ਰਸ ਨਾਲ ਪਾਠਕ ਉੱਤੇ ਆਪਣੀ ਪਕੜ ਮਜ਼ਬੂਤ ਕਰਨ ਵਿਚ ਸਫ਼ਲ ਰਹਿੰਦੇ ਹਨ। ਕਹਾਣੀਆਂ ਵਿਚ ਪੜ੍ਹਨਯੋਗਤਾ ਹੈ। ਕਹਾਣੀ ਪਾਠ ਪਾਠਕ ਨੂੰ ਟੁੰਭਦਾ ਹੈ। ਸਾਰੀਆ ਗੱਲਾਂ ਬੜੀ ਸਹਿਜਤਾ ਨਾਲ ਪੇਸ਼ ਹੁੰਦੀਆਂ ਹਨ। ਜਿਸ ਤੋਂ ਇਹਨਾਂ ਕਹਾਣੀਕਾਰਾਂ ਵਿਚੋਂ ਨਿਕਟ ਭਵਿੱਖ ਵਿਚ ਬਹੁਤ ਸਾਰੀਆਂ ਸੰਭਾਵਨਾਵਾਂ ਜਾਗਦੀਆਂ ਹਨ। ਇਸ ਦੇ ਲਈ ਇਹ ਸਾਰੇ ਕਹਾਣੀ ਲੇਖਕ ਵਧਾਈ ਦੇ ਪਾਤਰ ਹਨ।

---

## ਕਹਾਣੀਕਾਰਾਂ ਦੀ ਪੰਜਵੀਂ ਪੀੜ੍ਹੀ : ਪਹਿਚਾਣ ਚਿੰਨ

**ਪ੍ਰੋ: ਐਚ. ਐਸ. ਡਿੰਪਲ**

ਭਾਈ ਵੀਰ ਸਿੰਘ, ਚਰਨ ਸਿੰਘ ਸ਼ਹੀਦ ਅਤੇ ਹੋਰ ਆਰੰਭਕ ਕਹਾਣੀਕਾਰਾਂ ਦੇ ਰਵਾਇਤੀ ਅਧਿਆਤਮਕ ਰੰਗ ਤੋਂ ਸ਼ੁਰੂ ਹੋਈ ਨਾਨਕ ਸਿੰਘ ਦੇ ਸੁਧਾਰਵਾਦੀ ਰੰਗ ਵਿਚੋਂ ਗੁਜ਼ਰਦੀ, ਸੁਜਾਨ ਸਿੰਘ - ਸੰਤੋਖ ਸਿੰਘ ਧੀਰ ਦੇ ਪ੍ਰਗਤੀਵਾਦੀ ਰੰਗ ਨੂੰ ਮਾਣਨ ਅਤੇ ਅੰਮ੍ਰਿਤਾ ਪ੍ਰੀਤਮ ਦੇ ਨਿਰੋਲ ਨਾਰੀਵਾਦੀ, ਭਾਵੁਕ ਅਤੇ ਰੋਮਾਂਸਵਾਦੀ ਸਵਾਦ ਨੂੰ ਚੱਖਦੀ, ਪ੍ਰੋ: ਮੋਹਨ ਸਿੰਘ ਦੇ ਵਾਸ਼ਨਾਵਾਦ ਵਿਚੋਂ ਲੰਘਦੀ, ਗੁਰਬਖ਼ਸ਼ ਪ੍ਰੀਤਲੜੀ ਦੇ ਪ੍ਰੀਤ-ਫ਼ਲਸਫ਼ੇ ਦਾ ਪ੍ਰਚਾਰ-ਪ੍ਰਸਾਰ ਕਰਦੀ ਹੋਈ ਪੰਜਾਬੀ ਕਹਾਣੀ ਨੇ ਗੁਲਜ਼ਾਰ ਸੰਧੂ, ਵਰਿਆਮ ਸੰਧੂ, ਪ੍ਰੇਮ ਪ੍ਰਕਾਸ਼, ਅਣਖੀ ਤੋਂ ਗੁਰਪਾਲ ਲਿੱਟ, ਜਤਿੰਦਰ ਹਾਂਸ, ਜਸਬੀਰ ਰਾਣਾ, ਦੇਸ ਰਾਜ ਕਾਲੀ, ਭਗਵੰਤ ਰਸੂਲਪੁਰੀ, ਗੁਰਮੀਤ ਕੜਿਆਲਵੀ, ਕੁਲਵੰਤ ਗਿੱਲ, ਅਜਮੇਰ ਸਿੱਧੂ, ਵਿਸ਼ਵ ਜਯੋਤੀ ਧੀਰ, ਨਿਰਮਲ ਜਸਵਾਲ ਅਤੇ ਸੁਖਜੀਤ ਜਿਹੇ ਨਵ-ਸਥਾਪਤ ਕਹਾਣੀਕਾਰਾਂ ਤੱਕ ਲੰਮਾ ਸਫ਼ਰ ਤੈਅ ਕੀਤਾ ਹੈ ਅਤੇ ਕਹਾਣੀ ਸਮਾਜ ਅਤੇ ਮਾਨਵੀ ਮਨ ਦੀਆਂ ਅਨੇਕਾਂ ਸੂਖਮ ਪਰਤਾਂ ਨੂੰ ਲੱਭਿਆ, ਫਰੋਲਿਆ ਅਤੇ ਸਫ਼ਲ ਰੂਪ ਵਿਚ ਪੇਸ਼ ਕੀਤਾ ਹੈ।

ਚੰਗੀ ਗੱਲ ਇਹ ਹੈ ਕਿ ਪੰਜਾਬੀ ਕਹਾਣੀ ਵਿਚ ਅਜੇ ਤੱਕ ਖੜੋਤ ਨਹੀਂ ਆਈ ਹੈ ਅਤੇ ਇਹ ਰੋਜ਼ ਨਵੇਂ ਵਿਸ਼ੇ, ਨਵੀਂ ਸ਼ੈਲੀ, ਨਵੀਆਂ ਜੁਗਤਾਂ, ਨਵੀਆਂ ਗੁੰਝਲਾਂ, ਨਵੇਂ ਕਿਰਦਾਰ, ਨਵਾਂ ਰੂਪ ਅਤੇ ਨਵੀਆਂ ਸਮੱਸਿਆਵਾਂ ਲੈ ਕੇ ਨਵੀਂ ਗੱਲ ਕਹਿਣ ਲਈ ਪਾਠਕ ਕੋਲ ਲਗਾਤਾਰ/ਨਿਰੰਤਰ ਆ ਰਹੀ ਹੈ ਅਤੇ ਉਸਨੂੰ ਹੈਰਾਨ-ਪ੍ਰੇਸ਼ਾਨ, ਉਤੇਜਿਤ, ਸੰਤੁਸ਼ਟ-ਅਸੰਤੁਸ਼ਟ ਅਤੇ ਪ੍ਰੇਰਤ ਕਰ ਰਹੀ ਹੈ। ਨਵੀਂ ਕਹਾਣੀ ਦੇ ਉਭਰਦੇ ਨਕਸ਼ਾਂ ਨੂੰ ਉਘਾੜਣ ਅਤੇ ਪਛਾਣਨ ਲਈ ਲਗਾਤਾਰ ਯਤਨ ਹੋ ਰਹੇ ਹਨ ਅਤੇ ਇਸ ਨਿਰੋਲ ਕਹਾਣੀ ਤੇ ਆਧਾਰਤ ਸਾਹਿਤਕ ਪਰਚਿਆਂ, ਖਾਸ ਕਰਕੇ ਜਿਨ੍ਹਾਂ ਦੇ ਸੰਪਾਦਕ ਖੁਦ ਚਰਚਿਤ ਕਹਾਣੀਕਾਰ ਹਨ, ਵਲੋਂ ਵੱਡਾ ਅਤੇ ਅਹਿਮ ਹਿੱਸਾ ਪਾ ਕੇ ਜ਼ਿਕਰ ਯੋਗ ਭੂਮਿਕਾ ਅਦਾ ਕੀਤੀ ਜਾ ਰਹੀ ਹੈ। ਇਸੇ ਲੜੀ ਵਿਚ ਭਗਵੰਤ ਰਸੂਲਪੁਰੀ ਨੇ 'ਕਹਾਣੀ ਧਾਰਾ' ਦਾ ਜਨਵਰੀ-ਮਾਰਚ 2011 ਅੰਕ ਕੱਢਿਆ ਹੈ, ਜਿਸ ਵਿਚ "ਅੱਜ ਦੀ ਕਹਾਣੀ ਦੇ ਨਵੇਂ ਚਿਹਰੇ" ਪੇਸ਼ ਕਰਕੇ ਕਹਾਣੀ-ਸੰਪਾਦਨਾ ਦੇ ਖ਼ੇਤਰ ਵਿਚ ਇਕ ਨਵੀਂ ਪੁਲਾਂਘ ਪੁੱਟੀ ਹੈ। ਇਨ੍ਹਾਂ ਕਹਾਣੀਆਂ ਦੇ ਅੰਤਰ-ਪਾਠ ਤੋਂ ਅੱਜ ਦੀ ਕਹਾਣੀ ਦੇ ਨਕਸ਼ ਉਘੜਵੇਂ ਰੂਪ ਵਿਚ ਵੇਖੇ ਜਾ ਸਕਦੇ ਹਨ, ਕਿਉਂਕਿ ਇਨ੍ਹਾਂ ਵਿਚਲੇ ਲਗਭਗ ਸਭ ਕਹਾਣੀਕਾਰ ਅਸਲੋਂ ਨਵੇਂ ਜਾਂ ਇਕ ਦੋ ਕਹਾਣੀਆਂ ਲਿਖ-ਛਪਵਾ ਚੁੱਕੇ ਕਹਾਣੀਕਾਰ ਹੋਣ ਦੇ ਬਾਵਜੂਦ ਕਹਾਣੀ ਤੇ ਡੂੰਘੀ ਪਕੜ ਰੱਖਦੇ



ਹਨ। ਅਜੋਕੇ ਇਨਸਾਨ ਦੇ ਅੰਤਰ-ਮਨ ਦੀ ਕਸ਼ਮਕਸ਼, ਅੰਤਰ-ਦਵੰਦਾਂ ਅਤੇ ਪਾਤਰ ਦੇ ਮਨੋ-ਜਗਤ ਨੂੰ ਸਫ਼ਲਤਾ ਸਹਿਤ ਉਭਾਰ ਕੇ ਥੀਮਕ ਸਫ਼ਲਤਾ ਪ੍ਰਾਪਤ ਕਰਨ ਦੇ ਨਾਲ-ਨਾਲ ਇਨ੍ਹਾਂ ਕਹਾਣੀਕਾਰਾਂ ਨੇ ਕਲਾਤਮਕ ਸੰਜਮ ਅਤੇ ਤਰਕ ਨਾਲ ਵਿਸ਼ੇ ਨੂੰ ਸਮੇਟ ਕੇ ਆਪਣੀ ਵਿਲੱਖਣਤਾ ਦਰਜ ਕੀਤੀ ਹੈ। ਇਸ ਵਿਸ਼ੇਸ਼ ਅੰਕ ਦੀਆਂ ਲਗਭਗ ਸਭ ਕਾਹਣੀਆਂ ਦੀ ਵਿਲੱਖਣਤਾ ਇਹ ਹੈ ਕਿ ਇਨ੍ਹਾਂ ਨੂੰ ਕਿਸੇ ਵਾਦ ਜਾਂ ਜੁਗਤ ਦੇ ਚੌਖਟੇ ਵਿਚ ਫਿੱਟ ਨਹੀ ਕੀਤਾ ਜਾ ਸਕਦਾ, ਕਿਉਂਕਿ ਇਨ੍ਹਾਂ ਵਿਚ ਜਿੰਦਗੀ ਦੀਆਂ ਜਟਿਲ ਸਮੱਸਿਆਵਾਂ ਦੀ ਸੂਖਮ ਪੇਸ਼ਕਾਰੀ ਦੇ ਨਾਲ-ਨਾਲ ਹੋਰ ਅਨੇਕ ਤੀਖਣ ਪ੍ਰਭਾਵ ਸਿਰਜੇ ਗਏ ਹਨ। ਭਾਸ਼ਾ ਜਾਂ ਕਲਾ ਪੱਖ ਤੋਂ ਸਭ ਕਹਾਣੀਕਾਰ ਇਕ ਦੂਜੇ ਤੋਂ ਨਿਖੜਵੇਂ ਹੋਣ ਦੇ ਬਾਵਜੂਦ ਇਨ੍ਹਾਂ ਕਹਾਣੀਆਂ ਵਿਚ ਦੋ ਪਾਤਰਾਂ, ਪਾਤਰ ਅਤੇ ਸਮਾਜ, ਦੋ ਜਮਾਤਾਂ, ਦੋ ਸੋਚਾਂ ਜਾਂ ਸਿਧਾਂਤਾਂ ਦਾ ਟਕਰਾਉ ਪੇਸ਼ ਕਰਕੇ ਮਾਨਸਿਕ ਤਣਾਉ ਨੂੰ ਸਿਰਜਿਆ ਅਤੇ ਨਿਭਾਇਆ ਅਤੇ ਸਿਖ਼ਰ-ਬਿੰਦੂ ਤੇ ਲੈ ਜਾ ਕੇ ਨਾਟਕੀ ਮੌਕੇ ਅਤੇ ਉਤਸੁਕਤਾ ਕਾਇਮ ਕੀਤੀ ਗਈ ਹੈ। ਕੋਈ ਵੀ ਕਹਾਣੀਕਾਰ ਨਾ ਤਾਂ ਦੁੱਗਲ ਵਾਂਗ ਭਾਸ਼ਾ-ਪ੍ਰਵਾਹ ਨੂੰ ਆਪਣੀ ਕਥਾ-ਸੀਮਾ ਰਹਿਣ ਦਿੰਦਾ ਹੈ, ਅਤੇ ਨਾ ਸੁਜਾਨ ਸਿੰਘ ਜਾਂ ਸੇਖੋਂ ਵਾਂਗ ਮਾਰਕਸਵਾਦੀ ਦਾਇਰੇ ਵਿਚ ਸਿਮਟਦਾ ਹੈ, ਅਤੇ ਨਾ ਹੀ ਮੋਹਨ ਸਿੰਘ ਜਾਂ ਅੰਮ੍ਰਿਤਾ ਪ੍ਰੀਤਮ ਵਾਂਗ ਰੋਮਾਂਟਿਕ ਜ਼ਜ਼ਬਾਤ ਦੀ ਗੁਲਾਮੀ ਦੇ ਘੇਰੇ ਵਿਚ ਘੁੰਮਦਾ ਹੈ।

ਇਨ੍ਹਾਂ ਕਹਾਣੀਆਂ ਦੇ ਰੂਪਕੀ ਸੰਗਠਨ ਵਿਚ ਸਮੇਂ ਅਤੇ ਸਥਾਨ ਦੇ ਕ੍ਰਮ ਨੂੰ ਧਿਆਨ ਵਿਚ ਰੱਖਦਿਆਂ ਕਲਾਤਮਿਕ ਤਰਤੀਬ ਦੀ ਥਾਂ ਮਾਨਸਿਕ ਤਰਤੀਬ ਨੂੰ ਪਹਿਲ ਦਿੱਤੀ ਗਈ ਹੈ, ਜੋ ਇਨ੍ਹਾਂ ਕਹਾਣੀਆਂ ਦੀ ਸੁਹਜ ਵਿਉਂਤਬੰਦੀ ਵੱਲ ਇਸ਼ਾਰਾ ਕਰਦੀ ਹੈ। ਸਮੇਂ, ਸਥਾਨ ਅਤੇ ਕਾਰਜ ਦੀ ਏਕਤਾ ਤੋਂ ਬਿਨਾਂ ਕਾਰਣ ਅਤੇ ਕਾਰਜ ਦੀ ਏਕਤਾ ਨਾਲ ਯਥਾਰਥ ਦਾ ਨਿਭਾਅ ਇਨ੍ਹਾਂ ਕਹਾਣੀਕਾਰਾਂ ਨੂੰ ਅੰਗਰੇਜ਼ੀ ਸਾਹਿਤ ਦੇ "ਯੂਨੀਵਰਸਿਟੀ ਵਿੱਟਸ" (ਕ੍ਰਿਸਟੋਫ਼ਰ ਮਾਰਲੋਵ, ਪੀਲ, ਕਿੱਡ ਅਤੇ ਹੋਰ) ਨਾਲ ਤੁਲਨਾ ਕਰਨ ਲਈ ਮਜਬੂਰ ਕਰਦਾ ਹੈ। ਇਨ੍ਹਾਂ ਕਹਾਣੀਕਾਰਾਂ ਨੇ ਮਨੋਵਿਗਿਆਨਕ ਜੁਗਤਾਂ (ਚੇਤਨਾ ਪ੍ਰਵਾਹ, ਮਨੋਵਿਸ਼ਲੇਸ਼ਣ ਤਕਨੀਕ, ਸੁਪਨੇ, ਬੇਹੋਸ਼ੀ, ਯਾਦਾਂ ਜਾਂ ਚਿੰਨ੍ਹਾਂ, ਪਿਛਲ ਝਾਤ) ਦੀ ਵਰਤੋਂ ਬਾਖ਼ੂਬੀ ਕੀਥੀ ਹੈ, ਜਿਨ੍ਹਾਂ ਵਿਚੋਂ ਪਿਛਲ-ਝਾਤ ਦੀ ਵਰਤੋਂ ਪ੍ਰਮੁੱਖ ਰੂਪ ਵਿਚ ਹੋਈ ਹੈ, ਖਾਸ ਕਰਕੇ ਪਹਿਲੀਆਂ ਦੋ ਕਹਾਣੀਆਂ ਵਿਚ। ਕਾਮ-ਪ੍ਰਵਿਰਤੀ, ਫਰਾਇਡਵਾਦੀ ਮਨੋਵਿਗਿਆਨ ਦਾ ਕੇਂਦਰੀ ਨੁਕਤਾ ਹੈ ਅਤੇ ਕਿਸੇ ਵੀ ਵਿਅਕਤੀ ਦੇ ਸੁਭਾਅ, ਸੋਚ ਅਤੇ ਸਰਗਰਮੀਆਂ ਵਿਚ ਉਸਦੀਆਂ ਦੱਬੀਆਂ ਜਾਂ ਦਬਾਈਆਂ ਭਾਵਨਾਵਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਕਥਾਨਕ ਨੂੰ ਕਲਾਤਾਮਕ ਬਣਾਉਣ ਲਈ ਕਹਾਣੀਕਾਰ ਪਿਛਲਝਾਤ ਜਾਂ ਅਗਲਝਾਤ ਜੁਗਤਾਂ ਦੀ ਵਰਤੋਂ ਕਰਦਾ ਹੈ। ਘਟਨਾਵਾਂ ਦੀ ਤਰਤੀਬ ਦੇ ਨਾਲ ਨਾਲ ਘਟਾਨਵਾਂ ਵਾਪਰਣ ਦੀ ਰਫ਼ਤਾਰ ਜਾਂ ਮਿਆਦ ਨੂੰ ਵੀ ਕਹਾਣੀ ਦੇ ਰੂਪ ਵਿਧਾਨ ਦਾ ਹਿੱਸਾ ਬਣਾਇਆ ਗਿਆ ਹੈ। ਕਥਾ ਦੇ ਘਟਨਾਵੀ ਵਰਤਾਰੇ ਦੇ ਵਾਪਰਣ ਦੀ ਆਪਣੀ ਮਿਆਦ ਹੁੰਦੀ ਹੈ ਜੋ ਸਕਿੰਟਾਂ ਤੋਂ ਲੈ ਕੇ ਸਹਿ-ਸਦੀਆਂ ਤੱਕ ਪਸਰੀ ਹੋ ਸਕਦਾ ਹੈ। ਬਿਰਤਾਂਤ ਵਿਚ ਇਹ ਪੇਸ਼ਕਾਰੀ ਬਨਾਵਟੀ ਹੁੰਦੀ ਹੈ। ਕਹਾਣੀ ਵਿਚ ਇਸਨੂੰ ਸਮੇਂ ਦੇ ਮਾਪ ਵਿਚ ਨਹੀਂ ਸਗੋਂ ਸ਼ਬਦਾਂ, ਵਾਕਾਂ, ਪੈਰਿਆਂ ਜਾਂ ਸਫ਼ਿਆਂ ਵਿਚ ਮਾਪਿਆ ਜਾਣਾ ਹੁੰਦਾ ਹੈ। ਕਥਾ ਦਾ ਇਕ ਪਲ ਕਈ ਵਾਰ ਬਿਰਤਾਂਤ ਦੇ ਕਈ ਸਫ਼ਿਆਂ ਵਿਚ ਫ਼ੈਲਦਾ ਹੈ ਅਤੇ ਕਈ ਵਾਰ ਕਥਾ ਦੇ ਕਈ ਸਾਲ ਬਿਰਤਾਂਤ ਵਿਚ ਕੁਝ ਵਾਕਾਂ ਵਿਚ ਸਮਿਟ ਜਾਂਦੇ ਹਨ।

'ਕਹਾਣੀ ਧਾਰਾ' ਦੇ ਜਨਵਰੀ-ਮਾਰਚ, 2011 ਅੰਕ ਵਿਚ ਬਿੰਦਰ ਬਸਰਾ, ਦੀਪ ਦੇਵਿੰਦਰ ਸਿੰਘ, ਸਿਮਰਨ ਧਾਲੀਵਾਲ, ਬਲਵੀਰ ਕੌਰ ਰੀਹਲ, ਗੁਰਮੀਤ ਆਰਿਫ਼, ਜਸਵੰਤ ਰਾਏ, ਰੀਤੂ ਕਲਸੀ , ਪ੍ਰੀਤ ਨੀਤਪੁਰ, ਹਰਨੇਕ ਕਲੇਰ, ਮਲਕੀਤ ਜੋੜਾ ਅਤੇ ਗੁਰਪ੍ਰੀਤ ਸੰਧੂ ਨੇ ਆਪਣੀਆਂ ਕਹਾਣੀਆਂ ਵਿਚ ਨਵੇਂ ਨਕਸ਼ ਪ੍ਰਗਟ ਕੀਤੇ ਹਨ, ਜਾਂ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਸਲ ਵਿਚ ਜਿਨ੍ਹਾਂ ਕਹਾਣੀਕਾਰਾਂ ਨੂੰ ਭਗਵੰਤ ਰਸੂਲਪੁਰੀ ਨੇ "ਕਹਾਣੀ ਦੀ ਪੰਜਵੀਂ ਪੀੜ੍ਹੀ" ਦਾ ਨਾਂ ਦਿੱਤਾ ਹੈ, ਉਨ੍ਹਾਂ ਦੀਆਂ ਬ੍ਰਿਤਾਂਤਿਕ ਜੁਗਤਾਂ, ਚਿਹਨ, ਸ਼ੈਲੀ, ਕਹਿਣ-ਢੰਗ, ਪਾਤਰਾਂ ਦਾ ਵਿਹਾਰ ਅਤੇ ਵਿਸ਼ਿਆਂ ਦੀ ਤਾਜ਼ਗੀ ਆਦਿ ਸਭ ਪੱਖਾਂ ਵਿਚ ਨਿਵੇਕਲਾਪਣ ਤਾਂ ਹੈ, ਪਰ ਜੇਕਰ ਇਸ "ਵਿਸ਼ੇਸ਼ ਅੰਕ" ਦੀਆਂ ਕਹਾਣੀਆਂ ਦਾ ਮੁਤਾਲਿਆ ਕਰੀਏ, ਤਾਂ ਇਕ-ਅੱਧ ਕਹਾਣੀ (ਜਿਵੇਂ ਜਸਵੰਤ ਰਾਏ ਦੀ ਬ੍ਰਹਮਅਸਤਰ) ਨੂੰ ਛੱਡ ਕੇ ਸਭ ਕਹਾਣੀਆਂ

ਵਰਜਿਤ ਰਿਸ਼ਤਿਆਂ ਦੁਆਲੇ ਘੁੰਮਦੀਆਂ ਹਨ, ਜਿਨ੍ਹਾਂ ਦੀ ਵਰਤੋਂ ਚੌਥੀ ਕੂੰਟ ਦੇ ਪਿਛਲ-ਅੱਧ ਦੇ ਕਹਾਣੀਕਾਰਾਂ ਖਾਸ ਕਰਕੇ ਪ੍ਰੇਮ ਪ੍ਰਕਾਸ਼ ਅਤੇ ਉਸਦੇ "ਸ਼ਾਗਿਰਦਾਂ" ਨੇ ਰੱਜ ਕੇ ਕੀਤੀ ਹੈ। ਇਨ੍ਹਾਂ ਕਹਾਣੀਆਂ ਦਾ ਤਾਂ ਆਰੰਭ ਹੀ ਇਨ੍ਹਾਂ ਕਹਾਣੀਆਂ ਦਾ ਜਾਂ ਤਾਂ ਆਰੰਭ ਹੀ ਵਰਜਿਤ ਰਿਸ਼ਤਿਆਂ ਨਾਲ ਹੁੰਦਾ ਹੈ, ਜਾਂ ਆਰੰਭਕ ਕੁਝ ਕੁ ਵਾਕਾਂ ਵਿਚ ਹੀ "ਵਰਜਿਤ" ਜ਼ਿਕਰ ਹੈ -

1.ਪਾਰੋ (ਜਿਸ ਨਾਲ ਜਗਦੀਪ ਦਾ ਵਿਆਹੋਂ-ਬਾਹਰਾ ਸੰਬੰਧ ਹੈ) ਨੂੰ ਚੁੰਮਦਿਆਂ (ਮੋਹ ਜਾਲ਼/ਬਿੰਦਰ ਬਸਰਾ)

2.ਆਪਣੇ ਵੇਲੇ ਮਾਸੀ ਵੀ ਬੜੀ ਸ਼ੈਅ ਸੀ। ਉਹਨੂੰ ਆਈ ਵੇਖ ਬਾਪੂ ਵੀ ਪੂਰਾ ਟਹਿਕ ਜਾਂਦਾ ਸੀ। (ਵੇਲਾ ਕੁਵੇਲਾ/ਦੀਪ ਦੇਵਿੰਦਰ ਸਿੰਘ)

3.ਅੱਜ ਮੈਂ ਵੱਲੀ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਆ ਐ। (ਮੈਂ ਵੀ ਵੇਖਾਂ / ਗੀਤੂ ਕਲਸੀ)

4.ਜਸਪਾਲ ਕੌਰ ਉਰਫ਼ ਪਾਲੋ ਦੋ ਬੱਚਿਆਂ ਦੀ ਮਾਂ ਸੀ। ... ਪਿੰਡ ਦੇ ਇਕ ਗੱਭਰੂ ਮਨਵੀਰ ਸਿੰਘ ਉਰਫ਼ ਮਨੀ ਨਾਲ ਪਾਲੋ ਦੀ ਸਾਂਝ ਸੀ। (ਕੱਚੀ ਇੱਟ / ਪ੍ਰੀਤ ਨੀਤਪੁਰ)

5."ਬੁੜ੍ਹਾ ਵੀ ਸੰਦ ਨਾਥ ਈ ਆ ਸਾਲਾ, ਸਾਰੀ ਉਮਰ ਏਹ ਤੋਂ ਆਪਣੀ ਤੀਵੀਂ ਓ ਨੀਂ ਲੋਟ ਆਈ, ਥਾਂ ਕੁਥਾਂ ਖੇਹ ਖਾਂਦੀ ਫਿਰਦੀ ਆ।" (ਬੱਕਰੀਆਂ ਵਾਲੇ / ਗੁਰਪ੍ਰੀਤ ਸੰਧੂ)

ਜਿਥੇ ਬਲਵੀਰ ਕੌਰ ਰੀਹਲ ਦੀ ਕਹਾਣੀ "ਕੱਠਪੁਤਲੀ" (ਪੰਨਾ 37-41) ਕਾਲਜ ਦੇ ਐਡਹਾੱਕ ਅਧਿਆਪਕਾਂ ਪ੍ਰਤੀ ਤਰਸ ਦੀ ਭਾਵਨਾ ਜਗਾਉਣ ਲਈ ਉਨ੍ਹਾਂ ਦੀ ਰੈਗੂਲਰ ਪ੍ਰੋਫ਼ੈਸਰਾਂ/ਲੈਕਚਰਾਰਾਂ ਨਾਲ ਤੁਲਨਾ ਕਰਦੀ ਹੋਈ ਇਕਹਿਰੀ ਪਰਤ ਵਿਚ ਸਿਮਟੀ ਕਹਾਣੀ ਹੋਣ ਕਰਕੇ ਇਕ ਸਧਾਰਣ ਪੱਧਰ ਦੀ ਇਕਪਰਤੀ ਕਥਾ ਹੈ, ਉਥੇ ਜਸਵੰਤ ਰਾਏ ਦੀ "ਬ੍ਰਹਮ ਅਸਤਰ" ਇਸ ਅੰਕ ਦੀ ਸਭ ਤੋਂ ਸ਼ਸ਼ਕਤ ਜਾਂ ਸ਼ਕਤਸ਼ਾਲੀ ਕਹਾਣੀ ਵਜੋਂ ਉਭਰ ਕੇ ਆਈ ਹੈ, ਜੋ ਬਹੁ-ਪਰਤੀ ਹੋਣ ਦੇ ਨਾਲ-2 ਦਲਿਤ ਚੇਤਨਾ ਦਾ ਪਸਾਰ ਕਰਦੀ ਕਈ ਅਸਲੋਂ ਨਵੇਂ ਵਿਸ਼ਿਆਂ ਨੂੰ ਅਸਲੋਂ ਨਵੀਂ ਸ਼ੈਲੀ ਵਿਚ ਪੇਸ਼ ਕਰਦੀ ਹੈ। ਇਸ ਤੋਂ ਪਹਿਲਾਂ ਰਾਏ ਦੀ ਸਿਰਫ਼ ਇਕ ਕਹਾਣੀ "ਸਰਦਾਰੀ" ਪਿਛਲੇ ਸਾਲ ਦੇ ਪ੍ਰਤੀਮਾਨ (ਜਨਵਰੀ-ਮਾਰਚ, 2010) ਵਿਚ ਛਪੀ ਹੈ। ਮੇਰੀ ਨਜ਼ਰ ਵਿਚ ਰਸੂਲਪੁਰੀ ਜਿਸ "ਪੰਜਵੀਂ ਪੀੜ੍ਹੀ" ਦਾ ਜ਼ਿਕਰ ਕਰਦਾ ਹੈ, ਉਸਦਾ ਸਭ ਤੋਂ ਅਹਿਮ ਪ੍ਰਤੀਨਿਧ ਜਸਵੰਤ ਰਾਏ ਹੀ ਜਾਪਦਾ ਹੈ। ਕਹਾਣੀ ਦਾ ਆਰੰਭ ਐਨਾ ਨਿਵੇਕਲਾ, ਚੁਸਤ ਜਾਂ ਉਤਸੁਕਤਾ ਭਰਪੂਰ ਨਹੀਂ ਹੈ, ਪਰ ਜਿਉਂ-2 ਕਹਾਣੀ ਰਫ਼ਤਾਰ ਫੜਦੀ ਹੈ, ਇਸ ਵਿਚ ਸੂਖ਼ਮਤਾ, ਪੁਖ਼ਤਗੀ, ਤਾਜ਼ਗੀ, ਨਵਾਂਪਣ ਅਤੇ ਹੋਰ ਕਈ ਗੁਣ ਪ੍ਰਗਟ ਹੋਣੇ ਆਰੰਭ ਹੋ ਜਾਂਦੇ ਹਨ ਅਤੇ ਹੌਲੀ-2 ਕਹਾਣੀ ਅਜੇ ਤੱਕ ਅਣਛੋਹੇ ਅਨੇਕਾਂ ਵਿਸ਼ਿਆਂ, ਉਪਵਿਸ਼ਿਆਂ ਅਤੇ ਪਹਿਲੂਆਂ ਨੂੰ ਕਲੇਵਰ ਵਿਚ ਲੈਂਦੀ ਹੋਈ ਪਾਠਕ ਦੇ ਦਿਲੋ-ਦਿਮਾਗ ਤੇ ਸਦੀਵੀ ਅਸਰ ਛੱਡਦੀ ਹੋਈ ਚਰਮ ਸੀਮਾ ਹਾਸਲ ਕਰਦੀ ਹੈ। ਇਸਦੇ ਉਲਟ ਗੀਤੂ ਕਲਸੀ ਨੇ "ਮੈਂ ਵੀ ਵੇਖਾਂ" ਵਿਚ ਇਕ ਨਵਾਂ ਵਿਸ਼ਾ ਛੋਹਣ ਦੀ ਜੁਅਰਤ ਕੀਤੀ ਹੈ, ਪਰ ਕਹਾਣੀ ਮਨ ਦੀਆਂ ਅੰਤਰੀਵ ਪਰਤਾਂ ਨੂੰ ਛੋਹਣ ਦੀ ਥਾਂ ਪਾਤਰਾਂ ਦੇ ਵਿਹਾਰ ਤੱਕ ਸੀਮਤ ਰਹਿੰਦੀ ਹੈ। ਪ੍ਰੀਤ ਨੀਤਪੁਰ ਨੇ "ਕੱਚੀ ਇੱਟ" ਵਿਚ ਪਾਏਦਾਰ ਅਤੇ ਖੂਬਸੂਰਤ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਵਿਸ਼ਾ ਪੁਰਾਣਾ ਹੈ, ਸਧਾਰਣ ਹੈ, ਪਰ ਸ਼ਬਦਾਂ ਦੀ ਜਾਦੂਗਰੀ ਪਾਠਕ ਨੂੰ ਕਹਾਣੀ ਦੇ ਅੰਤ ਤੱਕ ਬੰਨ੍ਹ ਕੇ ਰੱਖਦੀ ਹੈ। ਉਂਜ, ਜਿਸ ਮਨੋਵਿਗਿਆਨ ਤੇ ਅਜੋਕੇ ਕਥਾਕਾਰ ਕਹਾਣੀ ਲਿਖ ਰਹੇ ਹਨ, ਉਸ ਅਨੁਸਾਰ ਵਰਜਿਤ ਰਿਸ਼ਤੇ "ਪਾਪ" ਨਹੀਂ ਅਤੇ ਨਾ ਹੀ ਦੱਬੀਆਂ-ਇਛਾਵਾਂ ਦੇ ਪ੍ਰਗਟਾਓ ਦੀ ਖੁੱਲ੍ਹ ਲੈਣੀ ਜੱਗੋਂ-ਤੇਰ੍ਹਵੀਂ ਗੱਲ ਹੈ, ਜਿਸ ਕਰਕੇ ਪਾਲੋ ਦੀ ਮਨੀ ਨਾਲ ਸਾਂਝ ਨੂੰ ਪ੍ਰੀਤ ਨੀਤਪੁਰ ਵਲੋਂ "ਵੱਡਾ ਕੋਹਝ/ਕੋਹਜ" ਦਾ ਦਰਜਾ/ਨਾਮ ਦੇਣਾ, ਕਹਾਣੀਕਾਰ ਦੀ ਸੋਚ ਅਤੇ ਮਨੋਵਿਗਿਆਨ ਤੇ ਪ੍ਰਸ਼ਨ ਚਿੰਨ ਲਗਾਉਂਦਾ ਹੈ।

ਬਿੰਦਰ ਬਸਰਾ ਦੀ ਕਹਾਣੀ "ਮੋਹ ਜਾਲ" (ਪੰਨਾ 17-21, ਕਹਾਣੀ ਧਾਰਾ / ਜਨਵਰੀ-ਮਾਰਚ, 2011) ਵਿਚਲੇ ਜਗਦੀਪ ਦੀ ਸੋਚ ਰੋਜ਼ਾਨਾ ਯਥਾਰਥ ਨਾਲ ਟਕਰਾਉਂਦੀ ਹੈ ਤਾਂ ਕਈ ਹੈਰਾਨੀਜਨਕ ਤੱਤਾਂ ਅਤੇ ਤੱਥਾਂ ਦੇ ਚੰਗਿਆੜੇ ਨਿਕਲਦੇ, ਦਿਖਾਈ ਦਿੰਦੇ ਹਨ। ਦੀਪੀ ਨੂੰ ਮਿਲਣ ਅਤੇ ਉਸ ਨਾਲ ਵਿਆਹ ਕਰਨ ਤੋਂ ਪਹਿਲਾਂ ਉਸਦਾ ਚੱਕਰ ਰੂਪੀ ਨਾਲ ਸੀ, ਜੋ "ਸ਼ਾਇਦ" ਜਗਦੀਪ ਦੇ ਪੈਨਸ਼ਨ-ਯੁਕਤ



ਸੂਬੇਦਾਰ ਪਿਤਾ ਜੈ ਦੇਵ ਨੇ "ਆਪਣੇ ਕਿਸੇ ਸਾਥੀ ਨਾਲ ਭਜਾ ਦਿੱਤੀ।" ਫੇਰ ਉਹ "ਪਾਰੋ ਨੂੰ ਚਾਹੁਣ ਲੱਗ ਪਿਆ।" ਪਰ ਮਨ ਅਸ਼ਾਂਤ ਸੀ ਅਤੇ ਉਹ "ਘਰੋਂ ਨਿਕਲ ਭਗਵੇਂ ਪਾ ਹਰਿਦੁਆਰ ਤੇ ਪੁਰੀ ਦੇ ਮੰਦਰਾਂ ਚ ਭਟਕਦਾ ਕੁਰੂਕਸ਼ੇਤਰ ਆ ਟਿਕਿਆ।" ਤੇ ਜਲੰਧਰੀ ਬਾਬਾ ਬਣ ਗਿਆ, ਪਰ ਉਥੇ ਦੂਜੇ ਸਾਧਾਂ ਅੰਦਰਲੀ ਭਟਕਣਾ ਵੇਖ ਕੇ ਵਾਪਸ ਮੁੜ ਆਇਆ। ਉਸਦਾ ਵਿਆਹ ਉਸਦੀ ਮਰਜ਼ੀ ਦੀ ਕੁੜੀ "ਦੀਪੀ" ਨਾਲ ਹੋ ਗਿਆ, ਕੁੜੀ ਦੇ ਘਰ ਦੇ ਆਸਾਨੀ ਨਾਲ ਮੰਨ ਗਏ। ਦੀਪੀ "ਤੰਗੀ" ਵਿਚ ਵੀ ਖੁਸ਼ ਹੈ, ਸਹਿਜ ਹੈ। ਭਾਵੇਂ ਇਕ ਵਾਰ ਉਸਦਾ ਛੋਟਾ ਦਿਓਰ ਸ਼ਸ਼ੀ ਇਕ ਦਿਨ ਐਕਟਰ ਬਣਨ ਲਈ ਦੀਪੀ ਦੇ ਸਾਰੇ ਗਹਿਣੇ ਲੈ ਕੇ ਬੰਬੇ ਫਰਾਰ ਹੋ ਗਿਆ ਸੀ, ਫਿਰ ਵੀ ਦੀਪੀ ਨੇ - "ਜਗਦੀਪ ਨੂੰ ਗੁੱਸੇ ਚ ਤਪਦਾ ਵੇਖ ਕੇ ਉਸਨੇ ਇਕੋ ਗੱਲ ਆਖੀ, ਗਹਿਣਿਆਂ ਦਾ ਕੀ ਏ, ਫੇਰ ਬਣ ਜਾਣਗੇ। ਸ਼ੁਕਰ ਕਰੋ, ਤੁਹਾਡਾ ਭਰਾ ਘਰ ਆ ਗਿਆ।" ਫਿਰ ਵਿਚਕਾਰਲਾ ਭਰਾ ਲਾਗਲੇ ਪਿੰਡੋਂ ਕਿਸੇ ਦੀ ਤੀਵੀਂ ਲੈ ਕੇ ਭੱਜ ਗਿਆ।

"ਗੱਭਲੇ ਭਰਾ ਹਰਦੀਪ ਦੀ ਕਰਤੂਤ ਨਾਲ ਭੈਣ ਦਾ ਹੋਇਆ ਰਿਸ਼ਤਾ ਟੁੱਟ ਗਿਆ। ਉਹਦੇ ਸਹੁਰਿਆਂ ਟਕੇ ਵਰਗਾ ਜਵਾਬ ਘੱਲ ਦਿੱਤਾ, "ਜਿਸ ਘਰ ਦੇ ਮੁੰਡੇ ਵਿਗੜੇ ਨੇ ਧੀ ਕਿੱਦਾਂ ਦੀ ਹੋਊ।" "

ਭੈਣ ਆਪਣੀ ਮਾਨਸਿਕ ਅਤੇ ਲਿੰਗਕ ਤ੍ਰਿਪਤੀ ਲਈ ਕਿਸੇ ਨਾਲ ਫ਼ੋਨ ਤੇ ਗੱਲਾਂ ਕਰਦੀ। ਪਤਾ ਲੱਗਣ ਤੇ ਫੋਨ ਵਨ-ਵੇ ਕਰਵਾ ਦਿੱਤਾ ਗਿਆ। "ਜਦੋਂ ਭੈਣ ਰਿਸ਼ਤੇ ਦੀ ਗੱਲ ਸਿਰੇ ਨਾ ਲੱਗੀ ਤਾਂ ਜਗਦੀਪ ਨੇ ਸੋਚਿਆ, ਕੰਪਿਊਟਰ ਸੈਂਟਰ ਵਾਲੇ ਮੁੰਡੇ ਨਾਲ ਗੱਲ ਚਲਾਈ ਜਾਵੇ, ਜਿਸ ਨੂੰ ਉਹ ਐਨੇ ਫੋਨ ਕਰਦੀ ਰਹੀ। ਜਾ ਕੇ ਪਤਾ ਲੱਗਾ ਸੈਂਟਰ ਤਾਂ ਕੋਈ ਕੁੜੀ ਚਲਾਉਂਦੀ ਹੈ। ... ਨਵਾਂ ਦੰਦਾ ਦਿਮਾਗ 'ਚ ਫਸ ਗਿਆ .. ਦੋਹੇਂ ਕੁੜੀਆਂ ਆਪਸ ਵਿਚ ਕੀ ਗੱਲਾਂ ਕਰਦੀਆਂ ਰਹੀਆਂ।" ਦੀਪੀ ਨਾਲ ਉਸਦੇ ਵਿਆਹੁਤਾ ਸੰਬੰਧ ਚੰਗੇ ਹਨ, ਫਿਰ ਵੀ ਜਗਦੀਪ ਵਿਚਲਾ "ਆਸ਼ਕ" ਮਰਦ ਠਰਕ ਭੋਰਨ ਲਈ ਪਾਰੋ ਨੂੰ ਮਿਲਦੈ। ਪਰ, "ਜਿੱਦਣ ਦੇ ਪਾਰੋ ਦੀ ਠੋਡੀ ਤੇ ਨਿਕਲੇ ਸੂਏ ਉਸਨੂੰ ਚੁਭੇ ਨੇ। ਪਤਾ ਨਹੀਂ, ਓਦਣ ਸ਼ਾਇਦ ਉਹ ਰੇਜ਼ਰ ਫੇਰਨਾ ਭੁੱਲ ਗਈ, ਅਤੇ ਜਗਦੀਪ ਦਾ ਅਚਾਨਕ ਦਾਅ ਲੱਗ ਗਿਆ।" ਬੇਚੈਨੀ ਤੋਂ ਛੁਟਕਾਰਾ ਹਾਸਲ ਕਰਨ ਲਈ ਉਹ ਭਾਂਜਵਾਦੀ ਰੁਚੀ ਦਾ ਸਹਾਰਾ ਲੈਂਦਾ ਹੋਇਆ ਮੁੜ "ਜਲੰਧਰੀ ਬਾਬਾ" ਬਣਨ ਲਈ ਸਿਧਾਰਥ ਵਾਂਗ ਆਪਣੀ ਪਤਨੀ ਅਤੇ ਬੱਚਿਆਂ ਨੂੰ ਛੱਡ ਕੇ ਘਰੋਂ ਨਿਕਲਣ ਲਗਦਾ ਹੈ, ਪਰ "ਮਾਂ, ਭੈਣ, ਬੀਵੀ ਅਤੇ ਬੇਟੀ ਉਸਦੇ ਸਾਹਮਣੇ ਆ ਖੜੀਆਂ। ਜਗਦੀਪ ਅੰਦਰਲੇ ਸਿਧਾਰਥ ਨੇ ਪੈਰ ਮੋੜ ਲਏ। ਉਸ ਸੋਚਿਆ ਹੁਣ ਕਿਥੋਂ ਸ਼ੁਰੂ ਕਰਾਂ। ਥੋੜ੍ਹੇ ਚਿਰ ਬਾਅਦ ਉਸ ਸਕੂਟਰ ਨੂੰ ਕਿੱਕ ਮਾਰੀ ਤੇ ਭੈਣ ਦੇ ਰਿਸ਼ਤੇ ਲਈ ਅਖਬਾਰ ਚ ਇਸ਼ਤਿਹਾਰ ਦੇਣ ਚੱਲ ਪਿਆ।"

ਇਸ ਕਹਾਣੀ ਦਾ ਮੁੱਖ ਪਾਤਰ ਜਗਦੀਪ ਜਿੱਥੇ ਆਪਣੇ ਆਪੇ ਜਾਂ ਅੰਤਰੀਵ ਨਾਲ ਲੜਦਾ ਹੈ, ਉਥੇ ਆਪਣੇ ਪਰਿਵਾਰਕ ਮਾਹੌਲ ਵਿਚ ਸਥਾਪਤੀ ਅਤੇ ਸ਼ੰਤੁਸ਼ਟੀ ਲਈ ਆਪਣੇ ਮਾਹੌਲ ਨਾਲ ਵੀ ਦਸਤਪੰਜਾ ਲੈ ਰਿਹਾ ਹੈ। ਭਾਵੇਂ ਕਿ ਉਹ ਆਦਰਸ਼ਕ ਸਦਾਚਾਰ ਜਾਂ ਨੈਤਿਕਤਾ ਦਾ ਗੁਲਾਮ ਨਹੀਂ, ਫਿਰ ਵੀ ਉਸਨੂੰ ਕਈ ਨਵੇਂ ਸਵਾਲਾਂ ਨਾਲ ਦੋ-ਚਾਰ ਹੋਣਾ ਪੈਂਦਾ ਹੈ।

ਚੇਤਨ-ਅਵਚੇਤਨ ਵਿਧੀ ਦੀ ਅਸਰਦਾਰ ਵਰਤੋਂ ਦੀ ਸਭ ਤੋਂ ਵਧੀਆ ਉਦਾਹਰਣ ਦੀਪ ਦੇਵਿੰਦਰ ਸਿੰਘ ਦੀ ਕਹਾਣੀ "ਵੇਲਾ ਕੁਵੇਲਾ" (ਪੰਨਾ 22-29, ਕਹਾਣੀ ਧਾਰਾ / ਜਨਵਰੀ-ਮਾਰਚ, 2011) ਵਿਚ ਮਿਲਦੀ ਹੈ, ਜਿਥੇ ਉਸਦੇ ਪਿਓ ਦੀ ਚਿਖਾ ਤੇ ਪਈ ਲਾਸ਼ ਤੇ ਦੁਆਲੇ ਖੜੇ ਲੋਕਾਂ ਦੀ ਮੌਜੂਦਾ ਸਥਿਤੀ ਦੇ ਵਰਣਨ ਦੇ ਨਾਲ-ਨਾਲ ਮੁੱਖ ਪਾਤਰ ਵਾਰ-ਵਾਰ ਅਵਚੇਤਨ ਵਿਚ ਗੁੰਮ ਹੋ ਕੇ "ਫਲੈਸ਼ਬੈਕ" ਵਿਧੀ ਰਾਹੀਂ ਬਾਪੂ ਦੇ ਭੂਤਕਾਲ ਵਿਚ ਨਜ਼ਰ ਮਾਰਦਾ-ਮਰਵਾਉਂਦਾ ਹੈ, "ਸੀ" ਅਤੇ "ਹੈ" ਜਿਹੇ ਸ਼ਬਦਾਂ ਦੀ ਵਰਤੋਂ ਹੀ ਭੂਤ ਅਤੇ ਵਰਤਮਾਨ ਵਿਚਕਾਰ ਅੰਤਰ ਸ਼ਪੱਸ਼ਟ ਕਰਦੇ ਹਨ। ਇਸ ਚੇਤਨਾ ਪ੍ਰਵਾਹ ਵਿਧੀ ਦੀ ਵਰਤੋਂ ਜ਼ੇਮਜ਼ ਜਾਇਸ ਅਤੇ ਵਰਜੀਨੀਆ ਵੂਲਫ਼ ਦੇ ਨਾਵਲਾਂ ਦੀ ਪਛਾਣ ਸੀ। ਅੱਜ ਦਾ ਕਹਾਣੀਕਾਰ ਇਸ ਵਿਧੀ ਦੀ ਸੁਭਾਵਿਕ ਵਰਤੋਂ ਕਰਦਾ ਹੋਇਆ ਕੌਮਾਂਤਰੀ ਪੱਧਰ ਦੀ ਕਹਣੀ ਨਾਲ ਜੁੜਦਾ ਹੈ।

ਮੈਨੂੰ ਇਨ੍ਹਾਂ ਕਹਾਣੀਆਂ ਦੇ ਪਾਠ ਬਾਅਦ ਇਨ੍ਹਾਂ ਸਭ ਕਹਾਣੀਆਂ ਵਿਚ ਜੋ ਤੱਤ ਸਾਂਝੇ ਲੱਗੇ ਉਹ ਫਲੈਸ਼ਬੈਕ ਜਾਂ ਪਿਛਲ-ਝਾਤ ਵਿਧੀ ਦੀ ਭਰਪੂਰ ਵਰਤੋਂ, ਚੇਤਨ-ਅਵਚੇਤਨ ਪਸਾਰ, ਮਨੋਵਿਗਿਆਨਕ ਵਿਸ਼ੇ ਅਤੇ ਸ਼ੈਲੀ ਅਤੇ ਦੱਬੀਆਂ-ਘੁੱਟੀਆਂ ਖਵਾਹਿਸ਼ਾਂ ਜਾਂ ਲਿੰਗਕ ਸੰਬੰਧਾਂ ਦਾ ਰੱਜ ਕੇ ਚਿਤਰਨ ਹੈ।

ਆਮ ਕਰਕੇ ਕਈ ਆਲੋਚਕ ਲਿੰਗਕ ਸੰਬੰਧਾਂ ਜਾਂ ਕਾਮੁਕ ਵੇਦਨਾ ਦੇ ਪ੍ਰਗਟਾਓ ਨੂੰ ਘਟੀਆ ਸਮਝਦੇ ਹਨ, ਪਰ ਉਹ ਬਲਵੰਤ ਗਾਰਗੀ ਵਲੋਂ ਆਪਣੇ ਚਰਚਿਤ ਨਾਟਕ "ਲੋਹਾ ਕੁੱਟ" ਵਿਚ ਲਿਖੀ ਇਹ ਗੱਲ ਭੁੱਲ ਜਾਂਦੇ ਹਨ, "ਪਿੰਡਾਂ ਵਿਚ ਜ਼ੁਲਮ, ਕਤਲ, ਉਧਾਲੇ, ਰੜਕਾਂ ਅਤੇ ਕਾਮ-ਵੱਸ ਬਗਾਵਤਾਂ ਆਮ ਹੁੰਦੀਆ ਹਨ। ਪਿੰਡ ਦੇ ਜੀਵਨ ਨੂੰ ਰੁਮਾਂਚਿਕ ਪਾਹ ਦੇ ਕੇ ਦੇਖਣ ਦੀ ਲੋੜ ਨਹੀਂ, ਨਾ ਹੀ ਇਸਨੂੰ ਸਿਰਫ਼ ਜ਼ਮੀਨ ਦੇ ਝਗੜਿਆਂ ਦਾ ਖ਼ੇਤਰ ਸਮਝਣਾ ਚਾਹੀਦਾ ਹੈ। ਇਸਦੇ ਉਪਰਲੇ ਸ਼ਾਂਤ ਵਿਹਾਰ ਅਤੇ ਘਰਾਂ ਦੇ ਸਰਲ ਜੀਵਨ ਹੇਠ ਭਾਵਾਂ ਦੀ ਗੱਲ ਮਘਦੀ ਹੈ।" ਗਾਰਗੀ ਜਿਸ ਨਾਟਕ ਦੇ ਸੰਦਰਭ ਵਿਚ ਗੱਲ ਕਰ ਰਿਹਾ ਹੈ ਉਸਦੀ ਪਿੱਠਭੂਮੀ ਪੇਂਡੂ ਹੋਣ ਕਰਕੇ ਉਹ ਪਿੰਡਾ ਬਾਰੇ ਅਜਿਹਾ ਕਹਿ ਰਿਹਾ ਹੈ ਜਦੋਂ ਕਿ ਇਹੀ ਗੱਲ ਸ਼ਹਿਰੀ ਜੀਵਨ ਤੇ ਵੀ ਇੰਨ-ਬਿੰਨ ਲਾਗੂ ਹੁੰਦੀ ਹੈ ਜਿਵੇਂ ਕਿ ਉਸ ਨੇ "ਧੂਣੀ ਦੀ ਅੱਗ" ਵਿਚ ਪੇਸ਼ ਵੀ ਕੀਤਾ ਹੈ। ਫਰਾਇਡ ਤਾਂ ਸਾਹਿਤ ਨੂੰ ਦੱਬੀਆਂ-ਘੁੱਟੀਆਂ ਖਵਾਹਿਸ਼ਾਂ ਅਤੇ ਕਾਮੁਕ ਜ਼ਜ਼ਬਾਤਾਂ ਦੇ ਪ੍ਰਗਟਾਓ ਦਾ ਮਾਧਿਅਮ ਆਖਦਾ ਹੈ। ਬਿੰਦਰ ਬਸਰਾ ਦੀ ਕਹਾਣੀ "ਮੋਹ ਜਾਲ", ਦੀਪ ਦੇਵਿੰਦਰ ਦੀ ਕਹਾਣੀ "ਵੇਲਾ-ਕੁਵੇਲਾ" ਅਤੇ ਗੀਤੂ ਕਲਸੀ "ਮੈਂ ਵੀ ਵੇਖਾਂ" ਤਾਂ ਸਿੱਧੇ ਤੌਰ ਤੇ ਕਾਮੁਕ ਸੰਬੰਧਾਂ ਤੇ ਚਾਣਨਾ ਪਾਉਂਦੀਆਂ ਹਨ।

ਪਾਠਕ ਇਨ੍ਹਾਂ ਕਹਾਣੀਆਂ ਦੇ ਪਾਠ ਨਾਲ ਮਾਨਵੀ ਜੀਵਨ ਅਤੇ ਸੋਚ ਦੇ ਅਣਗਿਣਤ ਪਾਸਾਰਾਂ ਦੇ ਰੂਬਰੂ ਹੁੰਦਾ ਹੈ ਅਤੇ ਇਹੀ ਅੱਜ ਦੀ ਕਾਹਣੀ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ, ਜੋ ਇਸਨੂੰ ਚੌਥੇ ਦੌਰ ਦੇ ਕਹਾਣੀਕਾਰਾਂ ਤੋਂ ਨਿਖੇੜਦੀ ਹੈ, ਜਿਥੇ ਕਿ ਇਕ ਦੋ ਜਾਂ ਕੁਝ ਸੀਮਤ ਵਿਸ਼ਿਆਂ ਨੂੰ ਛੋਹਿਆ ਜਾਂਦਾ ਹੈ। ਇਸ ਕਹਾਣੀ ਵਿਚ ਪਾਤਰ ਦੇ ਮਨ ਦੀ ਅੰਤਰੀਵ ਕਸ਼ਮਕਸ਼ ਅਤੇ ਬਹਾਰੀ ਕਸ਼ਮਕਸ਼ ਦਾ ਸਮਤੋਲ ਜਿਸਨੂੰ ਟੀ ਐਸ ਇਲੀਅਟ "ਆਬਜੈਕਟਿਵ ਕੌਰਲੇਟਿਵ" (Objective correlative) ਆਖਦਾ ਹੈ, ਦੀ ਸਫ਼ਲ ਪੇਸ਼ਕਾਰੀ ਦੇ ਨਾਲ-ਨਾਲ ਹਾਈਪਰ-ਟੈਕਸਟ (Hypertext) ਵਿਧੀ ਦੀ ਵੀ ਵਰਤੋਂ ਕੀਤੀ ਗਈ ਹੈ, ਜਿਸ ਵਿਚ ਪਾਤਰਾਂ ਦੇ ਦਿਮਾਗ ਜਾਂ ਜ਼ਿਹਨ ਵਿਚਲੀਆਂ ਗੱਲਾਂ ਜਾਂ ਸੁਭਾਵਿਕ ਬੁੜ-ਬੁੜ ਨੂੰ ਉਵੇਂ-ਜਿਵੇਂ ਪੇਸ਼ ਕਰਕੇ ਇਸ ਨੂੰ ਡੀਕੋਡ ਕਰਨ ਦੀ ਜਿੰਮੇਵਾਰੀ ਪਾਠਕ-ਆਲੋਚਕ ਤੇ ਛੱਡ ਦਿੱਤੀ ਜਾਂਦੀ ਹੈ। ਪੰਨਾ 26 ਦਾ ਅੰਤਲਾ ਪੈਰਾ ਪੜ੍ਹੋ, "ਫਿਰ ਪਿਆਂ-ਪਿਆਂ ਉੱਚੀ-ਉੱਚੀ ਆਵਾਜ਼ਾਂ ਮਾਰ-ਮਾਰ ਘਰ ਸਿਰ ਤੇ ਚੁੱਕ ਲਿਆ, "ਮੰਗਿਆ ਓਏ, ਓ ਮੰਗਿਆ, ਹਈਥੋਂ ਡਾਂਗ ਫੜ ਸੰਮਾਂ ਵਾਲੀ। ਬੌਲਦ ਆਉਂਦਾ ਈ ਭੂਤਰਿਆ ਇਕ, ਇਹਦੇ ਸਿੰਗ ਵੇਖ ਕਿਵੇਂ ਤਿੱਖੇ ਐ, ਨੇਜਿਆਂ ਵਰਗੇ। ਲੱਗਦੈ ਮੇਰੇ ਢਿੱਡ ਚ ਖੋਭੂਗਾ ਇਹ ਤੇ ਕੱਢ ਦਏਗਾ ਆਂਦਰ-ਪੇਟਾ ਬਾਹਰ ਮੇਰਾ। ਪੁੱਤ ਮੰਗਿਆ, ਤੂੰ ਵੇਹੰਦਾ ਕਿਉਂ ਨਹੀਂ। ਵੇਖ ਓਧਰ, ਕਿੱਦਾਂ ਵਿਹੜੇ ਚ ਖੌਰੂ ਪਾ ਰਿਹਾ ਸਾਨ੍ਹ। ਚੌਂਕੇ ਦੇ ਓਟੇ ਨੂੰ ਕਿਵੇਂ ਢੁੱਡਾਂ ਮਾਰਦੈ ਹਟ-ਹਟ ਕੇ। ਅਗਾਂਹ ਹੋ, ਸਿੰਗ ਭੰਨ ਇਹਦੇ। ਨਹੀਂ ਤਾਂ ਢੱਠ ਜਾਊਗਾ ਚੁੱਲਾ-ਚੌਂਕਾ ਤੇ ਭਾਂਡੇ ਮੂੰਧੇ ਵੱਜ ਜਾਣੇ ਜੇ।"

ਸਮੁੱਚੇ ਰੂਪ ਵਿਚ, ਭਗਵੰਤ ਰਸੂਲਪੁਰੀ ਨੇ ਭਵਿੱਖ ਦੇ ਕਹਾਣੀਕਾਰਾਂ ਨੂੰ ਇਕੱਠਿਆਂ ਪੇਸ਼ ਕਰਕੇ ਜਿੱਥੇ ਪਾਠਕ ਲਈ ਵਧੀਆ ਕਹਾਣੀ ਸਾਹਿਤ ਪ੍ਰਦਾਨ ਕੀਤਾ ਹੈ, ਉਥੇ ਕਹਾਣੀਕਾਰਾਂ ਨੂੰ ਇਕ ਮੰਚ ਤੇ ਇਕੱਤਰ ਕਰਕੇ ਨਵੀਂ ਪਛਾਣ ਦਿੱਤੀ ਹੈ, ਅਤੇ ਆਲੋਚਕਾਂ ਨੂੰ ਕਹਾਣੀਕਾਰਾਂ ਦੀ ਪੰਜਵੀਂ ਪੀੜ੍ਹੀ ਦੇ ਰੂਬਰੂ ਕੀਤਾ ਹੈ। ਜੇਕਰ ਪ੍ਰੇਮ ਪ੍ਰਕਾਸ਼ ਨੂੰ ਚੌਥੀ ਪੀੜ੍ਹੀ ਦੇ ਕਹਾਣੀਕਾਰ ਅਲੰਕਾਰ-ਰੋਗ ਤੋਂ ਮੁਕਤ ਜਾਪਦੇ ਹਨ, ਤਾਂ ਸਾਨੂੰ ਪੰਜਵੀਂ ਪੀੜ੍ਹੀ ਦੇ ਇਹ ਕਹਾਣੀਕਾਰ ਗੋਂਦ-ਰੋਗ ਤੋਂ ਮੁਕਤ ਪਰ ਵਰਜਿਤ-ਰੋਗ ਅਤੇ ਪ੍ਰਯੋਗ-ਰੋਗ ਤੋਂ ਗ੍ਰਸਤ ਜਾਪਦੇ ਹਨ, ਭਾਵੇਂ ਕਿ ਇਸ ਰੋਗ ਨੂੰ ਅਸੀਂ ਰੋਗ ਨਹੀਂ ਮੰਨਦੇ।


**2919, ਪਿਲਕਨ ਸਟਰੀਟ, ਅਨਾਰਕਲੀ ਬਜ਼ਾਰ, ਜਗਰਾਉਂ - 142026**

ਤੇਰਾ ਸੰਪਾਦਕੀ ਤੇਰੇ ਵਲੋਂ ਚੁਣੀਆਂ ਕਹਾਣੀਆਂ, ਅਤੇ ਲੇਖ ਪੜ੍ਹਕੇ ਤਸੱਲੀ ਹੁੰਦੀ ਹੈ। ਹੁਣ ਤੂੰ ਪੰਜਾਬੀ ਦਾ ਪ੍ਰਬੁੱਧ ਅਤੇ ਸਮਰੱਥ ਸੰਪਾਦਕ ਬਣ ਗਿਆ ਹੈਂ। ਮੈਨੂੰ ਖੁਸ਼ੀ ਹੈ, 'ਕਹਾਣੀ ਧਾਰਾ' ਨੇ ਹੁਣ ਪੰਜਾਬੀ ਮੈਗਜ਼ੀਨਾਂ ਵਿਚ ਆਪਣੀ ਪਛਾਣ ਤਾਂ ਬਣਾ ਹੀ ਲਈ ਹੈ, ਧਾਂਕ ਵੀ ਜਮਾਉਣ ਲਈ ਯਤਨਸ਼ੀਲ ਹੈ। ਰੂਪ ਪੱਖੋਂ ਵੀ 'ਕਹਾਣੀ ਧਾਰਾ' ਨੇ ਪੁਲਾਂਘਾਂ ਪੁੱਟੀਆਂ ਹਨ। ਇਸ ਸਭ ਕਾਰਜ ਵਿਚ ਤੇਰੀ ਮਿਹਨਤ ਲਗਨ ਅਤੇ ਸਮੱਰਪਣ ਭਾਵਨਾ ਨੂੰ ਸਲਾਮ। **-ਬਲਦੇਵ ਸਿੰਘ ਸੜਕਨਾਮਾ, ਮੋਗਾ**



## ਪੁਸਤਕ ਰੀਵਿਊ:

**ਸਟੋਰੀਜ਼ ਆਫ ਦਿ ਸੌਇਲ (ਪੰਜਾਬੀ ਕਹਾਣੀਆਂ ਦਾ ਅੰਗਰੇਜ਼ੀ ਅਨੁਵਾਦ)**
**ਸੰਪਾਦਤ ਤੇ ਅਨੁਵਾਦਕ: ਨਿਰੂਪਮਾ ਦੱਤ**
**ਪੰਨੇ: 314, ਮੁੱਲ: 350 ਰੁਪਏ**
**ਪ੍ਰਕਾਸ਼ਕ: ਪੈਂਗੂਇਨ ਬੁੱਕਸ, ਇੰਡੀਆ (ਨੋਇਡਾ)**





ਸੰਸਾਰ ਦੇ ਦੋ ਚਾਰ ਵੱਡੇ ਪ੍ਰਕਾਸ਼ਕਾ ਵਿੱਚੋਂ ਇਕ ਪੈਂਗੂਇਨ ਹੈ, ਜਿਸ ਨੇ ਪੰਜਾਬੀ ਕਹਾਣੀਆਂ ਦਾ ਅੰਗਰੇਜ਼ੀ ਅਨੁਵਾਦ ਦਾ ਸੰਗ੍ਰਹਿ ਪਹਿਲੀ ਵਾਰ ਪ੍ਰਕਾਸ਼ਤ ਕੀਤਾ ਹੈ। ਇਨ੍ਹਾਂ ਕਹਾਣੀਆਂ ਨੂੰ ਅੰਗਰੇਜ਼ੀ ਵਿਚ ਅਨੁਵਾਦ ਪੰਜਾਬੀ ਦੀ ਕਵਿਤਰੀ ਅਤੇ ਸਮਰੱਥ ਅਨੁਵਾਦਕ ਨਿਰੂਪਮਾ ਦੱਤ ਨੇ ਕੀਤਾ ਹੈ। ਨਿਰੂਪਮਾ ਇਨ੍ਹੀਂ ਦਿਨੀਂ ਨੈਸ਼ਨਲ ਪੱਧਰ ਦੇ ਮੈਗਜ਼ੀਨ 'ਦ ਸੰਡੇ ਇੰਡੀਅਨ' ਦੇ ਪੰਜਾਬੀ ਐਡੀਸ਼ਨ ਦੀ ਸੰਪਾਦਕ ਹੈ। ਉਹ ਇਕੋ ਇਕ ਅੰਗਰੇਜ਼ੀ ਦੀ ਅਨੁਵਾਦਕ ਹੈ ਜਿਸ ਕੋਲੋਂ ਹਰ ਅੰਗਰੇਜ਼ੀ ਦਾ ਵੱਡਾ ਪ੍ਰਕਾਸ਼ਕ ਪੰਜਾਬੀ ਦਾ ਅਨੁਵਾਦ ਕਰਵਾਉਣ ਲਈ ਪਹਿਲਾ ਪਹੁੰਚ ਕਰਦਾ ਹੈ। ਇਨ੍ਹਾਂ ਕਹਾਣੀਆਂ ਦਾ ਅਨੁਵਾਦ ਉਸ ਨੇ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਕੀਤਾ ਹੈ। ਇਸ ਕਾਰਜ ਨੂੰ ਤਕਰੀਬਨ 6 ਸਾਲ ਤੋਂ ਵੱਧ ਸਮਾਂ ਲੱਗ ਗਿਆ। ਨਿਰੂਪਮਾ ਪਹਿਲਾਂ ਵੀ ਪੰਜਾਬੀ ਦੇ ਸਾਹਿਤ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰ ਚੁੱਕੀ ਹੈ। ਕਹਾਣੀਆਂ ਦੀ ਚੋਣ ਕਰਨ ਲਈ ਭਾਵੇਂ ਉਸ ਨੇ ਅਨੇਕਾਂ ਪੰਜਾਬੀ ਅਦੀਬਾ ਕੋਲੋਂ ਸਲਾਹ ਲਈ ਪਰ ਚੋਣ ਉਸ ਦੀ ਆਪਣੀ ਹੈ। ਇਸ ਪੁਸਤਕ ਵਿਚ 41 ਚੋਣਵੀਆਂ ਕਹਾਣੀਆਂ ਹਨ। ਕਹਾਣੀਆਂ ਦੀ ਚੋਣ ਕਰਨ ਦਾ ਕਾਰਜ ਬੜਾ ਕਠਿਨ ਹੁੰਦਾ ਹੈ ਪਰ ਉਸ ਨੇ ਅਨੇਕਾਂ ਦ੍ਰਿਸ਼ਟੀਆਂ ਤੋਂ ਪਰਖ ਕੇ ਕਹਾਣੀਆਂ ਦੀ ਚੋਣ ਕੀਤੀ ਹੈ। ਉਸ ਨੇ ਕਹਾਣੀਆਂ ਦਾ ਅਨੁਵਾਦ ਤੇ ਸੰਪਾਦਨ ਕਾਰਜ ਬੜੀ ਮਿਹਨਤ ਨਾਲ ਕੀਤਾ ਹੈ। ਇਹ ਕਹਾਣੀਆਂ ਪੰਜਾਬੀ ਸਾਹਿਤਕ ਜਗਤ ਵਿਚ ਕਾਫੀ ਚਰਚਿਤ ਰਹੀਆਂ ਹਨ। ਨਿਰੂਪਮਾ ਨੇ ਵੱਖ ਵੱਖ ਵਰਗਾ ਵਿਚ ਵੰਡ ਕੇ ਕਹਾਣੀਆਂ ਨੂੰ ਪੇਸ਼ ਕੀਤਾ ਹੈ। ਕਲਾਸਿਕ ਕਹਾਣੀਆਂ, ਪੇਂਡੂ ਜੀਵਨ ਦੀਆਂ ਕਹਾਣੀਆਂ, ਦਲਿਤ ਅਵਾਜ਼ ਨਾਰੀ ਪੀੜ੍ਹਾ, ਦੇਸ਼ ਵੰਡ ਦਾ ਦੁਖਾਂਤ ਅਤੇ ਹੋਰ ਅਨੇਕਾਂ ਵਿਸ਼ੇ ਹਨ ਇਨ੍ਹਾਂ ਕਹਾਣੀਆਂ ਦੇ।

ਪੁਸਤਕ ਵਿਚ ਇਹ ਚਰਚਿਤ ਕਹਾਣੀਆਂ ਹਨ- ਸੰਤ ਸਿੰਘ ਸੇਖੋਂ ਦੀ 'ਪੇਮੀ ਦੇ ਨਿਆਣੇ' (ਪੇਮੀ'ਜ਼ ਲਿਟਲ ਵਨਜ਼), ਨਾਨਕ ਸਿੰਘ ਦੀ 'ਭੂਆ' (ਸਪਿਲਟ ਮਿਲਕ), ਅੰਮ੍ਰਿਤਾ ਪ੍ਰੀਤਮ ਦੀ 'ਸ਼ਾਹ ਦੀ ਕੰਜਰੀ (ਦਾ ਸ਼ਾਹ'ਜ਼ ਹਰਲੋਟ), ਸੁਜਾਨ ਸਿੰਘ ਦੀ 'ਰਾਸ ਲੀਲਾ (ਰਾਸ ਲੀਲਾ), ਬਲਵੰਤ ਗਾਰਗੀ ਦੀ 'ਸੋ ਮੀਲ' ਲੰਬੀ ਦੌੜ (ਦ ਰੇਸ), ਕਰਤਾਰ ਸਿੰਘ ਦੁੱਗਲ ਮਾਜਾ ਨਹੀਂ ਮੋਇਆ (ਮਾਝਾ ਇਜ਼ ਸਟਿੱਲ ਅਲਾਈਵ), ਕੁਲਵੰਤ ਸਿੰਘ ਵਿਰਕ ਦੀ 'ਖੱਬਲ' (ਗਰਾਸ), ਗੁਲਜ਼ਾਰ ਸਿੰਘ ਸੰਧੂ ਦੀ 'ਸ਼ਹੀਦ' (ਏ ਮੈਟਰ ਆਫ ਫੇਥ), ਗੁਰਦੇਵ ਸਿੰਘ ਰੁਪਾਣਾ 'ਸ਼ੀਸ਼ਾ' (ਮਿਰਰ), ਪ੍ਰੇਮ ਪ੍ਰਕਾਸ਼ ਦੀ 'ਇਹ ਉਹ ਜਸਬੀਰ ਨਹੀਂ' (ਜਸਬੀਰ ਦੈੱਨ ਐਂਡ ਨਊ), ਗੁਲਜ਼ਾਰ ਮੁਹੰਮਦ ਗੋਰੀਆ ਦੀ 'ਜੰਕਸ਼ਨ' (ਜੰਕਸ਼ਨ), ਅੰਮ੍ਰਿਤਾ ਪ੍ਰੀਤਮ ਦੀ 'ਤਹਿਖਾਨਾ' (ਦ ਵੌਲਟ), ਦਲੀਪ ਕੌਰ ਟਿਵਾਣਾ ਦੀ 'ਰੱਬ ਤੇ ਰੁੱਤਾ' (ਗੌਡ ਐਂਡ ਸੀਜ਼ਨਜ਼), ਸਖਵੰਤ ਕੌਰ ਮਾਨ ਦੀ 'ਸਮਝ ਨਹੀਂ ਆਉਂਦੀ' (ਨਥਿੰਗ ਇਜ਼ ਦਾ ਸੇਮ), ਰਸ਼ਪਿੰਦਰ ਰਸ਼ਿਮ ਦੀ 'ਪਾਪਾ' (ਪਾਪਾ), ਪ੍ਰਵੇਜ਼ ਸੰਧੂ ਦੀ 'ਕੁੜੀਆਂ' (ਗਰੇਵਯਾਰਡ), ਗੁਰਦਿਆਲ ਸਿੰਘ ਦੀ 'ਸਾਂਝ' (ਟੂਗੈਰਨੈਸ), ਗੁਰਦੇਵ ਸਿੰਘ ਰੁਪਾਣਾ 'ਕੋਟ ਮੇਹਰ ਸਿੰਘ ਵਾਲਾ' (ਕੋਟ ਮੇਹਰ ਸਿੰਘ ਵਾਲਾ), ਨਵਤੇਜ ਸਿੰਘ ਦੀ 'ਦੋਸਤੀ ਦਾ ਚੰਨ' (ਐਨ ਈਵਨਿੰਗ ਇਨ ਲਾਹੌਰ), ਮੋਹਨ ਭੰਡਾਰੀ 'ਮੈਨੂੰ ਟੈਗੋਰ ਬਣਾ ਦੇ ਮਾਂ' (ਮਾ, ਆਈ ਵਾਂਟ ਟੂ ਬੀ ਟੈਗੋਰ), ਐਸ. ਤਰਸੇਮ 'ਪਿੱਪਲ ਵਾਲਾ ਘਰ' (ਦ ਹਾਊਸ ਵਿਦ ਏ ਪੀਪਲ ਟਰੀ), ਵਰਿਆਮ ਸੰਧੂ 'ਅੰਗ-ਸੰਗ' (ਕਿੱਥ ਐਂਡ ਕਿਨ), ਗੁਰਬਚਨ ਸਿੰਘ ਭੁੱਲਰ 'ਦੋ ਜਣੇ' (ਟੂ ਪਰਸਨਜ਼), ਰਾਮ ਸਰੂਪ ਅਣਖੀ 'ਖਾਰਾ ਦੁੱਧ' (ਸਾਲਟੀ

ਮਿਲਕ), ਗੁੱਲ ਚੌਹਾਨ ਖੇਡ' (ਦ ਗੇਮ), ਅਜਮੇਰ ਸਿੰਘ ਕਬਰਪੁੱਟ ਦੀ 'ਕਬਰਪੁੱਟ' (ਗਰੇਵ ਡਿੱਗਰ), ਅਤਰਜੀਤ ਦੀ 'ਠੂੰਆਂ' (ਸਕੌਰਪੀਅਨ), ਪ੍ਰੇਮ ਗੋਰਖੀ 'ਇਕ ਟਿਕਟ ਰਾਮਪੁਰਾ ਫੂਲ' (ਏ, ਟਿਕਟ ਟੂ ਰਾਮਪੁਰਾ ਫੂਲ), ਮੋਹਨ ਲਾਲ ਫਿਲੌਰੀਆ ਦੀ 'ਕਾਲੇ ਗੋਰੇ' (ਬਲੈਕ ਲਾਈਕ ਅੱਸ), ਭਗਵੰਤ ਰਸੂਲਪੁਰੀ ਦੀ 'ਕਸੂਰਵਾਰ' (ਦ ਸਿਨਫੁੱਲ), ਨਛੱਤਰ ਦੀ 'ਉਂਗਲੀਆਂ ਵਿੱਚੋਂ ਕਿਰਦਾ ਕੁਝ' (ਦ ਮਿਸਫਿਟ) , ਅਜ਼ਰਾ ਵਾਕਰ 'ਗੰਗਾ ਰਾਮ' (ਗੰਗਾ ਰਾਮ), ਅਹਿਮਦ ਸਲੀਮ ਦੀ 'ਇਸ਼ਤਿਹੀਆ' (ਪਰੋਕਲੇਮਡ ਓਫੈਂਡਰ), ਇਲਿਆਸ ਘੁੰਮਣ ਦੀ 'ਪੁਰਾਣਾ ਪਿੰਡ' (ਆਇਡੀਅਲ ਟਾਊਨ) ਮੁਹੰਮਦ ਮਨਸ਼ਾ ਯਾਦ 'ਪੇਇੰਗ ਗੈਸਟ' (ਪੇਇੰਗ ਗੈਸਟ), ਜ਼ੁਬੇਰ ਅਹਿਮਦ ਦੀ 'ਮੀਂਹ, ਬੂਹੇ ਤੇ ਬਾਰੀਆਂ' (ਡੋਰਜ਼ ਐਂਡ ਵਿੰਡੋਜ਼ ਆਨ ਦਾ ਰੇਨੀ ਡੇਅ), ਸੁਰਜੀਤ ਬਿਰਦੀ ਦੀ 'ਮੱਖੀਆਂ' (ਫਲਾਈਜ਼), ਰਘਬੀਰ ਢੰਡ ਦੀ 'ਤੀਜੀ ਅੱਖ' (ਥਰਡ ਆਈ), ਅਜਮੇਰ ਰੋਡੇ ਦੀ 'ਨਿੱਕੀ' (ਨਿੱਕੀ), ਸੁਰਿੰਦਰ ਸਹੋਤਾ 'ਮਕਾਨ' (ਦ ਹਾਊਸ), ਵੀਨਾ ਵਰਮਾ 'ਪਰਛਾਈਆਂ' (ਸ਼ੈਡੋਜ਼) ਆਦਿ ਕਹਾਣੀਆਂ ਸ਼ਾਮਿਲ ਹਨ। ਬਰੈਕਟਾਂ ਵਿਚ ਦਿੱਤੇ ਨਾਂ ਅਨੁਵਾਦਕ ਦੇ ਹਨ। ਪੁਸਤਕ ਵਿਚ ਕਹਾਣੀਆਂ ਦੇ ਅਸਲ ਨਾਂ ਵੀ ਪ੍ਰਕਾਸ਼ਤ ਕੀਤੇ ਗਏ ਸਨ।

ਪੁਸਤਕ ਵਿਚ ਨਿਰੂਪਮਾ ਨੇ ਅੰਗਰੇਜ਼ੀ ਪਾਠਕਾਂ ਦੇ ਅਨਕੂਲ ਭਾਸ਼ਾ ਵਰਤੀ ਹੈ। ਸ਼ਬਦਾਂ ਤੇ ਵਾਕਾਂ ਦਾ ਅਨੁਵਾਦ ਕਰਨ ਨਾਲੋਂ ਭਾਵਨਾਵਾਂ ਨੂੰ ਅਨੁਵਾਦ ਰਾਹੀ ਪੇਸ਼ ਕੀਤਾ ਹੈ। ਪੰਜਾਬੀ ਕਹਾਣੀ ਨੂੰ ਨਿਰੂਪਮਾ ਨੇ ਵਿਸ਼ਾਲ ਅੰਗਰੇਜ਼ੀ ਦਾ ਪਾਠਕ ਵਰਗ ਦਿੱਤਾ ਹੈ। ਪੈਂਗੁਇਨ ਦੀ ਸਾਇਟ ਤੇ ਜਾ ਪਤਾ ਲੱਗਾ ਕਿ ਇਹ ਪੁਸਤਕ ਉਨ੍ਹਾਂ ਦੱਸ ਪੁਸਤਕਾਂ ਵਿਚੋਂ ਹੈ, ਜਿਨ੍ਹਾਂ ਦੀ ਵਿਕਰੀ ਰਿਕਾਰਡ ਤੋੜ ਹੋ ਰਹੀ ਹੈ। ਨਿਰੂਪਮਾ ਦਾ ਇਹ ਕਾਰਜ ਨਿਸਚੇ ਹੀ ਤਰੀਫ ਕਰਨ ਯੋਗ ਹੈ। **-ਭਗਵੰਤ ਰਸੂਲਪੁਰੀ**

## ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ 52 ਕਹਾਣੀਆਂ
## (ਸੰਪਾਦਕ: ਡਾ. ਬਲਦੇਵ ਸਿੰਘ 'ਬੱਦਨ')
## ਪ੍ਰਕਾਸ਼ਕ: ਨਵਯੁਗ ਪਬਲਿਸ਼ਰਜ਼, ਦਿੱਲੀ,




ਨਵਯੁੱਗ ਉਤਮ ਦਰਜੇ ਦੀਆਂ ਪੁਸਤਕਾਂ ਪ੍ਰਕਾਸ਼ਤ ਕਰਨ ਵਾਲਾ ਪੰਜਾਬੀ ਦਾ ਪਹਿਲਾ ਆਦਾਰਾ ਹੈ। ਉਸ ਨੇ ਪੰਜਾਬੀ ਦੇ ਸਿਰਕੱਢ ਸਾਹਿਤਕਾਰਾਂ ਦੀਆਂ ਬੜੀ ਰੀਝ ਤੇ ਵਧੀਆਂ ਢੰਗ ਨਾਲ ਪੁਸਤਕਾਂ ਪ੍ਰਕਾਸ਼ਤ ਕਰਨ ਦੀ ਪਿਰਤ ਪਾਈ ਹੈ। ਇਹ ਪੁਸਤਕ ਨਿੱਗਰ ਉਦਾਹਰਣ ਹੈ। ਇਸ ਦੀ ਸੰਪਾਦਨਾ ਦਾ ਕਾਰਜ ਉਘੇ ਅਨੁਵਾਦਕ ਤੇ ਸੰਪਾਦਕ ਡਾ. ਬਲਦੇਵ ਸਿੰਘ 'ਬੱਦਨ' ਨੇ ਕੀਤਾ ਹੈ। ਡਾ. 'ਬੱਦਨ' ਨੇ ਪੁਸਤਕ ਦੇ ਮੁੱਢ ਵਿਚ 17 ਪੰਨਿਆਂ ਦੀ ਲੰਮੀ ਭੂਮਿਕਾ ਲਿਖੀ ਵਿਚ ਜਿਸ ਵਿਚ ਪ੍ਰੀਤਲੜੀ ਦੇ ਵੱਖ ਵੱਖ ਪੱਖਾਂ 'ਤੇ ਬੜੀ ਗੰਭੀਰ ਸੰਵਾਂਦ ਪੈਦਾ ਕੀਤਾ ਹੈ। ਭੂਮਿਕਾ ਵਿਚ ਗੁਰਬਖਸ਼ ਸਿੰਘ ਦੀ ਵਿਚਾਰਧਾਰਾ, ਸੋਚ, ਕਹਾਣੀਆਂ ਦੀਆਂ ਬਿਰਤਾਂਤਕ ਜੁਗਤਾਂ ਅਤੇ ਕਹਾਣੀ ਦੇ ਵਿਸ਼ੇ ਬਾਰੇ ਵਿਸਥਾਰ ਨਾਲ ਗੱਲ ਕੀਤੀ ਹੈ।

ਪ੍ਰੀਤ ਫਲਸਫਾ ਉਸ ਦੀਆਂ ਕਹਾਣੀਆਂ ਦੀ ਚੂਲ ਹੈ, ਪਾਤਰਾਂ ਵਿਚ ਪਸਰਿਆ ਅਨੋਖਾਪਨ ਉਸ ਦੀਆਂ ਕਹਾਣੀਆਂ ਦੀ ਮੂਲ ਚੂਲ ਹੈ ਜਿਵੇਂ 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਦੇ ਪਾਤਰ ਮਿਸਿਜ਼ ਕਿੰਗ, ਕਪਤਾਨ, ਮਿਸਟਰ ਪ੍ਰਿੰਸ ਆਦਿ ਜਿਹੜੇ ਕਿ ਵੱਖ ਵੱਖ ਦੇਸ਼ਾਂ ਤੇ ਵੱਖ ਵੱਖ ਕਿੱਤਿਆਂ ਵਿਚੋਂ ਹਨ। 'ਕਿਹਰੂ ਦਸ ਨੰਬਰੀਆਂ', 'ਅਨੋਖੇ ਤੇ ਇਕੱਲੇ ਦੇ ਪਾਲ ਤੇ ਸ਼ੈਲੀ', 'ਜ਼ਿੰਦਗੀ ਵਾਰਸ ਹੈ', 'ਭਾਬੀ ਮੈਨਾ', 'ਕੇਸਰ ਦੀ ਗੁੱਡੀ' ਦੇ ਕੇਸਰੀ ਤੇ ਉਜਾਗਰ ਆਦਿ।


ਗੁਰਬਖ਼ਸ਼ ਦੀਆਂ ਕਹਾਣੀਆਂ ਦੇ ਪਾਤਰ ਨਾ ਸ਼ੋਸ਼ਣ ਦੇ ਖ਼ਿਲਾਫ਼ ਖੜਦੀਆਂ ਹਨ ਅਤੇ ਨਾ ਹੀ ਘਰ ਦੀ ਚਾਰਦੀਵਾਰੀ, ਕਿਸੇ ਤਰ੍ਹਾਂ ਦੀ ਮਜ਼ਬੂਰੀ ਦਾ ਜੀਵਨ ਜਿਉਂਦੇ ਹਨ। ਪ੍ਰੀਤਾਂ ਦੇ ਪਹਿਰੇਦਾਰ, ਕਿਹਰੂ ਦਸ ਨੰਬਰੀਆਂ, ਜ਼ਿੰਦਗੀ ਵਾਰਸ ਹੈ, ਰਾਧਾ, ਭਾਬੀ ਮੈਨਾ, ਉਮਾ ਤੇ ਉਸ ਦਾ ਅਨੋਖਾ ਮਾਲੀ, ਜ਼ਿੰਦਗੀ ਮੋੜੀ ਜਾ ਸਕਦੀ ਹੈ ਮੌਤ ਨਹੀਂ, ਕੰਵਲ ਕਲੀ, ਰਾਮੋਲਾ ਆਦਿ ਕਹਾਣੀਆਂ ਵਿਚ ਇਹੋ ਜਿਹੀਆਂ ਇਸਤਰੀਆਂ



ਚਿਤਰੀਆਂ ਗਈਆਂ ਹਨ। ਆਦਰਸ਼ਕ ਪਿਆਰ ਉਸ ਦੀਆਂ ਕਹਾਣੀਆਂ ਦਾ ਇਕ ਹੋਰ ਅੰਗ ਕਿਹਾ ਜਾ ਸਕਦਾ ਹੈ ਜਿਹੜਾ ਕਿ ਉਸ ਦੇ ਪ੍ਰੀਤ ਫ਼ਲਸਫ਼ੇ ਉਤੇ ਆਧਾਰਿਤ ਹੈ। ਗੀਟਾ ਤੇ ਕਿਊਪੀ, ਦੋ ਕਮੀਜ਼ਾਂ, ਰਾਧਾ, ਕੈਦੀ ਅਤੇ ਪ੍ਰੇਮ ਪੁੰਗਾਰ ਆਦਿ ਕਹਾਣੀਆਂ ਵਿਚ ਪ੍ਰੀਤ ਫ਼ਲਸਫ਼ਾ ਪ੍ਰਧਾਨ ਹੈ।


ਗੁਰਬਖ਼ਸ਼ ਦੀ ਕਹਾਣੀ ਦੀ ਇਕ ਹੋਰ ਵਿਲੱਖਣਾ ਹੈ ਕਿ ਉਹ ਕਹਾਣੀ ਵਿਚ ਮੈਂ ਪਾਤਰ ਰਾਹੀ ਸੱਚ ਦੇ ਨੇੜੇ ਲੈ ਜਾਂਦਾ ਹੈ। ਪਰ ਬਿਰਤਾਂਤਕਾਰ 'ਮੈਂ' ਪਾਤਰ ਨੂੰ ਨਹੀਂ ਬਣਨ ਦਿੰਦਾ। ਪਾਠਕ ਨੂੰ ਲੱਗਦਾ ਕਿ ਲੇਖਕ ਕਹਾਣੀ ਵਿਚ ਮਜ਼ੂਦ ਹੈ ਅਤੇ ਇਹ ਘਟਨਾ ਸੱਚਮੁੱਚ ਵਾਪਰਦੀ ਹੈ। ਮੇਰੀ ਨੰਨ੍ਹੀ ਲਿਲਾਹ, ਇਕ ਰੰਗ ਸਹਿਕਦਾ ਦਿਲ, ਸ਼ਬਨਮ, ਗੀਟਾ ਤੇ ਕਿਊਪੀ, ਭੂਆ ਬਰਕਤੇ ਆਦਿ ਕਹਾਣੀਆਂ ਵਿਚ ਇਹ ਸ਼ੈਲੀ ਵਧੇਰੇ ਕਾਰਗਰ ਤਰੀਕੇ ਨਾਲ ਵਰਤੀ ਹੈ। ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਵੀ ਉਹ ਆਪਣੀ ਕਹਾਣੀ ਵਿਚ ਨੰਗਿਆ ਕਰਦਾ ਹੈ। ਉਸ ਵੇਲੇ ਵਿਧਵਾ ਦੀ ਸਮੱਸਿਆ ਪ੍ਰਧਾਨ ਸੀ। 'ਵਿਧਵਾ ਵਿਆਹ' ਕਹਾਣੀ ਵਿਚ ਇਹ ਸਮੱਸਿਆ ਤੇ ਚੋਟ ਕੀਤੀ ਗਈ ਹੈ। ਜਦੋਂ ਇਨ੍ਹਾਂ ਕਹਾਣੀਆਂ ਦੀ ਰਚਨਾ ਹੋਈ ਉਦੋਂ ਕੁ ਦੇਸ਼ ਵੰਡ ਦਾ ਦੁਖਾਂਤ ਵਾਪਰਿਆ ਉਸ ਦੀਆਂ ਕਹਾਣੀਆਂ ਵਿਚ ਇਸ ਦਰਦ ਨੂੰ ਮਹਿਸੂਸ ਵੀ ਕੀਤਾ ਜਾ ਸਕਦਾ ਹੈ। ਉਸ ਨੇ ਦਲਿਤ ਪਾਤਰ ਤੇ ਵੀ ਕਹਾਣੀ ਦੀ ਰਚਨਾ ਕੀਤੀ, ਕਹਾਣੀ 'ਚੰਡੀ ਦਾਸ' ਵਿਚ ਪਰੋਹਿਤ ਚੰਡੀ ਦਾਸ ਤੇ ਰਾਮੀ ਧੋਬਣ ਦੇ ਪਿਆਰ ਵਿਚ ਜਾਤੀ ਆਉਂਦੀ ਹੈ। ਪਿੰਡ ਵਾਲੇ ਜਾਤੀ ਹਉਮੇ ਕਾਰਨ ਉਨ੍ਹਾਂ ਨੂੰ ਇਕ ਨਹੀਂ ਹੋਣ ਦਿੰਦੇ ਤੇ ਜਿਸ ਕਾਰਨ ਦੋਹਾਂ ਨੂੰ ਪਿੰਡ ਛੱਡਣ ਲਈ ਮਜਬੂਰ ਹੋਣਾ ਪੈਂਦਾ ਹੈ। ਇਨ੍ਹਾਂ ਸਾਰੀਆਂ ਕਹਾਣੀਆਂ ਦੇ ਅਧਿਐਨ ਰਾਹੀ ਇਹ ਕਿਹਾ ਜਾ ਸਕਦਾ ਹੈ ਕਿ ਗੁਰਬਖ਼ਸ਼ ਸਿੰਘ ਨੇ ਆਪਣੇ ਮੌਲਿਕ ਚਿੰਤਨ ਰਾਹੀ ਪੰਜਾਬੀ ਕਹਾਣੀ ਦੇ ਨਕਸ਼ ਘੜਨ ਵਿਚ ਅਹਿਮ ਭੂਮਿਕਾ ਅਦਾ ਕੀਤੀ। ਸਮਾਜਿਕ, ਨੈਤਿਕ ਅਤੇ ਧਾਰਮਿਕ ਤੇ ਰਵਾਇਤੀ ਕਦਰਾ ਕੀਮਤਾਂ ਦੀ ਥਾਂ ਨਵੀਆਂ ਕਦਰਾ ਕੀਮਤਾਂ ਨੂੰ ਕਹਾਣੀ ਰਾਹੀ ਘੜਨ ਵਿਚ ਅਹਿਮ ਰੋਲ ਅਦਾ ਕੀਤਾ। ਉਹ ਆਪਣੇ ਪਾਤਰਾਂ ਨੂੰ ਸੰਕੀਰਣ ਸੋਚ ਦੇ ਧਾਰਨੀ ਨਹੀਂ ਬਣਾਉਂਦਾ। ਉਸ ਦੀਆਂ ਕਹਾਣੀਆਂ ਰਾਹੀ ਅਸੀਂ ਦੇਸ ਵੰਡ ਦੇ ਦਰਦ ਨੂੰ ਵੀ ਸਮਝ ਸਕਦੇ ਹਾਂ। **-ਭ. ਰ.**

## ਰਾਮ ਸਰੂਪ ਅਣਖੀ ਦੀਆਂ ਚੋਣਵੀਆਂ ਕਹਾਣੀਆਂ
## (ਸੰਪਾਦਕ: ਬਲਦੇਵ ਸਿੰਘ 'ਬੱਦਨ')
## ਪ੍ਰਕਾਸ਼ਕ: ਨੈਸ਼ਨਲ ਬੁਕ, ਟਰੱਸਟ, ਨਵੀਂ ਦਿੱਲੀ




ਬਲਦੇਵ ਸਿੰਘ 'ਬੱਦਨ' ਨੇ ਅਣਖੀ ਦੀਆਂ ਚੋਣਵੀਆਂ ਕਹਾਣੀਆਂ ਨੂੰ ਸੰਪਾਦਕ ਕਰਕੇ ਇਕ ਸਲਾਘਾਯੋਗ ਕਾਰਜ ਕੀਤਾ ਹੈ। ਕਿਉਂਕਿ ਟਰੱਸਟ ਇਸ ਪੁਸਤਕ ਬਹੁਤ ਹੀ ਵਾਜਬ ਰੇਟ ਦੇ ਪਾਠਕਾਂ ਨੂੰ ਦਿੰਦਾ ਹੈ, ਜਲੰਧਰ ਮੇਲੇ ਵਿਚ ਇਸ ਕਿਤਾਬ ਦੀ ਵਿਕਰੀ 300 ਕਾਪੀਆਂ ਦੀ ਹੋਈ। ਇਸ ਤੋਂ ਪਤਾ ਲੱਗਦਾ ਹੈ ਕਿ ਅਣਖੀ ਕੋਲ ਪੰਜਾਬੀ ਵਿਚ ਇਕ ਬਹੁਤ ਵੱਡਾ ਪਾਠਕ ਵਰਗ ਹੈ। ਅਣਖੀ ਭਾਰਤੀ ਪੱਧਰ ਦਾ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਹਿੰਦੀ ਤੇ ਹੋਰ ਜ਼ਬਾਨਾ ਰਾਹੀਂ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਛਪੀਆਂ ਹਨ। ਉਸ ਕੋਲ ਬਹੁਤ ਵੱਡਾ ਪਾਠਕ ਵਗਰ ਹੈ। ਇਹ ਪਾਠਕ ਵਰਗ ਸਾਹਿਤ ਸਿਰਜਣਾ ਕਰਕੇ ਬਣਾਇਆ ਹੈ। ਕਿਸੇ ਵੀ ਤਰ੍ਹਾਂ ਦੀ ਜੁਗਾੜਬੰਦੀ ਕਰਕੇ ਨਹੀਂ। ਨਾਵਲ ਵੱਲ ਆਉਣ ਤੇ ਉਸ ਨੇ ਕਹਾਣੀ ਲਿਖਣੀ ਭਾਵੇਂ ਛੱਡ ਦਿੱਤੀ ਸੀ ਪਰ ਉਸ ਨੇ 400 ਦੇ ਕਰੀਬ ਕਹਾਣੀ ਲਿਖ ਦਿੱਤੀ ਸੀ। ਜਿਸ ਵਿਚੋਂ ਮਾਲਵੇ ਦੇ ਗੂੜੇ ਰੰਗ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਅਣਖੀ ਦੇ ਪੇਂਡੂ ਸਭਿਆਚਾਰ ਵਿਚ ਪ੍ਰਚਲਤ ਔਰਤ-ਮਰਦ ਸੰਬੰਧਾਂ, ਭਾਈਚਾਰਕ ਸਾਂਝ, ਦੁਸ਼ਮਣੀਆਂ ਅਤੇ ਹੋਰ ਪਾਸਾਰਾਂ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ। ਉਸ ਦੇ ਪਾਤਰ ਤੇ ਕਹਾਣੀ ਦਾ ਬਿਰਤਾਂਤ ਉਪਰੋਂ ਭਾਵੇਂ ਸਪਾਟ ਲੱਗੇ ਪਰ ਉਸ ਅਸਾਨ ਭਾਸ਼ਾ ਵਿਚ ਗਹਿਰੀ ਗੱਲ ਕਰਨ ਦਾ ਮਾਹਰ ਸੀ।


ਖੱਟੀ ਲੱਸੀ ਪੀਣ ਵਾਲੇ, ਅਸ਼ਕੇ ਬੁੜ੍ਹੀਏ ਤੇਰੇ, ਸਵਾਲ ਦਰ ਸਵਾਲ, ਸੁੱਤਾ ਨਾਗ, ਔਰਤ ਦੀ ਕੁਠਾਲੀ, ਸਭ ਤੋਂ ਵੱਡੀ ਛਾਲ, ਕੜਬ ਦਾ ਟਾਂਡੇ, ਖਾਰਾ ਦੁੱਧ, ਆਪਣੇ ਘੜੇ ਦਾ ਪਾਣੀ, ਅੱਧਾ ਆਦਮੀ, ਛੱਪੜੀ ਵਿਹੜਾ, ਸਾਈਕਲ ਦੌੜ, ਰੇਸ਼ਮਾ, ਮਿੱਟੀ ਦੀ ਜ਼ਾਤ ਆਦਿ ਕਹਾਣੀਆਂ ਕਲਾਸਿਕ ਕਹਾਣੀਆਂ ਹਨ। ਔਰਤ ਮਰਦ ਦੇ ਸੰਬੰਧਾ ਨੂੰ ਉਸ ਨੇ ਅਨੇਕਾਂ ਕਹਾਨੀਆਂ ਦਾ ਅਧਾਰ ਬਣਾਇਆ ਪਰ ਇਸ ਵਿਸ ਅਸਲੀਲਤਾ ਨਹੀਂ ਹੈ। ਉਹ ਇਨ੍ਹਾਂ ਸਬੰਧਾ ਨੂੰ ਬੜਾ ਸਹਿਜ ਲੈਂਦਾ ਹੈ। ਅਣਖੀ ਦੀਆਂ ਕਹਾਣੀਆਂ ਵਿਚ ਇਕ ਅਜਿਹੀ ਔਰਤ ਉਭਰਦੀ ਹੈ ਜਿਹੜੀ ਇਕ ਬੰਦੇ ਨੂੰ ਪਿਆਰ ਕਰਨਾ ਲੋਚਦੀ ਹੈ। ਉਸ ਦੀਆਂ ਕੁਝ ਕਹਾਣੀਆਂ ਪੰਜਾਬ ਸੰਕਟ ਦੀ ਗੱਲ ਵੀ ਕਰਦੀਆਂ ਹਨ। ਉਹ ਕਹਾਣੀ ਆਰੰਭ ਕਰਨ ਲੱਗੇ ਕੋਈ ਉਚੇਚ ਨਹੀਂ ਕਰਦਾ ਹੈ। ਜੀਵਨ ਦਾ ਵਿਸ਼ਾਲ ਅਨੁਭਵ ਹੋਣ ਕਰਕੇ ਉਸ ਦੀਆਂ ਕਹਾਣੀਆਂ ਦੇ ਵਿਸ਼ੇ ਬਹੁਪੱਖੀ ਹਨ। ਉਸ ਦੀ ਕਹਾਣੀ ਲੋਕ ਕਹਾਣੀ ਨੇ ਨੇੜੇ ਚਲੇ ਜਾਂਦੀ ਹੈ। ਆਰਥਿਕ ਅਤੇ ਸਭਿਆਚਾਰਕ ਤੌਰ ਤੇ ਪੱਛੜੇ ਮਲਵਈ ਕਿਸਾਨੀ ਨੂੰ ਅਣਖੀ ਨੇ ਵਿਸ਼ਾਲ ਕੈਨਵਸ ਤੇ ਚਿਤਰਿਆ ਹੈ। ਪੁਸਤਕ ਵਿਚ 60 ਦੇ ਕਰੀਬ ਕਹਾਣੀਆਂ ਹਨ। ਵਿਛੜ ਚੁੱਕੇ ਕਹਾਣੀਕਾਰਾਂ ਦੀਆਂ ਚੋਣਵੀਆਂ ਕਹਾਣੀਆਂ ਦੇ ਕੇ ਡਾ. ਬੱਦਨ ਬਹੁਤ ਵੱਡਾ ਕਾਰਜ ਕਰ ਰਹੇ ਹਨ। - **ਭ. ਰ.**




## ਪਾਕਿਸਤਾਨ ਦੇ ਸੂਫੀਖ਼ਾਨੇ (ਪ੍ਰੇਮ ਪ੍ਰਕਾਸ਼)
## ਪ੍ਰਕਾਸ਼ਕ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ


ਪ੍ਰਸਿੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨੇ ਪਾਕਿਸਤਾਨ ਦੀ ਯਾਤਰਾਂ ਦੌਰਾਨ ਆਪਣੇ ਪ੍ਰਭਾਵ ਇਸ ਪੁਸਤਕ ਵਿਚ ਸਾਂਝੇ ਕੀਤੇ ਹਨ। ਇਸ ਨੂੰ ਰਵਾਇਤੀ ਸਫ਼ਰਨਾਮਾ ਨਹੀਂ ਕਿਹਾ ਜਾ ਸਕਦਾ। ਉਸ ਦੀ ਸ਼ੈਲੀ ਬਿਲਕੁਲ ਵੱਖਰੀ ਕਿਸਮ ਦੀ ਹੈ। ਪਾਕਿਸਤਾਨ ਬਾਰੇ ਰਵਾਇਤੀ ਕਿਸਮ ਦੇ ਸਫ਼ਰਨਾਮਿਆਂ ਤੋਂ ਬਿਲਕੁਲ ਵੱਖਰੀ ਤਰ੍ਹਾਂ ਸੋਚਦਾ ਹੈ। ਪ੍ਰੇਮ ਪ੍ਰਕਾਸ਼ ਦਾ ਪਾਕਿਸਤਾਨ ਬਾਰੇ ਆਪਣਾ ਨਜ਼ਰੀਆਂ ਹੈ। ਇਹਦੇ ਪਿੱਛੇ ਉਹਦੇ ਜਾਤੀ ਸੰਸਕਾਰ ਤੇ ਮੁਸਲਿਮ ਧਰਮ ਨੂੰ ਸਮਝਣ ਦੀ ਆਪਣੀ ਦ੍ਰਿਸ਼ਟੀ ਕੰਮ ਕਰਦੀ ਹੈ। ਸਿੱਖ ਗੁਰਦਵਾਰਿਆਂ ਸਬੰਧੀ ਉਹਦੀ ਪਹੁੰਚ ਸਰਧਾਲੂਆਂ ਵਾਲੀ ਨਹੀਂ ਹੈ। ਉਹ ਪਾਕਿ ਲੇਖਕਾਂ ਤੇ ਸਭਿਆਚਾਰ ਬਾਰੇ ਬੜੀ ਬਰੀਕੀ ਨਾਲ ਲਿਖਦਾ ਹੈ। ਬੁੱਲ੍ਹੇ ਸ਼ਾਹ ਤੇ ਵਾਰਿਸ਼ ਸ਼ਾਹ ਦੀਆਂ ਮਜ਼ਾਰ ਦੇ ਦ੍ਰਿਸ਼ ਭਾਵੁਕਤਾ ਤੋਂ ਦੂਰ ਦੇ ਹਨ। ਲੇਖਕ ਭੁਲੇਖਾ, ਪੰਚਮ, ਸਾਂਝ ਦੇ ਦਫ਼ਤਰਾਂ ਵਿਚ ਬਿਤਾਏ ਪਲਾਂ ਨੂੰ ਸਾਂਝਿਆਂ ਵੀ ਕਰਦਾ ਹੈ। ਉਹ ਆਪ ਅਖ਼ਬਾਰਾਂ ਤੇ ਸਾਹਿਤਕ ਪੱਤਰਾਂ ਦਾ ਸੰਪਾਦਕ ਰਹਿ ਚੁੱਕਾ ਹੈ ਉਹ ਦੇਖਣਾ ਚਾਹੁੰਦਾ ਹੈ ਕਿ ਪਾਕਿਸਤਾਨ ਦੀ ਪੱਤਰਕਾਰੀ ਕਿਸ ਤਰ੍ਹਾਂ ਦੀ ਹੈ। ਪਾਕਿਸਤਾਨੀਆਂ ਸਰਕਾਰ ਦੀ ਭਾਰਤੀ ਲੋਕਾਂ ਪ੍ਰਤੀ ਰਵੱਈਆਂ ਉਸ ਨੂੰ ਠੀਕ ਨਹੀਂ ਲੱਗਦਾ। ਇੰਝ ਉਹ ਨਿੱਕੇ ਨਿੱਕੇ ਟੁਕੜਿਆਂ ਵਿਚ ਪਾਕਿ ਬਾਰੇ ਆਪਣੇ ਪ੍ਰਭਾਵ ਲਿਖਦਾ ਹੈ। ਜਿਹਨਾ ਵਿਚ ਰੌਚਿਕਤਾ ਹੈ। ਪੁਸਤਕ ਦੇ ਅਗਲੇ ਭਾਗ ਵਿਚ ਲੇਖਕ ਨੇ ਸ਼ਿਵ ਕੁਮਾਰ, ਸੰਤੋਖ ਸਿੰਘ ਧੀਰ, ਰਾਮ ਸਰੂਪ ਅਣਖੀ ਦੇ ਸ਼ਬਦ ਚਿੱਤਰਾਂ ਨੂੰ ਬੜਾ ਬੇਰਹਿਮ ਹੋ ਕੇ ਲਿਖਿਆ ਹੈ। ਜਿਸ ਦੀ ਤਰੀਫ ਤੇ ਨਿੰਦਿਆਂ ਪਹਿਲਾਂ ਹੀ ਕਾਫੀ ਹੋ ਚੁੱਕੀ ਹੈ। ਇਸ ਤੋਂ ਇਲਾਵਾਂ ਲੇਖਕ ਨੇ ਕਹਾਣੀ ਬਾਰੇ ਲੇਖ ਲਿਖੇ ਹਨ ਜਿਹੜੇ ਕਿ ਕਹਾਣੀ ਆਲੋਚਨਾ ਨਾਲ ਸੰਬੰਧ ਰੱਖਦੇ ਹਨ। ਪ੍ਰੰਤੂ ਉਹ ਸ਼ਬਦਾਂ ਦੇ ਬੋਝ ਤੋਂ ਮੁਕਤ ਤੇ ਮੁੱਦਿਆਂ ਤੇ ਕੇਂਦਰਿਤ ਹਨ। ਇਕ ਸਿਰਜਣਾਤਮਿਕ ਲੇਖਕ ਕਹਾਣੀ ਦੀ ਆਲੋਚਨਾ ਕਿਵੇਂ ਕਰਦਾ ਹੈ ਜਾਂ ਕਹਾਣੀ ਬਾਰੇ ਉਹ ਕਿਵੇਂ ਸੋਚਦਾ ਹੈ, ਇਹ ਪ੍ਰਭਾਵ ਇਨ੍ਹਾਂ ਲੇਖਾਂ ਤੋਂ ਮਿਲਦਾ ਹੈ। ਪੁਸਤਕ ਵਿਚ ਇਨ੍ਹਾਂ ਤੋਂ ਇਲਾਵਾਂ ਕੁਝ ਹੋਰ ਵਿਅਕਤੀਆਂ ਬਾਰੇ ਲੇਖ ਹਨ। ਅਤੇ ਕੁੱਝ ਹੋਰ ਫੁਟਕਲ ਲੇਖ। ਭਾਵ ਕਿ ਪ੍ਰੇਮ ਨੇ ਜੋ ਕੁਝ ਵੀ ਲਿਖਿਆ ਹੈ ਉਹ ਕਿਤਾਬ ਵਿਚ ਸਾਂਭ ਦਿੱਤਾ ਹੈ। 'ਚਲਾ ਮਨਾ, ਜਲੰਧਰ ਮਰੀਏ' ਲੇਖ ਕਈ ਸਵਾਲ ਖੜੇ ਕਰਦਾ ਹੈ। ਮੌਤ ਬਾਰੇ ਬਜ਼ੁਰਗ ਦੇ ਅਹਿਸਾਸ ਇਸ ਲੇਖ ਵਿਚ ਉਭਰਦੇ ਹਨ। **ਭ. ਰ.**






## ਮੇਰੀ ਉਰਦੂ ਅਖ਼ਬਾਰ ਨਵੀਸੀ (ਪ੍ਰੇਮ ਪ੍ਰਕਾਸ਼)
## ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ

ਪ੍ਰੇਮ ਪ੍ਰਕਾਸ਼ ਦੀ ਉਰਦੂ ਪੱਤਰਕਾਰੀ ਬਾਰੇ ਇਹ ਪਹਿਲੀ ਤੇ ਅਹਿਮ ਪੁਸਤਕ ਹੈ ਜਿਸ ਵਿਚ ਉਸ ਨੇ ਉਰਦੂ ਅਖ਼ਬਾਰ ਵਿਚ ਬਿਤਾਏ 26 ਸਾਲਾਂ ਨੂੰ ਇਸ ਪੁਸਤਕ ਵਿਚ ਬਿਆਨ ਕੀਤਾ ਹੈ। ਇਕ ਤਰ੍ਹਾਂ ਨਾਲ ਇਹ ਪੁਸਤਕ ਨੂੰ ਪ੍ਰੇਮ ਪ੍ਰਕਾਸ਼ ਦੀ ਜੀਵਨੀ ਵੀ ਕਿਹਾ ਜਾ ਸਕਦਾ ਹੈ। ਭਾਵੇਂ ਕਿ ਪ੍ਰੇਮ ਨੇ ਉਰਦੂ ਅਖ਼ਬਾਰ ਵਿਚ ਅਨੇਕਾਂ ਸਾਲ ਸੰਪਾਦਕ ਦਾ ਕੰਮ ਕੀਤਾ ਪਰ ਉਹ ਇਸ ਕਾਰਜ ਨੂੰ ਜ਼ਿਲਤ ਕਹਿੰਦਾ ਰਿਹਾ ਹੈ। ਉਹ ਰੋਟੀ ਰੋਜੀ ਲਈ ਇਹ ਕੰਮ ਕਰਦਾ ਰਿਹਾ । ਜਿਸ ਕਾਰਨ ਪੱਤਰਕਾਰੀ ਪ੍ਰਤੀ ਦ੍ਰਿਸ਼ਟੀ ਉਸਦੀ ਨੈਗਟਿਵ ਪੱਖੀ ਹੈ। ਇਸ ਪੁਸਤਕ ਵਿਚ ਇਹ ਗੱਲਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ ਕਿ ਉਰਦੂ ਦੀ ਪੱਤਰਕਾਰੀ ਕਿਸ ਤਰ੍ਹਾਂ ਦੀ ਸੀ, ਆਪਣੇ ਨਾਲ ਜਿਹੜੇ ਵਰਕਰ ਕੰਮ ਕਰਦੇ ਸਨ ਉਨ੍ਹਾਂ ਦਾ ਵਰਤਾਓ ਕਿਸ ਤਰ੍ਹਾਂ ਸੀ, ਮਾਲਕਾਂ ਤੇ ਵਰਕਰਾਂ ਵਿਚਕਾਰ ਕਿਵੇਂ ਟੱਕਰਾਂ ਹੁੰਦੀਆਂ ਸਨ। ਉਰਦੂ ਅਖਬਾਰਾਂ ਦੀਆਂ ਅੰਦਰਲੀਆਂ ਗੱਲਾਂ ਕਿਸ ਤਰ੍ਹਾਂ ਦੀਆਂ ਸਨ। ਅਖ਼ਬਾਰਾਂ ਕਿਸ ਤਰ੍ਹਾਂ ਚੱਲਦੀਆਂ ਸਨ ਤੇ ਕਿਸ ਤਰ੍ਹਾਂ ਉਨ੍ਹਾਂ ਨੂੰ ਗੁਪਤ ਪੈਸੇ ਆਉਂਦੇ ਸਨ। ਕੁੱਝ ਇਸ ਕਿੱਤੇ ਨਾਲ ਜੁੜੇ ਲੋਕਾਂ ਦੇ ਸ਼ਬਦ ਚਿੱਤਰ ਵੀ ਲੇਖਕ ਨੇ ਲਿਖੇ ਹਨ ਜਿਹੜੇ ਕਿ ਕਹਾਣੀਆਂ ਦੇ ਟੁਕੜਿਆਂ ਦੇ ਪ੍ਰਭਾਵ ਦਿੰਦੇ ਹਨ। ਪ੍ਰੇਮ ਨੇ ਨਿੱਕੇ ਨਿੱਕੇ ਲੇਖਾਂ ਵਿਚ ਆਪਣੀ ਗੱਲ ਕਹੀ ਹੈ। ਇਸ ਗੱਲ ਦੀ ਹੈਰਾਨੀ ਹੈ ਲੇਖਕ ਨੇ ਇਸ ਕਿੱਤੇ ਵਿਚ ਹੁੰਦਿਆਂ ਹੋਇਆ ਕਦੇ ਵੀ ਮਾਣ ਨਾਲ ਇਸ ਕੰਮ ਬਾਰੇ ਨਹੀਂ ਦੱਸਿਆ ਤੇ ਨਾ ਹੀ ਇਸ ਕਿੱਤੇ ਬਾਰੇ ਕੋਈ ਕਹਾਣੀ ਲਿਖੀ। ਲੇਖਕ ਇਸ ਕੰਮ ਨੂੰ ਆਪਣੀ ਹੈਸੀਅਤ ਤੋਂ ਨੀਵਾਂ ਕੰਮ ਸਮਝਦਾ ਰਿਹਾ ਹੈ। ਪ੍ਰੇਮ ਨੇ ਉਰਦੂ ਅਖ਼ਬਾਰ 'ਮਿਲਾਪ' ਤੇ 'ਹਿੰਦ ਸਮਾਚਾਰ' ਵਿਚ ਕੰਮ ਕੀਤਾ। ਇਸ ਦੌਰਾਨ ਉਹਦੇ ਮਾਲਕਾਂ ਨਾਲ ਬਹੁਤ ਖੱਟੇ ਮਿੱਠੇ ਤਜ਼ਰਬੇ ਵੀ ਹੋਏ। ਪੰਜਾਬ ਸੰਕਟ ਦੌਰਾਨ ਦਹਿਸ਼ਤ ਭਰੇ ਮਹੌਲ ਵਿਚ ਇਹ ਕੰਮ ਕਰਨਾ ਬੜਾ ਕਠਿਨ ਲੱਗਦਾ ਰਿਹਾ। ਹਿੰਦ ਸਮਾਚਾਰ ਵਿਚ ਕੰਮ ਕਰਦਿਆਂ ਉਸ ਨੂੰ ਕਿਵੇਂ ਜ਼ਲੀਲ ਹੋਣਾ ਪੈਂਦਾ ਸੀ ਇਸ ਬਾਰੇ ਵੀ ਆਪਣੇ ਪ੍ਰਭਾਵ ਲਿਖੇ ਹਨ। ਇਕ ਵਾਰ ਤਲਾਸ਼ੀ ਲੈਣ ਤੋਂ ਦੁੱਖੀ ਹੋ ਕੇ ਪ੍ਰੇਮ ਨੇ ਗੋਰਖਾ ਚਪੜਾਸੀ ਮੁਹਰੇ ਕੁਰਤਾ ਪਜਾਮਾ ਲਾਹ ਕੇ ਉਹਦੇ ਸਾਹਮਣੇ ਨੰਗਾ ਡੈਸਕ ਤੇ ਬੈਠ ਗਿਆ ਸੀ। ਪ੍ਰੇਮ ਦੀ ਇਹ ਪੁਸਤਕ ਬੜੀ ਨਿਵੇਕਲੀ ਤੇ ਦਿਲਚਸਪ ਹੈ। ਜਿਸ ਨੂੰ ਪੜ੍ਹਦਿਆਂ ਪਾਠਕ ਰਤਾ ਵੀ ਅਕੇਵਾਂ ਮਹਿਸੂਸ ਨਹੀਂ ਕਰਦਾ। **ਭ. ਰ.**





## ਆਦਿ ਗ੍ਰੰਥ ਤੋਂ ਦਸਮ ਗ੍ਰੰਥ ਤੱਕ ਅਕਾਦਮਿਕ ਵਿਸ਼ਲੇਸ਼ਣ (ਗੁਰੂਮੇਲ ਸਿੰਘ ਸਿੱਧੂ)
## ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ

ਗੁਰੂਮੇਲ ਸਿੱਧੂ ਪੰਜਾਬੀ ਵਿਚ ਲਿਖਣ ਵਾਲਾ ਵਿਦੇਸ਼ ਵਿਚ ਰਹਿ ਰਿਹਾ ਬੜਾ ਵਿਦਵਿਤਾ ਭਰਪੂਰ ਲੇਖਕ ਹੈ। ਪੰਜਾਬੀ ਹਲਕਿਆ ਵਿਚ ਉਸ ਦੀ ਪਛਾਣ ਵਿਗਿਆਨ ਤੇ ਖੇਤਰ ਵਿਚ ਹੈ। ਵਿਗਿਆਨ ਦੀਆਂ ਲਿਖਤਾਂ ਨੇ ਉਸ ਦੀ ਪਛਾਣ ਬੜੀ ਗੂੜੀ ਕੀਤੀ ਹੈ। ਇਸ ਪੁਸਤਕ ਦੀ ਮੂਲ ਟੇਕ ਆਦਿ ਗ੍ਰੰਥ ਹੈ। ਸਮੇਂ ਸਮੇਂ ਪਈਆਂ ਅਨੇਕਾਂ ਭ੍ਰਾਂਤੀਆਂ ਅਤੇ ਧੁੰਦਲਕੇ ਨੂੰ ਦੂਰ ਕਰਦੀ ਹੈ। ਸਿੱਧੂ ਨੇ ਆਪਣੀ ਧਾਰਨਾ ਦੇ ਕੇ ਇਹ ਸਿੱਧ ਵੀ ਕੀਤਾ ਹੈ ਕਿ 'ਦਸਮ ਗ੍ਰੰਥ' ਗੁਰੂ ਗੋਬਿੰਦ ਸਿੰਘ ਦੀ ਰਚਨਾ ਨਹੀਂ ਹੈ। ਇਨ੍ਹਾਂ ਦੋਵਾਂ ਗ੍ਰੰਥਾਂ ਉੱਤੇ ਹੋਏ ਚਿੰਤਨ ਅਤੇ ਸੰਵਾਦ ਰਾਹੀਂ ਲੇਖਕ ਆਪਣੀਆਂ ਕੁਝ ਧਾਰਨਾਵਾਂ ਦਿੰਦਾ ਹੋਇਆ ਸੰਵਾਦ ਰਚਾਉਂਦਾ ਹੈ। ਉਹ ਇਸ ਸੰਬੰਧੀ ਆਪਣੇ ਮਤ ਅਨੁਸਾਰ ਸਥਾਪਤ ਹੋ ਚੁੱਕੀਆਂ ਗਲਤ ਧਾਰਨਾਵਾਂ ਨੂੰ ਫ਼ਜ਼ੂਲ ਵੀ

ਕਹਿੰਦਾ ਹੈ। ਇਹ ਵੀ ਲੇਖਕ ਦੀ ਨਿੱਜੀ ਧਾਰਨਾ ਹੈ। ਇਹ ਇਕ ਸੰਵਾਦ ਹੈ ਕੋਈ ਅੰਤਮ ਸਿੱਟਾ ਨਹੀਂ। ਪੱਛਮੀ ਵਿਦਵਾਨ ਡਾ. ਹਿਊ ਮੈਕਲਾਊਡ ਵੱਲੋਂ ਜਿਹੜੇ ਸਿੱਖ ਧਰਮ ਬਾਰੇ ਵਿਚਾਰ ਪੇਸ਼ ਕੀਤੇ ਗਏ ਇਸ ਦਾ ਪ੍ਰਤੀਕਰਮ ਹੈ ਇਹ ਪੁਸਤਕ। ਜਿਸ ਨੇ ਆਦਿ ਗ੍ਰੰਥ ਦੀ ਮੌਲਿਕਤਾ ਤੇ ਸ਼ੱਕ, ਸਿੱਖ ਧਰਮ ਦੀ ਵਿਲੱਖਣਤਾ ਪ੍ਰਤੀ ਅਸਹਿਮਤੀ ਜਿਤਾਈ। ਲੇਖਕ ਕਹਿੰਦਾ ਹੈ ਕਿ ਦਸਮ ਗ੍ਰੰਥ' ਨੂੰ ਗੁਰੂ ਗੋਬਿੰਦ ਸਿੰਘ ਨਾਲ ਜੋੜਨਾ ਅੰਗਰੇਜ਼ਾ ਦੀ ਗਹਿਰੀ ਸਾਜਸ ਸੀ। ਇਸ ਦੇ ਨਾਲ ਨਾਲ ਲੇਖਕ ਨੇ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦਾ ਤੁਲਨਾਤਮਿਕ ਅਧਿਐਨ ਵੀ ਕੀਤਾ। ਗੁਰੁਮੇਲ ਸਿੱਧੂ ਨੂੰ ਇਹ ਪੁਸਤਕ ਡਾ. ਮੈਕਲਾਊਡ ਦੀ ਖੋਜ ਨੂੰ ਰੱਦ ਕਰਦੀ ਹੈ। ਪ੍ਰੰਤੂ ਅਜੇ ਵੀ ਭਾਰਤੀ ਇਤਿਹਾਸ, ਸਮਾਜ ਅਤੇ ਸਭਿਆਚਾਰ ਬਾਰੇ ਵਿਦੇਸ਼ੀ ਵਿਦਵਾਨਾਂ ਦੀਆਂ ਲਿਖਤਾਂ ਹੀ ਹਨ ਜਿਹੜੀਆਂ ਮੁਢਲੀਆਂ ਸਰੋਤ ਪੁਸਤਕਾਂ ਵਜੋਂ ਆਪਨੀ ਪਛਾਣ ਬਣਾ ਚੁੱਕੀਆਂ ਹਨ। ਸਾਡੇ ਕੋਲ ਭਾਰਤੀ, ਪੰਜਾਬੀ ਤਾਂ ਬਹੁਤ ਦੂਰ ਦੀ ਗੱਲ ਹੈ ਕੋਈ ਵਿਦਵਾਨ ਨਜ਼ਰ ਨਹੀਂ ਆਉਂਦਾ ਜਿਸ ਰਾਹੀ ਅਸੀਂ ਭਾਰਤੀ ਧਰਮ ਤੇ ਸਮਾਜ ਨੂੰ ਸਮਝ ਸਕੀਏ। **ਭ. ਰ.**

**ਪੰਜਾਬੀ ਸੱਭਿਆਚਾਰ ਰਿਸ਼ਤਿਆਂ ਦੀ ਸੰਬਾਦਿਕਤਾ ( ਡਾ. ਜਲੌਰ ਸਿੰਘ ਖੀਵਾ )**
**ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਕ, ਲੁਧਿਆਣਾ**




ਪੰਜਾਬੀ ਸੱਭਿਆਚਾਰ ਨੂੰ ਸਮਝਣ ਲਈ ਖੀਵੇ ਦੀ ਇਹ ਮੁੱਲਵਾਨ ਪੁਸਤਕ ਹੈ। ਭਾਵੇਂ ਕਿ ਲੇਖਕ ਦਾ ਸੱਭਿਆਚਾਰ ਤੇ ਪ੍ਰਥਮ ਕਾਰਜ ਹੈ ਪ੍ਰੰਤੂ ਉਸ ਨੇ ਨਿੱਠ ਕੇ ਵਿਸ਼ੇ ਨੂੰ ਹੱਥ ਪਾਇਆ ਹੈ। ਪੰਜਾਬੀ ਸਭਿਆਚਾਰ ਤੇ ਜਿਨਾ ਵੀ ਕਾਰਜ ਹੋਇਆ ਹੈ ਉਹ ਬਹੁਤ ਸੀਮਤ ਖੇਤਰ ਦਾ ਹੈ। ਇਹ ਵਧੇਰੇ ਫੀਲਡ ਵਰਕ ਹੋਣ ਕਰਕੇ ਇਸ ਵੱਲ ਬਹੁਤੇ ਖੋਜੀ ਤੁਰਦੇ ਨਹੀਂ ਹਨ। ਇਹ ਪੁਸਤਕ ਰਿਸ਼ਤਿਆਂ ਨੂੰ ਲੈ ਕੇ ਜਿਹੜਾ ਪੰਜਾਬ ਦਾ ਸਭਿਆਚਾਰ ਸਿਰਜ ਹੁੰਦਾ ਹੈ ਉਸ ਬਾਰੇ ਹੈ। ਇਨ੍ਹਾਂ ਰਿਸ਼ਤਿਆਂ ਵਿਚ ਆਰਥਿਕ, ਧਰਮ, ਨੈਤਿਕਤਾ, ਸਾਡੇ ਰਿਵਾਜ ਅਤੇ ਸਮਾਜਿਕ ਵਰਜਣਾਵਾਂ ਆਦਿ ਚਿਹਨ ਬਿੰਦੂ ਹਨ ਜਿਨ੍ਹਾਂ ਰਾਹੀ ਅਸੀਂ ਰਿਸ਼ਤਿਆਂ ਨੂੰ ਸਮਝ ਸਕਦੇ ਹਾਂ। ਪੁਸਤਕ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਮਾਂ, ਭੈਣ, ਭਰਾ, ਪੁੱਤ, ਧੀ, ਪਿਤਾ ਆਦਿ ਦੇ ਰਿਸ਼ਤਿਆਂ ਵਿਚ ਦਿਨੋਂ ਦਿਨ ਪਿਆਰ ਘੱਟ ਰਿਹਾ ਹੈ। ਇਨ੍ਹਾਂ ਵਿਚਲੀਆਂ ਸਾਂਝੀਆਂ ਕੜੀਆਂ ਟੁੱਟ ਰਹੀਆਂ ਹਨ। ਇਸ ਤੋਂ ਇਲਵਾ ਦੋਸਤੀਆਂ ਵਿਚ ਫਿੱਕ, ਧੋਖਾ, ਕਤਲ ਅਤੇ ਮਰਦ ਦੀ ਔਰਤ ਤੇ ਜਕੜ ਵਰਗੇ ਮੁੱਦੇ ਪੁਸਤਕ ਵਿਚ ਉਭਰਦੇ ਹਨ। ਸਾਂਝੇ ਪਰਿਵਾਰ ਟੁੱਟ ਰਹੇ ਹਨ ਤੇ ਇਸ ਵਿਚ ਬਜ਼ੁਰਗ ਦਰੜ ਹੋ ਰਹੇ ਸਨ। ਲੇਖਕ ਇਹ ਗੱਲ ਵੀ ਉਭਾਰਦਾ ਹੈ ਕਿ ਅੱਜ ਦੇ ਪੂੰਜੀਵਾਦੀ ਦੌਰ ਵਿਚ ਰਿਸ਼ਤਿਆਂ ਵਿਚ ਪੈਸਾ ਪ੍ਰਧਾਨ ਬਣ ਗਿਆ ਹੈ। ਮਾਨਵੀ ਕਦਰਾ ਕੀਮਤਾ ਟੁੱਟ ਰਹੀਆਂ ਹਨ। ਰਿਸ਼ਤਿਆਂ ਬਾਰੇ ਲੇਖਕ ਦੇ ਮੌਲਿਕ ਵਿਚਾਰ ਹਨ। ਉਸ ਨੇ ਜਿਸ ਤਰ੍ਹਾਂ ਸਮਾਜ ਵਿਚ ਰਿਸ਼ਤਿਆਂ ਨੂੰ ਸਮਝਿਆ ਹੈ ਪੇਸ਼ ਕੀਤਾ ਹੈ। ਉਸ ਨੇ ਮੁਹਾਵਰਿਆਂ ਵਾਲੀ ਸ਼ੈਲੀ ਵਰਤੀ ਹੈ। ਉਸ ਦੀ ਖੋਜ ਵਿਦਿਆਰਥੀ ਵਾਲੀ ਨਹੀਂ ਹੈ। ਜਿਸ ਵਿਚ ਟੂਕਾ ਦੀ ਭਰਮਾਰ ਹੁੰਦੀ ਹੈ। ਰਿਸ਼ਤਿਆਂ ਨੂੰ ਸਮਝਣ ਲਈ ਚੰਗੀ ਕਿਤਾਬ ਹੈ। **- ਭ. ਰ.**

**ਪੰਜਾਬੀ ਭਾਸ਼ਾ ਸਥਿਤੀ ਤੇ ਸੰਭਾਵਨਾਵਾਂ (ਡਾ. ਸੁਦਰਸ਼ਨ ਗਾਸੋ)**
**ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਇਹ ਗਾਸੋ ਦੀ ਹਰਿਆਣੇ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਉੱਤੇ ਕੇਂਦਰਿਤ ਪੁਸਤਕ ਹੈ। ਗਾਸੋ ਨੇ ਹਰਿਆਣੇ ਦੀ ਪੰਜਾਬੀ ਭਾਸ਼ਾ ਦੀ ਸਥਿਤੀ, ਵਿਕਾਸ ਤੇ ਮੌਜੂਦਾ ਹਾਲਾਤ ਬਾਰੇ ਬੜਾ ਨਿੱਠ ਕੇ ਲਿਖਿਆ ਹੈ। ਇਹ ਲੇਖ ਸਮੇਂ ਸਮੇਂ ਲੇਖਕ ਨੇ ਲਿਖੇ ਹਨ ਜਿਹੜੇ ਕਿ ਅਖਬਾਰਾਂ ਅਤੇ ਰਸਾਲਿਆਂ ਵਿਚ ਅਸੀਂ ਪਹਿਲਾਂ ਪੜ੍ਹ ਚੁੱਕੇ ਹਾਂ। ਪ੍ਰੰਤੂ ਇਕ ਥਾਂ ਨਿੱਠ ਕੇ ਪੜ੍ਹਨ ਨਾਲ ਭਾਸ਼ਾ ਬਾਰੇ ਬੱਝਵਾ ਪ੍ਰਭਾਵ ਪੈਂਦਾ ਹੈ। ਇਸ






ਨਾਲ ਲੇਖਕ ਦੀ ਪੰਜਾਬੀ ਭਾਸ਼ਾ ਬਾਰੇ ਦ੍ਰਿਸ਼ਟੀ ਵੀ ਸਪੱਸ਼ਟ ਹੁੰਦੀ ਹੈ। ਪੁਸਤਕ ਵਿਚ ਹਰਿਆਣਾ ਵਿਚ ਪੰਜਾਬੀ ਨੂੰ ਦੂਜਾ ਦਰਜਾ ਦੇਣ, ਭਾਸ਼ਾ ਸਬੰਧੀ ਮਸਲੇ, ਭਾਸ਼ਾ ਦੀ ਸਥਿਤੀ ਤੇ ਸਮੱਸਿਆਵਾਂ, ਸਰਕਾਰ ਦਾ ਪੰਜਾਬੀ ਭਾਸ਼ਾ ਪ੍ਰਤੀ ਰਵੱਈਆ ਆਦਿ ਮਸਲੇ ਵੱਖਰੇ ਵੱਖਰੇ ਰੂਪਾਂ ਵਿਚ ਛੁਹੇ ਹਨ। ਦੂਜੇ ਪ੍ਰਾਂਤ ਵਿਚ ਪੰਜਾਬੀ ਦੀ ਸਥਿਤੀ ਬਾਰੇ ਨਿਸਚੇ ਹੀ ਇਹ ਨਿਵੇਕਲੀ ਪੁਸਤਕ ਹੈ। ਕਿਉਂਕਿ ਇਹ ਲੇਖ ਵੱਖ ਵੱਖ ਸਮੇਂ ਲਿਖੇ ਗਏ ਹਨ ਜਿਸ ਕਰਕੇ ਦੁਹਰਾਓ ਬਣਿਆ ਰਹਿੰਦਾ ਹੈ। ਹਰਿਆਣਾ ਸਰਕਾਰ ਦਾ ਪੰਜਾਬੀ ਭਾਸ਼ਾ ਪ੍ਰਤੀ ਕੀ ਰਵੱਈਆਂ ਹੈ ਇਸ ਸਬੰਧੀ ਲੇਖਕ ਨੇ ਖੁੱਲ੍ਹ ਕੇ ਲਿਖਿਆ ਹੈ। 'ਹਰਿਆਣਾ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਤੇ ਸੰਭਾਵਨਾ' ਕਾਫੀ ਚੰਗਾ ਲੇਖ ਹੈ। ਜਿਸ ਵਿਚ ਸਕੂਲਾਂ ਤੇ ਕਾਲਜਾਂ ਵਿਚ ਪੰਜਾਬੀ ਪੜ੍ਹ ਰਹੇ ਵਿਦਿਆਰਥੀਆਂ ਦੀ ਸਥਿਤੀ ਬਾਰੇ ਅੰਕੜੇ ਦਿੱਤੇ ਹਨ। ਪੁਸਤਕ ਦੇ ਅਖੀਰ ਵਿਚ ਵਿਦਵਾਨਾਂ ਦੇ ਭਾਸ਼ਾ ਸਬੰਧੀ ਵਿਚਾਰ ਹਨ। ਭਾਸ਼ਾ ਤੇ ਕੰਮ ਕਰਨ ਵਾਲੇ ਖੋਜੀਆਂ ਤੇ ਵਿਦਿਆਰਥੀਆਂ ਲਈ ਚੰਗੀ ਪੁਸਤਕ ਹੈ। **-ਭ. ਰ.**

**ਅੰਦਰਲਾ ਸੱਚ (ਕਹਾਣੀਆਂ) ਗੁਰਮੇਲ ਮਡਾਹੜ**
**ਉਡਾਨ ਪਲਬੀਕੇਸ਼ਨਜ਼, ਮਾਨਸਾ**





ਮਾਲਵੇ ਦੇ ਗੂੜੇ ਰੰਗਾ ਨੂੰ ਕਹਾਣੀ ਵਿਚ ਚਿਤਰਨ ਵਾਲੇ ਗੁਰਮੇਲ ਦਾ ਇਹ ਨਵਾਂ ਕਹਾਣੀ ਸੰਗ੍ਰਹਿ ਹੈ। ਜਿਸ ਵਿਚ ਉਸ ਨੇ ਆਪਣੀਆਂ 10 ਕਹਾਣੀਆਂ ਨੂੰ ਪਾਠਕਾਂ ਸਨਮੁੱਖ ਪੇਸ਼ ਕੀਤਾ ਹੈ। ਅੰਦਰਲਾ ਸੱਚ ਕਹਾਣੀ ਲੇਖਕ ਦੇ ਅੰਦਰ ਦੀ ਆਵਾਜ਼ ਬਣ ਕੇ ਪੇਸ਼ ਹੋਇਆ ਹੈ। ਕਹਾਣੀ ਦਾ ਮੁੱਖ ਪਾਤਰ ਭਾਵੇਂ ਬੀ. ਆਰ. ਸ਼ਰਮਾਂ ਹੈ ਜਿਹੜਾ ਉਹਦੀ ਸਿਰਜਣਾ ਦਾ ਮੂਲ ਸਰੋਤ ਹੈ ਪਰ ਲੇਖਕ ਉਹਦੇ ਬੋਲਾਂ ਤੇ ਅਨੁਭਵ ਨੂੰ ਭਾਸ਼ਾ ਦਿੰਦਾ ਹੈ। ਜੋ ਕਹਾਣੀ ਖੁਦ ਹੱਢੀ ਹੰਡਾਉਂਦੇ ਹਨ ਉਨ੍ਹਾਂ ਲੋਕਾਂ ਨੂੰ ਲੇਖਕ ਕੁਝ ਨਹੀਂ ਦਿੰਦੇ ਪਰ ਇਸ ਕਹਾਣੀ ਵਿਚ ਲੇਖਕ ਪਾਤਰ ਆਪਣੀਆਂ ਰਚਨਾਵਾਂ ਦਾ ਸਾਰਾ ਮਿਹਨਤਾਨਾ ਅਸਲ ਪਾਤਰ ਨੂੰ ਦੇ ਦਿੰਦਾ ਹੈ। ਘਰਾਂ ਵਿਚ ਕਿਵੇਂ ਬਜ਼ਾਰ ਪ੍ਰਵੇਸ ਕਰ ਗਿਆ ਹੈ ਇਸ ਨੂੰ 'ਘਰਾਂ ਵਿੱਚ ਬਾਜ਼ਾਰ' ਕਹਾਣੀ ਵਿਚ ਪੇਸ਼ ਕੀਤਾ ਹੈ। ਮਨੁੱਖ ਦੀ ਦਿਨੋਂ ਦਿਨ ਬਣ ਰਹੀ ਬਜ਼ਾਰੂ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ। 'ਸਵਰਗ' ਕਹਾਣੀ ਵਿਚ ਗਿਆਨ ਕਿਵੇਂ ਮਨੁੱਖ ਦੀ ਖੁਸ਼ਹਾਲੀ ਦਾ ਰਾਹ ਖੋਹਲਦੀ ਹੈ ਦੱਸਿਆ ਗਿਆ ਹੈ। ਪੁਲਿਸ ਦਾ ਕਿੱਤਾ ਸਾਡੇ ਸਮਾਜ ਵਿਚ ਚੰਗਾ ਨਹੀਂ ਸਮਝਿਆ ਗਿਆ। ਕਿਉਂਕਿ ਇਸ ਕਿੱਤੇ ਵਿਚ ਪੈ ਵਿਅਕਤੀ ਆਪਣੀ ਸੰਵੇਦਨਾ ਤੇ ਭਾਵਨਾ ਮਾਰ ਦਿੰਦਾ ਹੈ ਕਿਉਂਕਿ ਸਾਡਾ ਸਿਸਟਮ ਹੀ ਅਜਿਹਾ ਹੈ ਪਰ ਕਹਾਣੀ 'ਸਿਰਜਣਾ ਦੀ ਮੌਤ' ਦਾ ਪਾਤਰ ਬਿਲਕੁਲ ਵੱਖਰੀ ਕਿਸਮ ਦਾ ਪਾਤਰ ਹੈ। ਇਸੇ ਤਰ੍ਹਾਂ 'ਜ਼ਖ਼ਮੀ ਗੁੱਟ ਦਾ ਦਰਦ' ਕਹਾਣੀ ਜਾਤ ਪਾਤ ਦੇ ਪ੍ਰਸੰਗ ਵਿਚ ਸਮਝੀ ਜਾਣੀ ਚਾਹੀਦੀ ਹੈ। 'ਹਵਾ ਵਿੱਚ ਤੈਰਦੀਆਂ ਮਛਲੀਆਂ' ਦਲਿਤ ਪ੍ਰਸੰਗ ਦੀ ਗੱਲ ਕਰਦੀ ਹੈ ਜਿਸ ਵਿਚ ਪਾਤਰ ਸਮਾਜਿਕ ਰੁਤਬਾ ਕਾਇਮ ਰੱਖਣ ਲਈ ਨੀਵੀ ਜਾਤ ਲੁਕਾਉਂਦਾ ਵੀ ਹੈ ਪਰ ਜਦੋਂ ਕਦੇ ਹਾਲਾਤ ਬਹੁਤ ਕਰੂਰ ਬਣਦੇ ਹਨ ਤਾਂ ਹਿੱਕ ਤਾਨ ਕੇ ਆਪਣੀ ਜਾਤੀ ਦਾ ਗੌਰਵ ਵੀ ਕਰਦਾ ਹੈ। ਇੰਜ ਹੋਰ ਕਹਾਣੀਆਂ ਵੀ ਜ਼ਮੀਨ ਨਾਲ ਜੁੜੀਆਂ ਹੋਈਆਂ ਹਨ। **-ਭ. ਰ.**

**ਗੁਰਦਖਣਾ (ਕਹਾਣੀਆਂ) ਗੋਵਰਧਨ ਗੱਬੀ**
**ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**


ਗੋਵਰਧਨ ਗੱਬੀ ਆਪਣੇ ਪਹਿਲੇ ਸੰਗ੍ਰਹਿ ਨਾਲ ਹੀ ਪੰਜਾਬੀ ਕਹਾਣੀ ਦੀ ਚੌਥੀ ਪੀੜ੍ਹੀ ਦੇ ਨਾਲ ਆ ਰਲਿਆ ਕਹਾਣੀਕਾਰ ਹੈ। ਪੁਸਤਕ ਤੋਂ ਪਹਿਲਾਂ ਹੀ ਉਸ ਦੀਆਂ ਕੁਝ ਕਹਾਣੀਆਂ ਚਰਚਾ ਦਾ ਕੇਂਦਰ ਬਣ

ਗਈਆਂ ਸਨ। ਗੱਬੀ ਕੋਲ ਪਿੰਡ ਤੇ ਸ਼ਹਿਰ ਦੀ ਜ਼ਿੰਦਗੀ ਦਾ ਅਨੁਭਵ ਹੈ। ਉਹਦੇ ਪਾਤਰ ਇਸੇ ਕਰਕੇ ਹੀ ਦੋ ਪ੍ਰਸਥਿਤੀਆਂ ਵਿਚ ਵਿਚਰਦੇ ਨਵੇਂ ਅਰਥ ਪੈਦਾ ਕਰਦੇ ਹਨ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਗੁਰਦਖਣਾ' ਸਾਹਿਤਕ ਮਾਫੀਆ ਅਤੇ ਸਾਹਿਤਕ ਜੁਗਾੜਬੰਦੀਆਂ ਦੀ ਕਹਾਣੀ ਹੈ ਜਿਸ ਵਿਚ ਉਸ ਨੇ ਸਾਹਿਤਕ ਸਭਿਆਚਾਰ ਦਾ ਬੜਾ ਕਰੂਰ ਦ੍ਰਿਸ਼ ਪੇਸ਼ ਕੀਤਾ ਹੈ। ਕਹਾਣੀਕਾਰ ਨੇ ਸਾਹਿਤਕ ਖੇਤਰ, ਜਿਹੜਾ ਕਿ ਸਾਡੀਆਂ ਯੂਨੀਵਰਸਿਟੀਆਂ ਵਿਚ ਪਨਪ ਰਿਹਾ ਉਸ ਨੂੰ ਨੰਗਾ ਕੀਤਾ ਹੈ। ਸਾਹਿਤਕ ਮਾਫ਼ੀਆ ਬਾਰੇ ਲਿਖਣਾ ਬੜਾ ਕਠਿਨ ਕਾਰਜ ਹੈ। ਜਿਹੜਾ ਕਿ ਗੱਬੀ ਨੇ ਕੀਤਾ ਹੈ। ਕਹਾਣੀ ਦੇ ਬਿਰਤਾਂਤ ਵਿਚੋਂ ਸਧਾਰਨ ਪੱਧਰ ਤੇ ਵਿਦਵਾਨ ਤੇ ਲੇਖਕ ਕਿਵੇਂ ਚਮਚਾਗਿਰੀ ਕਰਕੇ,




ਸਾਹਿਤ ਦੀ ਸੱਤਾ ਨਾਲ ਜੁੜ ਕੇ ਲਾਭ ਪ੍ਰਾਪਤ ਕਰਦੇ ਹਨ ਕਹਾਣੀ ਵਿਚ ਤਰਕ ਦੇ ਅਧਾਰ ਨੇ ਪੇਸ਼ ਕੀਤਾ ਹੈ। ਇਹ ਤਾਂ ਸਭ ਨੂੰ ਪਤਾ ਹੈ ਕਿਵੇਂ ਇਨ੍ਹਾਂ ਅਦਾਰਿਆਂ ਵਿਚ ਬੈਠੇ ਜਾਅਲੀ ਕਿਸਮ ਦੇ ਵਿਦਵਾਨ ਆਪਣੀ ਜਾਤੀ ਕਬੀਲਾ ਪਾਲਦੇ ਹਨ ਅਤੇ ਦੋਸਤੀਆਂ, ਸ਼ਰਾਬ, ਕਬਾਬ ਤੇ ਸ਼ਬਾਬ ਦੇ ਗਾਰੇ ਵਿਚ ਧੱਸ ਕੇ ਆਪਣਾ ਅਸਲੀ ਮਕਸਦ ਭੁੱਲ ਕੇ ਸਾਹਿਤ ਨੂੰ ਗੰਧਲਾ ਕਰ ਰਹੇ ਸਨ। ਗੱਬੀ ਦੀ 'ਘੁੰਮਣ ਘੇਰੀ' ਕਹਾਣੀ ਇਕ ਅਜਿਹੇ ਬੰਦੇ ਦੀ ਕਹਾਣੀ ਹੈ ਜਿਹੜਾ ਆਪਣੇ ਰਿਸ਼ਤਿਆਂ ਦੇ ਹਿੱਤ ਨੂੰ ਦੇਖਦਾ ਹੈ ਪਰ ਰਿਸ਼ਤੇ ਉਹਦੀ ਮਾਨਸਿਤਾ ਨੂੰ ਕਿਵੇਂ ਤਾਰ ਤਾਰ ਕਰਦੇ ਹਨ। ਉਹ ਕਬੀਲਦਾਰੀ, ਧੀਆਂ ਪੁੱਤਰਾਂ ਬਾਰੇ ਸੋਚਦਾ ਉਲਝ ਜਾਂਦਾ ਹੈ। ਸਮਲਿੰਗੀ ਰਿਸ਼ਤਿਆਂ ਨੂੰ ਉਸ ਨੇ 'ਪ੍ਰਾਹੁਣਾ' ਕਹਾਣੀ ਵਿਚ ਪੇਸ਼ ਕੀਤਾ ਹੈ। ਇਹ ਉਨ੍ਹਾਂ ਮਾਪਿਆਂ ਦੀ ਕਹਾਣੀ ਹੈ ਜਿਹੜੇ ਆਪਣੀ ਧੀ ਦੇ ਕਿਸੇ ਸਾਥਣ ਕੁੜੀ ਨਾਲ ਰਹਿਣ ਦੀ ਗੱਲ ਸੁਣਦੇ ਹਨ। ਸਾਡਾ ਸਮਾਜ ਇਸ ਵਰਜਣਾ ਦੇ ਖ਼ਿਲਾਫ ਖੜਦਾ ਹੈ। 'ਅਲਵਿਦਾ' ਬਜ਼ੁਰਗ ਬੰਦੇ ਦੀ ਖੰਡਤ ਮਾਨਸਿਕਤਾ ਦੀ ਗੱਲ ਕਰਦੀ ਹੈ। 'ਬਿੰਦੀ' ਕਹਾਣੀ ਸੱਚ ਦੇ ਜਲ ਭਰਮ ਦੀ ਗੱਲ ਉਭਾਰਦੀ ਹੈ। ਇਸ ਤੋਂ ਇਲਾਵਾ ਗੱਬੀ ਦੀਆਂ ਕਹਾਣੀਆਂ ਮੋਰਚਾ, ਰਿਸ਼ਤੇ, ਬੁਝਾਰਤਾਂ, ਘੁੰਡ, ਸ਼ਤਾਬਦੀ ਬਾਰੇ ਵੀ ਵਿਸਥਾਰ ਨਾਲ ਗੱਲ ਕੀਤੀ ਜਾ ਸਕਦੀ ਹੈ। ਇਨ੍ਹਾਂ ਕਹਾਣੀਆਂ ਵਿਚ ਲੇਖਕ ਨੇ ਅਜਿਹੇ ਪਾਤਰ ਤੇ ਬਿਰਤਾਂਤ ਸਿਰਜਿਆਂ ਹੈ ਜਿਹੜਾ ਕਿ ਉਸਦੀ ਪਛਾਣ ਬਣਾਉਣ ਵਿਚ ਸਹਾਈ ਹੋਵੇਗਾ। ਅੱਜ ਹਰ ਲੇਖਕ ਅੱਗੇ ਇਹ ਮਸਲਾ ਇਹ ਹੈ ਕਿ ਉਸ ਨੇ ਆਪਣੀ ਵੱਖਰੀ ਪਹਿਚਾਣ ਕਿਵੇਂ ਬਣਾਉਣੀ ਹੈ। ਗੱਬੀ ਇਸ ਵੱਲ ਬੜਾ ਸੁਚੇਤ ਹੋ ਕੇ ਜਤਨ ਕਰ ਰਿਹਾ ਹੈ। ਭਵਿੱਖ 'ਚ ਉਹਦੀ ਕਹਾਣੀ ਵਿਚ ਇਹਦੇ ਨਾਲੋਂ ਵੱਧ ਨਿਖਾਰ ਆਵੇਗਾ। **-ਭ. ਰ.**

### ਬਰਲਿਨ ਦੀ ਦੀਵਾਰ (ਡੋਗਰੀ ਕਹਾਣੀਆਂ)ਡਾ. ਓਮ ਗੋਸਵਾਮੀ, ਅਨੁ. ਇੱਛੂਪਾਲ
### ਪ੍ਰਕਾਸ਼ਕ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ




ਗੋਸਵਾਮੀ ਡੋਗਰੀ ਕਹਾਣੀ ਦਾ ਸਮਰੱਥ ਕਹਾਣੀਕਾਰ ਹੈ। ਉਸ ਨੇ ਜੰਮੂ ਕਸ਼ਮੀਰ ਦੀ ਜ਼ਿੰਦਗੀ ਤੇ ਘੱਟ ਗਿਣਤੀ ਫਿਰਕਿਆ ਦੇ ਸਭਿਆਚਾਰ ਨੂੰ ਆਪਣੀਆਂ ਕਹਾਣੀਆਂ ਵਿਚ ਬੜੀ ਸਮਰੱਥਾ ਨਾਲ ਪੇਸ਼ ਕੀਤਾ ਹੈ। ਉਹ ਸਮਾਜ ਦੇ ਮਸਲਿਆਂ ਨੂੰ ਨਿਵੇਕਲੀ ਬਿਰਤਾਂਤਕ ਜੁਗਤ ਨਾਲ ਪੇਸ਼ ਕਰਦਾ ਹੈ, ਜਿਸ ਜੁਗਤ ਵਿਚ ਪਾਠਕ ਵਹਿ ਤੁਰਦਾ ਹੈ। ਸਮਾਜਿਕ ਯਥਾਰਥ ਉਸ ਦੀ ਕਹਾਣੀ ਦਾ ਕੇਂਦਰੀ ਧੁਰਾ ਹੈ। ਭਾਵੇਂ ਕਿ ਉਹਦੀਆਂ ਕਹਾਣੀਆਂ ਪਾਤਰ, ਘਟਨਾਵਾਂ ਪ੍ਰਧਾਨ ਕਹੀਆਂ ਜਾ ਸਕਦੀਆਂ ਹਨ ਪ੍ਰੰਤੂ ਕਹਾਣੀ ਵਿਚ ਨਟਕੀਪਨ ਪਾਠਕ ਨੂੰ ਨਾਲ ਲੈ ਕੇ ਤੁਰਦਾ ਹੈ। ਉਹ ਸੰਵਾਦ ਦੀ ਜੁਗਤ ਨਾਲ ਕਹਾਣੀ ਅੱਗੇ ਲੈ ਕੇ ਜਾਂਦਾ ਹੈ। ਬਰਲਿਨ ਦੀ ਦੀਵਾਰ, ਆਪਣਾ ਆਪਣਾ ਕੁਰਸ਼ਖੇਤਰ,



ਰਾਂਗ ਨੰਬਰ, ਪੂਰਨ ਭਾਗ, ਸੋਨੇ ਦੀ ਖਾਣ, ਲਾਲ ਚੌਂਕ ਦਾ ਬਾਦਸ਼ਾਹ, ਤਾਡਵ ਅਤੇ ਜੀਵਨ ਯੁੱਧ ਉਸ ਦੀ ਬੜੀਆਂ ਨਿੱਗਰ ਕਹਾਣੀਆਂ ਹਨ। ਲੇਖਕ ਦੀਆਂ ਕਹਾਣੀਆਂ ਵਿਚ ਜੰਮੂ ਤੇ ਕਸ਼ਮੀਰ ਦੇ ਵਾਤਾਵਰਨ ਤੇ ਵੱਖ ਵੱਖ ਵਰਗਾਂ ਦਾ ਉਪ ਸਭਿਆਚਾਰ ਬੜੀ ਭਰਪੂਰਤਾ ਨਾਲ ਪੇਸ਼ ਹੋਇਆ ਹੈ। ਇਨ੍ਹਾਂ ਕਹਾਣੀਆਂ ਦਾ ਅਨੁਵਾਦ ਪੰਜਾਬੀ ਦੇ ਜਾਣੇ ਪਛਾਣੇ ਲੇਖਕ ਇੱਛੂਪਾਲ ਨੇ ਕੀਤਾ ਹੈ ਜਿਸ ਨੂੰ ਜੰਮੂ ਕਸ਼ਮੀਰ ਦੇ ਲੋਕਾਂ ਦੇ ਸਭਿਆਚਾਰ, ਭਾਸ਼ਾ ਦੀ ਪੂਰੀ ਸਮਝ ਹੈ। ਪੰਜਾਬੀ ਵਿਚ ਇਹ ਯਤਨ ਭਵਿੱਖ ਵੀ ਹੋਣੇ ਚਾਹੀਦੇ ਹਨ। **-ਭ. ਰ.**

### ਛੇਵਾਂ ਦਰਿਆ (ਨਾਵਲ) ਸੁਰਿੰਦਰ ਸਿੰਘ ਨੇਕੀ
### ਪ੍ਰਕਾਸ਼ਕ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ




ਸੁਰਿੰਦਰ ਸਿੰਘ ਨੇਕੀ ਦੁਆਬੇ ਦਾ ਅਜਿਹਾ ਨਾਵਲਕਾਰ ਹੈ ਜਿਸ ਨੇ ਇਥੋਂ ਦੇ ਲੋਕਾਂ ਨੂੰ, ਜ਼ਿੰਦਗੀ ਨੂੰ ਬੜਾ ਨੇੜੇ ਹੋ ਕੇ ਦੇਖਿਆ ਹੈ। ਨੇਕੀ ਆਪਣੇ ਨਾਵਲਾਂ ਵਿਚ ਸਮਾਜਿਕ ਮਸਲਿਆਂ ਨੂੰ ਅਧਾਰ ਬਣਾਉਂਦਾ ਹੈ। ਇਹ ਹੱਥਲੇ ਨਾਵਲ ਦਾ ਕੇਂਦਰੀ ਥੀਮ ਨੌਜਵਾਨ ਪੀੜ੍ਹੀ ਦੇ ਦੁਖਾਂਤ ਨੂੰ ਪੇਸ਼ ਕਰਦਾ ਹੈ। ਜਿਹੜੀ ਪੀੜ੍ਹੀ ਨਸ਼ਿਆਂ ਦੀ ਗ੍ਰਿਫਤ ਵਿਚ ਆ ਚੁੱਕੀ ਹੈ। ਇਹ ਬੜਾ ਚਿੰਤਾ ਜਨਕ ਮਸਲਾ ਹੈ। ਨਾਵਲ ਵਿਚ ਉਸ ਦੀ ਸੁਰ ਚਿੰਤਨੀ ਹੈ। ਉਹ ਵਾਰਤਾਲਾਪ ਨਾਲ ਨਾਵਲ ਦਾ ਬਿਰਤਾਂਤ ਸਿਰਜਦਾ ਹੈ। ਨਾਵਲ ਦਾ ਕਥਾਨਾਇਕ ਪਿੰਡ ਵਿੱਚੋਂ ਉਭਰਦਾ ਹੈ। ਨਾਵਲ ਵਿਚ ਇਕ ਪਾਸੇ ਪਿੰਡ ਦੇ ਨਸ਼ੇੜੀਆਂ ਦਾ ਟੋਲਾ ਹੈ ਜਿਹੜੇ ਨਵੇਂ ਨਵੇਂ ਨਸ਼ੇ ਵਰਤਦੇ ਅਤੇ ਇਸ ਦਾ ਜ਼ਾਲ ਬੁਣਦੇ ਹਨ। ਦੂਜੇ ਪਾਸੇ ਜੁਗਰਾਜ, ਰਣਧੀਰ ਤੇ ਮਨ, ਜੋਤੀ ਵਰਗੇ ਪਾਤਰ ਹਨ ਜਿਹਨਾਂ ਦੇ ਮੱਥੇ ਵਿਚ ਵਿਦਿਆ ਦਾ ਚਾਨਣ ਹੈ ਅਤੇ ਉਹ ਇਸ ਕੋਹੜ ਨੂੰ ਦੂਰ ਕਰਨ ਲਈ ਯਤਨ ਕਰਦੇ ਹਨ। ਨਾਵਲ ਵਿਚ ਹਰਬੰਸ ਸਿੰਘ, ਸੀਰੀ ਜੱਗਾ, ਬਾਜ਼ ਸਿੰਘ, ਗਮਦੂਰ ਨਾਂ ਦੇ ਨਸ਼ਾ ਗ੍ਰਸਤ ਪਾਤਰ ਹਨ ਜਿਨ੍ਹਾਂ ਨੇ ਆਪਣਾ ਮਾਨਸਿਕ, ਪਰਿਵਾਰਕ ਅਤੇ ਸਮਾਜਿਕ ਰੁਤਬਾ ਗਵਾ ਲਿਆ ਹੈ। ਇਸ ਦੇ ਪੈਰਲਰ ਪੜ੍ਹਿਆ ਲਿਖਿਆ ਗਿਆਨੀ ਹਜ਼ਾਰਾ ਸਿੰਘ, ਕਰਮ ਸਿੰਘ, ਹਰਪਾਲ ਸਿੰਘ ਦਾ ਵਰਗ ਹੈ ਜਿਹੜੇ ਇਸ ਸਿਸਟਮ ਦੇ ਖ਼ਿਲਾਫ ਖੜਦਾ ਹੈ। ਲੇਖਕ ਨੇ ਇਹ ਬਿਰਤਾਂਤ ਬੜਾ ਰਵਾਇਤੀ ਕਿਸਮ ਦਾ ਘੜਿਆ ਹੈ। ਦ੍ਰਿਸ਼ਟੀ ਦੇ ਧੁੰਦਲਕੇ ਕਾਰਨ ਨੇਕੀ ਦਾ ਇਹ ਨਾਵਲ ਸਮਾਜ ਸੁਧਾਰਕ ਤੇ ਆਦਰਸ਼ਕ ਬਣ ਰਹਿ ਜਾਂਦਾ ਹੈ। **-ਭ. ਰ.**

### ਚੁਹਾਰੇ ਖੜਾ ਬੁੱਤ ਬੋਲਦਾ ( ਬੀ. ਐਸ. ਬੀਰ)
### ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼, ਦਿੱਲੀ।




'ਚੁਰਾਹੇ ਖੜਾ ਬੁੱਤ ਬੋਲਦਾ' ਬੀ. ਐਸ. ਬੀਰ ਦਾ ਛੇਵਾਂ ਕਥਾ ਸੰਗ੍ਰਹਿ ਹੈ। ਇਸ ਪੁਸਤਕ ਵਿਚ ਅਠਾਰਾਂ ਕਹਾਣੀਆਂ ਹਨ। ਇਹਨਾਂ ਕਹਾਣੀਆਂ ਦੇ ਮਾਧਿਅਮ ਨਾਲ ਲੇਖਕ ਨੇ ਸਮਕਾਲੀ ਸਮਿਆਂ ਦੀ ਗੁੰਝਲਦਾਰ ਸਮਾਜੀ ਸਥਿਤੀ ਨੂੰ ਵਿਸ਼ੇਸ਼ ਮਨੋ-ਵਿਗਿਆਨਕ ਛੋਹਾਂ ਨਾਲ ਪੇਸ਼ ਕੀਤਾ ਹੈ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ ਵਿਚ ਆਪਣੇ ਇਨਕਲਾਬੀ ਵਿਰਸੇ ਨੂੰ ਸਾਂਭਣ ਤੇ ਸੰਚਾਰਨ ਦਾ ਸੰਦੇਸ਼ 'ਬੱਤ' ਦੇ ਚਿੰਨ੍ਹ ਦੁਆਰਾ ਪੇਸ਼ ਕੀਤਾ ਗਿਆ ਹੈ। 'ਹਾਰ ਦਾ ਜਨੂੰਨ' ਕਹਾਣੀ ਖਪਤਵਾਦੀ ਯੁੱਗ ਵਿਚ ਖੁਰਦੀਆਂ ਸਦਾਚਾਰਕ ਕੀਮਤਾਂ ਦਾ ਬਿਰਤਾਂਤ ਹੈ। 'ਫਰਾਇਡ ਮਾਂਦਾ ਪੈ ਗਿਆ' ਰਿਸ਼ਤਿਆਂ ਦੇ ਤ੍ਰਿਸ਼ੰਕੂ ਮੁਹਾਂਦਰੇ ਨੂੰ

ਮਨੋਵਿਗਿਆਨਕ ਢੰਗ ਨਾਲ ਪੇਸ਼ ਕਰਦੀ ਕਹਾਣੀ ਹੈ। 'ਸੈਕਸ ਸਪੈਸ਼ਲਿਸ਼ਟ' ਕਹਾਣੀ ਮਨੁੱਖ ਦੀਆਂ ਸੈਕਸ ਗੁੰਝਲਾਂ ਨੂੰ ਗੈਰ ਤਾਰਕਿਕ ਕਥਾ ਸ਼ੈਲੀ ਨਾਲ ਪੇਸ਼ ਕਰਦੀ ਹੈ। 'ਜੇਰਾ ਬੀਜੈ ਸੋ ਲੂਣੇ' ਅਫਸਰਸ਼ਾਹੀ ਦੇ ਭ੍ਰਿਸ਼ਟ ਕਿਰਦਾਰ ਸੰਬੰਧੀ ਸਿੱਖਿਆਦਾਇਕ ਪ੍ਰਸੰਗ ਹੈ। 'ਜੀਵਨ ਧਾਰਾ ਕੰਪਲੈਕਸ' ਕਹਾਣੀ ਪਦਾਰਥਕ ਦੌੜ ਵਿਚ ਉਪਜੀ ਮਾਨਵੀ ਇਕੱਲਤਾ ਦਾ ਕਥਾ ਬਿੰਬ ਹੈ। 'ਸੜਕ ਛਾਪ' ਕਹਾਣੀ ਵਿਸ਼ਵੀਕਰਨ ਦੀ ਮਾਰ ਹੇਠ ਆਏ ਨਿੱਕੇ ਨਿੱਕੇ ਉਦਯੋਗਾਂ ਦੇ ਖਾਤਮੇ ਦਾ ਬਿਰਤਾਂਤ ਹੈ।

ਬਾਕੀ ਕਹਾਣੀਆਂ ਵਿਚ ਔਰਤ ਦੋ ਦੋ ਹਾਥ, ਸਲਾਮਾ ਲੈਕੁਮ ਕਮਲ ਕੁੱਟ ਆਦਿ ਕਹਾਣੀਆਂ, ਲੇਖਕ ਦੀ ਰੌਚਿਕ ਕਥਾ ਸ਼ੈਲੀ ਦੇ ਕਲਾ ਬਿੰਬ ਹਨ ਜਿਹਨਾਂ ਵਿਚ ਨਿੱਕੇ ਨਿੱਕੇ ਘਟਨਾਵੀ ਪ੍ਰਸੰਗਾਂ ਨੂੰ ਨਾਟਕੀ ਛੋਹਾਂ ਤੇ ਸਮੇਂ, ਸਥਾਨ ਦੀ ਸੁੰਗੜਤਾ ਦੇ ਮਾਧਿਆਮ ਨਾਲ ਅਭਿਵਿਅਕਤ ਕੀਤਾ ਗਿਆ ਹੈ। ਲੇਖਕ ਕਹਾਣੀ ਦੇ ਪਰੰਪਰਕ ਰੂਪਾਕਾਰਕ ਮਾਡਲ ਨੂੰ ਆਧਾਰ ਮਿੱਥ ਦੇ ਇਕਹਿਰੀ ਬਿਰਤਾਂਤ ਦੀ ਸਿਰਜਣਾ ਕਰਦਾ ਹੈ। **- ਪ੍ਰੋ. ਜੇ. ਬੀ. ਸੇਖੋਂ**

## ਸੰਤਾਪ ਅਤੇ ਹੋਰ ਕਹਾਣੀਆਂ (ਕਹਾਣੀਆਂ) ਕੰਵਲਜੀਤ ਭੱਠਲ


**ਪ੍ਰਕਾਸ਼ਕ : ਤਰਲੋਚਨ ਪਬਲਿਸ਼ਰ ਚੰਡੀਗੜ੍ਹ**




ਚਰਚਾ ਅਧੀਨ ਪੁਸਤਕ ਵਿਚ ਕੰਵਲਜੀਤ ਭੱਠਲ ਨੇ ਸਤਾਰਾਂ ਕਹਾਣੀਆਂ ਨੂੰ ਸਾਲ ਦੀਆਂ ਵਧੀਆਂ ਕਹਾਣੀਆਂ ਦੀ ਚੋਣ ਵਜੋਂ ਸੰਪਾਦਤ ਕੀਤਾ ਹੈ। ਇਹ ਕਹਾਣੀਆਂ ਵਸਤੂ-ਜਗਤ ਦੇ ਬਹੁਭਾਂਤੀ ਸਰੂਪ ਨੂੰ ਇਕਹਿਰੀ ਬਿਰਤਾਂਤ ਉਸਾਰੀ ਦੇ ਮਾਧਿਅਮ ਨਾਲ ਪੇਸ਼ ਕਰਦੀਆਂ ਹਨ। 'ਸੰਤਾਪ' ਕਹਾਣੀ ਸਮਾਜਿਕ ਸਥਿਤੀਆਂ ਦੇ ਪ੍ਰਸੰਗ ਵਿਚ ਰਿਸ਼ਤਿਆਂ ਦੇ ਦੁਖਾਂਤ ਨੂੰ ਭਾਵਕਤਾ ਨਾਲ ਪੇਸ਼ ਕਰਦੀ ਹੈ। 'ਰਾਤੀ ਜਾਗਣ ਕੁੱਤੇ' ਕਹਾਣੀ ਕੁੱਤਿਆਂ ਦੀ ਵਫਾ ਚੇਤਨਾ ਨੂੰ ਮਾਨਵਵਾਦੀ ਢੰਗ ਨਾਲ ਰੂਪਮਾਨ ਕਰਦੀ ਹੈ। 'ਸਿਰੋਪਾ' ਕਹਾਣੀ ਵਿਚ ਧਰਮ ਦੇ ਕੱਟੜ ਚਿਹਰੇ ਨੂੰ ਘਟਨਾਵੀ ਪ੍ਰਸੰਗ ਵਿਚ ਚਿਤਰਿਆ ਹੈ ਫਰਿਸ਼ਤੇ ਅਤੇ ਘੱਗਰ ਬੋਲ ਪਿਆ' ਕਹਾਣੀਆਂ ਕੁਦਰਤ ਤੇ ਮਨੁੱਖ ਦੇ ਸੁਭਾਅ ਦਾ ਲੋਕ ਚੇਤਨਾ ਦੀ ਪੱਧਰ ਤੇ ਕਥਾ ਨਿਖੇੜ ਕੀਤਾ ਹੈ। ਇਸੇ ਤਰ੍ਹਾਂ 'ਚਿੜ੍ਹੀਆਂ ਦਾ ਗਵਾਚਾ ਚੰਬਾ , "ਟੌਮੀਂ ਯੁੱਧ ਦਾ ਅੰਤ' ਧਰਤੀ ਦੇ ਰੱਬ ਆਦਿ ਕਹਾਣੀਆਂ ਦਾ ਯਥਾਰਥ ਕਥਾ ਪ੍ਰਬੰਧ ਘਟਨਾਵੀ ਵੇਰਵੇ ਤੇ 'ਪਾਤਰ ਸੰਸਾਰਕ ਇਕਹਿਰੀ ਪੱਧਰ ਦੇ ਕਲਾ ਬਿੰਬਾ ਦੀ ਉਸਾਰੀ ਕਰਦੇ ਤੱਤ ਹਨ। ਪੁਸਤਕ ਦੀ ਛਪਾਈ ਤੇ ਦਿੱਖ ਸੁੰਦਰ ਹੈ। **- ਪ੍ਰੋ. ਜੇ. ਬੀ. ਸੇਖੋਂ**

## ਜ਼ਿੰਦਗੀ ਦੇ ਹਨੇਰੇ ਦੀਆਂ ਰੌਸ਼ਨ ਬੱਤੀਆਂ (ਵਾਰਤਕ) ਦੇਵਿੰਦਰ ਦੀਦਾਰ

**ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**




ਮੂਲ ਰੂਪ ਵਿਚ ਦੇਵਿੰਦਰ ਦੀਦਾਰ ਕਹਾਣੀਕਾਰ ਹੈ। ਉਸ ਦੀਆਂ ਦੋ ਪੁਸਤਕਾਂ ਵੀ ਪਹਿਲਾਂ ਛਪ ਚੁੱਕੀਆਂ ਹਨ। ਉਹ ਉਸ ਦੀ ਵਾਰਤਕ ਦੀ ਚੰਗੀ ਪੁਸਤਕ ਹੈ। ਪੁਸਤਕ ਦੇ ਆਰੰਭ ਵਿਚ ਪੰਜ ਵੱਖ ਵੱਖ ਲੇਖਕਾਂ ਦੇ ਪ੍ਰਸ਼ੰਸ਼ਾਮਈ ਲੇਖ ਹਨ। ਜਿਸ 'ਚ ਲੇਖਕ ਨੂੰ ਸੂਝਵਾਨ ਵਾਰਤਕਕਾਰ ਸਿੱਧ ਕੀਤਾ ਗਿਆ ਹੈ। ਲੇਖਕ ਦੇ ਇਹ ਲੇਖ ਮਨੁੱਖੀ ਸਰੋਕਾਰਾਂ ਨਾਲ ਸੰਬੰਧਤ ਹਨ। ਇਨ੍ਹਾਂ ਲੇਖਾਂ ਵਿਚ ਮਨੁੱਖ ਦੇ ਹਰ ਪਹਿਲੂ ਤੇ ਆਪਣਾ ਪ੍ਰਤੀਕਰਮ ਦਿੱਤਾ ਹੈ। ਜਿਹੜੇ ਪਿੰਡਾਂ ਵਿਚ ਭਾਈਚਾਰਕ



ਸਾਂਝ ਬਣਾ ਕੇ ਰੱਖਦੇ ਹਨ। ਉਹ ਪਿੰਡਾਂ 'ਚ ਪਨਪ ਰਹੀ ਧੜੇਬੰਦੀ ਤੇ ਵੀ ਸਵਾਲ ਖੜੇ ਕਰਦਾ ਹੋਇਆ ਪਿੰਡਾਂ ਦੀ ਭਾਈਚਾਰਕ ਸਾਂਝ ਨੂੰ ਚੇਤੇ ਕਰਦਾ ਹੈ। ਡੁੱਬ ਚੁੱਕੇ ਸੂਰਜ ਦੀ ਲੋਅ, ਜੱਗ ਵਾਲਾ ਮੇਲਾ, ਕੱਚੀ ਮਿੱਟੀ ਦੇ ਖਿਡੌਣੇ ਵਾਰਤਕ ਦੇ ਉਤਮ ਨਮੂਨੇ ਹਨ। ਲੇਖਕ 'ਜ਼ਮੀਰ ਦੇ ਬੁੱਝ ਰਹੇ ਦੀਵੇ' 'ਚ ਚੋਣ ਪ੍ਰਣਾਲੀ 'ਤੇ ਵਿਅੰਗ ਕੱਸਦਾ ਹੈ ਕਿ ਕਿਵੇਂ ਲੋਕਾਂ ਦਾ ਇਖਲਾਕੀ ਪੱਤਣ ਹੁੰਦਾ। ਟ੍ਰੈਫਿਕ ਪ੍ਰਬੰਧ ਦੇ ਕਰੂਰ ਚਿਹਰੇ ਨੂੰ 'ਬੱਸ ਰੱਬ ਆਸਰੇ' ਲੇਖ ਵਿਚ ਬੜੀ ਸਿੱਦਤ ਨਾਲ ਫੜਦਾ ਹੈ। 'ਆਪੇ ਫਾਥੜੀਏ ਤੇਰਾ ਕੌਣ ਵਿਚਾਰਾ' ਲੇਖ ਮਨੁੱਖ ਨੂੰ ਦਿਸ਼ਾ ਦਿੰਦਾ ਹੈ। ਪ੍ਰਬੰਧਕੀ ਢਾਂਚੇ ਦੇ ਨਾਲ ਨਾਲ ਨਾਗਰਿਕਾਂ ਨੂੰ ਵੀ ਦੋਸ਼ੀ ਮੰਨਦਾ ਹੈ। ਉਸ ਨੇ ਰਾਜਨੀਤਿਕ ਢਾਂਚੇ ਤੇ ਅਨੇਕਾਂ ਸਵਾਲ ਖੜੇ ਕੀਤੇ ਹਨ। 'ਵਗਦੇ ਪਾਣੀਆਂ ਦੇ ਸੱਪ' ਲੇਖ 'ਚ ਇਹ ਮੁੱਦੇ ਉਭਾਰੇ ਹਨ ਕਿ ਕਿਵੇਂ ਨੇਤਾਂ ਲੋਕ ਨਿੱਜੀ ਹਿੱਤਾਂ ਕਾਰਨ ਆਮ ਲੋਕਾਂ ਤੇ ਦੇਸ਼ ਨੂੰ ਲੁੱਟ ਰਹੇ ਹਨ। ਪੀੜੇ ਪਾੜੇ ਦੀ ਗੱਲ ਵੀ ਆਪਣੀ ਵਾਰਤਕ ਵਿਚ ਕਰਦਾ ਹੈ। ਭਾਵੇਂ ਕਿ ਇਹ ਲੇਖਾਂ ਅਖਬਾਰਾਂ ਵਿਚ ਪਹਿਲਾਂ ਛਪੇ ਹਨ ਅਖਬਾਰਾਂ ਦੀ ਆਪਣੀ ਲੋੜ ਹੁੰਦੀ ਹੈ ਪਰ ਇਨ੍ਹਾਂ ਵਿਚ ਗਹਿਰਾਈ ਜ਼ਰੂਰ ਹੈ। ਪਰਵਾਸ ਕਰਨ ਦੀ ਚਾਹਤ ਨੂੰ ਲੈ ਕੇ ਵੀ ਉਸ ਨੇ ਇਕ ਲੇਖ ਲਿਖਿਆ ਹੈ। ਭਵਿੱਖ ਵਿਚ ਉਸ ਕੋਲੋਂ ਇਸ ਨਾਲੋਂ ਚੰਗੀ ਵਾਰਤਕ ਦੀ ਆਸ ਰੱਖੀ ਜਾ ਸਕਦੀ ਹੈ। **- ਸਰੋਜ**

## ਮੇਰੇ ਆਪਣੇ (ਵਾਰਤਕ) ਸੁਖਦੇਵ ਸਿੱਧੂ

**ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਕ, ਚੰਡੀਗੜ੍ਹ**





ਸੁਖਦੇਵ ਸਿੱਧੂ ਨੇ ਦੁਆਬੇ ਦੇ ਲੋਕਾਂ ਦੇ ਸ਼ਬਦ ਚਿੱਤਰਾਂ ਰਾਹੀਂ ਉਨ੍ਹਾਂ ਦੇ ਸੁਭਾਅ, ਸਮਾਜਿਕ ਹਾਲਤ, ਧਾਰਮਿਕ ਹਾਲਤ ਅਤੇ ਸੱਭਿਆਚਾਰਕ ਸਾਂਝ ਤੇ ਵਖਰੇਵਿਆਂ ਰਾਹੀਂ ਮਨੁੱਖ ਨੂੰ ਸਮਝਿਆ ਹੈ। ਉਸ ਦੀ ਵਾਰਤਕ ਚਿੰਤਾ ਦੀ ਵਾਰਤਕ ਹੈ। ਸਮਾਜਿਕ ਮਸਲਿਆ ਦੀ ਵਾਰਤਕ ਹੈ। ਇਨ੍ਹਾਂ ਲੇਖਾਂ ਰਾਹੀਂ ਪੁਰਾਣੇ ਪੰਜਾਬ ਦੀ ਖਾਸ ਕਰਕੇ ਦੁਆਬੇ ਦੇ ਪੰਜਾਬ ਦੀ ਝਲਕ ਮਿਲ ਜਾਂਦੀ ਹੈ। ਉਸ ਕੋਲ ਭਾਸ਼ਾ ਦਾ ਅਮੀਰ ਖ਼ਜ਼ਾਨਾ ਹੈ। ਆਮ ਬੰਦੇ ਦੀ ਡਾਇਲੈਕਟਸ ਨੂੰ ਉਨ੍ਹਾਂ ਨੇ ਬੜੀ ਸਮਰੱਥਾ ਨਾਲ ਫੜਿਆ ਹੈ। ਵਿਦੇਸ਼ ਰਹਿ ਕੇ ਪੰਜਾਬ ਦੇ ਪਿੰਡਾਂ ਦੇ ਲੋਕਾਂ ਨੂੰ ਚਿਤਰਦਾ ਉਹ ਰਤਾ ਵੀ ਭਵੁਕ ਨਹੀਂ ਹੁੰਦਾ। ਨਾ ਹੀ ਉਲਾਰ ਹੁੰਦਾ ਹੈ। ਇਹ ਚੰਗੇ ਵਾਰਤਕਕਾਰ ਦੀ ਨਿਸ਼ਾਨੀ ਹੁੰਦੀ ਹੈ। ਮੁੱਢਲੇ ਲੇਖਾਂ ਵਿਚ ਉਸ ਨੇ ਦੇਸ਼ ਵੰਡ ਦੇ ਦੁਖਾਂਤ ਨੂੰ ਬੜੀ ਸਿੱਦਤ ਨਾਲ ਚਿੱਤਰਿਆ ਹੈ। ਇਹ ਇਕ ਅਜਿਹਾ ਦੁਖਾਂਤ ਹੈ ਜਿਸ ਦੇ ਅਨੇਕਾਂ ਪਸਾਰ ਹਨ ਸਿੱਧੂ ਨੇ ਆਪਣੀ ਦ੍ਰਿਸ਼ਟੀ ਨਾਲ ਇਸ ਦੁਖਾਂਤ ਦੇ ਵੱਖਰੇ ਪਸਾਰ ਖੋਲੇ ਹਨ। 'ਮੇਰਾ ਪਾਕਿਸਤਾਨ' ਚੰਗਾ ਲੇਖ ਹੈ। ਇਸ ਦੇ ਨਾਲ ਨਾਲ ਤਾਇਆ ਸਰਦਾਰਾ ਸਿੰਘ, ਵਾਗੀ, ਸਾਧਾਂ ਦਾ ਭੇੜ, ਮਾਂ ਬਰਕਤੇ, ਬਾਗੀ ਮੁੰਡੇ, ਨਾਨਕਾ ਮੇਲ ਰੇਲ ਗੱਡੀ, ਮਾਮੇ ਪੁੱਤਰ ਅਤੇ ਗੁਰਦਾਸ ਰਾਮ ਆਲਮ ਚੰਗੇ ਲੇਖ ਹਨ। 'ਕਤਲ ਕੇਸ' ਸਿੱਖ ਹੈਜ਼ਮੌਨਿਕ ਕਲਚਰ ਤੇ ਵਿਅੰਗ ਹੈ। 'ਸਾਧਾਂ ਦਾ ਭੇੜ' ਲੇਖ ਵਿਚ ਗੁਰਦਵਾਰਾ ਕਲਚਰ ਵਿਚ ਵਿਚਰਦੇ ਸਾਧਾਂ ਦੇ ਕਿਰਦਾਰ ਨੂੰ ਨੰਗਾ ਕੀਤਾ ਗਿਆ ਹੈ। ਉਸ ਨੇ ਆਪਣੀ ਪੁਸਤਕ ਵਿਚ ਖਰੂਦੀ ਬੰਦਿਆਂ ਬਾਰੇ ਵੀ 'ਤਾਇਆ ਸਰਦਾਰਾਂ' ਅਤੇ 'ਸਵਰਨਾ ਫੌਜੀ' ਲੇਖਾਂ ਵਿਚ ਲਿਖਿਆ ਹੈ। 'ਰੇੜ੍ਹਵਾਂ ਵਾਲੇ ਬਦਮਾਸ਼' ਲੇਖ ਵਿਚ ਭਲਵਾਨ ਤੇ ਬਦਮਾਸ਼ਾਂ ਦੇ ਬਿਰਤਾਂਤ ਰਾਹੀਂ ਮਨੁੱਖੀ ਫਿਤਰਤ ਨੂੰ ਪੇਸ਼ ਕੀਤਾ ਹੈ। 'ਮਾਂ ਬਰਕਤੇ' ਵੀ ਬੜੀ ਰੀਝ ਨਾਲ ਲਿਖਿਆ ਲੇਖ ਹੈ। ਪੁਸਤਕ ਵਿਚ ਗੁਰਦਾਸ ਰਾਮ ਆਲਮ ਬਾਰੇ ਵੀ ਲਿਖਿਆ ਹੈ। ਜਿਸ ਵਿਚ ਆਲਮ ਦੀ ਸਮਾਜਿਕ ਸਮਝ ਨੂੰ ਲੇਖਕ ਨੇ ਬੜੀ ਨਿਰਪੱਖਤਾ ਨਾਲ ਉਭਾਰਿਆ ਹੈ। ਆਲਮ ਬਾਰੇ ਸਾਡੇ ਅਕਾਦਮਿਕ ਹਲਕਿਆ ਬਾਰੇ ਬੜੀ ਖ਼ਤਰਨਾਕ ਕਿਸਮ ਦੀ ਖ਼ਮੋਸ਼ੀ ਹੈ। ਕਿਤੇ ਕਿਤੇ ਕੋਈ ਸਹਿਰਦ ਬੰਦੇ ਇਸ ਖ਼ਮੋਸ਼ੀ ਨੂੰ ਤੋੜਦਾ ਹੈ। ਇਸ ਪੁਸਤਕ ਰਾਹੀਂ ਸੁਖਦੇਵ ਸਿੱਧੂ ਨੇ ਆਮ ਬੰਦੇ ਨੂੰ ਖਾਸ ਬਣਾਇਆ ਹੈ। ਇਹ ਲੇਖਕ ਦੀ ਪ੍ਰਾਪਤੀ ਹੈ।

**- ਸਰੋਜ**

Year: 6 Issue No. 21
'KAHANI DHARA'(PUNJABI QUARTERLY) April- June, 2011 R.N.I. Regd No. PUN PUN 2006 / 19971

# ਭਗਵੰਤ ਰਸੂਲਪੁਰੀ ਦਾ ਕਹਾਣੀ ਸੰਗ੍ਰਹਿ 'ਮਰਨ ਰੁੱਤ' ਜਿਸ ਨੂੰ ਰੋਜ਼ਾਨਾ ਨਵਾਂ ਜ਼ਮਾਨਾ ਤੇ ਬੀਬੀ ਸਵਰਨ ਕੌਰ ਯਾਦਗਾਰੀ ਟਰੱਸਟ ਨੇ ਸਾਲ 2010 ਦਾ ਬਿਹਤਰੀਨ ਪੁਸਤਕ ਦਾ ਐਵਾਰਡ ਦਿੱਤਾ






## ਮਰਨ ਰੁੱਤ (ਕਹਾਣੀ ਸੰਗ੍ਰਹਿ) ਭਗਵੰਤ ਰਸੂਲਪੁਰੀ

ਭਗਵੰਤ ਰਸੂਲਪੁਰੀ ਆਪਣੇ ਤੀਜੇ ਕਹਾਣੀ ਸੰਗ੍ਰਹਿ 'ਮਰਨ ਰੁੱਤ' ਨਾਲ ਆਪਣੀ ਕਥਾ-ਵਸਤੂ, ਬਿਰਤਾਂਤ ਵਿਧੀ ਅਤੇ ਰਚਨਾ ਦ੍ਰਿਸ਼ਟੀ ਵਿਚ ਵਿਕਾਸ ਕਰਦਾ ਹੈ। ਉਸ ਦੀ ਕਥਾ-ਵਸਤੂ ਦਾ ਅਧਾਰ ਸਮਾਜਕ ਤੌਰ ਤੇ ਹਾਸ਼ੀਆ-ਗ੍ਰਸਤ ਲੋਕ ਹਨ। ਇਹ ਲੋਕ ਬਿਨਾਂ ਕਿਸੇ ਉਚੇਚ ਤੋਂ ਉਸ ਦੇ ਕਥਾ-ਸੰਸਾਰ ਵਿਚ ਪ੍ਰਵੇਸ਼ ਕਰਦੇ ਹਨ। ਅਜਿਹੇ ਪਾਤਰ ਵਿਰੋਧੀ ਪ੍ਰਸਥਿਤੀਆਂ ਨਾਲ ਟਕਰਾਉਂਦੇ ਹੋਏ ਸੰਵਾਦ ਦੀ ਸਥਿਤੀ ਪੈਦਾ ਕਰਦੇ ਹਨ। ਅਜਿਹਾ ਕਰਦੇ ਹੋਏ ਉਹ ਸਾਂਸਕ੍ਰਿਤਕ ਅਵਚੇਤਨ ਤੋਂ ਮੁਕਤ ਹੋਣ ਦੇ ਨਾਲ-ਨਾਲ ਕਿਸੇ ਆਰੋਪਿਤ ਵਿਚਾਰ ਤੋਂ ਮੁਕਤ ਰਹਿੰਦੇ ਹਨ। ਭਗਵੰਤ ਕਹਾਣੀ ਨੂੰ ਦਲਿਤ ਜੀਵਨ ਦੀ ਪੇਸ਼ਕਾਰੀ ਦਾ ਮਾਧਿਆਮ ਬਣਾ ਕੇ ਕਰੁਣਾਂ ਭਾਵ ਪੈਦਾ ਨਹੀਂ ਕਰਦਾ ਸਗੋਂ ਸੰਵਾਦ ਪੈਦਾ ਕਰਦਾ ਹੈ। ਉਸ ਦੀਆਂ ਕਹਾਣੀਆਂ 'ਜੜ੍ਹਾਂ' ਤੇ 'ਆਦੀ ਡੰਕਾ' ਪੰਜਾਬੀ ਦਲਿਤ ਜੀਵਨ ਦੀ ਮੁਕਤੀ ਦੇ ਭਵਿੱਖੀ ਮਾਡਲ ਨੂੰ ਨਿਰਧਾਰਿਤ ਕਰਨ ਵਾਲੀਆਂ ਹਨ। ਇਹਨਾਂ ਕਹਾਣੀਆਂ ਨਾਲ ਦਲਿਤ ਚਿੰਤਨ ਵਿਚ ਇਕ ਬਹਿਸ ਅੱਗੇ ਤੁਰਦੀ ਹੈ। ਮੇਰੀ ਜਾਚੇ ਪਹਿਲੀ ਦਲਿਤ ਕਹਾਣੀ ਜਾਤੀ ਪ੍ਰਸੰਗਾ ਦੇ ਅਧਾਰਾਂ ਨੂੰ ਨਵੇਂ ਸਿਰੇ ਤੋਂ ਉਲੀਕਦੀ ਸੀ ਪਰੰਤੂ ਭਗਵੰਤ ਦੀ ਕਹਾਣੀ ਇਸ ਤੋਂ ਅੱਗੇ ਤੁਰਦੀ ਹੈ। ਇਹੀ ਭਗਵੰਤ ਦੀ ਪ੍ਰਾਪਤੀ ਹੈ ਅਤੇ ਉਸਨੂੰ ਆਪਣੀ ਪੀੜ੍ਹੀ ਤੋਂ ਵੱਖਰਾ ਕਰਦੀ ਹੈ। ਮੈਨੂੰ ਉਸ ਦੇ ਬਹਿਸ ਤਲਬ ਕਥਾ-ਦ੍ਰਿਸ਼ਟੀ ਨਾਲ ਲਬਰੇਜ਼ ਕਹਾਣੀ ਸੰਗ੍ਰਹਿ ਨਾਲ ਪੰਜਾਬੀ ਪਾਠਕ ਦੀ ਸਾਂਝ ਪੁਆਉਂਦੇ ਹੋਏ ਖੁਸ਼ੀ ਮਹਿਸੂਸ ਹੋ ਰਹੀ ਹੈ।

-ਰਜਨੀਸ਼ ਬਹਾਦਰ ਸਿੰਘ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

**Chetna Parkashan**
Punjabi Bhawan, **Ludhiana**-141001, Ph. +91-161-2413613, 2404928
B.O. :Qila Road, Opp. Bus Stand, **Kotkapura**. Ph. +91-1635-222651
web : www.chetnaparkashan.com, e-mail : chetnaparkashan@sify.com, chetnaparkashan@gmail.com